# ਆਧੁਨਿਕ ਪੰਜਾਬੀ ਕਵਿਤਾ

DPBI636

Edited By:
Dr. Paramjeet Singh

LOVELY PROFESSIONAL UNIVERSITY

# ਆਧੁਨਿਕ ਪੰਜਾਬੀ ਕਵਿਤਾ

Edited By
Dr. Paramjit Singh

# ਆਧੁਨਿਕ ਪੰਜਾਬੀ ਕਵਿਤਾ

ਤਤਕਰਾ


| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ -01 | ਆਧੁਨਿਕਤਾ ਦਾ ਸੰਕਲਪ | ਡਾ. ਪਰਮਜੀਤ ਸਿੰਘ | 1-10 |
| ਅਧਿਆਇ -02 | ਆਧੁਨਿਕ ਪੰਜਾਬੀ ਕਵਿਤਾ ਦਾ ਸਿਧਾਂਤਕ ਪਰਿਪੇਖ | ਡਾ. ਪਰਮਜੀਤ ਸਿੰਘ | 11-24 |
| ਅਧਿਆਇ -03 | ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸਕ ਪਰਿਪੇਖ | ਡਾ. ਪਰਮਜੀਤ ਸਿੰਘ | 25-36 |
| ਅਧਿਆਇ -04 | ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਰੂਪ : ਗੀਤ, ਗ਼ਜ਼ਲ ਅਤੇ ਰੁਬਾਈ | ਡਾ. ਪਰਮਜੀਤ ਸਿੰਘ | 37-48 |
| ਅਧਿਆਇ -05 | ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਰੂਪ : ਨਜ਼ਮ ਅਤੇ ਖੁੱਲ੍ਹੀ ਕਵਿਤਾ | ਡਾ. ਪਰਮਜੀਤ ਸਿੰਘ | 49-62 |
| ਅਧਿਆਇ -06 | ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁੱਖ ਕਵੀ | ਡਾ. ਪਰਮਜੀਤ ਸਿੰਘ | 63-80 |
| ਅਧਿਆਇ -07 | ਆਧੁਨਿਕ ਪੰਜਾਬੀ ਕਵਿਤਾ ਦਾ ਪ੍ਰਵਿਰਤੀਮੂਲਕ ਅਧਿਐਨ | ਡਾ. ਪਰਮਜੀਤ ਸਿੰਘ | 81-90 |
| ਅਧਿਆਇ -08 | ਆਧੁਨਿਕ ਪੰਜਾਬੀ ਕਵਿਤਾ ਦਾ ਪ੍ਰਵਿਰਤੀਮੂਲਕ ਅਧਿਐਨ-1 | ਡਾ. ਪਰਮਜੀਤ ਸਿੰਘ | 91-102 |
| ਅਧਿਆਇ -09 | ਆਧੁਨਿਕ ਪੰਜਾਬੀ ਕਵਿਤਾ ਦਾ ਪ੍ਰਵਿਰਤੀਮੂਲਕ ਅਧਿਐਨ-2 | ਡਾ. ਪਰਮਜੀਤ ਸਿੰਘ | 103-120 |
| ਅਧਿਆਇ -10 | ਖੁੱਲ੍ਹੇ ਮੈਦਾਨ ਪੁਸਤਕ ਦਾ ਅਧਿਐਨ | ਡਾ. ਪਰਮਜੀਤ ਸਿੰਘ | 121-140 |
| ਅਧਿਆਇ -11 | ਮੇਰੀ ਚੋਣਵੀਂ ਕਵਿਤਾ ਪੁਸਤਕ ਦਾ ਅਧਿਐਨ | ਡਾ. ਪਰਮਜੀਤ ਸਿੰਘ | 141-156 |
| ਅਧਿਆਇ -12 | ਸਾਡੇ ਸਮਿਆਂ ਵਿਚ ਪੁਸਤਕ ਦਾ ਅਧਿਐਨ | ਡਾ. ਪਰਮਜੀਤ ਸਿੰਘ | 157-172 |
| ਅਧਿਆਇ -13 | ਲਫਜ਼ਾਂ ਦੀ ਦਰਗਾਹ ਪੁਸਤਕ ਦਾ ਅਧਿਐਨ | ਡਾ. ਪਰਮਜੀਤ ਸਿੰਘ | 173-186 |
| ਅਧਿਆਇ -14 | ਸਮਕਾਲੀ ਪੰਜਾਬੀ ਕਵਿਤਾ : ਪਛਾਣ-ਚਿੰਨ੍ਹ | ਡਾ. ਪਰਮਜੀਤ ਸਿੰਘ | 187-198 |

# ਅਧਿਆਇ-1 : ਆਧੁਨਿਕਤਾ ਦਾ ਸੰਕਲਪ

*Paramjit Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਆਧੁਨਿਕਤਾ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕਤਾ ਦੇ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕਤਾ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਆਧੁਨਿਕਤਾ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਕਵਿਤਾ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਆਧੁਨਿਕਤਾ ਦੇ ਸੰਕਲਪ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਆਧੁਨਿਕਤਾ ਦੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਆਧੁਨਿਕਤਾ ਦੇ ਸੰਕਲਪ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ।

## ਵਿਸ਼ਾ ਵਸਤੂ:

ਆਧੁਨਿਕਤਾ ਦਾ ਸਬੰਧ ਇਕੋ ਵੇਲੇ ਇਤਿਹਾਸ, ਦਰਸ਼ਨ ਅਤੇ ਕਾਲ-ਕ੍ਰਮ ਨਾਲ ਹੈ। ਸਿਲੇਬਸ ਦੇ ਹਵਾਲੇ ਨਾਲ ਆਧੁਨਿਕਤਾ ਇਤਿਹਾਸ ਦਾ ਇੱਕ ਵਿਸ਼ੇਸ਼ ਪੜਾਅ ਹੈ ਜਿਸ ਵਿੱਚ ਉੱਤਰ-ਮੱਧਕਾਲੀ ਯੂਰਪ ਵਿੱਚ ਪਹਿਲਾਂ ਨਾਲੋਂ ਬਦਲੀਆਂ ਸਮਾਜਿਕ-ਸੱਭਿਆਚਾਰਿਕ ਕਦਰਾਂ-ਕੀਮਤਾਂ ਸ਼ਾਮਿਲ ਹੁੰਦੀਆਂ ਹਨ। ਪੰਜਾਬ ਸਮੇਤ ਭਾਰਤ ਦੇ ਰਾਜਸੀ ਸੱਭਿਆਚਾਰਕ ਇਤਿਹਾਸ ਵਿੱਚ ਆਧੁਨਿਕ ਯੁੱਗ ਦਾ ਆਗਾਜ ਅੰਗਰੇਜਾਂ ਦੇ ਰਾਜ ਕਾਲ ਨਾਲ ਜੁੜਿਆ ਹੋਇਆ ਹੈ। ਸਿੱਖ ਫੌਜ ਤੇ ਅੰਗਰੇਜਾਂ ਵਿਚਕਾਰ ਹੋਈ ਦੂਸਰੀ ਲੜਾਈ ਉਪਰੰਤ ਅੰਗਰੇਜਾਂ ਦੀ ਸਾਜਿਸ਼ੀ ਜਿੱਤ ਦੇ ਨਤੀਜੇ ਵਜੋਂ 1849 ਨੂੰ ਲਾਹੌਰ ਦੇ ਕਿੱਲੇ ਵਿਚ ਵਿਸ਼ੇਸ਼ ਦਰਬਾਰ ਸਜਾ ਕੇ ਦਲੀਪ ਸਿੰਘ ਨੂੰ ਗਦੀਓ ਲਾ ਕੇ ਪੰਜਾਬ ਉਤੇ ਅੰਗਰੇਜ਼ੀ ਰਾਜ ਦਾ ਐਲਾਨ ਕੀਤਾ ਗਿਆ।ਇਸ ਦਾ ਆਰੰਭ ਨਿਸ਼ਚਿਤ ਹੀ ਅੰਗਰੇਜ ਰਾਜ ਉਪਰੰਤ ਬਦਲਵੀ ਪੂੰਜੀਵਾਦੀ ਅਰਥ ਵਿਵਸਥਾ ਦੇ ਉਭਾਰ ਨਾਲ ਵਿਕਸਿਤ ਪਛਮੀ ਮੁਲਕਾਂ ਦੇ ਨਵੇਂ ਪ੍ਰਸ਼ਾਸਨਿਕ,ਰਾਜਨੀਤਕ,ਸੱਭਿਆਚਾਰਕ ਅਤੇ ਸਾਹਿਤਕ ਪ੍ਰਭਾਵਾਂ ਰਾਹੀਂ ਉਜਾਗਰ ਹੁੰਦਾ ਹੈ। ਜਿਸ ਨੂੰ ਅਸੀਂ ਵਿਸ਼ੇਸ਼ ਸਿਧਾਂਤਕ ਅਤੇ ਇਤਿਹਾਸਕ ਦ੍ਰਿਸ਼ਟੀ ਤੋਂ ਆਧੁਨਿਕ ਯੁੱਗ ਕਹਿੰਦੇ ਹਾਂ।

ਸ਼ਬਦ ਨਿਰੁਕਤੀ- ਸ਼ਬਦ "ਆਧੁਨਿਕ" ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਅਤੇ ਇਹ ਪੰਜਾਬੀ ਵਿੱਚ "modern" ਦੇ ਸਮਾਨਾਰਥੀ ਵਜੋਂ ਵਰਤਿਆ ਜਾਂਦਾ ਹੈ। "ਆਧੁਨਿਕ" ਤੋਂ ਭਾਵ ਹੈ "ਹੁਣੇ ਵਾਪਰਿਆ"। ਆਧੁਨਿਕ ਸ਼ਬਦ ਸੰਸਕ੍ਰਿਤ ਵਿਆਕਰਣ ਅਨੁਸਾਰ "ਅਧੁਨਾ"ਦਾ ਵਿਸ਼ੇਸਣ ਹੈ ਜਿਸ ਦਾ ਅਰਥ ਹਨ ਇਸ ਕਾਲ ਵਿੱਚ ਹੁਣ। ਆਧੁਨਿਕ ਸ਼ਬਦ ਇਸੇ ਤੋਂ ਬਣਿਆ ਜਿਸ ਦੇ ਅਰਥ ਹਨ "ਹੁਣ ਹੋਇਆ"। "modern"ਸ਼ਬਦ ਦੀ ਉਤਪਤੀ "latin" ਦੇ ਧਾਤੂ"modo"ਤੋ ਹੋਈ ਹੈ, ਜਿਸ ਦੇ ਅਰਥ ਹਨ "ਹੁਣੇ"।ਸ਼ਾਬਦਿਕ ਅਰਥਾਂ ਅਨੁਸਾਰ ਆਧੁਨਿਕ ਸ਼ਬਦ ਹੁਣ ਅਰਥਾਤ ਕਾਲ ਦੇ ਵਰਤਮਾਨ ਖੰਡ ਦਾ ਸੂਚਕ ਹੈ ਪਰ ਮਨੁਖੀ ਗਿਆਨ ਸੰਚਾਰ ਦੇ ਪ੍ਰਸੰਗ ਵਿੱਚ ਇਹ ਬਹੁਤ ਵਿਸ਼ਾਲ ਅਰਥਾਂ ਦਾ ਧਾਰਨੀ ਹੈ।

ਪਰਿਭਾਸ਼ਾ- ਡਾ ਕੁਮਾਰ ਵਿਕਲ ਅਨੁਸਾਰ,"ਆਧੁਨਿਕਤਾ ਆਪਣੇ ਉਦੈ ਨਾਲ ਹੀ ਪਰੰਪਰਾ ਭੰਗ ਪਰਤਿ ਵਿਸ਼ੇਸ਼ ਆਗਹਿ ਤੇ ਪਰੰਪਰਾ ਪਰਤਿ ਉਤਸ਼ਾਹ ਪੈਦਾ ਕਰਦੀ ਹੈ। "ਵਿਗਿਆਨਕ ਯੁੱਗ ਦੇ ਸਮੁਚੇ ਬੋਧ ਨੂੰ ਆਧੁਨਿਕਤਾ ਕਹਿੰਦਾ ਹਨ"। ਡਾ ਧਨਵੰਤ ਕੌਰ ਅਨੁਸਾਰ, "ਆਧੁਨਿਕਤਾ ਇਤਿਹਾਸ ਦੀ ਸਰਲ ਸਪਾਟ ਨਿਰੰਤਰਤਾ ਵਿੱਚ ਇੱਕ ਪਾਸਾਰੀ ਸੰਬੰਧੀ ਨਹੀਂ ਰੱਖਦੀ, ਸਗੋਂ ਇਹ ਭੂਤ ਅਤੇ ਵਰਤਮਾਨ ਦੇ ਆਪਸੀ ਰਿਸ਼ਤੇ ਦੇ ਗਤੀਸ਼ੀਲ ਤੇ ਦਵੰਦਾਤਮਿਕ ਨੂੰ ਉਜਾਗਰ ਕਰਦੀ ਹੈ।ਇਸੇ ਕਰਕੇ ਇਹ ਕਾਲ ਚੇਤਨਾ ਨਾਲ ਸੰਬੰਧ ਨਹੀਂ ਰੱਖਦੀ ਜਿੰਨਾ ਸੰਕਲਪ ਚੇਤਨਾ"।

ਯੂਰਪ ਦੀ ਪਰਮਾਣਿਕ ਆਧੁਨਿਕਤਾ ਅਨੁਸਾਰ ਆਧੁਨਿਕਤਾ ਦੇ ਕੁਝ ਲੱਛਣ ਵੇਖੇ ਜਾ ਸਕਦੇ ਹਨ:-

ਤਰਕਸ਼ੀਲਤਾ

ਧਰਮ ਨਿਰਪੱਖਤਾ

ਵਿਗਿਆਨਿਕਤਾ

ਉਦਿਯੋਗਿਕ ਉਤਪਾਦਨ

ਸ਼ਹਿਰੀਕਰਨ

ਵਿਸ਼ਵਿਆਪਕਤਾ

ਸਾਂਝੀਵਾਲਤਾ

ਸਮਾਨਤਾ

ਸੁਤੰਤਰਤਾ

ਰਾਜਨੀਤਕ ਚੇਤਨਾ

ਇਹਲੌਕਿਕਤਾ

ਸਾਖਰਤਾ

ਸਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ ਵਿੱਚ ਵਿਸਤਾਰ ਸਹਿਤ ਲਿਖਿਆ ਗਿਆ ਹੈ ਕਿ ਸਾਧਾਰਣ ਤੌਰ ਤੇ ਸਮਕਾਲੀਨਤਾ ਨੂੰ ਆਧੁਨਿਕਤਾ ਕਹਿ ਦਿੱਤਾ ਜਾਂਦਾ ਹੈ । ਕਾਲ ਦੇ ਸੰਦਰਭ ਵਿਚ ਹਰੇਕ ਵਰਤਮਾਨ ਕਾਲ ਭੂਤਕਾਲ ਨਾਲੋਂ ਆਧੁਨਿਕ ਹੋਣ ਦਾ ਬੋਧ ਕਰਵਾਉਂਦਾ ਹੈ । ਪਰੰਤੂ ਕਲਾ ਅਤੇ ਸਾਹਿੱਤ ਵਿਚ ਕੀਤੀ ਜਾ ਰਹੀ ਅੱਜ ਕਲ ਆਧੁਨਿਕਤਾ ਦੀ ਪਰਿਭਾਸ਼ਾ ਸਮਕਾਲੀਨਤਾ ਅਤੇ ਵਰਤਮਾਨਕਾਲੀਨਤਾ ਤੋਂ ਬਿਲਕੁਲ ਵੱਖ ਹੈ । ਆਲੋਚਕਾਂ ਅਨੁਸਾਰ ਦੋ ਲੇਖਕ ਸਮਕਾਲੀ ਤਾਂ ਹੋ ਸਕਦੇ ਹਨ ਪਰ ਇਹ ਜ਼ਰੂਰੀ ਨਹੀਂ ਕਿ ਉਹ ਦੋਵੇਂ ਜਾਂ ਉਨ੍ਹਾਂ ਵਿਚੋਂ ਇਕ ਆਧੁਨਿਕ ਹੋਵੇ । ਅੱਜ ਲਿਖ ਰਿਹਾ ਸਾਹਿੱਤਕਾਰ ਜ਼ਰੂਰੀ ਨਹੀਂ ਆਧੁਨਿਕ ਹੋਵੇ , 1940 ਈ. ਵਿਚ ਲਿਖੀ ਹੋਈ ਰਚਨਾ ਆਧੁਨਿਕ ਹੋ ਸਕਦੀ ਹੈ । ਵਾਸਤਵ ਵਿਚ ਆਧੁਨਿਕਤਾ ਵਿਸ਼ੇਸ਼ ਰੁਚੀਆਂ ਦੀ ਸੂਚਕ ਹੈ ਜਿਹੜੀਆਂ ਗਿਆਨ , ਵਿਗਿਆਨ ਅਤੇ ਮਨੋਵਿਗਿਆਨ ਦੀਆਂ ਆਧੁਨਿਕ ਖੋਜਾਂ ਦੇ ਸਿੱਟੇ ਵਜੋਂ ਕਲਾਕਾਰਾਂ ਅਤੇ ਸਾਹਿੱਤਕਾਰਾਂ ਵਿਚ ਉਤਪੰਨ ਹੋਈਆਂ ਹਨ ।

ਆਧੁਨਿਕ ਯੁਗ ਵਿਚ ਬ੍ਰਹਿਮੰਡ ਬਾਰੇ ਜਾਣਨ ਦੀ ਜਿਗਿਆਸਾ ਅਤੇ ਮਾਨਵ ਦੇ ਅੰਦਰਲੇ ਦੀ ਪਛਾਣ ਦੀ ਲਾਲਸਾ ਦੀ ਉਤਸੁਕਤਾ ਨਾਲ ਵਿਗਿਆਨੀਆਂ ਅਤੇ ਮਨੋਵਿਗਿਆਨੀਆਂ ਨੇ ਅਨੇਕ ਪ੍ਰਯੋਗ ਕੀਤੇ ਅਤੇ ਉਨ੍ਹਾਂ ਦੇ ਆਧਾਰ ਤੇ ਬ੍ਰਹਿਮੰਡ , ਮਾਨਵ ਮਨ ਅਤੇ ਮਾਨਵ ਸ਼ਰੀਰ ਦੇ ਰਿਸ਼ਤਿਆਂ ਬਾਰੇ ਕਈ ਪ੍ਰਸ਼ਨਾਂ ਨੂੰ ਸੁਲਝਾਉਣ ਦੇ ਯਤਨ ਕੀਤੇ । ਉਨ੍ਹੀਵੀਂ ਸਦੀ ਈ. ਤੋਂ ਪਹਿਲਾਂ ਸਾਹਿਤਿਕ ਯਥਾਰਥ ਕੇਵਲ ਦਿਸਦਾ ਯਥਾਰਥ ਸੀ । ਸਾਹਿਤਿਕ ਰਚਨਾਵਾਂ ਵਿਚ ਜੀਵਨ ਦੀਆਂ ਕੁਝ ਆਦਰਸ਼ਕ ਘਟਨਾਵਾਂ ਨੂੰ ਕੁਝ ਆਦਰਸ਼ਕ ਪਾਤਰਾਂ ਰਾਹੀਂ ਪੇਸ਼ ਕੀਤਾ ਜਾਂਦਾ ਸੀ । ਆਦਰਸ਼ਕ ਪਾਤਰਾਂ ਦੇ ਕੇਵਲ ਆਦਰਸ਼ਕ ਅੰਸ਼ ਨੂੰ ਪ੍ਰਗਟ ਕੀਤਾ ਜਾਂਦਾ ਸੀ । ਸਮਾਜਕ ਬੁਰਾਈਆਂ ਨੂੰ ਕੇਵਲ ਉਪਰਲੀ ਤਹਿ ਤੋਂ ਵਾਚਿਆ ਜਾਂਦਾ ਸੀ ਜਿਸ ਨੂੰ ਕਿਸੇ ਆਲੋਚਕ ਨੇ ' ਧਰਤੀ ਦੀ ਮੈਲ' ਆਖਿਆ ਹੈ । ਲੇਕਨ ਆਧੁਨਿਕ ਖੋਜਾਂ ਨੇ ਸਾਹਿਤਿਕ ਯਥਾਰਥ ਦੀ ਰੂਪ– ਰੇਖਾ ਅਤੇ ਸਾਹਿਤਿਕ ਚਿੰਤਨ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ । ਡਾਰਵਿਨ ਦੇ ' ਵਿਕਾਸ– ਸਿਧਾਂਤ' ਨੇ ਮਾਨਵ ਜੀਵਨ ਦੇ ਆਰੰਭ ਅਤੇ ਮਾਨਵ ਬਿਰਤੀਆਂ ਬਾਰੇ ਵਿਚਾਰਾਂ ਨੂੰ ਬਦਲ ਕੇ ਰੱਖ ਦਿੱਤਾ । ਯੁੱਗਾਂ ਤੋਂ ਚਲੇ ਆ ਰਹੇ ਮਾਨਵ ਦੇ ਦੈਵੀ ਨਿਕਾਸ ਦੀ ਧਾਰਣਾ ਦਾ ਖੰਡਨ ਕੀਤਾ ਗਿਆ ਅਤੇ ਮਾਨਵ ਨੂੰ ਇਕ ਵਿਕਸਿਤ ਪਸ਼ੂ ਦੇ ਰੂਪ ਵਿਚ ਪੇਸ਼ ਕੀਤਾ ਗਿਆ । ਫ਼ਰਾਇਡ ਦੇ ' ਕਾਮ– ਸਿਧਾਂਤ' ਅਤੇ ਉਸ ਉੱਤੇ ਆਧਾਰਿਤ ਮਨੋਵਿਸ਼ਲੇਸ਼ਣ– ਨਿਯਮਾਂ ਨੇ ਸਾਹਿੱਤ ਵਿਚ ਅਜਿਹੀ ਰੁਚੀ ਪੈਦਾ ਕੀਤੀ ਕਿ ਮਾਨਵ ਨੂੰ ਕਾਮ ਦ੍ਰਿਸ਼ਟੀ ਨੂੰ ਮੁੱਖ ਰਖ ਕੇ ਘੋਖਿਆ ਜਾਣ ਲਗਾ । ਰੂਸੀ ਮਨੋਵਿਗਿਆਨਿਕ ਪਾਵਲੋਫ਼ ( Pavlov ) ਦੇ ਤਜ਼ਰਬਿਆਂ ਨੇ ਮਾਨਵ ਸ਼ਰੀਰ ਅਤੇ ਮਾਨਵ ਮਨ ਦੇ ਸੰਬੰਧ ਬਾਰੇ ਇਕ ਨਵਾਂ ਗਿਆਨ ਪ੍ਰਦਾਨ ਕੀਤਾ , ਜਿਸ ਨਾਲ ਸੁਤੰਤਰ ਇੱਛਾ ( free will ) ਬਾਰੇ ਚਲੇ ਆ ਰਹੇ ਪੁਰਾਣੇ ਵਿਚਾਰਾਂ ਵਿਚ ਤਬਦੀਲੀ ਹੋਈ , ਉਸ ਅਨੁਸਾਰ ਸ਼ਰੀਰ ਨੂੰ ਮਨ ਤੋਂ ਅੱਡ ਨਹੀਂ ਕੀਤਾ ਜਾ ਸਕਦਾ ਅਤੇ ਸ਼ਰੀਰ ਦੀ ਹਰ ਇਕ ਹਰਕਤ ਮਨ ਦੀ ਅਵਸਥਾ ਨੂੰ ਪ੍ਰਗਟ ਕਰਦੀ ਹੈ । ਜਿੱਥੇ ਫ਼ਰਾਇਡ ਅਤੇ ਯੁੰਗ ਦੇ ਸਿਧਾਂਤਾਂ ਨਾਲ ਪ੍ਰਾਕ੍ਰਿਤਿਕ ਸਾਹਿੱਤ ਅਤੇ ਅਤਿਯਥਾਰਥਵਾਦ ਦੀ ਪ੍ਰਣਾਲੀ ਚਲੀ , ਉੱਥੇ ਪਾਵਲੋਫ਼ ਦੇ ਵਿਚਾਰਾਂ ਨਾਲ ਮਾਨਸਿਕ ਅਧਿਐਨ ਦੇ ਸਾਹਿੱਤ ਦੀ ਉਪਜ ਹੋਈ । ਆਧੁਨਿਕ ਮਨੋਵਿਗਿਆਨੀਆਂ ਦਾ ਸਮੁੱਚਾ ਪ੍ਰਭਾਵ ਦਰਸ਼ਨ ਅਤੇ ਧਰਮ ਦੇ ਵਿਚਾਰਕਾਂ ਤੇ ਪਿਆ ਹੈ , ਜਿਨ੍ਹਾਂ ਨੇ ਬ੍ਰਹਿਮੰਡ , ਜੀਵਨ ਅਤੇ ਉਸ ਦੀ ਹੈਸੀਅਤ ਬਾਰੇ ਨਵੇਂ ਸਿਰੇ ਤੋਂ ਸੋਚਣ ਦਾ ਯਤਨ ਕੀਤਾ । ਇਨ੍ਹਾਂ ਦਾ ਦ੍ਰਿਸ਼ਟੀਕੋਣ ਨਿਯਤਿਵਾਦੀ ( determinist ) ਬਣ ਗਿਆ ਜਿਸ ਅਨੁਸਾਰ ਮਾਨਵ ਦੇ ਮਨ ਦੀ ਸ਼ਕਤੀ ਨੂੰ ਸ਼ਕ ਨਾਲ ਦੇਖਿਆ ਜਾਣ ਲਗਾ ਅਤੇ ਮਾਨਵ ਨੂੰ ਆਪਣੇ ਚੁਗਿਰਦੇ ਦੇ ਗ਼ੁਲਾਮ ਦੇ ਰੂਪ ਵਿਚ ਪੇਸ਼ ਕੀਤਾ ਗਿਆ । ਇਨ੍ਹਾਂ ਖੋਜਾਂ ਨਾਲ ਭੌਤਿਕ ਵਿਗਿਆਨ ਦੀਆਂ ਖੋਜਾਂ ਨੇ ਕਲਾਕਾਰਾਂ , ਸਾਹਿੱਤਕਾਰਾਂ ਅਤੇ ਦਾਰਸ਼ਨਿਕਾਂ ਨੂੰ ਆਪਣੇ ਵਿਚਾਰਾਂ ਦੀ ਤਬਦੀਲੀ ਲਈ ਕਾਫ਼ੀ ਮਸਾਲਾ ਮਿਲ ਗਿਆ। ਆਇਨਸਟਾਈਨ ਦਾ ਸਾਪੇਖਤਾ ਦਾ ਸਿਧਾਂਤ ( Theory of Relativity ) ਸਮੇਂ ਦੀ ਅਸੀਮਤਾ ਨੂੰ ਕਾਲ ਦੀ ਅਭੰਗਤਾ ਦੇ ਰੂਪ ਵਿਚ ਵਾਚਦਾ ਹੈ ਅਤੇ ਕਾਲ ਤੇ ਥਾਂ ਦੇ ਸੰਬੰਧ ਨੂੰ ਸਾਪੇਖ ਮੰਨਦਾ ਹੈ । ਕੁਆਂਤਮ ਸਿਧਾਂਤ ( Quantum Theory ) ਅਨੁਸਾਰ ਸ਼ਕਤੀ ਇਕ ਗ੍ਰਹਿ ਤੋਂ ਦੂਜੇ ਗ੍ਰਹਿ ਵਿਚ ਛੜੱਪੇ ਮਾਰ ਕੇ ਚਲਦੀ ਹੈ ਪਰ ਪ੍ਰਤੀਤ ਇਹ ਹੁੰਦਾ ਹੈ ਕਿ ਇਸ ਸ਼ਕਤੀ ਦਾ ਪ੍ਰਵਾਹ ਲਗਾਤਾਰ ਤੇ ਅਟੁਟ ਹੈ । ਮਾਨਵ ਮਨ ਦੇ ਵਿਚਾਰਾਂ ਨੂੰ ਇਸੇ ਪ੍ਰਸੰਗ ਵਿਚ ਧਿਆਨ ਗੋਚਰੇ ਕੀਤਾ ਗਿਆ । ਵਰਜੀਨੀਆ ਵੁਲਫ਼ ਨੇ ਮਨ ਦੇ ਵਿਚਾਰਾਂ ਦੀ ਨਦੀ ਦੇ ਇਕ ਪ੍ਰਵਾਹ ਨਾਲ ਤੁਲਨਾ ਕੀਤੀ ਹੈ , ਜਿਸ ਦੀ ਤਹਿ ਸਮਤਲ ਹੈ ਪਰੰਤੂ ਡੂੰਘਾਈ ਵੱਖ ਵੱਖ ਥਾਵਾਂ ਤੇ ਘੱਟ ਵੱਧ ਹੋ ਸਕਦੀ ਹੈ । ਇਸ ਚਿੰਤਨ ਨਾਲ ਚੇਤਨਾ ਪ੍ਰਵਾਹ ਧਾਰਾ ਦਾ ਸਾਹਿੱਤ ਵਿਚ ਪ੍ਰਵੇਸ਼ ਹੋਇਆ , ਜਿਸ ਚੇਤਨਾ ਦੇ ਅਟੁਟ ਪ੍ਰਵਾਹ ਨੂੰ ਉਪਨਿਆਸਾਂ ਅਤੇ ਕਹਾਣੀਆਂ ਵਿਚ ਅਤੇ ਡਾਲੀ ਅਤੇ ਪਿਕਾਸੋ ਵਰਗੇ ਚਿਤ੍ਰਕਾਰਾਂ ਦੇ ਚਿਤ੍ਰਾਂ ਵਿਚ ਉਲੀਕਿਆ ਗਿਆ । ਮਾਨਵ ਦੇ ਅੰਦਰਲੇ ਆਪੇ ਦਾ ਉਲੀਕਣਾ ਹੀ ਸਾਹਿਤਿਕ ਯਥਾਰਥ ਬਣ ਗਿਆ । ਦਾਰਸ਼ਨਿਕ , ਮਨੋਵਿਗਿਆਨਿਕ ਤੇ ਵਿਗਿਆਨਿਕ ਵਿਚਾਰਾਂ ਦੀ ਤਬਦੀਲੀ ਦੇ ਨਾਲ ਨਾਲ ਆਧੁਨਿਕ ਯੁੱਗ ਵਿਚ ਮਸ਼ੀਨੀ ਕ੍ਰਾਂਤੀ ( Industrial Revolution ) ਨਾਲ ਵੀ ਮਾਨਵ ਜਾਗ੍ਰਿਤੀ ਅਤੇ ਵਿਅਕਤੀਵਾਦੀ ਧਾਰਣਾਵਾਂ ਉਪਜਦੀਆਂ ਹਨ , ਜਿਨ੍ਹਾਂ ਨਾਲ ਮਾਨਵ ਵਿਗਿਆਨ ਤੇ ਮਸ਼ੀਨਾਂ ਅੱਗੇ ਆਪਣੇ ਆਪ ਨੂੰ ਨਿਆਸਰਾ ਅਨੁਭਵ ਕਰਦਾ ਹੈ ਅਤੇ ਦੈਵੀ ਸ਼ਕਤੀ ਉੱਤੇ ਸ਼ਕ ਕਰਨ ਲਗ ਪਿਆ ਹੈ । ਕਾਰਲ ਮਾਰਕਸ ( Karl Marx ) ਨੇ ਚਿੰਤਨ ਵਿਚ ਆਧੁਨਿਕਤਾ ਲਿਆਂਦੀ । ਉਸ ਨੇ ਸਾਮਜ ਦੀ ਸਾਰੀ ਉਸਾਰੀ ਦਾ ਆਧਾਰ ਆਰਥਿਕ ਕੀਮਤਾਂ ਨੂੰ ਮੰਨਿਆ ਅਤੇ ਇਸ ਨਾਲ ਸ਼੍ਰੇਣੀ ਸੰਘਰਸ਼ ਦਾ ਸਿਧਾਂਤ ਉਜਾਗਰ ਹੋਇਆ । ਫਲਸਰੂਪ ਸਾਹਿੱਤ ਵਿਚ ਕਾਮਾ ਸ਼੍ਰੇਣੀ ਵਿਚੋਂ ਸਾਹਿੱਤ ਦੇ ਨਾਇਕ ਲੱਭੇ ਜਾਣ ਲੱਗ ਪਏ । ਇਸ ਨੇ ਹੀ ਪ੍ਰਗਤੀਵਾਦੀ ਲਹਿਰ ਨੂੰ ਹੋਂਦ ਵਿਚ ਲਿਆਂਦਾ । ਇਸ ਸਮੁੱਚੇ ਨਵਵਿਕਸਿਤ ਚਿੰਤਨ ਨਾਲ ਸ੍ਵੈਚੇਤਨਤਾ ਜਾਗੀ ਹੈ , ਆਪਣੇ ਮਨ ਦੀਆਂ ਤੈਹਾਂ ਨੂੰ ਫੋਲਣ ਦੀ ਉਤਸੁਕਤਾ ਉਤਪੰਨ ਹੋਈ ਹੈ ਅਤੇ ਵਿਅਕਤੀ ਦੇ ਬ੍ਰਹਿਮੰਡ ਨਾਲ ਸੰਬੰਧ ਬਾਰੇ ਜਾਣਨ ਦੀ ਲਾਲਸਾ ਪੈਦਾ ਹੋਈ ਹੈ । ਸ੍ਵੈਚੇਤਨ ਦਾ ਅਧਿਐਨ ਵਰਤਮਾਨ ਦੇ ਅਧਿਐਨ ਵਲ ਲੈ ਜਾਂਦਾ ਹੈ ਕਿਉਂ ਜੋ ਆਧੁਨਿਕਤਾਵਾਦੀਆਂ ਅਨੁਸਾਰ ਵਰਤਮਾਨ ਵਿਚ ਹੀ ਸ੍ਵੈਚੇਤਨ ਦਾ ਅਧਿਐਨ ਹੋ ਜਾਂਦਾ ਹੈ । ਜਿੱਥੇ ਰੁਮਾਂਟਿਕ ਲੇਖਕ ਵਰਤਮਾਨ

ਨਾਲ ਅਸੰਤੋਸ਼ ਪ੍ਰਗਟ ਕਰਦੇ ਸਨ ਅਤੇ ਅਤੀਤ ਵਿਚ ਆਪਣੇ ਆਦਰਸ਼ ਦੀ ਭਾਲ ਕਰਦੇ ਸਨ ਉੱਥੇ ਇਕ ਆਧੁਨਿਕ ਲੇਖਕ ਵਰਤਮਾਨ ਨੂੰ ਘੋਖਦਾ ਹੈ ਅਤੇ ਜੋਡ ( Joad ) ਅਨੁਸਾਰ ਭਵਿੱਖ ਦਾ ਖ਼ਾਕਾ ਖਿਚਦਾ ਹੈ । ਵਰਤਮਾਨ ਵਿਚ ਵਿਅਕਤੀ ਦੀ ਹੋਂਦ ਹੀ ਆਧੁਨਿਕਤਾ ਦਾ ਕੇਂਦਰੀ ਤੱਤ ਹੈ । ਬਾਹਰਲੇ ਯਥਾਰਥ ਨੂੰ ਛੱਡ ਦੇ ਇਕ ਆਧੁਨਿਕ ਸਾਹਿੱਤਕਾਰ ਅੰਦਰਲੀਆਂ ਗੁੰਝਲਾਂ ਨੂੰ ਬਾਹਰਲੇ ਯਥਾਰਥ ਦੇ ਸੰਦਰਭ ਵਿਚ ਪੇਸ਼ ਕਰਨ ਦਾ ਯਤਨ ਕਰਦਾ ਹੈ । ਵਿਗਿਆਨ ਅਤੇ ਮਨੋਵਿਗਿਆਨ ਦੇ ਪ੍ਰਭਾਵ ਨਾਲ , ਜਿਸ ਨੂੰ ਇਕ ਵਿਦਵਾਨ ਨੇ ਮਨੋਵਿਗਿਆਨ ਦੇ ਸਾਹਿੱਤ ਉੱਤੇ ਹਮਲੇ ਦਾ ਨਾਉਂ ਦਿੱਤਾ ਹੈ , ਸਾਹਿਤਿਕ ਧਾਰਣਾਵਾਂ ਨਿਰੋਲ ਵਿਅਕਤੀਵਾਦੀ ਬਣ ਕੇ ਰਹਿ ਗਈਆਂ ਹਨ । ਇਹ ਦ੍ਰਿਸ਼ਟੀਕੋਣ ਕੇਵਲ ਬੌਧਿਕ ਦ੍ਰਿਸ਼ਟੀਕੋਣ ਹੈ , ਵਿਸ਼ਲੇਸ਼ਣ ਦਾ ਦ੍ਰਿਸ਼ਟੀਕੋਣ ਹੈ ਜਿਸ ਨਾਲ ਕਈ ਵਾਰ ਮਾਨਵ ਲਈ ਸਮਾਜਕ ਢਾਂਚੇ ਵਿਚ ਫਿਟ ਹੋਣਾ ਅਸੰਭਵ ਹੋ ਜਾਂਦਾ ਹੈ । ਆਧੁਨਿਕਤਾ ਦੇ ਇਨ੍ਹਾਂ ਸਾਂਝੇ ਵਿਚਾਰਾਂ ਦੇ ਹੁੰਦੇ ਹੋਏ ਵੀ ਆਧੁਨਿਕ ਚਿੰਤਕਾਂ ਵਿਚ ਕੋਈ ਵਿਸ਼ੇਸ਼ ਭਾਂਤ ਦੀ ਸਾਂਝ ਨਹੀਂ । ਬੁੱਧੀ ਤੇ ਤਰਕ ਦਾ ਪ੍ਰਯੋਗ ਵੱਖ ਵੱਖ ਢੰਗਾਂ ਨਾਲ ਕੀਤਾ ਗਿਆ ਹੈ । ਪਰੰਤੂ ਇਕ ਮਹੱਤਵਪੂਰਣ ਸਾਂਝ ਇਹ ਹੈ ਕਿ ਹਰ ਇਕ ਆਧੁਨਿਕਤਾਵਾਦੀ ਭੂਤ ਅਤੇ ਪਰੰਪਰਾ ਤੋਂ ਨਿਖੜਨਾ ਚਾਹੁੰਦਾ ਹੈ , ਪਰੰਪਰਾ ਵਿਰੁੱਧ ਵਿਰੋਧ ਕਰਨਾ ਚਾਹੁੰਦਾ ਹੈ ਤੇ ਆਪਣੀ ਵਿਚਾਰਾਂ ਦੇ ਪ੍ਰਗਟਾ ਵਿਚ ਨਵੀਨਤਾ ਦਰਸਾਉਣਾ ਚਾਹੁੰਦਾ ਹੈ । ਆਧੁਨਿਕਤਾ ਦੀ ਕੋਈ ਵਿਸ਼ੇਸ਼ ਸੇਧ ਨਹੀਂ , ਕੋਈ ਵਿਸ਼ੇਸ਼ ਨਿਯਮਾਵਲੀ ਨਹੀਂ ਐਤ ਨਾ ਕੋਈ ਵਿਸ਼ੇਸ਼ ਉਦੇਸ਼ ਹੈ । ਵੱਖ ਵੱਖ ਚਿੰਤਕਾਂ ਅਤੇ ਸਾਹਿੱਤਕਾਰਾਂ ਵੱਲੋਂ ਵੱਖ ਵੱਖ ਨਵੇਂ ਪ੍ਰਯੋਗ ਕੀਤੇ ਗਏ ਹਨ ਜਿਹੜੇ ਵਿਅਕਤੀ ਨੂੰ ਆਪਣਾ ਮਾਸਟਰ ਮੰਨਦੇ ਹਨ ਅਤੇ ਆਧੁਨਿਕਤਾ ਦੇ ਸੂਚਕ ਹਨ । ਆਧੁਨਿਕਤਾ ਕੋਈ ਵਾਦ ਨਹੀਂ ਬਣ ਸਕਦਾ ਕਿਉਂ ਜੋ ਇਹ ਇਕ ਦ੍ਰਿਸ਼ਟੀਕੋਣ ਹੈ , ਧਾਰਾ ਨਹੀਂ ।

ਪੰਜਾਬੀ ਵਿਚ ਹੁਣੇ ਹੁਣੇ ਆਧੁਨਿਕਤਾ ਦਾ ਅਧਿਐਨ ਆਰੰਭ ਹੋਇਆ ਹੈ। ਆਧੁਨਿਕ ਕਾਲ ਦੀ ਅਧਿਆਤਮਵਾਦੀ ਪ੍ਰਵ੍ਰਿਤੀ ਵਾਲੀ ਕਾਵਿਧਾਰਾ ਵਿਚ ਸੰਸਾਰ ਪ੍ਰਤਿ ਹਾਂ– ਮੁਖੀ ਰੁਚੀ ਵਿਚ ਆਧੁਨਿਕਤਾ ਦੀ ਬਿਰਤੀ ਵੇਖੀ ਜਾ ਸਕਦੀ ਹੈ । ਪ੍ਰਗਤੀਵਾਦੀ ਕਾਵਿਧਾਰਾ ਨੇ ਯਥਾਰਾਥਵਾਦੀ ਪਹੁੰਚ ਦੁਆਰਾ ਆਧੁਨਿਕਤਾ ਦੀ ਬਿਰਤੀ ਨੂੰ ਵਿਕਸਿਤ ਕੀਤਾ ਹੈ । ਪ੍ਰਯੋਗਸ਼ੀਲ ਲੇਖਕਾਂ ਨੇ ਆਧੁਨਿਕਤਾ ਦੇ ਦ੍ਰਿਸ਼ਟੀਕੋਣ ਨੂੰ ਅਧਿਕ ਅਭਿਵਿਅਕਤ ਕੀਤਾ ਹੈ । ਸੁਰਜੀਤ ਸਿੰਘ ਸੇਠੀ ਨੇ ਆਪਣੇ ਉਪਨਿਆਸ ' ਖਾਲੀ ਪਿਆਲਾ' ਅਤੇ ਕੁਝ ਕਹਾਣੀਆਂ ਵਿਚ ਚੇਤਨਾ ਪ੍ਰਵਾਹ ਦੀ ਪੱਧਤੀ ਅਪਣਾਈ ਹੈ ਅਤੇ ' ਮਰਦ ਮਰਦ ਨਹੀਂ , ਤੀਵੀਂ ਤੀਵੀਂ ਨਹੀਂ' ਨਾਟਕ ਵਿਚ ਨਿਰਰਥਕ ਜਾਂ ਊਲ– ਜਲੂਲ ( absurd ) ਵਿਅਕਤੀਵਾਦੀ ਨਾਟ– ਧਾਰਾ ਦਾ ਪ੍ਰਯੋਗ ਕੀਤਾ ਹੈ । ਉਰਦੂ ਵਾਲੇ ਆਧੁਨਿਕਤਾ ਨੂੰ ' ਜਦੀਦੀਅਤ' ਆਖਦੇ ਹਨ।

ਪੰਜਾਬੀ ਪੀਡੀਆ ਉਪਰ ਆਧੁਨਿਕਤਾ ਬਾਰੇ ਵਿਸਤਾਰ ਸਹਿਤ ਲਿਖਿਆ ਹੈ ਕਿ ਇਸ ਕਾਇਨਾਤ ਵਿੱਚ ਮਨੁੱਖ ਇੱਕੋ-ਇੱਕ ਅਜਿਹਾ ਜੀਵ ਹੈ ਜਿਸ ਕੋਲ ਸੋਚਣ ਅਤੇ ਸੰਚਾਰਨ ਦੀ ਅਥਾਹ ਸ਼ਕਤੀ ਹੈ। ਉਹ ਆਪਣੇ ਬਾਰੇ, ਆਪਣੇ ਆਲੇ-ਦੁਆਲੇ ਬਾਰੇ ਅਤੇ ਇਸ ਧਰਤੀ ਉੱਤੇ ਆਪਣੇ ਜੀਵਨ ਨੂੰ ਉੱਤਮ, ਸੁਖਾਲਾ ਅਤੇ ਵਧੀਆ ਬਣਾਉਣ ਬਾਰੇ ਸੋਚਦਾ ਹੈ। ਇਸੇ ਸ਼ਕਤੀ ਦੇ ਸਹਾਰੇ ਉਸ ਨੇ ਲਗਾਤਾਰ ਵਿਕਾਸ ਕੀਤਾ ਹੈ ਅਤੇ ਆਪਣੀਆਂ ਪ੍ਰਾਪਤੀਆਂ ਦਾ ਇੱਕ ਲੰਬਾ ਇਤਿਹਾਸ ਸਿਰਜਿਆ ਹੈ।

ਮਨੁੱਖੀ ਸੋਚ ਅਤੇ ਇਸ ਤੇ ਨਿਰਭਰ ਮਨੁੱਖੀ ਵਿਕਾਸ ਦੇ ਇਤਿਹਾਸ ਨੂੰ ਚਿੰਤਕਾਂ ਨੇ ਤਿੰਨ ਕਾਲਾਂ ਵਿੱਚ ਵੰਡਿਆ ਹੈ- ਪ੍ਰਾਚੀਨ, ਮੱਧਕਾਲੀਨ ਅਤੇ ਆਧੁਨਿਕ। ਵੱਖ-ਵੱਖ ਸਮਿਆਂ ਵਿੱਚ ਮਨੁੱਖ ਨੇ ਇਸ ਸੰਸਾਰ ਨੂੰ ਨਿਰਖਣ- ਪਰਖਣ, ਸਮਝਣ-ਸਮਝਾਉਣ ਲਈ ਆਪਣੀ ਸੋਚ ਅਤੇ ਸਮਰੱਥਾ ਅਨੁਸਾਰ ਵੱਖੋ-ਵੱਖਰੇ ਤਰਕ ਸਿਰਜੇ ਹਨ। ਮਿਸਾਲ ਵਜੋਂ, ਕੋਈ ਸਮਾਂ ਸੀ ਜਦੋਂ ਮਨੁੱਖ ਪਾਣੀ ਖ਼ਾਤਰ ਦਰਿਆਵਾਂ ਝੀਲਾਂ ਦੇ ਕਿਨਾਰੇ ਵਸਿਆ ਅਤੇ ਜੀਵਨ ਲਈ ਪਾਣੀ ਦੀ ਲੋੜ ਅਤੇ ਹੜ੍ਹਾਂ ਦੇ ਰੂਪ ਵਿੱਚ ਪਾਣੀ ਦੀ ਕ੍ਰੋਪੀ ਤੋਂ ਭੈ-ਭੀਤ ਹੋ ਉਸ ਨੇ ਪਾਣੀ ਨੂੰ ਦੇਵਤਾ ਮੰਨਿਆ। ਫਿਰ ਸਮਾਂ ਆਇਆ ਮਨੁੱਖ ਨੇ ਧਰਤੀ ਥੱਲਿਉਂ ਪਾਣੀ ਨੂੰ ਲੱਭ ਲਿਆ ਅਤੇ ਦਰਿਆਵਾਂ ਤੋਂ ਦੂਰ ਧਰਤੀ ਨੂੰ ਅਬਾਦ ਕਰਨ ਲੱਗਾ। ਇਸੇ ਤਰ੍ਹਾਂ ਇੱਕ ਸਮਾਂ ਸੀ ਜਦੋਂ ਇਹ ਸੋਚਿਆ ਜਾਂਦਾ ਸੀ ਕਿ ਧਰਤੀ ਇੱਕ ਬਲਦ ਦੇ ਸਿੰਗਾਂ ਤੇ ਟਿਕੀ ਹੋਈ ਹੈ ਅਤੇ ਜਦੋਂ ਥੱਕਿਆ ਬਲਦ ਸਿੰਗ ਬਦਲਾਉਂਦਾ ਹੈ ਤਾਂ ਧਰਤੀ ਡਗਮਗਾਉਂਦੀ ਹੈ ਅਤੇ ਭੁਚਾਲ ਆਉਂਦਾ ਹੈ। ਕਿਸੇ ਸਮੇਂ ਮਨੁੱਖੀ ਸੋਚ ਵਿੱਚ ਧਰਮ ਨੇ ਇਹ ਤਰਕ ਵੀ ਬੜੀ ਘਾਲਣਾ ਨਾਲ ਸਿਰਜਿਆ ਸੀ ਕਿ ਧਰਤੀ ਅਤੇ ਇਸਦਾ ਦਿਖਦਾ ਸਾਰਾ ਪਸਾਰਾ 'ਰੱਬੀ ਹੁਕਮ' ਨਾਲ ਹੋਂਦ ਵਿੱਚ ਆਇਆ। ਬਾਈਬਲ ਅਨੁਸਾਰ ਸਾਰੀ ਸ੍ਰਿਸਟੀ ਰਚਣ ਲਈ ਛੇ ਦਿਨ ਲੱਗੇ। ਅੱਜ ਇਹ ਅਤੇ ਇਹੋ ਜਿਹੇ ਹੋਰ ਬਹੁਤ ਸਾਰੇ ਤਰਕ ਹਾਸੋ-ਹੀਣੇ ਜਾਪਦੇ ਹਨ ਕਿਉਂਕਿ ਸਾਡਾ ਸੋਚਣ ਸਮਝਣ ਦਾ ਢੰਗ ਬਦਲ ਗਿਆ ਹੈ। ਡਾਰਵਿਨ ਨੇ 'ਵਿਕਾਸਵਾਦ ਦੇ ਸਿਧਾਂਤ' ਰਾਹੀਂ ਇਸ ਧਰਤੀ ਉੱਤੇ ਮਨੁੱਖ ਦੀ ਉਤਪਤੀ ਦਾ ਇਤਿਹਾਸ ਰਚ ਦਿੱਤਾ। ਉਸ ਨੇ ਇੱਕ ਸੈੱਲ ਵਾਲੇ ਜੀਵ ਤੋਂ ਲੈ ਕੇ ਮਨੁੱਖ ਤੱਕ ਦੇ ਵਿਕਾਸ ਦੇ ਰਹੱਸ ਦਾ ਵਰਕਾ-ਵਰਕਾ ਫ਼ੋਲ ਦਿੱਤਾ ਹੈ। ਅਸੀਂ ਆਪਣੀ ਧਰਤੀ ਦੇ ਧੁਰ ਅੰਦਰਲੇ ਭੇਤਾਂ ਅਤੇ ਬ੍ਰਹਿਮੰਡ ਵਿੱਚ ਬਾਕੀ ਤਹਿਆਂ ਦੀਆਂ ਗਤੀਵਿਧੀਆਂ ਬਾਰੇ ਏਨਾ ਕੁਝ ਜਾਣਦੇ ਹਾਂ ਕਿ ਸਾਨੂੰ ਚੰਦ, ਤਾਰਿਆਂ, ਭੁਚਾਲਾਂ ਬਾਰੇ ਕੋਈ ਭੁਲੇਖਾ ਨਹੀਂ। ਭੌਤਿਕ-ਵਿਗਿਆਨੀਆਂ, ਰਸਾਇਣ-ਵਿਗਿਆਨੀਆਂ, ਸਮਾਜ-ਵਿਗਿਆਨੀਆਂ, ਮਨੋਵਿਗਿਆਨੀਆਂ ਨੇ ਇਸ ਬ੍ਰਹਿਮੰਡ ਬਾਰੇ, ਇਸ ਧਰਤੀ ਉੱਤੇ ਆਪਣੇ ਸਹਿਵਾਸੀ ਜੀਵ-ਜੰਤੂਆਂ ਨਾਲ ਵਿਚਰਦੇ ਮਨੁੱਖ ਬਾਰੇ, ਮਨੁੱਖੀ ਸਮਾਜ ਬਾਰੇ ਅਤੇ ਮਨੁੱਖੀ ਮਨ ਬਾਰੇ ਏਡੇ ਨਿੱਗਰ ਵਿਸ਼ਲੇਸ਼ਣ ਕੀਤੇ ਹਨ ਕਿ ਸਾਡਾ ਸੋਚਣ-ਵਿਚਾਰਨ, ਵੇਖਣ-ਪਰਖਣ ਅਤੇ ਜਿਉਂਣ ਦਾ ਢੰਗ ਤਰੀਕਾ ਹੀ ਬਦਲ ਗਿਆ ਹੈ। ਇਹ ਨਵੀਂ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਜਿਸਨੇ ਸਾਨੂੰ ਪੂਰਬਲੇ ਸਮਿਆਂ ਤੋਂ ਨਿਖੇੜਿਆ ਹੈ,

ਇਹ ਸਾਨੂੰ ਵਿਗਿਆਨ ਨੇ ਦਿੱਤੀ ਹੈ। ਜਿਵੇਂ ਪ੍ਰਾਚੀਨ ਯੁੱਗ ਮਿਥਿਹਾਸ ਦਾ ਯੁੱਗ ਹੈ, ਮਧਯੁੱਗ ਧਰਮ ਦਾ ਯੁੱਗ ਹੈ, ਉਵੇਂ ਹੀ ਆਧੁਨਿਕ ਯੁੱਗ ਵਿਗਿਆਨ ਦਾ ਯੁੱਗ ਹੈ।

'ਆਧੁਨਿਕ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਹੜਾ ਅੰਗਰੇਜ਼ੀ ਸ਼ਬਦ 'Modern' ਦੇ ਸਮਾਨਾਰਥਕ ਵਜੋਂ ਪੰਜਾਬੀ ਵਿੱਚ ਵਰਤਿਆ ਜਾਂਦਾ ਹੈ। 'ਆਧੁਨਿਕ' ਦੇ ਅਰਥ ਹਨ 'ਹੁਣੇ ਹੋਇਆ'। ਮਨੁੱਖੀ ਇਤਿਹਾਸ ਵਿੱਚ ਇਹ ਵੱਡੀ ਅਤੇ ਪਛਾਣਨਯੋਗ ਤਬਦੀਲੀ ਹੁਣੇ-ਹੁਣੇ ਵਾਪਰੀ ਹੈ। ਸਾਡੇ ਵੱਡੇ-ਵਡੇਰੇ ਇਸਦੀ ਅੱਖੀਂ ਡਿੱਠੀ ਗਵਾਹੀ ਭਰ ਰਹੇ ਹਨ। ਉਹਨਾਂ ਦੇ ਚੇਤਿਆਂ ਵਿੱਚ ਅਜੇ ਵੀ ਇਹ ਗੱਲ ਤਾਜ਼ੀ ਹੈ ਕਿ ਰੇਲ ਗੱਡੀ ਨੂੰ ਵੇਖ ਉਹਨਾਂ ਦੇ ਵਡੇਰਿਆਂ ਨੇ ਬੁਝਾਰਤ ਪਾਈ ਸੀ ਕਿ :

ਨਿੱਕੇ ਨਿੱਕੇ ਠੀਂਗਣੇ ਸੰਦੂਕ ਚੁੱਕੀ ਜਾਂਦੇ ਨੇ

ਰਾਜਾ ਪੁਛੇ ਰਾਣੀ ਨੂੰ ਇਹ ਕੀ ਜਨੌਰ ਜਾਂਦੇ ਨੇ।

ਇੱਕ ਸਮਾਂ ਸੀ ਜਦੋਂ ਮਨੁੱਖ ਕੋਲ ਤੇਜ਼ ਤੋਂ ਤੇਜ਼ ਚੱਲਣ ਲਈ ਘੋੜਾ ਸੀ। ਅੱਜ ਸਾਡੇ ਕੋਲ ਰੇਲ ਗੱਡੀਆਂ, ਕਾਰਾਂ, ਹਵਾਈ ਜਹਾਜ਼ ਹਨ। ਅਜੇ ਕੁਝ ਚਿਰ ਪਹਿਲਾਂ ਮਨੁੱਖ ਬਲਦਾਂ ਰਾਹੀਂ, ਹਲਾਂ ਰਾਹੀਂ ਅਤੇ ਖੂਹ ਰਾਹੀਂ ਖੇਤੀ ਕਰਦਾ ਸੀ, ਅੱਜ ਟਰੈਕਟਰ ਟਿਊਬਵੈੱਲਾਂ ਅਤੇ ਖੇਤੀ ਨਾਲ ਸੰਬੰਧਿਤ ਹੋਰ ਮਸ਼ੀਨਰੀ ਬਿਨਾਂ ਖੇਤੀ ਅਸੰਭਵ ਜਾਪਦੀ ਹੈ। ਆਵਾਜਾਈ ਦੇ ਸਾਧਨਾਂ, ਰੁਜ਼ਗਾਰ ਦੇ ਮੌਕਿਆਂ ਅਤੇ ਟੈਲੀਵੀਜ਼ਨ, ਟੈਲੀਫੂਨ, ਕੰਪਿਊਟਰ, ਈ-ਮੇਲ ਵਰਗੇ ਸੰਚਾਰ ਵਸੀਲਿਆਂ ਨੇ ਸਾਰੀ ਦੁਨੀਆ ਨੂੰ ਗਲੋਬਲ ਪਿੰਡ ਵਿੱਚ ਤਬਦੀਲ ਕਰ ਦਿੱਤਾ ਹੈ। ਅੱਜ ਸਾਨੂੰ ਤਕਨਾਲੋਜੀ ਬਿਨਾਂ ਜ਼ਿੰਦਗੀ ਕਿਆਸਣਾ ਅਸੰਭਵ ਲੱਗਦਾ ਹੈ। ਅਸੀਂ ਇਸ ਸਭ ਕਾਸੇ ਨੂੰ ਉਵੇਂ ਹੀ ਗ੍ਰਹਿਣ ਕਰ ਰਹੇ ਹਾਂ ਜਿਵੇਂ ਅਸੀਂ ਆਪਣੇ ਮਾਪਿਆਂ ਤੋਂ ਮਾਂ- ਬੋਲੀ, ਆਚਰਨ, ਵਿਚਰਨ ਦੇ ਢੰਗ, ਖਾਣ-ਪੀਣ, ਪਹਿਨਣ ਦੀ ਸੂਝ ਜਾਂ ਨਿਰਖ-ਪਰਖ ਦੀ ਜਮਾਂਦਰੂ ਰੁਚੀ ਗ੍ਰਹਿਣ ਕਰਦੇ ਹਾਂ। ਵਿਗਿਆਨ, ਤਕਨਾਲੋਜੀ ਅਤੇ ਮਸ਼ੀਨਰੀ ਆਧੁਨਿਕ ਯੁੱਗ ਦੇ ਪਛਾਣ ਚਿੰਨ੍ਹ ਹਨ। ਇਹਨਾਂ ਚਿੰਨ੍ਹਾਂ ਵਾਲੇ ਯੁੱਗ ਦੇ ਲੱਛਣਾਂ ਨੂੰ, ਸੁਭਾਅ ਨੂੰ, ਵਿਸ਼ੇਸ਼ਤਾਵਾਂ ਨੂੰ ਗ੍ਰਹਿਣ ਕਰਨ ਦੀ ਪ੍ਰਵਿਰਤੀ ਹੀ ਆਧੁਨਿਕਤਾ ਕਹਾਈ।

ਕਈ ਵਾਰ ਆਧੁਨਿਕਤਾ ਨੂੰ ਸਮਕਾਲੀਨਤਾ ਜਾਂ ਨਵੀਨਤਾ ਨਾਲ ਰੱਲ-ਗੱਡ ਕਰ ਦਿੱਤਾ ਜਾਂਦਾ ਹੈ। ਆਧੁਨਿਕਤਾ ਦੇ ਸੰਕਲਪ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਇਹ ਜਾਣਿਆ ਜਾਵੇ ਕਿ ਇਹ ਸਮਕਾਲੀਨ ਜਾਂ ਨਵੀਨ ਵਾਂਗ ਨਿਰੋਲ ਸਮੇਂ ਨਾਲ ਸੰਬੰਧ ਰੱਖਦੀ ਧਾਰਨਾ ਨਹੀਂ। ਸਾਡੇ ਸਮਕਾਲੀ ਦੌਰ ਵਿੱਚ ਵਾਪਰਦੀ ਜਾਂ ਸਾਡੇ ਨੋਟਿਸ ਵਿੱਚ ਆਉਂਦੀ ਹਰ ਘਟਨਾ, ਵਰਤਾਰਾ ਜਾਂ ਤਬਦੀਲੀ ਜ਼ਰੂਰੀ ਨਹੀਂ ਆਧੁਨਿਕਤਾ ਨਾਲ ਸੰਬੰਧ ਰੱਖਦੀ ਹੋਵੇ। ਵਿਸ਼ਵ ਦੇ ਇਤਿਹਾਸ ਵਿੱਚ ਮੱਧਕਾਲ ਦੇ ਤਰਕਾਂ ਨੂੰ ਕੱਟਣ ਵਾਲਾ ਵਿਗਿਆਨ ਪਹਿਲੇ-ਪਹਿਲ ਸੋਲ੍ਹਵੀਂ ਸਦੀ ਵਿੱਚ ਪ੍ਰਵੇਸ਼ ਕਰਦਾ ਹੈ। ਅਠਾਰ੍ਹਵੀਂ ਉਨ੍ਹੀਵੀਂ ਸਦੀ ਵਿੱਚ ਡਾਰਵਿਨ, ਮਾਰਕਸ, ਆਈਨਸਟਾਈਨ, ਹਾਈਜ਼ਨ ਬਰਗ, ਫ਼ਰਾਇਡ ਆਦਿ ਵਰਗੇ ਚਿੰਤਕ ਅੱਡੋ-ਅੱਡ ਖੇਤਰਾਂ ਵਿੱਚ ਆਪਣੇ ਨਵੇਕਲੇ ਚਿੰਤਨ ਪੇਸ਼ ਕਰਦੇ ਹਨ। ਇਸ ਸਮੇਂ ਦੌਰਾਨ ਮਨੁੱਖ ਦੀਆਂ ਸਰੀਰਕ ਕਿਰਿਆਵਾਂ ਨੂੰ ਸੁਖਾਲਾ ਬਣਾਉਣ ਵਾਲੀਆਂ ਮਸ਼ੀਨਾਂ ਦਾ ਨਿਰਮਾਣ ਮਨੁੱਖ ਦੀ ਸਮਰੱਥਾ ਅਤੇ ਰਫ਼ਤਾਰ ਨੂੰ ਵਧਾ ਦਿੰਦਾ ਹੈ। ਉਦਯੋਗੀਕਰਨ, ਮਸ਼ੀਨੀਕਰਨ, ਸ਼ਹਿਰੀਕਰਨ ਇਸ ਦੇ ਪ੍ਰਮੁਖ ਪਛਾਣ-ਚਿੰਨ੍ਹ ਬਣਦੇ ਹਨ। ਇਹ ਸਾਰਾ ਕੁਝ ਸਾਡੇ ਨਿਕਟ ਇਤਿਹਾਸ ਵਿੱਚ ਵਾਪਰਿਆ ਹੈ ਪਰ ਆਧੁਨਿਕਤਾ ਨੂੰ ਨਿਰੋਲ ਸਮੇਂ ਦੇ ਹਵਾਲੇ ਨਾਲ ਨਹੀਂ ਸਮਝਿਆ ਜਾ ਸਕਦਾ। ਇਸ ਵਿੱਚ ਸਮੇਂ ਦਾ ਪ੍ਰਸੰਗ ਹਾਜ਼ਰ ਹੈ ਪਰ ਇਹ ਆਪਣੇ-ਆਪ ਵਿੱਚ ਇੱਕ ਵੱਖਰੀ ਸੂਝ ਹੈ, ਇੱਕ ਦ੍ਰਿਸ਼ਟੀ ਹੈ, ਇੱਕ ਸੰਕਲਪ ਹੈ, ਇੱਕ ਜੀਵਨ-ਜਾਚ ਹੈ ਜਿਸਨੂੰ ਆਪਣੇ ਤੋਂ ਪਹਿਲੇ ਕਿਸੇ ਵੀ ਯੁੱਗ ਦੀ ਤੁਲਨਾ ਵਿੱਚੋਂ ਪਛਾਣਿਆ ਤੇ ਨਿਖੇੜਿਆ ਜਾ ਸਕਦਾ ਹੈ।

ਵਿਗਿਆਨ ਅਤੇ ਤਕਨਾਲੋਜੀ ਨੇ ਜਿਵੇਂ ਸਾਡੇ ਬਾਹਰੀ ਜੀਵਨ ਦਾ ਮੂੰਹ-ਮੁਹਾਂਦਰਾ ਬਦਲ ਦਿੱਤਾ, ਉਵੇਂ ਹੀ ਆਧੁਨਿਕ ਚਿੰਤਨ ਨੇ ਸਾਡਾ ਸੋਚਣ ਦਾ ਢੰਗ, ਸਾਡੀ ਮਾਨਸਿਕਤਾ ਬਦਲ ਦਿੱਤੀ। ਹਰ ਪਰੰਪਰਿਕ ਵਿਚਾਰ, ਵਿਸ਼ਵਾਸ, ਧਾਰਨਾ ਅਤੇ ਮਨੌਤ ਅੱਗੇ ਪ੍ਰਸ਼ਨ ਚਿੰਨ੍ਹ ਲਾਉਣਾ ਆਧੁਨਿਕਤਾ ਦਾ ਸੁਭਾਅ ਬਣਿਆ। ਪਰੰਪਰਾਗਤ ਸੋਚ ਵਿੱਚ ਇਸ ਸ੍ਰਿਸ਼ਟੀ ਨੂੰ ਸਾਜਣ ਵਾਲਾ ਰੱਬ, ਰੱਬ ਨਾਲ ਮਿਲਾਉਣ ਵਾਲੇ ਧਰਮਾਂ ਅਤੇ ਧਾਰਮਿਕ ਕਰਮ ਕਾਂਡਾਂ, ਪਿਛਲੇ ਜਨਮਾਂ ਦੇ ਫਲ ਅਤੇ ਅਗਲੇ ਜਨਮ ਵਿੱਚ ਮਿਲਣ ਵਾਲੀਆਂ ਸਜ਼ਾਵਾਂ ਦਾ ਵੱਡਾ ਦਖ਼ਲ ਰਿਹਾ ਹੈ। ਆਧੁ-ਨਿਕਤਾ ਨੇ ਰੱਬ ਦੀ ਮਿੱਥ ਦਾ ਵਿਸਫੋਟ ਕੀਤਾ। ਇਸਨੇ ਮਨੁੱਖ ਨੂੰ ਸਮਾਜ ਵਿੱਚ ਹੀਣਾ, ਛੋਟਾ ਅਤੇ ਤੁੱਛ ਬਣਾਉਣ ਵਾਲੇ ਧਾਰਮਿਕ-ਸਮਾਜਿਕ ਘੁਟਾਲਿਆਂ ਦਾ ਪਰਦਾ ਫਾਸ਼ ਕੀਤਾ। ਆਧੁਨਿਕਤਾ ਨੇ ਮਨੁੱਖ ਕੋਲੋਂ ਅਗਲੇ ਜਨਮ ਦਾ ਸੁਪਨਾ ਖੋਹ ਲਿਆ। ਇਸੇ ਕਰ ਕੇ ਮਨੁੱਖ ਇਸੇ ਜਨਮ ਵਿੱਚ ਆਪਣੀ ਹੋਣੀ ਨੂੰ ਸੁੰਦਰ ਬਣਾਉਣ ਲਈ ਅਤੇ ਇਸ ਧਰਤੀ ਦੇ ਚਿਹਰੇ ਨੂੰ ਖ਼ੂਬਸੂਰਤ ਬਣਾਉਣ ਲਈ ਸਿਰਤੋੜ ਯਤਨ ਕਰਨ ਲੱਗਾ। ਇਹੀ ਕਾਰਨ ਹੈ ਕਿ ਸਮਾਜ ਵਿੱਚ ਮਨੁੱਖੀ ਸ਼ਕਤੀ ਅਤੇ ਸਮਰੱਥਾ ਨੂੰ ਵਧਾਉਣ ਵਾਲੇ ਵਿਚਾਰਾਂ, ਵਸੀਲਿਆਂ ਦਾ ਨਿਰਮਾਣ ਜ਼ੋਰਾਂ ਤੇ ਹੋਣ ਲੱਗਾ।

ਆਧੁਨਿਕਤਾ ਦੀ ਟੇਕ ਤਰਕ ਬਣਿਆ। ਅੰਧ- ਵਿਸ਼ਵਾਸ ਤਾਂ ਕੀ ਵਿਸ਼ਵਾਸ ਜਾਂ ਅੰਦਾਜ਼ਾ ਸ਼ਬਦ ਵੀ ਇਸਦੇ ਸ਼ਬਦ ਕੋਸ਼ ਵਿੱਚ ਨਹੀਂ। ਪ੍ਰਕਿਰਤੀ ਬਾਰੇ, ਜੀਵਨ ਬਾਰੇ, ਵਿਅਕਤੀ ਬਾਰੇ, ਸਮਾਜ ਬਾਰੇ ਕੇਵਲ ਉਹੀ ਸਿਧਾਂਤ, ਉਹੀ ਸੰਕਲਪ, ਉਹੀ ਵਿਚਾਰ ਅਤੇ ਉਹੀ ਨੇਮ ਪ੍ਰਵਾਨ ਕੀਤੇ ਗਏ ਜਿਹੜੇ ਸਿੱਧ ਕੀਤੇ ਜਾ ਸਕਦੇ ਸਨ। ਇਹ ਹਰ ਕਿਸਮ ਦੇ ਅੰਤਿਮ ਤੇ ਨਿਰਪੇਖ ਸੱਚ ਤੋਂ ਬਾਗ਼ੀ ਬਣੀ। ਇਸ ਨੇ ਮਨੁੱਖੀ ਬੁੱਧੀ ਦੀਆਂ ਸੰਭਾਵਨਾਵਾਂ ਨੂੰ ਮਾਨਤਾ ਦਿੱਤੀ ਹੈ ਪਰ ਉਸ ਦੀਆਂ ਸੀਮਾਵਾਂ ਤੋਂ ਵੀ ਇਨਕਾਰੀ ਨਹੀਂ।

## <u>ਸਾਰ-ਅੰਸ਼:</u>

ਆਧੁਨਿਕਤਾ ਨੇ ਮਨੁੱਖੀ ਸੋਚ ਨੂੰ ਹਰ ਕਿਸਮ ਦੇ ਪਰੰਪਰਾਗਤ ਭੈ ਅਤੇ ਬੰਧਨਾਂ ਤੋਂ ਮੁਕਤ ਕੀਤਾ ਅਤੇ ਸਾਨੂੰ ਇੱਕ ਨਵੇਂ ਰਾਹ ਪਾਇਆ ਪਰ ਆਧੁਨਿਕਤਾਵਾਦ ਨੇ ਸੱਭਿਅਕ ਸਮਾਜ ਦੀ ਹਰ ਕੀਮਤ, ਮਰਯਾਦਾ ਅਤੇ ਵਿਧੀ-ਵਿਧਾਨ ਨੂੰ ਪੁੱਠੇ ਟੰਗਣ ਅਤੇ ਪਸ਼ੂ ਪੱਧਰ ਦੀ ਅਜ਼ਾਦੀ ਨੂੰ ਹੀ ਆਧੁਨਿਕਤਾ ਵਜੋਂ ਪ੍ਰਚਾਰਿਆ ਮਨੁੱਖੀ ਸਮਾਜ ਦੀਆਂ ਸਦੀਆਂ ਦੀ ਘਾਲਣਾ ਨਾਲ ਬਣਾਈਆਂ ਕਦਰਾਂ-ਕੀਮਤਾਂ ਦਾ ਨਿਘਾਰ ਇਸੇ ਸੋਚ ਵਿੱਚ ਪੈਦਾ ਹੋਇਆ।

ਆਧੁਨਿਕਤਾ, ਮਨੁੱਖ ਦੀ ਚਿੰਤਨ ਸਮਰੱਥਾ ਦਾ ਨਵਾਂ ਝਰੋਖਾ ਸੀ, ਅੰਤ ਨਹੀਂ। ਜਿਸ ਸਮੇਂ ਉਦਯੋਗੀਕਰਨ ਤੇ ਸ਼ਹਿਰੀਕਰਨ ਨੇ ਮਨੁੱਖ ਸਾਮ੍ਹਣੇ ਨਵੀਆਂ ਸਮੱਸਿਆਵਾਂ ਅਤੇ ਵੰਗਾਰਾਂ ਪੈਦਾ ਕੀਤੀਆਂ। ਇਸੇ ਪ੍ਰਸੰਗ ਵਿੱਚ ਸੰਸਾਰ ਚਿੰਤਨ ਵਿੱਚ ਅੱਜ-ਕੱਲ੍ਹ ਉਤਰ-ਆਧੁਨਿਕਤਾ (Post Modernity) ਦਾ ਸੰਕਲਪ ਤੇ ਸਿਧਾਂਤ ਆ ਚੁੱਕਾ ਹੈ।

## ਮੁੱਖ/ਕੇਂਦਰੀ ਸ਼ਬਦ:

ਆਧੁਨਿਕ---ਸਮਾਂ

ਪ੍ਰੋਯਜਨ---ਮੰਤਵ

ਆਧੁਨਿਕਤਾ---ਸਥਿਤੀ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1 ਆਧੁਨਿਕ ਸ਼ਬਦ ਦਾ ਕੀ ਅਰਥ ਹੈ?

ੳ ਸਮਾਂ

ਅ ਅਜੋਕਾ

ੲ ਹੁਣ

ਸ ਉਪਰੋਕਤ ਸਾਰੇ

2 ਆਧੁਨਿਕਤਾ ਤੋਂ ਕੀ ਭਾਵ ਹੈ?

ੳ ਸਥਿਤੀ

ਅ ਅਜੋਕਾ

ੲ ਹੁਣ

ਸ ਉਪਰੋਕਤ ਸਾਰੇ

3 ਅਧੁਨਿਕਤਾਵਾਦ ਤੋਂ ਕੀ ਭਾਵ ਹੈ?

ੳ ਸਥਿਤੀ

ਅ ਅਜੋਕਾ

ੲ ਚਿੰਤਨ

ਸ ਉਪਰੋਕਤ ਸਾਰੇ

4 ਆਧੁਨਿਕਤਾ ਦਾ ਕੇਂਦਰੀ ਕਾਰਕ ਕੀ ਹੈ?

ੳ ਵਿਗਿਆਨ

ਅ ਉਦਯੋਗ

ੲ ਤਰਕ

ਸ ਉਪਰੋਕਤ ਸਾਰੇ

5 ਆਧੁਨਿਕਤਾ ਸਭ ਤੋਂ ਪਹਿਲਾਂ ਕਿਸ ਖਿੱਤੇ ਵਿਚ ਆਈ?

ੳ ਯੂਰਪ

ਅ ਭਾਰਤ

ੲ ਏਸ਼ੀਆ

ਸ ਉਪਰੋਕਤ ਸਾਰੇ

6 ਵਿਗਿਆਨ ਸਭ ਤੋਂ ਪਹਿਲਾਂ ਕਿਸ ਖਿੱਤੇ ਵਿਚ ਆਈ?

ੳ ਯੂਰਪ

ਅ ਭਾਰਤ

ੲ ਏਸ਼ੀਆ

ਸ ਉਪਰੋਕਤ ਸਾਰੇ

7 ਉਦਯੋਗ ਸਭ ਤੋਂ ਪਹਿਲਾਂ ਕਿਸ ਖਿੱਤੇ ਵਿਚ ਲੱਗੇ?

ੳ ਯੂਰਪ

ਅ ਭਾਰਤ

ੲ ਏਸ਼ੀਆ

ਸ ਉਪਰੋਕਤ ਸਾਰੇ

8 ਸ਼ਬਦ "ਆਧੁਨਿਕ" ਕਿਸ ਭਾਸ਼ਾ ਦਾ ਸ਼ਬਦ ਹੈ?

ੳ ਹਿੰਦੀ

ਅ ਪੰਜਾਬੀ

ੲ ਉਰਦੂ

ਸ ਸੰਸਕ੍ਰਿਤ

9 ਯੂਰਪ ਦੀ ਪਰਮਾਣਿਕ ਆਧੁਨਿਕਤਾ ਅਨੁਸਾਰ ਆਧੁਨਿਕਤਾ ਦਾ ਕਿਹੜਾ ਲੱਛਣ ਨਹੀਂ ਹੈ?

ੳ ਤਰਕਸ਼ੀਲਤਾ

ਅ ਧਰਮ ਨਿਰਪੱਖਤਾ

ੲ ਰਹੱਸਵਾਦ

ਸ ਸ਼ਹਿਰੀਕਰਨ

10 ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਵਿੰਦਰ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਗੁਰਇਕਬਾਲ ਸਿੰਘ

ਸ ਰਾਜਿੰਦਰ ਸਿੰਘ ਭੱਟੀ

11 ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਰਾਜਿੰਦਰ ਸਿੰਘ ਭੱਟੀ

12 ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

13 ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਵਿਗਿਆਨਕ ਯੁੱਗ ਦੇ ਸਮੁਚੇ ਬੋਧ ਨੂੰ ਕੀ ਕਹਿੰਦੇ ਹਨ?

ੳ ਆਧੁਨਿਕ

ਅ ਤਰਕਸ਼ੀਲਤਾ

ੲ ਰਹੱਸਵਾਦ

ਸ ਆਧੁਨਿਕਤਾ

## ਅਭਿਆਸ ਪ੍ਰਸ਼ਨ

1. ਆਧੁਨਿਕਤਾ ਦੇ ਸਿਧਾਂਤਕ ਪਰਿਪੇਖ ਉਪਰ ਨੋਟ ਲਿਖੋ?
2. ਆਧੁਨਿਕਤਾ ਦਾ ਅਰਥ ਦੱਸਦਿਆਂ ਪੱਤਰਕਾਰੀ ਦੇ ਸਰੂਪ ਬਾਰੇ ਚਰਚਾ ਕਰੋ।
3. ਆਧੁਨਿਕਤਾ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸਦਾ ਸਰੂਪ ਉਲੀਕੋ।
4. ਆਧੁਨਿਕਤਾ ਅਤੇ ਅਧੁਨਿਕਤਾਵਾਦ ਵਿਚ ਅੰਤਰ ਸਪਸ਼ਟ ਕਰੋ।

## ਸੰਦਰਭ ਪੁਸਤਕਾਂ:

1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%86%E0%A8%A7%E0%A9%81%E0%A8%A8%E0%A8%BF%E0%A8%95%E0%A8%A4%E0%A8%BE

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ੲ | 4. ਸ | 5. ੳ |
| 6. ੳ | 7. ੳ | 8. ਸ | 9. ੲ | 10. ਅ |
| 11.ੲ | 12. ਸ | 13. ੳ | 14. ਅ | 15. ਸ |

# ਅਧਿਆਇ-2 : ਆਧੁਨਿਕ ਪੰਜਾਬੀ ਕਵਿਤਾ ਦਾ ਸਿਧਾਂਤਕ ਪਰਿਪੇਖ

*Paramjit Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਆਧੁਨਿਕ ਪੰਜਾਬੀ ਕਾਵਿ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਕਵਿਤਾ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਆਧੁਨਿਕ ਪੰਜਾਬੀ ਕਵਿਤਾ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਇਸ ਪਾਠ ਵਿਚ ਆਧੁਨਿਕ ਦਾ ਵਿਭਿੰਨ ਪੱਖਾਂ ਤੇ ਪਾਸਾਰਾਂ ਬਾਰੇ ਵਿਧੀਵਧ ਰੂਪ ਵਿਚ ਚਰਚਾ ਕੀਤੀ ਗਈ ਹੈ, ਜਿਨ੍ਹਾਂ ਦਾ ਸਬੰਧ ਸਾਹਿਤ ਅਤੇ ਖਾਸਕਰ ਕਵਿਤਾ ਨਾਲ ਹੈ। ਇਹ ਪਾਠ ਵਿਦਿਆਰਥੀਆਂ ਦੀ ਸਮਝ ਦਾ ਪਾਸਾਰ ਕਰਨ ਵਿਚ ਸਹਾਈ ਹੋਵੇਗਾ।

## <u>ਵਿਸ਼ਾ ਵਸਤੂ:</u>

ਕਵਿਤਾ ਸਾਹਿਤ ਦਾ ਪ੍ਰਮੁੱਖ ਕਾਵਿ- ਰੂਪ ਹੈ। ਆਦਿ ਕਾਲ ਵਿਚ ਸਾਹਿਤ ਦੀ ਉਤਪਤੀ ਵੀ ਕਵਿਤਾ ਦੁਆਰਾ ਹੋਈ ਮੰਨੀ ਜਾਂਦੀ ਹੈ। ਭਾਈ ਕਾਹਨ ਸਿੰਘ ਰਚਿਤ 'ਮਹਾਨ ਕੋਸ਼' ਵਿੱਚ ਕਵਿਤਾ ਬਾਰੇ ਵਿਆਖਿਆ ਹੈ "ਕਵਿਤਾ ਜੋ ਰਸ ਭਰੀ ਹੋਵੇ, ਰਸਾਤਮਕ ਵਾਕਯ । ਵਿਦ੍ਵਾਨਾਂ ਨੇ ਕਾਵਯ ਦੇ ਦੋ ਭੇਦ ਮੰਨੇ ਹਨ, ਗਦਯ ਅਤੇ ਪਦਯ, ਅਰਥਾਤ ਵਾਰਤਿਕ ਅਤੇ ਛੰਦ, ਅਥਵਾ ਨਸ਼ਰ ਅਤੇ ਨਜਮ, ਪਰੰਤੂ ਇਹ ਬਾਤ ਨਿਸ਼ਚੇ ਕਰਨੀ ਚਾਹੀਏ ਕਿ ਜੇ ਵਾਰਤਿਕ ਅਤੇ ਛੰਦ ਰਚਨਾ ਰਸਾਤਮਕ ਨਹੀਂ, ਅਰ ਜਿਸ ਵਿੱਚ ਕੋਈ ਚਮਤਕਾਰ ਨਹੀਂ, ਤਦ ਉਹ 'ਕਾਵਯ' ਨਹੀਂ" ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਲਿਖਦੇ ਹਨ ਕਿ ਭਾਰਤ ਦੇ ਪੁਰਾਣੇ ਵਰਗੀਕਰਣ ਅਨੁਸਾਰ ਬਾਣੀ ਸਰੂਪ ਸਾਹਿਤ ਦੇ ਦੋ ਵੱਡੇ ਵਰਗ ਸਨ । ਇਕ ਸੀ 'ਕਾਵਿ' ਅਤੇ ਦੂਜਾ ਸ਼ਾਸ਼ਤਰ' । ਇਥੇ ਕਾਵਿ ਤੋਂ ਮੁਰਾਦ (ਭਾਵ) ਸਮੁੱਚਾ ਸਾਹਿਤ ਹੈ ਜਿਸ ਵਿੱਚ ਨਾਟਕ, ਕਵਿਤਾ ਸਭ ਕੁੱਝ ਸ਼ਾਮਿਲ ਸੀ । ਸ਼ਾਸਤਰ ਦਾ ਕੋਸ਼ਿਕ ਅਰਥ ਤਾਂ ਆਦੇਸ਼, ਆਗਿਆ, ਅਸੂਲ, ਨਿਯਮਾਵਲੀ ਆਦਿ ਹਨ ਪਰ ਇਹਦਾ ਇੱਕ ਹੋਰ ਅਰਥ ਵੀ ਹੈ, 'ਕਿਸੇ ਖਾਸ ਵਿਸ਼ੇ ਦਾ ਉਹ ਸਾਰਾ ਗਿਆਨ, ਜਿਸ ਨੂੰ ਕਿਸੇ ਖਾਸ ਤਰਤੀਬ ਨਾਲ ਰੱਖਿਆ ਗਿਆ ਹੋਵੇ ।' ਸਰਬ ਪ੍ਰਥਮ ਵੈਦਿਕ ਯੁੱਗ ਵਿੱਚ ਕਵਿਤਾ ਤਾਂ ਰੱਚੀ ਜਾਂਦੀ ਰਹੀ ਪਰ ਉਹ ਲੌਕਿਕ ਕਵਿਤਾ ਨਾ ਬਣ ਸਕੀ । ਲੌਕਿਕ ਕਵਿਤਾ ਦੀ ਵੰਨਗੀ ਤਾਂ ਸਭ ਤੋਂ ਪਹਿਲਾਂ ਸਾਨੂੰ ਮਹਾਂਭਾਰਤ ਤੇ ਰਾਮਾਇਣ ਵਿੱਚ ਹੀ ਮਿਲਦੀ ਹੈ । ਇਹ ਸਾਡੇ ਪਹਿਲੇ ਮਹਾਂ ਕਾਵਿ ਹਨ ਜਿਵੇਂ ਕਿ ਗ੍ਰੀਸ-ਵਾਸੀ ਹੋਮਰ ਦੇ ਮਹਾ ਕਾਵਿ 'ਇਲੀਅਡ' ਤੇ 'ਓਡੀਸੀ' ਸਨ। ਮਹਾਭਾਰਤ-ਰਾਮਾਇਣ ਚੌਥੀ ਸਦੀ ਪੂਰਬ-ਈਸਵੀ ਵਿੱਚ ਰਚੇ ਗਏ ਮੰਨੇ ਜਾਂਦੇ ਹਨ । "ਨਾਟਯਸ਼ਾਸਤਰ" ਪਹਿਲੀ ਅਲੋਚਨਾ ਪੁਸਤਕ ਹੈ, ਜਿਸਦਾ ਮੁੱਖ ਵਿਸ਼ਾ ਨਾਟਕੀ ਅਲੋਚਨਾ ਹੈ ਅਤੇ ਕਾਵਿ ਦੀ ਅਲੋਚਨਾ ਦੇ ਅੰਗਾਂ ਬਾਰੇ ਭਾਵੇਂ ਕਾਫੀ ਨਿਰੂਪਣ ਕੀਤਾ ਗਿਆ ਹੈ ਪਰ ਉਹ ਮੁਕਾਬਲਤਨ ਥੋੜਾ ਹੈ । ਇਥੇ ਇੱਕ ਤੱਥ ਵਰਣਨਯੋਗ ਹੈ ਕਿ ਭਾਰਤੀ ਅਲੋਚਨਾ ਦੇ ਮੁੱਢਲੇ ਪੜਾਵਾਂ ਵਿੱਚ ਕਾਵਿ ਵਿੱਚ ਨਾਟਕੀ ਕਲਾ ਨੂੰ ਵੀ ਸ਼ਾਮਿਲ ਸਮਝਿਆ ਜਾਂਦਾ ਸੀ ਅਤੇ ਨਾਟਕ, ਕਵਿਤਾ ਤੇ ਵਾਰਤਕ ਲਈ ਇੱਕੋ ਸਾਂਝਾ ਸ਼ਬਦ ਕਾਵਿ (ਕਾਵ) ਹੀ ਸੀ । ਨਾਟਕ ਕਲਾ ਨੂੰ ਵੀ ਕਾਵਿ ਦੇ ਸਿਰਲੇਖ ਹੇਠ ਰੱਖਿਆ ਜਾਂਦਾ ਸੀ । ਇਸੇ ਲਈ ਅਗੇ ਜਾ ਕੇ ਕਾਵਿ ਦੇ ਪ੍ਰਕਾਰ ਦੱਸਣ ਸਮੇ ਨਾਟਕੀ ਕਲਾ ਨੂੰ ਦ੍ਰਿਸ਼-ਕਾਵਿ (ਅਰਥਾਤ ਵੇਖਣਯੋਗ ਕਾਵਿ ਰਚਨਾ) ਆਖਿਆ ਗਿਆ ਬਾਕੀ ਕਵਿਤਾ ਨੂੰ ਸ੍ਰਵ -ਕਾਵਿ (ਅਰਥਾਤ ਸੁਨਣ ਯੋਗ ਕਾਵਿ ਰਚਨਾ) ਦਾ ਨਾਂ ਦਿੱਤਾ ਗਿਆ । ਭਾਰਤੀ ਅਲੋਚਕਾਂ ਦੀ ਦ੍ਰਿਸ਼ਟੀ ਵਿੱਚ 'ਕਾਵਯ' ਸ਼ਬਦ ਤੋਂ ਮੁਰਾਦ ਕੇਵਲ ਛੰਦ-ਬੰਧ ਰਚਨਾ ਹੀ ਨਹੀਂ ਹੈ ਸਗੋਂ ਇਸ ਦੇ ਖੇਤਰ ਵਿੱਚ ਗੱਦ ਤੇ ਪਦ ਦੇ ਸਾਰੇ ਭੇਦ ਉਤਭੇਦ ਸਮਾਏ ਹੋਏ ਹਨ ।

ਪੰਜਾਬੀ ਦੇ ਪ੍ਰਸਿਧ ਕਵੀ ਪ੍ਰੋ: ਮੋਹਨ ਸਿੰਘ ਕਵਿਤਾ ਨੂੰ ਇਸ ਪ੍ਰਕਾਰ ਬਿਆਨਦੇ ਹਨ:-

ਆਪਣੀ ਜ਼ਾਤ ਵਿਖਾਲਣ ਬਦਲੇ, ਰੱਬ ਨੇ ਹੁਸਨ ਬਣਾਇਆ ।

ਵੇਖ ਹੁਸਨ ਦੇ ਤਿਖੇ ਜਲਵੇ, ਜ਼ੋਰ ਇਸ਼ਕ ਨੇ ਪਾਇਆ ।

ਫੁਰਿਆ ਜਦੋਂ ਇਸ਼ਕ ਦਾ ਜਾਦੂ, ਦਿਲ ਵਿੱਚ ਕੁੱਦੀ ਮਸਤੀ ।

ਇਹ ਮਸਤੀ ਜਦ ਬੋਲ ਉੱਠੀ, ਤਾਂ ਹੜ੍ਹ ਕਵਿਤਾ ਦਾ ਆਇਆ ।

"ਕਵਿਤਾ ਸੋਚ ਦਾ ਸਿੱਟਾ ਨਹੀਂ, ਇਸ ਦੀ ਬੇਵਸ ਤੜਫਣੀ ਹੁੰਦੀ ਹੈ" । (ਦੀਵਾਨ ਸਿੰਘ ਕਾਲੇਪਾਣੀ)

ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿੱਚ "ਪਿਆਰ ਵਿਚ ਮੋਏ ਬੰਦਿਆ ਦੇ ਮਿੱਠੇ ਬਚਨ ਕਵਿਤਾ ਹਨ"।

ਅਤੇ

"ਕਵਿਤਾ ਨੈਣਾਂ ਵਿਚ ਸੁਫਨੇ ਲਟਕਾ ਦਿੰਦੀ ਹੈ । ਦਿਲਾਂ ਵਿਚ ਅਸ਼ੀਰੀਆਂ ਦੇ

ਮੇਲੇ ਕਰਾ ਦਿੰਦੀ ਹੈ।ਨਵਾਂ ਆਕਾਸ਼, ਨਵੀਂ ਧਰਤ, ਨਵੀਂ ਦੁਨੀਆਂ ਅਤੇ ਸੋਹਣੀ

ਦੁਨੀਆਂ ਰਚ ਵਿਖਾਂਦੀ ਹੈ"

ਡਾ. ਗੁਰਸ਼ਰਨ ਕੌਰ ਜੱਗੀ ਅਨੁਸਾਰ - ਕਵੀ ਦੀ ਰਚਨਾ ਜਾਂ ਕਾਵਿ– ਆਤਮਕ ਰਚਨਾ ਨੂੰ ਕਵਿਤਾ ਕਿਹਾ ਜਾਂਦਾ ਹੈ। ਕਵਿਤਾ ਅਤੇ ਕਾਵਿ ਵਿਚ ਫ਼ਰਕ ਇਹ ਹੈ ਕਿ ' ਕਾਵਿ' ( ਵੇਖੋ ) ਨਾਲ ਜਿੱਥੇ ਰਚਨਾ ਦੇ ਭਾਵ ਪੱਖ ਅਤੇ ਅੰਦਰਲੀ ਸੁੰਦਰਤਾ ਦਾ ਜ਼ਿਆਦਾ ਬੋਧ ਹੁੰਦਾ ਹੈ , ਉੱਥੇ ' ਕਵਿਤਾ' ਸ਼ਬਦ ਦੀ ਵਰਤੋਂ ਨਾਲ ਅਕਸਰ ਉਸ ਦੇ ਕਲਾ– ਪੱਖ ਅਤੇ ਰੂਪਾਤਮਕ ਸੌਂਦਰਯ ਨੂੰ ਪ੍ਰਧਾਨਤਾ ਮਿਲਦੀ ਹੈ। ਕਾਵਿ , ਕਵਿਤਾ , ਪੱਦ– – ਇਨ੍ਹਾਂ ਤਿੰਨਾਂ ਸ਼ਬਦਾਂ ਨੂੰ ਅਸੀਂ ਕ੍ਰਮਵਾਰ ਹੌਲੇ ਰੂਪ ਅਤੇ ਭਾਵ– ਸਥਿਤੀ ਵਿਚ ਰੱਖਦੇ ਹਾਂ। ਪੱਦ ਗੱਦ ( ਵਾਰਤਕ ) ਦਾ ਵਿਪਰੀਤ ਰੂਪ ਹੈ ਜੋ ਛੰਦ– ਬੱਧ ਭਾਵ ਜਾਂ ਵਿਚਾਰ ਤਕ ਸੀਮਿਤ ਹੈ। ਕੇਵਲ ਛੰਦ– ਬੱਧ ਰਚਨਾ ਲਈ ' ਪੱਦ' ਸ਼ਬਦ ਦੀ ਵਰਤੋਂ ਉਚਿਤ ਹੈ , ਪਰ ਕਵਿਤਾ ਸ਼ਬਦ ' ਪੱਦ' ਤੋਂ ਉਚੀ ਸਥਿਤੀ ਦਾ ਵਾਚਕ ਹੈ ਅਤੇ ਉਸ ਵਿਚ ' ਕਵਿਤਾ' ( ਕਵੀ– ਕਰਮ ) ਅਰਥਾਤ ਕਾਵਿ ਕਲਾ ਨੂੰ ਅਧਿਕ ਮਹੱਤਵ ਦਿੱਤਾ ਹੁੰਦਾ ਹੈ। ਆਮ ਵਰਤੋਂ ਵਿਚ ਤਿੰਨੋਂ ਸ਼ਬਦ ਇਕੋ ਅਰਥ ਦੇ ਸੂਚਕ ਹਨ। ਕੁਝ ਵਿਦਵਾਨ ਕਵੀ– ਕਰਮ ਲਈ ਕਵਿਤਾ ਨੂੰ ਸੀਮਿਤ ਅਰਥ ਵਿਚ ਅਤੇ ਕਾਵਿ ਨੂੰ ਵਿਆਪਕ ਅਰਥ ਵਿਚ ਵਰਤਦੇ ਹਨ। ਜਿਵੇਂ ਭਾਈ ਵੀਰ ਸਿੰਘ ਦਾ ਕਾਵਿ ਸੁਹਜ , ਭਾਈ ਵੀਰ ਸਿੰਘ ਦਾ ਕਾਵਿ ਜਗਤ ਅਤੇ ਭਾਈ ਸਿੰਘ ਨਿੱਕੀ ਕਵਿਤਾ ਦਾ ਵੱਡਾ ਕਵੀ ਹੈ।

ਭਾਸ਼ਾ ਵਿਭਾਗ ਦੇ ਕੋਸ਼ ਅਨੁਸਾਰ - ਮੈਥਿਊ ਆਰਨਲਡ ਨੇ ਕਵਿਤਾ ਬਾਰੇ ਇਹ ਵਿਚਾਰ ਪੇਸ਼ ਕੀਤਾ ਕਿ ' ਕਵਿਤਾ ਅਸਲ ਵਿਚ ਜੀਵਨ ਦੀ ਸਮਾਲੋਚਨਾ ਕਰਦੀ ਹੈ , ਤਾਂ ਟੀ. ਐਸ. ਈਲੀਅਨ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਸ ਵਿਚਾਰ ਦੀ ਨਿਖੇਧੀ ਕਰਦਿਆਂ ਹੋਇਆ ਕਿਹਾ ਸੀ ਕਿ ' ਆਰਨਲਡ ਤਾਂ ਇਹ ਵੀ ਕਹਿ ਸਕਦਾ ਹੈ ਕਿ ਈਸਾਈ ਭਗਤੀ ਅਸਲ ਵਿਚ ਈਸਾਈ ਮੱਤ ਅਨੁਸਾਰ ਤ੍ਰੈਪੱਖੀ ਸਮਾਲੋਚਨਾ ਕਰਨਾ ਹੈ। ' ਕਵਿਤਾ ਬਾਰੇ ਆਰਨਲਡ ਅਤੇ ਈਲੀਅਟ ਵਿਚਲਾ ਵਿਰੋਧ ਹਮੇਸ਼ਾ ਚਲਦਾ ਆਇਆ ਹੈ। ਇਕ ਪੱਖ ਇਸ ਨੂੰ ਵਿਸ਼ਵ ਸਚਾਈਆਂ ਨੂੰ ਨਿਰੂਪਣ ਕਰਨ ਦਾ ਮਾਧਿਅਮ ਮੰਨਦਾ ਹੈ ਅਤੇ ਦੂਜੀ ਧਿਰ ਇਸ ਨੂੰ ਨਿਜੀ ਅਨੁਭਵਾਂ ਦੀ ਪ੍ਰਤਿਕ੍ਰਿਆ ਕਰਕੇ ਮੰਨਦੀ ਹੈ।

ਸਾਹਿਤ ਦਾ ਆਰੰਭਕ ਰੂਪ ਕਵਿਤਾ ਸੀ। ਵਾਰਤਕ ਵਿਚ ਰਚਨਾ ਤੋਂ ਪਹਿਲਾਂ ਰੋਮਾਂਸ ਜਾਂ ਕਹਾਣੀ ਤੇ ਨਾਨਕ ਵੀ ਛੰਦਬਧ ਰੂਪ ਵਿਚ ਲਿਖੇ ਜਾਂਦੇ ਸਨ। ਭਾਰਤ ਵਿਚ ਤਾਂ ਗਿਆਨ ਸਾਹਿਤ ਵੀ ਛੰਦਾ-ਬੰਦੀ ਵਿਚ ਰਚਿਆ ਜਾਂਦਾ ਸੀ।

ਕਵਿਤਾ ਦੇ ਤੱਤ– ਕਈ ਵਿਦਵਾਨਾਂ ਅਨੁਸਾਰ ਕਵਿਤਾ ਦੇ ਤਿੰਨ ਤੱਤ ਹਨ : ਭਾਵ , ਕਲਪਨਾ ਤੇ ਸੰਗੀਤ। ਅਫ਼ਲਾਤੂਨ ਦਾ ਕਥਨ ਹੈ ਕਿ ਕਵੀ ਦੀ ਆਤਮਾ ਵਿਚ ਕਲਾ-ਦੇਵੀਆਂ ਦਾ ਉਨਮਾਦ ਹੁੰਦਾ ਹੈ। ਉਹ ਮਨੁੱਖ ਦੀ ਭਾਵੁਕਤਾ ਨੂੰ ਪ੍ਰੇਰਦਾ ਹੈ। ਕਵਿਤਾ ਮਨੁੱਖ ਦੇ ਅੰਦਰਲੇ ਭਾਵਾਂ ਦੀ ਬਹੁਲਤਾ ਤੇ ਤੀਬਰਤਾ ਤੋਂ ਉਤਪੰਨ ਹੁੰਦੀ ਹੈ। ਹਾਊਸਮੈਨ ਅਨੁਸਾਰ ਕਵਿਤਾ ਦੀ ਵਿਸ਼ੇਸ਼ਤਾ ਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਵਿਚ ਹੈ। ਕਵੀ ਨੇ ਜੋ ਕੁਝ ਮਹਿਸੂਸ ਕੀਤਾ ਹੈ , ਉਸ ਦੀ ਝਰਨਾਟ ਪਾਠਕ ਵਿਚ ਵੀ ਪੈਦਾ ਕਰ ਦੇਣਾ ਹੈ। ਕੀਟਸ ਕਹਿੰਦਾ ਹੈ ਕਿ ਕਵਿਤਾ ਆਪਣੀ ਉੱਤਮ ਅਧਿਕਤਾ ਦੇ ਕਾਰਨ ਅਨੰਦ ਦਿੰਦੀ ਹੈ। ਡਰਿੰਕਵਾਟਰ ਦਾ ਵਿਚਾਰ ਹੈ ਕਿ ਕਵਿਤਾ ਦਾ ਪ੍ਰਾਥਮਕ ਤੇ ਸਦੀਵੀ ਸਬੰਧ ਭਾਵਾਂ ਨਾਲ ਹੈ , ਜੋ ਇਸ ਪਰਿਵਰਤਨ-ਸ਼ੀਲ ਦੁਨੀਆਂ ਵਿਚ ਨਹੀਂ ਬਦਲਦੇ। ਕਾੱਲਰਿਜ ਦਾ ਵਾਕ ਹੈ ਕਿ ਮਹਾਨ ਕਵਿਤਾ ਸਾਡੇ ਮਨ ਵਿਚ ਭਾਵਾਂ ਦੀ ਅੰਤਲੀ ਤੇ ਨਿਰੰਤਰ ਧਾਰਾ ਪੈਦਾ ਕਰਦੀ ਹੈ , ਜੋ ਸਾਡੇ ਅੰਦਰ ਦੀਆਂ ਡੂੰਘੀਆਂ ਘਾਟੀਆਂ ਵਿਚ ਜਾ ਵਸਦੀ ਹੈ।

ਭਾਵ ਕਵਿਤਾ ਦਾ ਪ੍ਰਮੁਖ ਤੱਤ ਹੈ। ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ ਭਾਵ ਦੇ ਕਾਵਜ ਵਿਚ ਇਹ ਅਰਥ ਹਨ- ਮਨ ਦੀ ਹਾਲਤ ਜਿਸ ਵਿਚ ਵਲਵਲਾ ਕੰਮ ਕਰ ਰਿਹਾ ਹੈ। ਭਾਵ ਦੋ ਹਨ : ਇਕ ਸਥਾਈ , ਇਕ ਵਿਭਚਾਰੀ। ਸਥਾਈ ਭਾਵ ਰਸ ਦਾ ਮੂਲ ਕਾਰਨ ਹੈ। ਨਵਾਂ ਰਸਾਂ ਦਾ ਆਪਣਾ ਆਪਣਾ ਇਕ ਇਕ ਸਥਾਈ ਭਾਵ ਹੈ , ਜੈਸੇ ਸ਼ਿੰਗਾਰ ਰਸ ਦਾ ਸਥਾਈ ਭਾਵ -ਰਤੀ- ਹੈ। ' ਵਿਭਚਾਰੀ ਯਾ ਸੰਚਾਰੀ' ਭਾਵ ੩੩ ਹਨ ਜੋ ਹਾਲਤਾਂ ਵਿਚ ਬਦਲਦੇ ਰਹਿੰਦੇ ਹਨ , ਜੈਸੇ-ਹਸਣਾ , ਰੋਣਾ , ਰੋਮਾਂਚ ਆਦਿ।

ਕਲਪਨਾ - ਰਚਨਾ ਕਰਨ ਲਈ ਵਰਤੀ ਜਾਂਦੀ ਸੋਚ-ਸ਼ਕਤੀ , ਤਸੱਵੁਰ , ਖ਼ਿਆਲ , ਫੁਰਨਾ , ਦਿਮਾਗ਼ ਵਿੱਚ ਚਿਤਰਨ ਦੀ ਸ਼ਕਤੀ।

ਵਿਦਵਾਨਾਂ ਅਨੁਸਾਰ ਆਮ ਸ਼ਬਦਾਂ ਵਿਚ ਸੋਚ ਉਡਾਰੀ ਜਾਂ ਖ਼ਿਆਲੀ ਪੁਲਾਉ ਜਾਂ ਅਕਲ ਦੇ ਘੋੜੇ ਦੋੜਾਉਣ ਦੀ ਕ੍ਰਿਆ ਨੂੰ ' ਕਲਪਨਾ' ਜਾਂ ' ਤਖ਼ਈਉਲ' ਆਖਿਆ ਜਾਂਦਾ ਹੈ। ਮਨੋਵਿਗਿਆਨਕ ਸ਼ਬਦਾਂ ਵਿਚ ਕਲਪਨਾ ਉਸ ਸ਼ਕਤੀ ਦਾ ਨਾਉਂ ਹੈ ਜਿਸ ਦੁਆਰਾ ਪੂਰਵ ਅਨੁਭੂਤੀਆਂ ਨੂੰ ਵਰਤਮਾਨ ਅਵਸਥਾ ਦੇ ਸੰਦਰਭ ਵਿਚ ਪੇਸ਼ ਕੀਤਾ ਜਾਂਦਾ ਹੈ; ਜਿੱਥੇ ਵਰਤਮਾਨ ਨੂੰ ਪ੍ਰਤੱਖ ਰਾਹੀਂ ਅਤੇ ਭੂਤ ਨੂੰ ਯਾਦਾਂ ਰਾਹੀਂ ਪ੍ਰਸਤੁਤ ਕਰਨ ਦਾ ਯਤਨ ਕੀਤਾ ਜਾਂਦਾ ਹੈ। ਦੁੱਖ ਦਾ ਸਮੁੰਦਰ , ਸੋਨੇ ਦਾ ਪਹਾੜ , ਸ਼ਹਿਦ ਦੀਆਂ ਨਦੀਆਂ ਆਦਿ। ਪਦਾਰਥ ਕਲਪਨਾ ਦੁਆਰਾ ਹੀ ਅਨੁਭਵ ਕੀਤੇ ਜਾਂਦੇ ਹਨ। ਆਧੁਨਿਕ ਮਨੋਵਿਗਿਆਨ ਅਨੁਸਾਰ ' ਅਚੇਤਨ' ਅਨੁਭੂਤੀਆਂ ਤੋਂ ਵੀ ਕਵੀ ਅਤੇ ਕਲਾਕਾਰ ਆਪਣੀ ਸਿਰਜਣਾ ਲਈ ਲੋੜਵੰਦ ਸਮੱਗਰੀ ਪ੍ਰਾਪਤ ਕਰਦਾ ਹੈ। ਇਸ ਸਮੱਗਰੀ ਦੀ ਸੰਕਲਨ ਵੀ ਕਲਪਨਾ ਰਾਹੀਂ ਹੀ ਹੁੰਦਾ ਹੈ। ਸੰਗੀਤ , ਮੂਰਤੀ , ਚਿੱਤਰ ਆਦਿ ਕਲਾਵਾਂ ਵਿਚ ਧੁਨੀ ਆਦਿ ਦਾ ਨਵੀਨ ਸੰਯੋਜਨ ਕਲਪਨਾ ਉੱਤੇ ਹੀ ਨਿਰਭਰ ਹੁੰਦਾ ਹੈ। ਸੁੰਦਰ ਵਸਤੂਆਂ ਵਿਚ ਅੰਗਾਂ ਦੇ ਸੁੱਹਪਣ ਅਤੇ ਸੰਤੁਲਨ , ਉਸ ਦੇ ਨਾਲ ਭਾਵ ਦੀ ਏਕਤਾ ' ਰੇਕਰੰਟ ਮੋਟਿਫ' ( recurrent motif ) ਇਸ

ਦੇ ਹੀ ਨਤੀਜੇ ਹਨ। ਕਵਿਤਾ ਵਿਚ ਕਲਪਨਾ ਦੀ ਸ਼ਕਤੀ ਇਕਹਿਰੇ ਅਤੇ ਸੰਬੰਧਿਤ ਚਿਤਰਾਂ ਨੂੰ ਉਜਾਗਰ ਕਰਦੀ ਹੈ , ਜਿਸ ਨਾਲ ਪਾਤਰ ਅਤੇ ਪਦਾਰਥ ਦਾ ਇਕ ਆਦਰਸ਼ ਸੁਮੇਲ ਹੁੰਦਾ ਹੈ। ਇਸ ਸ਼ਕਤੀ ਦੁਆਰਾ ਕਲਾਕਾਰ ਸੂਖ਼ਮ ਅਤੇ ਅਭੌਤਿਕ ਧਾਰਣਾਵਾਂ ਦੇ ਬਿੰਬ ਘੜਦਾ ਹੈ ਜਿਹੜੀ ਉਸ ਦੇ ਅੰਤਰਦ੍ਰਿਸ਼ਟ ਰਹੱਸ ( intuitive mysticism ) ਨੂੰ ਸਪਸ਼ਟ ਕਰਨ ਵਿਚ ਸਹਾਈ ਹੁੰਦੇ ਹਨ। ਇਸ ਤਰ੍ਹਾਂ ਕਲਪਨਾ ਰਾਹੀਂ ਕਵੀ ਆਪਣੇ ਭਾਵਾਂ ਦੇ ਬਿੰਬ ਘੜਦਾ ਹੈ।

ਸੰਗੀਤ ਜਾਂ ਲੈਅ – ਕਵਿਤਾ ਵਿਚ ਸੰਗੀਤ ਜਾਂ ਲੈਅ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਰਾਜਿੰਦਰ ਸਿੰਘ ਲਾਂਬਾ ਅਨੁਸਾਰ ਕਾਵਿ ਜਾਂ ਸੰਗੀਤ ਵਿਚ ਆਵਾਜ਼ ਦੇ ਉਤਰਾ– ਚੜ੍ਹਾ ਨੂੰ ਲੈਅ ਆਖਦੇ ਹਨ। ਲੈਅ ਦੀ ਨਿਸ਼ਚਿਤ ਗਤੀ , ਪ੍ਰਵਾਹ ਅਤੇ ਵਿਰਾਮ ਦੇ ਪਾਰਸਪਰਿਕ ਇਕ– ਕ੍ਰਮ– ਸਿਧਾਂਤ ਨਾਲ ਹੁੰਦੀ ਹੈ। ਸੰਗੀਤ ਅਤੇ ਕਵਿਤਾ ਦੋਹਾਂ ਵਿਚ ਲੈਅ ਦੀ ਹੋਂਦ ਹੁੰਦੀ ਹੈ। ਇਸ ਦੇ ਨਾਲ ਹੀ ਚਿਤ੍ਰਕਲਾ , ਮੂਰਤੀ ਕਲਾ ਅਤੇ ਵਸਤੂ ਕਲਾ ਵਿਚ ਵੀ ਲੈਅ ਦੀ ਹੋਂਦ ਮਿਲਦੀ ਹੈ। ਗਾਇਨ , ਵਾਦਨ ਅਤੇ ਨ੍ਰਿਤ , ਸੰਗੀਤ ਦੇ ਇਨ੍ਹਾਂ ਤਿਨਾਂ ਅੰਗਾਂ ਨੂੰ ਪਰਸਪਰ ਸੂਤਰਬੱਧ ਕਰਬਨ ਵਾਲੀ ਵਸਤੂ ਲੈਅ ਹੀ ਹੈ। ਕਾਵਿ ਵਿਚ ਇਹ ਸ਼ਬਦ ਸੰਗੀਤ ਦੇ ਖੇਤਰ ਵਿਚੋਂ ਹੀ ਆਇਆ ਪ੍ਰਤੀਤ ਹੁੰਦਾ ਹੈ।

ਲੈਅ ਦੀ ਇਕ ਮਹੱਤਵਪੂਰਣ ਵਿਸ਼ੇਸ਼ਤਾ ਉਸ ਦੀ ਸੰਗਠਨ– ਸ਼ਕਤੀ ( power of integration ) ਹੈ ਜਿਸ ਦੁਆਰਾ ਉਹ ਵੱਖ ਵੱਖ ਤੱਤਾਂ ਨੂੰ ਸੰਗਠਿਤ ਕਰਦੀ ਹੈ। ਕਲਾ , ਕਾਵਿ ਅਤੇ ਸੰਗੀਤ ਹੀ ਨਹੀਂ , ਸਗੋਂ ਸਾਧਾਰਣ ਤੇ ਸੁਚੱਜੇ ਜੀਵਨ ਵਿਚ ਵੀ ਲੈ ਦੀ ਵਿਆਪਕ ਤੌਰ ' ਤੇ ਲੋੜ ਹੈ। ਲੈਅ ਕਾਵਿ ਅਤੇ ਸੰਗੀਤ ਨੂੰ ਵਧੇਰੇ ਰੌਚਕ ਤੇ ਖਿੱਚ ਭਰਿਆ ਬਣਾਉਂਦੀ ਹੈ , ਬਿਨਾ ਲੈਅ ਤੋਂ ਸੰਗੀਤ ਬੇਸੁਰਾ ਹੋ ਜਾਂਦਾ ਹੈ ਤੇ ਕਾਵਿ ਕੰਨਾਂ ਨੂੰ ਸੁਖਾਵਾਂ ਨਹੀਂ ਲੱਗਦਾ।

## ਕਾਵਿ ਦੀ ਪਰਿਭਾਸ਼ਾ

ਭਾਰਤੀ ਕਾਵਿ-ਸ਼ਾਸ਼ਤਰ ਦੇ ਇਤਿਹਾਸ ਵਿੱਚ ਪਿਛਲੇ ਲਗਭਗ ਦੋ ਹਜ਼ਾਰ ਸਾਲਾਂ ਤੋਂ ਕਾਵਿ ਦਾ ਲਕਸ਼ਣ(ਪਰਿਭਾਸ਼ਾ) ਪ੍ਰਸਤੁਤ ਕਰਨ ਲਈ ਸਮੇਂ ਸਮੇਂ ਤੇ ਅਨੇਕਾਂ ਜਤਨ ਹੁੰਦੇ ਰਹੇ ਹਨ। ਸੰਸਕ੍ਰਿਤ ਵਿੱਚ ਲਕਸ਼ਣ ਸੰਬੰਧੀ ਨਿਯਮਾਂ ਦੇ ਆਧਾਰ 'ਤੇ ਵਿਦਮਾਨ ਕਿਸੇ ਵੀ ਤੱਤ ਦਾ ਸਾਰਿਆ ਅੰਗਾਂ ਤੋਂ ਪਰਿਪੂਰਣ, ਸਟੀਕ(ਸ਼ਪਸ਼ਟ) ਤੇ ਅ-ਵਿਆਪਤੀ ਅਤੇ ਅਤੀ-ਵਿਆਪਤੀ ਦੋਸ਼ ਤੋਂ ਰਹਿਤ ਹੋਣਾ ਚਾਹੀਦਾ ਹੈ। ਲੱਛਣ (ਪਰਿਭਾਸ਼ਾ) ਦੇ ਅੰਗਾਂ ਦਾ ਸਭ ਥਾਂਈ ਅੰਗਾਂ ਦਾ ਨਾ ਘਟਨਾ 'ਅਵਿਆਪਤੀ' ਹੈ ਅਤੇ ਇਹਨਾਂ ਦਾ ਅਸਲੀ ਵਸਤੂਆਂ ਤੋਂ ਵੱਧ ਕੇ ਉਸੇ ਭਾਂਤ ਘੱਟ ਜਾਣਾ 'ਅਤਿ-ਵਿਆਪਤੀ' ਹੈ। ਅਰਥਾਤ ਹਰ ਪਰਿਭਾਸ਼ਾ ਇਹਨਾਂ ਦੋਹਾਂ ਦੋਸ਼ਾ ਤੋਂ ਰਹਿਤ ਹੋਵੇ।

ਉਕਤ ਦੋਹਾਂ ਦੋਸ਼ਾ ਤੋਂ ਲਕਸ਼ਣ ਪ੍ਰਸਤੁਤ ਕਰਨਾ ਇੱਕ ਬਹੁਤ ਔਖਾ ਕੰਮ ਹੈ। ਫਿਰ ਵੀ, ਕਾਵਿਤੱਵ ਕਿਸ 'ਚ ਹੈ। ਇਸ ਤੱਥ ਨੂੰ ਧਿਆਨ 'ਚ ਰੱਖ ਕੇ ਸਮੇਂ-ਸਮੇਂ ਤੇ ਭਾਰਤੀ ਸਮੀਖਿਆਕਾਰ ਕਾਵਿ ਲਕਸ਼ਣ ਦਾ ਵਿਵੇਚਨ ਕਰਦੇ ਰਹੇ ਹਨ।

ਆਚਾਰੀਆ ਨੇ ਜਿੰਨੀਆਂ ਵੀ ਪਰਿਭਾਸ਼ਾਵਾਂ ਸਾਹਮਣੇ ਰੱਖੀਆਂ ਹਨ, ਉਹਨ੍ਹਾਂ ਨੂੰ ਜੇਕਰ ਗਹੁ ਨਾਲ ਵੇਖੀਏ ਤਾਂ ਸਾਫ ਪਤਾ ਲੱਗ ਜਾਂਦਾ ਹੈ ਕਿ ਉਹਨਾਂ ਦੇ ਕੀ-ਕੀ ਆਧਾਰ ਹਨ। ਅਸਲ ਵਿੱਚ ਇਹਨਾਂ ਦੇ ਦੋ ਹੀ ਆਧਾਰ ਹਨ-ਕਲਾ ਤੇ ਵਸਤੂ। ਕਲਾ ਤੋਂ ਸਾਡੀ ਮੁਰਾਦ ਕਾਵਿ ਦਾ ਬਹਾਰਲਾ ਰੂਪ ਹੈ ਅਰਥਾਤ ਰੱਚਨਾ-ਸ਼ਿਲਪ, ਇਹ ਕਾਵਿ ਦੀ ਦੇਹ (ਸ਼ਰੀਰ) ਹੈ। ਇਸ ਤੋਂ ਉਲਟ ਵਸਤੂ ਹੈ ਭਾਂਡੇ ਲਈ ਵਸਤੂ ਦੀ ਲੋੜ ਹੈ। ਸੋ ਵਸਤੂ ਹੀ ਵਿਸ਼ਾ ਹੈ ਜੋ ਕਲਾ ਵਿੱਚ ਚਰਚਿਤ ਹੁੰਦਾ ਹੈ ਅਤੇ ਜਿਸਦਾ ਪਾਠਕ -ਸਰੋਤੇ ਨੂੰ ਅਨੁਭਵ ਹੁੰਦਾ ਹੈ। ਕਾਵਿ ਅਨੁਭਵ ਹੀ ਵਸਤੂ ਹੈ। ਇਹ ਕਾਵਿ ਦੀ ਆਤਮਾ ਹੈ।

ਭਰਤ ਮੁਨੀ ਅਨੁਸਾਰ

ਨਾਟਯ ਸ਼ਾਸ਼ਤਰ ਦਾ ਰਚਿਅਤਾ ਭਰਤ ਮੁਨੀ ਹੀ ਇੱਕ ਅਜਿਹਾ ਪਹਿਲਾ ਕਵਿ ਅਲੋਚਕ ਹੈ ਜਿਸ ਨੇ ਕਾਵਿ ਦੇ ਗੁਣ-ਵਰਣਨ ਦੇ ਬਹਾਨੇ ਕਾਵਿ ਦੇ ਲੱਛਣ ਉਲੀਕੇ ਹਨ। ਇਹ ਕਾਵਿ ਦੀ ਬੱਝਵੀਂ, ਸੁਨਿਸ਼ਚਿਤ ਸਹੀ ਪਰਿਭਾਸ਼ਾ ਤਾਂ ਨਹੀਂ ਕਹੀ ਜਾ ਸਕਦੀ ਪਰਤੂੰ ਇਸ ਦੁਆਰਾ ਕਾਵਿ ਦੇ ਚਰਿਤਰ ਉੱਤੇ ਕਾਫੀ ਚਾਨਣਾ ਪੈਂਦਾ ਹੈ। ਉਹ ਆਪਣੇ ਗ੍ਰੰਥ 'ਨਾਟਯਸ਼ਾਸ਼ਤਰ' ਵਿੱਚ ਲਿੱਖਦਾ ਹੈ-

"ਉਹ ਕਾਵਿ (ਨਾਟਕ ਸਮੇਤ) ਸਰਵੋਤਮ ਹੈ ਜਿਸ ਵਿੱਚ ਕੋਮਲ ਤੇ ਖ਼ੂਬਸੂਰਤ ਸ਼ਬਦ ਹੋਣ, ਜਿਸ ਦੇ ਅਰਥ ਗੂੜੇ ਨਾ ਹੋਣ, ਆਮ ਲੋਕਾਂ ਨੂੰ ਜਿਹੜਾ ਸੋਖੀ ਤਰ੍ਹਾਂ ਸਮਝ ਆ ਜਾਵੇ, ਜਿਸ ਵਿੱਚ ਦਲੀਲਾਂ ਹੋਣ (ਨਾਟਕ ਵਿੱਚ ਨ੍ਰਿਤ ਹੋਵੇ) ਜਿੱਥੇ ਕਾਵਿ ਰਸ ਦੀਆਂ ਧਾਰਾਂ ਵਹਿੰਦੀਆਂ ਹੋਣ, ਸੰਧੀਆਂ (ਨਾਟਕ ਵਿੱਚ) ਹੋਣ, ਅਜਿਹਾ ਕਾਵਿ (ਤੇ ਨਾਟਕ) ਦਰਸ਼ਕਾਂ ਲਈ ਸ਼ੁਭ ਹੁੰਦਾ ਹੈ।"

ਇਸ ਲਛਣ ਵਿੱਚ ਭਰਤ ਮੁਨੀ ਨੇ ਕਾਵਿ (ਨਾਟਕ) ਦੇ ਸਰੂਪ-ਚਿਤਰਣ ਸਬੰਧੀ ਸੱਤ ਗੱਲਾਂ ਕਹੀਆਂ ਹਨ-

1. ਕੋਮਲ ਸ਼ਬਦਾਵਲੀ (ਅਰਥਾਤ ਕੰਨਾਂ ਨੂੰ ਸੁੱਖਦਾਈ)

2. ਗੂੜੇ ਤੇ ਗੁੱਝੇ ਅੱਖਰਾਂ ਤੋਂ ਬਰੀ

3. ਸਾਰਿਆ ਲਈ ਆਸਾਨ ਅਰਥਾਤ ਸਮਝ ਆਉਣ ਦੇ ਯੋਗ

4. ਜੁਗਤੀਆ ਦਾ ਦਲੀਲਾਂ ਨਾਲ ਵਿਸ਼ਵਾਸਯੋਗ ਅਰਥਾਤ ਊਲ ਜਲੂਲ ਨਾ ਹੋਵੇ

5. ਨ੍ਰਿਤ ਲਈ ਜਿਸ ਦੀ ਵਰਤੋਂ ਕੀਤੀ ਜਾ ਸਕੇ (ਅਰਥਾਤ ਲੈ-ਬੱਧ, ਬਾਵਜ਼ਨ)

6. ਅਲੌਕਿਕ ਕਾਵਿ-ਰਸ ਦਾ ਧਾਰਨੀ

7. ਸ਼ਾਸਤ੍ਰਿਕ ਮਰਿਆਦਾ ਅਨੁਸਾਰ ਨਾਟਕ ਦੇ ਪ੍ਰਸੰਗ ਵਿੱਚ ਖਾਸ ਤੋਰ ਤੇ ਸੰਧੀਆਂ (ਕਥਾ ਪ੍ਰਸੰਗਾਂ ਨੂੰ ਜੋੜਨ ਦੇ ਢੰਗ) ਵਾਲਾ

ਭਰਤ ਮੁਨੀ ਨੇ ਚਾਹੇ ਨਾਟਯ ਦੇ ਅੰਗਾਂ-ਪ੍ਰਤਿਅੰਗਾਂ-ਉਪਾਂਗਾਂ ਅਤੇ ਨਾਟਯ ਨਾਲ ਜੁੜੀਆਂ ਅਨੇਕ ਕਲਾਂਵਾ ਦਾ ਸੂਖਮ ਵਿਚੇਚਨ ਕੀਤਾ ਹੈ, ਪਰ ਉਸਦੇ ਗ੍ਰੰਥ ਵਿੱਚ ਕਾਵਿ ਦੇ ਸਰੂਪ ਬਾਰੇ ਕੋਈ ਸੰਕੇਤ ਨਹੀਂ ਮਿਲਦਾ।

ਆਚਾਰੀਆ ਭਾਮਹ ਅਨੁਸਾਰ

'ਕਾਵਿਯਾਲੰਕਾਰ' ਦੇ ਰਚਯਤਾ ਆਚਾਰੀਆ ਭਾਮਹ ਅਨੁਸਾਰ ਸ਼ਬਦ ਅਤੇ ਅਰਥ ਦੇ ਸਹਿਭਾਵ ਨੂੰ ਕਾਵਿ ਕਿਹਾ ਜਾਂਦਾ ਹੈ। ਇਸ ਦਾ ਭਾਵ ਹੈ ਕਿ ਸ਼ਬਦ ਅਤੇ ਅਰਥ ਜਦੋਂ ਇੱਕਮਿਕ ਜਾਂ ਇੱਕਜਾਨ ਹੋ ਜਾਂਦੇ ਹਨ ਅਤੇ ਆਪੋ-ਆਪਣੀ ਵਿੱਥ ਤੇ ਵੱਖਰਤਾ ਛੱਡ ਕੇ ਆਪਸ ਵਿੱਚ ਪਰਸਪਰ ਲੀਨ ਹੋ ਜਾਂਦੇ ਹਨ ਤਾਂ ਕਾਵਿ ਦੀ ਰਚਨਾ ਹੁੰਦੀ ਹੈ।

ਪਰੰਤੂ ਇਹ ਪਰਿਭਾਸ਼ਾ ਵੀ ਦੋਸ਼ ਪੂਰਨ ਹੈ, ਕਿਉਂਕਿ ਇਸ ਦਾ ਘੇਰਾ ਇਤਨਾ ਵਿਸ਼ਾਲ ਹੈ ਕਿ ਇਸ ਵਿੱਚ ਕਾਵਿ ਦੇ ਨਾਲ-ਨਾਲ ਇਤਿਹਾਸ, ਸ਼ਾਸਤਰ, ਪੁਰਾਣ ਅਤੇ ਹੋਰ ਕਾਵਿ-ਹੀਣ ਰਚਨਾਵਾਂ ਵੀ ਸ਼ਾਮਿਲ ਹੋ ਜਾਂਦੀਆਂ ਹਨ। ਉਸ ਦੇ ਇਸ ਕਥਨ ਤੋਂ ਨਾ ਇਹ ਭਾਵ ਜਾਪਦਾ ਹੈ ਕਿ ਜਿਸ ਰਚਨਾ ਵਿੱਚ ਵਰਣਿਤ ਅਰਥ ਦੇ ਅਨੁਰੂਪ ਸ਼ਬਦਾਂ ਦਾ ਪ੍ਰਯੋਗ ਹੋਵੇ ਅਥਵਾ ਸ਼ਬਦਾਂ ਦੇ ਅਨੁਰੂਪ ਅਰਥ ਦਾ ਗਿਆਨ ਵਰਣਨ ਹੋਵੇ, ਉਹ ਸ਼ਬਦ ਅਤੇ ਅਰਥ ਕਾਵਿ ਹੁੰਦਾ ਹੈ। ਇਹ ਕਹਿਣਾ ਜਰੂਰੀ ਹੈ ਭਾਮਹ ਨੇ ਆਪਣੇ ਕਾਵਿ ਦੇ ਲਕਸ਼ਣ 'ਚ ਸ਼ਬਦ ਅਤੇ ਅਰਥ ਤੋਂ ਭਰਪੂਰ ਕਾਵਿ-ਸਰੀਰ ਦੀ ਗੱਲ ਕਹਿਣ ਤੋਂ ਤਤਕਾਲ ਬਾਅਦ ਅਲੰਕਾਰਾਂ ਦਾ ਵਿਵੇਚਨ ਸ਼ੁਰੂ ਕਰ ਦਿੱਤਾ ਅਤੇ ਸਾਹਿਤ (ਸਹਿਭਾਵ) ਬਾਰੇ ਚੁੱਪੀ ਧਾਰਨ ਕਰ ਲਈ ਹੈ।

ਆਚਾਰੀਆ ਢੰਡੀ ਅਨੁਸਾਰ

ਆਚਾਰੀਆ ਢੰਡੀ ਨੇ ਆਪਣੇ ਗ੍ਰੰਥ ਕਾਵਯਦਰਸ਼ ਵਿੱਚ ਇਸ਼ਟ (ਇੱਛਿਤ) ਅਰਥ ਨਾਲ ਪੂਰਨ ਸ਼ਬਦਾਵਾਲੀ ਨੂੰ ਕਾਵਿ ਦਾ ਸਰੀਰ ਮੰਨਿਆ ਹੈ।

ਭਾਵ ਕਿ ਸੁੰਦਰ ਜਾਂ ਚਮਤਕਾਰੀ ਅਰਥ ਨਾਲ ਭਰਪੂਰ ਪਦਾਵਲੀ ਦਾ ਨਾਂ ਕਾਵਿ-ਸਰੀਰ ਹੈ। ਦੰਡੀ ਨੇ ਇਸ ਪਰਿਭਾਸ਼ਾ ਵਿੱਚ ਆਪਣੇ ਪੂਰਬਲੇ ਆਚਾਰਯ ਭਾਮਹ ਤੋਂ ਉਲਟ ਸ਼ਬਦ ਦੇ ਅਰਥ ਦੋਹਾਂ ਦੀ ਥਾਂ ਕੇਵਲ ਸ਼ਬਦਾ ਨੂੰ ਹੀ ਕਾਵਿ ਮੰਨਿਆ ਹੈ। ਇਸ ਦੀ ਪਰਿਭਾਸ਼ਾ ਅਗਨੀਪੁਰਾਣ ਵਿੱਚ ਦਿੱਤੀ ਪਰਿਭਾਸ਼ਾ ਨਾਲ ਕਾਫੀ ਮੇਲ ਖਾਂਦੀ ਹੈ।

ਅਗਨੀਪੁਰਾਣ ਗ੍ਰੰਥ ਅਨੁਸਾਰ

ਅਗਨੀਪੁਰਾਣ ਦੇ ਰਚਯਤਾ ਅਨੁਸਾਰ 'ਇਸ਼ਟ (ਇੱਛਿਤ) ਅਰਥਾਤ ਹਿਰਦੇ ਨੂੰ ਆਨੰਦਤ ਕਰਨ ਵਾਲੇ ਅਰਥ ਤੋਂ ਯੁਕਤ, ਦੋਸ਼ ਰਹਿਤ, ਗੁਣਾ ਅਤੇ ਅਲੰਕਾਰਾ ਤੋਂ ਸੁਸ਼ੋਭਿਤ (ਅਲੰਕ੍ਰਿਤ) ਸ਼ਬਦ-ਸਮੂਹ ਹੀ ਕਾਵਿ ਹੈ।'

ਆਚਾਰੀਆ ਵਾਮਨ ਅਨੁਸਾਰ

ਕਾਵਯਲੰਕਾਰ ਸੂਤ੍ਰਵ੍ਰਿਤਿ ਗ੍ਰੰਥ ਦੇ ਰਚਯਤਾ ਆਚਾਰਿਆ ਵਾਮਨ ਨੇ ਭਾਵੇਂ ਕਾਵਿ ਦਾ ਲੱਛਣ ਵੱਖਰਾ ਨਹੀਂ ਦਿੱਤਾ ਪਰਤੂੰ ਉਸਦੀਆਂ ਇਹ ਪੰਕਤੀਆਂ ਕਾਵਿ ਦੀ ਪਰਿਭਾਸ਼ਾ ਸੰਬੰਧੀ ਉਸ ਦੇ ਵਿਚਾਰਾਂ ਨੂੰ ਦਰਸਾਂਓਦੀਆਂ ਹਨ ਕਿ 'ਕਾਵਿ ਅਲੰਕਾਰ ਦੇ ਕਾਰਨ ਮਾਨਣ-ਯੋਗ ਹੁੰਦਾ ਹੈ, ਸੁਹਜ ਦਾ ਨਾਂ ਅਲੰਕਾਰ ਹੈ, ਕਾਵਿ ਵਿੱਚ ਇਹ ਸੁਹਜ ਦੋਸ਼ਾਂ ਦੇ ਤਿਆਗ ਤੇ ਗੁਣਾਂ ਤੇ ਅਲੰਕਾਰਾਂ ਦੇ ਗ੍ਰਹਿਣ ਨਾਲ ਹੀ ਆਉਂਦਾ ਹੈ ਕਹਿਣ ਨੂੰ ਭਾਵੇਂ ਕੋਰੇ ਸ਼ਬਦ ਤੇ ਅਰਥ ਨੂੰ ਕਾਵਿ ਕਹਿ ਦਿੱਤਾ ਜਾਏ।'

ਇਸ ਪ੍ਰਭਿਾਸ਼ਾ ਦੀ ਸਿਫਤ ਇਹ ਹੈ ਕਿ ਇਸ ਵਿੱਚ ਸਿਰਫ ਸ਼ਬਦ ਅਰਥ ਦੇ ਸੰਜੋਗ ਜਾਂ ਸਹਿਤ ਭਾਵ ਨੂੰ ਕਾਵਿ ਨਹੀਂ ਮੰਨਿਆ ਸਗੋਂ ਕਾਵਿ ਵਿਚਲੇ ਦੋਸ਼ਾ ਦੇ ਤਿਆਗ ਅਤੇ ਕਾਵਿਕ ਗੁਣਾ ਤੇ ਅਲੰਕਾਰਾਂ ਦੀ ਸੱਤਾ ਉੱਤੇ ਜ਼ੋਰ ਦਿੱਤਾ ਹੈ। ਅੱਗੇ ਜਾ ਕੇ ਵਾਮਨ ਨੇ ਕਾਵਿ-ਪੁਰਖ ਦੀ ਆਤਮਾ ਵੱਲ ਸੰਕੇਤ ਕਰਦਿਆ ਫੇਰ ਲਿਖਿਆ ਹੈ ਕਿ ਕਾਵਿ ਦੀ ਆਤਮਾ ਰੀਤੀ ਹੈ। ਕਾਵਿ ਦੀ ਸ਼ੋਭਾ ਵਧਾਉਣ ਵਾਲੇ ਸ਼ਬਦ ਤੇ ਅਰਥ ਦੇ ਚਮਤਕਾਰ ਸਹਤਿ ਪਦ-ਰਚਨਾ ਨੂੰ ਰੀਤੀ ਕਹਿੰਦੇ ਹਨ।

ਵਿਸ਼ਵਨਾਥ ਨੇ ਆਪਣੇ ਤੋਂ ਪਹਿਲਾਂ ਦੇ ਸਾਰੇ ਵਿਦਵਾਨਾਂ ਦੇ ਮੱਤਾਂ ਦਾ ਖੰਡਨ ਕਰਕੇ ਰਸਾਤਮਕ ਵਾਕਯ ਨੂੰ ਕਾਵਿ ਕਿਹਾ,

(ਵਾਕਯੰ ਰਸਾਤਮਕੰ ਕਾਵਯੰ- ਸਾਹਿਤਯ ਦਰਪਣ, ਪ੍ਰਥਮ ਪਰਿਛੇਦ)

ਇਸ ਪਰਿਭਾਸ਼ਾ ਵਿੱਚ ਰਸ, ਰਸ-ਆਭਾਸ, ਭਾਂਵ ਅਤੇ ਭਾਵ-ਆਭਾਸ ਸਭ ਸਮੇਟੇ ਜਾ ਸਕਦੇ ਹਨ।[11]

ਪੰਡਿਤਰਾਜ ਜਗਨਨਾਥ ਅਨੁਸਾਰ

ਪੰਡਿਤਰਾਜ ਜਗਨਨਾਥ ਨੇ ਰਸ ਗੰਗਾਧਰ ਵਿੱਚ ਕਾਵਿ ਦੇ ਲੱਛਣ ਪੇਸ਼ ਕਰਦਿਆ ਕਿਹਾ ਹੈ ਕਿ ਰਸਣੀਕ ਅਰਥ ਨੂੰ ਪ੍ਰਗਟਾਉਣ ਵਾਲਾ ਸ਼ਬਦ ਹੀ ਕਾਵਿ ਹੈ।

(ਰਮਣੀਯਾਰਖਪਤਿਪਾਦਕ: ਸ਼ਬਦ ਕਾਵਯੰ— ਰਸਗੰਗਾਧਰ)

ਇਥੇ ਰਮਣੀਕਤਾ ਤੋਂ ਭਾਵ ਉਹ ਅਰਥ ਹੈ ਜਿਸ ਦੇ ਗਿਆਨ ਨਾਲ ਅਲੌਕਿਕ ਅਨੰਦ ਦੀ ਪ੍ਰਾਪਤੀ ਹੋਵੇ। ਅਰਥਾਤ ਜਿਸ ਅਰਥ ਨੂੰ ਸੁਣ ਕੇ ਸੁਹਿਰਦ ਵਿਅਕਤੀ ਅਚੰਭੇ ਵਾਲੀ ਜਾਂ ਵਿਸਮਾਦੀ ਅਵਸਥਾ ਵਿੱਚ ਪਹੁੰਚ ਜਾਵੇ, ਉਹ ਅਰਥ ਰਮਣੀਕ ਹੋਵੇਗਾ। ਇਸ ਪਰਿਭਾਸ਼ਾ ਵਿੱਚ ਕਾਵਿ ਦੇ ਅੰਦਰਲੇ ਅਤੇ ਬਾਹਰਲੇ ਦੋਹਾਂ ਪੱਖਾਂ ਨੂੰ ਸਮੇਟਿਆ ਗਿਆ ਹੈ। ਇਥੇ ਸ਼ਬਦ ਨੂੰ ਰਮਣੀਕ ਅਰਥ ਦਾ ਪ੍ਰਤਿਪਾਦਕ ਮੰਨ ਕੇ ਅਰਥ ਦੀ ਸਮਾਈ ਸ਼ਬਦ ਵਿੱਚ ਹੀ ਕਰ ਦਿੱਤੀ ਗਈ ਹੈ।

ਆਚਾਰੀਆ ਅਨੰਦਵਰਧਨ ਅਨੁਸਾਰ

ਆਨੰਦ ਵਰਧਨ ਨੇ ਧਵਨਯਾਲੋਕ ਦੀ ਰਚਨਾ ਅਤੇ ਧੁਨੀ ਸੰਪਰਦਾਇ ਦੀ ਸਥਾਪਨਾ ਕੀਤੀ। ਅਨੰਦ ਵਰਧਨ ਅਨੁਸਾਰ ਧੁਨੀ ਹੀ ਕਾਵਿ ਦੀ ਆਤਮਾ ਹੈ ਅਤੇ ਸ਼ਬਦ ਤੇ ਅਰਥ ਕਾਵਿ ਦੇ ਸ਼ਰੀਰ ਹਨ।

ਧੁਨੀ ਦਾ ਭਾਵ ਹੈ ਰਮਜ਼, ਸੁਝਾ ਅਰਥਾ ਦੀ ਉਹ ਗੂੰਜ ਜਾਂ ਪ੍ਰਤੀ ਧੁਨੀ ਹੈ ਜਿਹੜੀ ਕੋਈ ਕਵਿਤਾ ਪੜਨ ਜਾਂ ਸੁਣਨ ਤੋਂ ਬਾਅਦ ਸਰੋਤੇ ਦੇ ਦਿਲ ਦਿਮਾਗ ਵਿੱਚ ਗੂੰਜਦੀ ਰਹਿੰਦੀ ਹੈ ਅਤੇ ਸਰੋਤਾ ਨਵੇਂ ਨਵੇਂ ਅਰਥ, ਰਮਜ਼ਾਂ ਉਸ ਵਿਚੋਂ ਕੱਢਦਾ ਰਹਿੰਦਾ ਹੈ।[14] ਇਸ ਤਰ੍ਹਾਂ ਅਨੰਦਵਰਧਨ ਅਨੁਸਾਰ ਧੁਨੀ ਹੀ ਕਾਵਿ ਦਾ ਪ੍ਰਮੁੱਖ ਤੱਤ ਹੈ ਜਿਸ ਦੇ ਬਿਨ੍ਹਾਂ ਸੁੰਦਰ ਸ਼ਬਦ ਅਤੇ ਅਰਥ ਵੀ ਪ੍ਰਾਣ ਬਿਨ੍ਹਾਂ ਸ਼ਰੀਰ ਵਾਂਗ ਹਨ। ਇਸ ਨੇ ਵਾਮਨ ਦੀ ਰੀਤੀ ਨੂੰ ਕੇਵਲ ਇੱਕ ਤਰ੍ਹਾਂ ਦੀ ਸ਼ੈਲੀ ਮੰਨਦੇ ਹੋਏ ਨਕਾਰਿਆ ਹੈ।

ਆਚਾਰੀਆ ਕੁੰਤਕ

ਅਚਾਰਿਆ ਕੁੰਤਕ ਨੇ ਵਕ੍ਰੋਕਤੀ ਜੀਵਿਤ ਗ੍ਰੰਥ ਵਿੱਚ ਕਿਹਾ, ਰਮਣੀਯਤਾ ਅਥਵਾ ਚਮਤਕਾਰ ਦੀ ਵਿਸ਼ੇਸ਼ਤਾ ਰੱਖਣ ਵਾਲਾ ਨਾ ਤਾਂ ਕੇਵਲ ਸ਼ਬਦ ਅਤੇ ਨਾ ਹੀ ਕੇਵਲ ਅਰਥ, ਬਲਕਿ ਇਹਨਾਂ ਦੋਹਾਂ ਦਾ ਸਹਭਾਵ (ਇੱਕਠਾਪਣ) ਹੀ ਕਾਵਿ ਹੈ। ਪਰ ਇਹ (ਸ਼ਬਦ ਅਤੇ ਅਰਥ ਦਾ) ਸਹਭਾਵ ਵਕ੍ਰੋਕਤੀ ਅਰਥਾਤ ਚਮਤਕਾਰਭਰੀ ਉਕਤੀ (ਕਥਨ) ਤੋਂ ਪਰਿਪੁਸ਼ਟ ਹੋਣਾ ਚਾਹਿਦਾ ਹੈ। ਕੁੰਤਕ ਸ਼ਬਦ ਅਤੇ ਅਰਥ

ਨੂੰ ਅਲੰਕਾਰਯ (ਜਿਸ ਨੂੰ ਸਜਾਇਆ ਜਾਵੇ)ਅਤੇ ਵਿਕ੍ਰੋਕਤੀ ਨੂੰ ਅਲੰਕਾਰ (ਸਜਾਉਣ ਵਾਲਾ)ਮੰਨਦੇ ਹਨ। ਸੋ ਕੁੰਤਕ ਨੇ ਵਿਕ੍ਰੋਕਤੀ ਨੂੰ ਹੀ ਕਾਵਿ ਦੀ ਆਤਮਾ ਦੀ ਪਦਵੀ ਬਖਸ਼ੀ ਹੈ। ਵਕ੍ਰ+ਉਕਤੀ ਅਰਥਾਤ ਕਹਿਣ ਦੇ ਢੰਗ ਵਿੱਚ ਵਕ੍ਰਤਾ ਅਰਥਾਤ ਕਟਾਕਸ਼, ਤਨਜ਼, ਟੇਢਾਪਣ, ਵਿਅੰਗ, ਬਾਂਕਾਪਨ, ਵਿਚਿਤਰਤਾ ਹੀ ਵਕ੍ਰੋਕਤੀ ਹੈ। ਕੁੰਤਕ ਨੇ ਕਵੀ ਦੇ ਕਾਵਿ -ਕੋਸ਼ਲ ਦੁਆਰਾ ਵਰਤੀ ਗਈ ਕਾਵਿ -ਭਾਸ਼ਾ ਦੀ ਵਿਲੱਖਣਤਾ ਨੂੰ ਵਕ੍ਰੋਕਤੀ ਕਿਹਾ ਹੈ। ਹਵਾ ਨੂੰ ਹਵਾ ਨਾ ਕਹਿ ਕੇ 'ਸੁਰਗਾਂ ਦਾ ਹੌਂਕਾ' ਕਹਿਣਾ ਵਕ੍ਰੋਕਤੀ ਹੈ।

ਆਚਾਰੀਆ ਭੋਜ ਅਨੁਸਾਰ

ਰਾਜਾ ਭੋਜ ਨੇ ਗਿਆਰਵੀਂ ਸਦੀ ਵਿੱਚ ਪੂਰਵ-ਵਰਤੀ ਆਚਾਰਯਾ ਦੀਆਂ ਪਰਿਭਾਸ਼ਾਵਾਂ ਨੂੰ ਗ੍ਰਹਿਣ ਕਰਕੇ ਦੋਸ਼ ਰਹਿਤ, ਗੁਣ ਸਹਿਤ, ਅਲੰਕਾਰ ਨਾਲ ਸਜੀ ਹੋਈ ਅਤੇ ਰਸ ਪੂਰਨ ਰਚਨਾ ਹੀ ਉੱਤਮ ਕਾਵਿ ਹੈ। ਇਸ ਦੇ ਗ੍ਰੰਥ ਦਾ ਨਾਂ ਸਰਸਵਤੀ—ਕੰਠਾਭਰਣ ਹੈ।

ਰਾਜ ਸ਼ੇਖਰ ਅਨੁਸਾਰ

ਕਾਵਿ ਦੇ ਸਰੂਪ ਨੂੰ ਸਪਸ਼ਟ ਕਰਨ ਲਈ ਰਾਜ ਸ਼ੇਖਰ ਨੇ ਕਾਵਯ ਮੀਸਾਂਸ (ਪੰਨਾ ੧੪) ਵਿੱਚ ਕਾਵਿ ਪੁਰਸ਼ ਦੇ ਰੂਪਕ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ—

(ਸ਼ਬਦਾਰਥੌ ਤੇ ਸ਼ਰੀਰੰ ਸੰਸਕ੍ਰਿਤੰ ਮੁਖੰ ਪ੍ਰਾਕ੍ਰਿਤੰ ਬਾਹੁ:

ਜੰਘਨਮਪਭ੍ਰੰਸ਼, ਪੈਸ਼ਾਂਚਪਾਦੌ, ਉਰੋ ਮਿਸ਼ਮ੍।

ਸਮ: ਪ੍ਰਸੰਨੋ ਮਧੁਰ ਉਦਾਰ ਓਜਸਵੀ ਚਾਸਿ। ਉਕਤਿਚਣੰ ਚ ਤੇ ਵਚੋ,

ਰਸ ਆਤਮਾ, ਰੋਸਾਣਿ ਛੰਦਾਸਿ, ਪ੍ਰਸ਼ਨੋਤੱਰ- ਪ੍ਰਵਹੁਲਿਕਾਦਿਕੰ ਚ

ਵਾਕਕੇਲਿ: ਅਨੁਪ੍ਰਾਸੋਪਸਾਦਯਸ਼ਚ ਤਵਾਮਲੰਕੁਰਵੰਤਿ।)

ਅਰਥਾਤ ਸ਼ਬਦ ਅਤੇ ਅਰਥ ਤੇਰੇ ਸ਼ਰੀਰ ਹਨ, ਸੰਸਕ੍ਰਿਤ ਭਾਸ਼ਾ ਮੁੱਖ ਹੈ, ਪ੍ਰਾਕ੍ਰਿਤਾਂ ਭੁਜਾਵਾਂ ਹਨ, ਅਪਭ੍ਰੰਸ਼ ਪੇਡੂ ਹੈ, ਪੈਸ਼ਾਚ (ਭਾਸ਼ਾ) ਪੈਰ ਹਨ ਅਤੇ ਮਿਸ਼ਰਤ(ਭਾਸ਼ਾਵਾਂ) ਛਾਤੀ ਹਨ। ਤੂੰ ਸਮ, ਪਵਿਤ੍ਰ, ਮਧੁਰ, ਉਦਾਰ ਅਤੇ ਤੇਜਸਵੀ ਹੈ। ਤੇਰੇ ਬੋਲ ਉਤਮ ਹਨ, ਰਸ ਤੇਰੀ ਆਤਮਾ ਹੈ ਛੰਦ ਤੇਰੇ ਰੋਮ ਹਨ, ਪ੍ਰਸ਼ਨ-ਉੱਤਰ, ਬੁਝਾਰਤ, ਸਮਸਿਆ ਤੇਰਾ ਬੱਚਨ-ਬਿਲਾਸ ਹੈ ਅਤੇ ਅਨੁਪ੍ਰਾਸ, ਉਪਮਾ ਆਦਿ ਤੇਰੇ ਗਹਿਣੇ ਹਨ।

ਆਚਾਰੀਆ ਕਸ਼ਮੇਂਦ੍ਰ ਅਨੁਸਾਰ

ਆਚਾਰੀਆ ਕਸ਼ਮੇਂਦ੍ਰ ਨੇ ਔਚਿਤਯਾ ਨੂੰ ਕਾਵਿ ਦੀ ਆਤਮਾ ਮੰਨਦੇ ਹੋਏ ਕਿਹਾ ਹੈ ਕਿ ਰਸ ਤੋਂ ਭਰਪੂਰ ਕਾਵਿ ਦਾ ਜੀਵਨ (ਪ੍ਰਾਣ) ਔਚਿਤਯ ਹੈ। ਇਸ ਔਚਿਤਯਾ ਦੀ ਵਿਆਖਿਆ ਕਰਦੇ ਹੋਏ ਉਹਨਾਂ ਦਾ ਕਥਨ ਹੈ ਕਿ, "ਜਿਸ ਵਸਤੂ ਦਾ ਜਿਸ ਨਾਲ ਮੇਲ ਮਿਲਦਾ ਹੋਵੇ ਉਸਨੂੰ ਉਚਿਤ ਕਿਹਾ ਜਾਂਦਾ ਹੈ ਅਤੇ ਉਚਿਤ ਦਾ ਭਾਵ ਹੈ ਔਚਿਤਯ'ਹੈ।" ਇਨ੍ਹਾਂ ਦੇ ਅਨੁਸਾਰ ਔਚਿਤਯ ਤੋਂ ਬਿਨ੍ਹਾਂ ਗੁਣ ਅਲੰਕਾਰ ਜਾਂ ਹੋਰ ਕੋਈ ਕਾਵਿ-ਤੱਤ ਕਾਵਿ ਨੂੰ ਰਮਣੀਯ ਅਤੇ ਸੁੰਦਰ ਨਹੀਂ ਬਣਾ ਸਕਦੇ।

ਅਰਸਤੂ ਅਨੁਸਾਰ

ਅਰਸਤੂ ਨੇ ਕਾਵਿ ਦੀ ਪਰਿਭਾਸ਼ਾ ਨਹੀਂ ਕੀਤੀ,ਉਸਦੀ ਵਿਵੇਚਨਾ ਕੀਤੀ ਹੈ।ਉਵ ਤਾਂ ਸੁਭਾਅ ਤੋਂ ਤਾਰਕਿਕ ਹੋਣ ਕਰਕੇ ਉਹ ਪਰਿਭਾਸ਼ਾ ਤੋਂ ਬਚਣ ਦਾ ਜਤਨ ਕਰਦੇ ਰਹੇ ਅਸਲ ਵਿੱਚ ਪਰਿਭਾਸ਼ਾ ਉਨ੍ਹਾਂ ਦੀ ਵਿਵੇਚਨ ਸ਼ੈਲੀ ਦਾ ਹੀ ਇੱਕ ਅੰਗ ਹੈ ਤਾਂ ਵੀ ਕਾਵਿ ਦਾ ਗੁੰਦਵਾ ਲੱਛਣ ਉਨ੍ਹਾਂ ਨੇ ਨਹੀਂ ਦਿੱਤਾ ਪਰ ਉਨ੍ਹਾਂ ਦੇ ਵਿਵੇਚਨ ਦੇ ਅਧਾਰ ਉੱਤੇ ਲਗਪਗ ਉਨ੍ਹਾਂ ਦੇ ਸ਼ਬਦਾਂ ਵਿੱਚ ਕਾਵਿ ਲੱਛਣ ਦੀ ਉਸਾਰੀ ਅਤੇ ਕਾਵਿ -ਸਰੂਪ ਨੂੰ ਨਸ਼ਿਚਿਤ ਕਰਨਾ ਕਠਿਨ ਨਹੀਂ ਹੋਵੇਗਾ।

(ੳ) ਅਰਸਤੂ ਦੇ ਅਨੁਸਾਰ ਕਲਾ ਦੇ ਅਨੇਕ ਪ੍ਰਕਾਰ ਹਨ-ਕਾਵਿ,ਚਿਤ੍ਰ,ਸੰਗੀਤ ਆਦਿ ਜੋ ਮਾਧਿਅਮ ਦੇ ਅਧਾਰ ਤੇ ਇੱਕ ਦੂਜੇ ਤੋਂ ਵੱਖ ਹਨ;ਅਰਥਾਤ ਇਨਾ ਸਾਰਿਆ ਦਾ ਮੂਲ ਤੱਤ ਤਾਂ ਸੁਭਾਵਿਕ ਤੋਰ ਇਕੋ ਹੀ ਹੈ,ਪਰ ਮਾਧਿਅਮ ਵੱਖ-ਵੱਖ ਹੀ ਹਨ। ਕਾਵਿ ਦਾ ਮਾਧਿਅਮ ਹੈ ਭਾਸ਼ਾ,ਚਿਤ੍ਰ ਦਾ ਰੰਗ -ਰੇਖਾ ਅਤੇ ਸੰਗੀਤ ਦਾ ਸੁਰ ਆਦਿ। ਇਸ ਦਾ ਅਰਥ ਇਹ ਹੋਇਆ ਕਿ ਕਾਵਿ -ਕਲਾ ਦਾ ਉਹ ਪ੍ਰਕਾਰ ਹੈ ਜਿਸ ਦਾ ਮਾਧਿਅਮ ਹੈ ਭਾਸ਼ਾ।

(ਅ)ਕਲਾ,ਅਰਸਤੂ ਦੇ ਮਤ ਅਨੁਸਾਰ,ਪ੍ਰਕਿਤੀ ਦਾ ਅਨੁਕਰਣ ਹੈ ਇਸ ਪ੍ਰਕਾਰ ਸਿੱਟਾ ਇਹ ਨਿਕਲਦਾ ਹੈ ਕਿ ਕਾਵਿ ਪ੍ਰਕਿਤੀ ਦੇ ਅਨੁਕਰਣ ਦਾ ਉਹ ਪ੍ਰਕਾਰ ਹੈ। ਜਿਸ ਦਾ ਮਾਧਿਅਮ ਹੈ ਭਾਸ਼ਾ। ਇਸ ਲਈ ਅਰਸਤੂ ਦੇ ਅਨੁਸਾਰ ਕਾਵਿ ਦਾ ਇਹ ਲੱਛਣ ਬਣ ਜਾਂਦਾ ਹੈ ਕਾਵਿ ਭਾਸ਼ਾ ਦੇ ਮਾਧਿਅਮ ਰਾਹੀ ਪ੍ਰਕਿਤੀ ਦਾ ਅਨੁਕਰਣ ਹੈ।

1.ਕਾਵਿ ਇੱਕ ਕਲਾ ਹੈ

ਕਾਵਿ ਸ਼ਾਸ਼ਤਰ ਦੇ ਆਰੰਭ ਵਿੱਚ ਹੀ ਅਰਸਤੂ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਕਾਵਿ ਇੱਕ ਕਲਾ ਹੈ ਚਿਤ੍ਰਕਾਰਾ ਜਾ ਕਿਸੇ ਵੀ ਹੋਰ ਕਲਾਕਾਰ ਵਾਂਗ ਕਵੀ ਅਨੁਕਰਤਾ ਹੈ।'

" ਮਹਾਂਕਾਵਿ,ਤ੍ਰਾਸਦੀ,ਕਾਮਦੀ ਅਤੇ ਰੌਦ੍ਰਸਤੋਤ ਬੰਬੀ ਬੀਨਾ ਸੰਗੀਤ ਦੇ ਬਹੁਤ ਸਾਰੇ ਭੇਦ ਕੁਲ ਅਨੁਕਰਣ ਦੀਆ ਹੀ ਵਿਧੀਆ ਹਨ। ਫੇਰ ਵੀ ਤਿੰਨ ਗੱਲਾਂ ਵਿੱਚ ਉਹ ਇੱਕ ਦੂਜੇ ਤੋਂ ਵੱਖ ਹਨ -ਅਨੁਕਰਣ ਦੇ ਮਾਧਿਅਮ,ਵਿਸ਼ਾ ਅਤੇ ਵਿਧੀ ਜਾ ਰੀਤੀ ਹਰ ਇੱਕ ਦੀ ਆਪੋ-ਆਪਣੀ ਹੁੰਦੀ ਹੈ।

ਜਿਸ ਤਰ੍ਹਾਂ ਲੋਕ ਸਚੇਤ ਕਲਾਕਾਰੀ ਜਾਂ ਕੇਵਲ ਅਭਿਆਸ ਰਾਹੀ ਰੰਗ,ਰੂਪ ਜਾਂ ਸੁਰ ਦੇ ਮਾਧਿਅਮ ਨਾਲ ਵੰਨਸੁਵੰਨੀਆਂ ਵਸਤਾਂ ਦਾ ਅਨੁਕਰਣ ਜਾਂ ਪ੍ਰਗਟਾਵਾ ਕਰਦੇ ਹਨ,ਉਸੇ ਤਰ੍ਹਾਂ ਓਪਰੋਕਤ ਕਲਾਵਾਂ ਵਿੱਚ ਸਮੁੱਚੇ ਤੋਰ ਤੇ, ਅਨੁਕਰਣ ਦਾ ਕਾਰਜ ਲੈਅ, ਭਾਸ਼ਾ ਜਾਂ ਇੱਕ ਸੁਰਤਾ ਵਿਚੋਂ ਕਿਸੇ ਇੱਕ ਮਾਧਿਅਮ ਜਾਂ ਇੱਕ ਤੋਂ ਵਧੀਕ ਜੁੜਵੇ ਮਾਧਿਅਮਾ ਨਾਲ ਨੇਪਰੇ ਚੜਦਾ ਹੈ।"

ਆਚਾਰੀਆ ਮੰਮਟ ਅਨੁਸਾਰ

ਕਾਵਿ ਦਾ ਸਰੂਪ ਦਸਦੇ ਹੋਏ ਆਚਾਰਿਆ ਮੰਮਟ ਨੇ ਸ਼ਬਦ ਤੇ ਅਰਥ ਨੂੰ ਕਾਵਿ ਕਿਹਾ ਹੈ ਜੋ ਦੋਸ਼ ਰਹਿਤ, ਗੁਣ ਸਹਿਤ ਅਤੇ ਅਲੰਕਾਰਾਂ ਨਾਲ ਯੁਕਤ ਹੋਣੇ ਚਾਹਿਦੇ ਹਨ ਪਰ ਜੇਕਰ ਉਹਨਾਂ ਵਿੱਚ

ਅਲੰਕਾਰਾਂ ਨਾਲ ਯੁਕਤ ਹੋਣੇ ਚਾਹਿਦੇ ਹਨ ਪਰ ਜੇਕਰ ਉਹਨਾਂ ਵਿੱਚ ਅਲੰਕਾਰ ਨਾ ਹੋਣ ਤਾਂ ਵੀ ਕਾਵਿ ਦੀ ਹਾਨੀ ਨਹੀਂ ਹੁੰਦੀ। ਇਸ ਤਰ੍ਹਾਂ ਕਾਵਿ ਦੇ ਲੱਛਣ ਦੇ ਚਾਰ ਹਿੱਸੇ ਕੀਤੇ ਜਾ ਸਕਦੇ ਹਨ—

1. ਸ਼ਬਦ ਤੇ ਅਰਥ: ਸ਼ਬਦ ਤੇ ਅਰਥ ਦੋਨੋਂ ਮਿਲ ਕੇ ਕਾਵਿ ਹੁੰਦੇ ਹਨ। ਇਸ ਕਥਨ ਵਿੱਚ ਸ਼ਬਦ ਤੇ ਅਰਥ ਦੇ ਯੁਕਤ ਵਿਸ਼ੇਸ਼ ਸਾਹਿਤ ਵਲ ਇਸ਼ਾਰਾ ਕੀਤਾ ਗਿਆ ਹੈ। ਇਸ ਲਈ ਇਥੇ ਵਿਸ਼ੇਸ਼ ਪ੍ਰਕਾਰ ਦੇ ਸ਼ਬਦ ਅਰਥ ਦੀ ਜੋੜੀ ਨੂੰ ਕਾਵਿ ਕਿਹਾ ਗਿਆ ਹੈ।

2. ਦੋਸ਼ ਰਹਿਤ: ਇਹ ਸ਼ਬਦ ਤੇ ਅਰਥ ਦਾ ਵਿਸ਼ੇਸ਼ਣ ਹੈ। ਇਸ ਅਨੁਸਾਰ ਦੋਸ਼ ਰਹਿਤ ਸ਼ਬਦ ਅਰਥ ਦੀ ਜੋੜੀ ਹੀ ਕਾਵਿ ਹੈ। ਪਰ ਦੁਨੀਆ ਵਿੱਚ ਕੋਈ ਵਸਤ ਦੋਸ਼ ਰਹਿਤ ਨਹੀਂ ਹੋ ਸਕਦੀ। ਇਸ ਲਈ ਇਸ ਦਾ ਭਾਵ ਇਹ ਹੈ ਕਾਵੱਤਵ ਦੇ ਨਾਸ਼ਕ ਜ਼ੋ ਚਿਉਤ ਸੰਸਕਾਰ ਆਦਿ ਦੋਸ਼ ਹਨ ਉਹ ਨਹੀਂ ਹੋਣੇ ਚਾਹਿਦੇ। ਆਚਾਰੀਆ ਮੰਮਟ ਅਨੁਸਾਰ ਦੋਸ਼ ਰਸ ਆਦਿ ਦੇ ਬਾਧਕ ਹੁੰਦੇ ਹਨ, ਗੁਣਾਂ ਦੇ ਕੇਵਲ ਨਾ ਹੋਣਾ ਹੀ ਦੋਸ਼ ਨਹੀਂ ਹੈ। ਇਸੇ ਕਾਰਨ ਗੁਣ ਸਹਿਤ ਤੋਂ ਅਲਿਹਦਾ ਦੋਸ਼ ਰਹਿਤ ਕਿਹਾ ਗਿਆ ਹੈ। ਇਸ ਦਾ ਭਾਵ ਇਹ ਹੈ ਕਿ ਜੇ ਕਿਸੇ ਕਵੀ ਦੀ ਕਿਰਤ ਦੇ ਸੁਹਿਰਦਾ ਦੇ ਹਿਰਦੇ ਨੂੰ ਆਨੰਦ ਦੀ ਅਨੁਭੂਤੀ ਕਰਾਉਂਦੀ ਹੈ ਪਰ ਉਸ ਵਿੱਚ ਸ਼ਾਸ਼ਤਰਾਂ ਵਿੱਚ ਕਿਹਾ ਹੋਇਆ ਕੋਈ ਦੋਸ਼ ਵੀ ਹੁੰਦਾ ਹੈ, ਪਰ ਉਹ ਦੋਸ਼ ਕਾਵੱਤਵ ਦੇ ਬਾਧਕ ਨਹੀਂ ਹੁੰਦਾ ਤਾਂ ਉਸ ਨੂੰ ਕਾਵਿ ਮੰਨਣ ਵਿੱਚ ਕੋਈ ਹਰਜ਼ ਨਹੀਂ। ਸੰਖੇਪ ਵਿੱਚ ਅਸੀ  ਇਉਂ ਕਹਿ ਸਕਦੇ ਹਾਂ ਕਿ ਜਿਸ ਸ਼ਬਦ ਅਰਥ ਵਿੱਚ ਰਸ ਆਦਿ ਦੀ ਸਪਸ਼ਟ ਪ੍ਰਤੀਤੀ ਹੁੰਦੀ ਹੈ ਉਸ ਵਿੱਚ ਜੇ ਕੋਈ ਦੋਸ਼ ਵੀ ਹੁੰਦਾ ਹੈ ਤਾਂ ਉਹ ਕਾਵਿ ਹੀ ਹੈ।

3. ਗੁਣ ਸਹਿਤ: ਇਹ ਵੀ ਸ਼ਬਦ ਤੇ ਅਰਥ ਦਾ ਵਿਸ਼ੇਸ਼ਣ ਹੈ। ਇਸ ਦਾ ਭਾਵ ਮਾਧੁਰਜ, ਉਜ਼ ਅਤੇ ਪ੍ਰਸ਼ਾਦਿ ਨਾਂ ਦੇ ਗੁਣਾ ਨਾਲ ਯੁਕਤ ਦੋਸ਼ ਰਹਿਤ ਸ਼ਬਦ ਅਰਥ ਕਾਵਿ ਹੈ ਅਰਥਾਤ ਗੁਣ ਰਹਿਤ ਸ਼ਬਦ ਅਰਥ ਦੀ ਜੋੜੀ ਕਾਵਿ ਨਹੀਂ। ਭਾਵੇਂ ਮੰਮਟ ਦੇ ਮੱਤ ਵਿੱਚ ਗੁਣ ਰਸ ਦੇ ਅੰਗੀ ਧਰਮ ਕਹੇ ਜਾਂਦੇ ਹਨ ਕਿਉਂਕਿ ਰਸ ਦੀ ਅਭਿਵਿਅੰਜਨਾ ਸ਼ਬਦ ਤੇ ਅਰਥ ਰਾਹੀਂ ਹੀ ਹੁੰਦੀ ਹੈ।

4. ਕਿਤੇ ਕਿਤੇ ਅਲੰਕਾਰ ਰਹਿਤ: ਅਜਿਹੇ ਸ਼ਬਦ ਅਰਥ ਜਿਸ ਨੂੰ ਕਾਵਿ ਕਿਹਾ ਜਾਂਦਾ ਹੈ ਆਮ ਕਰਕੇ ਅਲੰਕਾਰ ਯੁਕਤ ਹੁੰਦੇ ਹਨ ਪਰ ਜੇ ਕਿਤੇ ਸਪਸ਼ਟ ਰੂਪ ਵਿੱਚ ਅਲੰਕਾਰ ਦੀ ਪ੍ਰਤੀਤੀ ਨਾ ਹੁੰਦੀ ਹੋਵੇ ਤਾਂ ਕਿ ਸ਼ਬਦ ਅਰਥ ਕਾਵਿ ਵਿੱਚ ਅਦੋਸ਼ਤਾ ਤੇ ਗੁਣ ਯੁਕਤਤਾ ਦੇ ਰਹਿਣ ਦੇ ਕਾਰਣ ਕਾਵਤੱਵ ਮੰਨਣਾ ਪੈਂਦਾ ਹੈ। ਇਸ ਦਾ ਭਾਵ ਇਹ ਹੈ ਕਿ ਅਲੰਕਾਰ ਕਾਵਿ ਦੇ ਲਈ ਜਰੂਰੀ ਤਾਂ ਹਨ ਪਰ ਲਾਜ਼ਮੀ ਨਹੀਂ। ਰਸ ਆਦਿ ਦੀ ਅਭਿਵਿਅਕਤੀ ਕਰਨਾ ਕਾਵਿ ਦਾ ਮੂਲ ਤੱਤ ਹੈ ਅਤੇ ਜੇ ਉਹ ਹੈ ਤਾਂ ਅਲੰਕਾਰ ਯੋਜਨਾ ਨਾ ਹੋਣ ਤੇ ਵੀ ਕਾਵਿ ਹੋਣ ਵਿੱਚ ਕੋਈ ਹਾਨੀ ਨਹੀਂ ਮੰਨੀ ਜਾ ਸਕਦੀ।

ਕਾਵਿ ਪ੍ਰਕਾਸ਼ ਵਿੱਚ ਮੰਮਟ ਨੇ ਆਪਣੇ ਲੱਛਣ ਵਿੱਚ ਜੋ ਸ਼ਬਦ-ਅਰਥ ਦੀ ਜ਼ੋੜੀ ਦਾ ਦੋਸ਼ ਰਹਿਤ, ਗੁਣਯੁਕਤ ਅਤੇ ਕਿਤੇ ਕਿਤੇ ਅਲੰਕਾਰ ਰਹਿਤ ਹੋਣਾ ਕਿਹਾ ਹੈ ਉਹਨਾਂ ਤਿੰਨਾਂ ਦਾ ਵਿਸ਼ਵ ਨਾਥ ਨੇ ਬਹੁਤ ਜ਼ੋਰ ਨਾਲ ਖੰਡਨ ਕੀਤਾ ਹੈ। ਉਹ ਕਹਿੰਦਾ ਹੈ ਕਿ ਜੇ ਦੋਸ਼ ਰਹਿਤ ਸ਼ਬਦ-ਅਰਥ ਨੂੰ ਹੀ ਕਾਵਿ ਮੰਨਿਆ ਜਾਵੇ ਤਾਂ ਇਸ ਤਰ੍ਹਾਂ ਬਿਲਕੁਲ ਦੋਸ਼ ਰਹਿਤ ਕਾਵਿ ਸੰਸਾਰ ਵਿੱਚ ਮਿਲਣਾ ਹੀ ਮੁਸ਼ਕਿਲ ਹੈ। ਅਰਥਾਤ ਅਜਿਹੀ ਹਾਲਤ ਵਿੱਚ ਕਾਵਿ ਜਾਂ ਤਾਂ ਸੰਸਾਰ ਵਿੱਚ ਮਿਲੇਗਾ ਹੀ ਨਹੀਂ ਅਤੇ ਜੇ ਕਿਤੇ ਮਿਲ ਵੀ ਗਿਆ ਤਾਂ ਬਹੁਤ ਘੱਟ ਮਿਲ ਸਕੇਗਾ। ਇਸ ਤੋਂ ਇਲਾਵਾ 'ਨਯੱਕਾਰੋ ਹੁਯਮੇਵ' ਆਦਿ ਜਿਸ ਸਲੋਕ ਨੂੰ ਧੁਨੀ ਪ੍ਰਧਾਨ ਹੋਣ ਨਾਲ ਉੱਤਮ ਕਾਵਿ ਮੰਨਿਆ ਗਿਆ ਹੈ ਉਸ ਵਿੱਚ ਵੀ ਵਿਧੇਯਾਵਿਮਰਸ਼ ਦੋਸ਼ ਦੇ ਮੋਜੂਦ ਹੋਣ ਨਾਲ ਉਸ ਨੂੰ ਉੱਤਮ ਕਾਵਿ ਤਾਂ ਕੀ ਕਾਵਿ ਵੀ ਨਹੀਂ ਕਿਹਾ ਜਾ ਸਕੇਗਾ ਜੇ ਇਹ ਕਿਹਾ ਜਾਵੇ ਕਿ ਦੋਸ਼ ਤਾਂ ਉਸ ਸਲੋਕ ਦੀ ਥੋੜੇ ਹੀ ਅੰਸ਼ ਵਿੱਚ ਹੈ ਤਾਂ ਜਿਸ ਅੰਸ਼ ਵਿੱਚ ਦੋਸ਼ ਹੈ ਉਹੋ ਅਕਾਵੱਤਵ ਦਾ ਪ੍ਰਯੋਜਕ ਹੋਵੇਗਾ ਅਤੇ ਜਿਸ ਅੰਸ਼ ਵਿੱਚ ਧੁਨੀ ਹੈ ਉਹ ਉਤਮ ਕਾਵੱਤਵ ਦਾ ਪ੍ਰਯੋਜਕ ਹੋਵੇਗਾ। ਇਸ ਤਰ੍ਹਾਂ ਉਹ ਕਾਵਿ ਜਾਂ ਅਕਾਵਿ ਕੁਝ ਵੀ ਸਿੱਧ ਨਹੀਂ ਹੋ ਸਕੇਗਾ।

ਉਪਰੋਕਤ ਜਾਣਕਾਰੀ ਦੇ ਆਧਾਰ ਤੇ ਕਾਵਿ ਦੇ ਲੱਛਣ

1.ਕਾਵਿ ਇੱਕ ਕਲਾ ਹੈ।

2.ਕਾਵਿ ਵਿੱਚ ਜੀਵਨ ਦੀ ਸੱਚਾਈ ਪੇਸ਼ ਹੁੰਦੀ ਹੈ।

3.ਕਾਵਿ ਵਿੱਚ ਸੰਸਾਰ ਦੇ ਜੀਵਨ ਦੀ ਆਲੋਚਨਾ ਹੁੰਦੀ ਹੈ।

4.ਕਾਵਿ ਵਿੱਚ ਸੰਸਾਰ ਦੇ ਜੀਵਨ ਦੀ ਵਿਆਖਿਆ ਪੇਸ਼ ਕੀਤੀ ਜਾਂਦੀ ਹੈ।

5.ਕਾਵਿ ਵਿੱਚ ਕਲਪਨਾ ਇੱਕ ਜ਼ਰੂਰੀ ਤੱਤ ਹੈ।

6. ਕਾਵਿ ਜ਼ਿੰਦਗੀ ਦੇ ਅਨੁਭਵਾਂ ਨਾਲ ਸੰਬੰਧਿਤ ਹੁੰਦਾ ਹੈ।

7.ਕਾਵਿ ਆਨੰਦ ਜਾਂ ਮਨੋਰੰਜਨ ਪ੍ਰਦਾਨ ਕਰਦੀ ਹੈ।

8.ਕਾਵਿ ਦੇ ਵਿਸ਼ੇ ਪੂਰੀ ਤਰ੍ਹਾਂ ਭਾਵਨਾ ਦੇ ਵੇਗ ਨਾਲ ਭਰੇ ਹੁੰਦੇ ਹਨ।

9.ਕਾਵਿ ਕਿਸੀ ਜਟਿਲ ਵਿਸ਼ੇ ਦਾ ਆਸਾਨ ਭਾਸ਼ਾ ਵਿੱਚ ਪ੍ਰਗਟਾਵਾ ਹੈ।

## ਸਾਰ-ਅੰਸ਼:

ਉਪਰੋਕਤ ਪਰਿਭਾਸ਼ਾਵਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸੰਸਕ੍ਰਿਤ ਕਾਵਿ ਸ਼ਾਸ਼ਤਰ ਦੇ ਆਚਾਰੀਆ ਨੇ ਤਿੰਨ ਗੱਲਾਂ ਨੂੰ ਸਾਹਮਣੇ ਰੱਖ ਕੇ ਕਾਵਿ ਦੇ ਲੱਛਣ ਪੇਸ਼ ਕੀਤੇ ਹਨ-ਸ਼ਬਦ, ਸ਼ਬਦ ਅਰਥ ਅਤੇ ਰਸ। ਸ਼ਬਦ ਅਤੇ ਅਰਥ ਦੋਹਾਂ ਨੂੰ ਲੱਛਣ ਵਿੱਚ ਸਮੇਟਣ ਵਾਲੇ ਆਚਾਰਯ ਹਨ- ਭਾਮਹ, ਰੁਦ੍ਰਟ, ਕੁੰਤਕ, ਮੰਮਟ ਆਦਿ। ਸ਼ਬਦ ਪ੍ਰਧਾਨ ਕਾਵਿ ਲੱਛਣ ਦੰਡੀ ਅਤੇ ਪੰਡਿਤਰਾਜ ਨੇ ਪੇਸ਼ ਕੀਤੇ ਹਨ ਤੇ ਰਸ ਵਾਲੇ ਲੱਛਣ ਭੋਜ ਅਤੇ ਵਿਸ਼ਵਨਾਥ ਨੇ ਦੱਸੇ ਹਨ।ਇੰਨ੍ਹਾ ਸਾਰੇ ਵਿਦਵਾਨਾ ਵਿੱਚੋਂ ਆਚਾਰੀਆ ਮੰਮਟ, ਵਿਸ਼ਵਨਾਥ ਅਤੇ

ਪੰਡਿਤਰਾਜ ਜਗਨਨਾਥ ਦੇ ਲੱਛਣ ਅਧਿਕ ਵਿਗਿਆਨਿਕ ਹਨ ਅਤੇ ਕਾਵਿ ਦੇ ਸ਼ਾਸ਼ਤ੍ਰੀ ਦ੍ਰਿਸ਼ਟੀ ਤੋਂ ਤਿੰਨ ਪੜਾਅ ਪੇਸ਼ ਕਰਦੇ ਹਨ। ਸਮੁੱਚੇ ਤੌਰ ਤੇ ਕਹਿ ਸਕਦੇ ਹਾਂ-ਕਾਵਿ ਉਹ ਸ਼ਬਦਾਰਥ ਪੂਰਨ ਰਚਨਾ ਹੈ, ਜਿਸ ਵਿੱਚ ਰਸ, ਅਲੰਕਾਰ, ਗੁਣ ਅਤੇ ਰੀਤੀ ਦਾ ਸੁਭਾਵਿਕ ਤੇ ਉਚਿਤ ਮਿਸ਼ਰਣ ਹੋਵੇ, ਜਿਹੜੀ ਕਾਵਿ ਗੁਣਾਂ ਨਾਲ ਭਰਪੂਰ ਤੇ ਕਾਵਿ-ਦੋਸ਼ਾ ਤੋਂ ਮੁਕਤ ਹੋਵੇ, ਸੁਝਾਊ, ਵਿਅੰਗਮਈ, ਰਮਜ਼ ਭਰਪੂਰ ਅਤੇ ਜੋ ਪਾਠਕ ਨੂੰ ਆਨੰਦ ਅਵਸਥਾ ਤੱਕ ਪਹੁੰਚਾਏ।

## <u>ਮੁੱਖ/ਕੇਂਦਰੀ ਸ਼ਬਦ:</u>

ਰਚਨਾਤਮਕ---ਰਚਨਾ ਦਾ ਕਾਰਜ

ਪ੍ਰੋਯਜਨ---ਮੰਤਵ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1 ਸਾਹਿਤ ਦਾ ਪ੍ਰਮੁੱਖ ਰੂਪ ਕਿਹੜਾ ਮੰਨਿਆਂ ਜਾਂਦਾ ਹੈ?

ੳ ਕਹਾਣੀ

ਅ ਨਾਵਲ

ੲ ਨਾਟਕ

ਸ ਕਵਿਤਾ

2 ਆਦੇਸ਼, ਆਗਿਆ, ਅਸੂਲ, ਨਿਯਮਾਵਲੀ ਆਦਿ ਤੋਂ ਕੀ ਭਾਵ ਹੈ?

ੳ ਸ਼ਾਸਤਰ

ਅ ਕਾਵਿ

ੲ ਸਾਹਿਤ

ਸ ਉਪਰੋਕਤ ਸਾਰੇ

3 ਸਰਬ ਪ੍ਰਥਮ ਵੈਦਿਕ ਯੁੱਗ ਵਿਚ ਕਿਹੜਾ ਸਾਹਿਤ ਰੂਪ ਰਚਿਆ ਗਿਆ ?

ੳ ਕਹਾਣੀ

ਅ ਨਾਵਲ

ੲ ਕਵਿਤਾ

ਸ ਨਾਟਕ

4 ਮਹਾਭਾਰਤ ਦੀ ਰਚਨਾ ਕਦੋਂ ਹੋਈ ਮੰਨੀ ਜਾਂਦੀ ਹੈ?

ੳ ਪੰਜਵੀਂ ਸਦੀ ਪੂਰਬ-ਈਸਵੀ ਵਿੱਚ

ਅ ਤੀਜੀ ਸਦੀ ਪੂਰਬ-ਈਸਵੀ ਵਿੱਚ

ੲ ਦੂਜੀ ਸਦੀ ਪੂਰਬ-ਈਸਵੀ ਵਿੱਚ

ਸ ਚੌਥੀ ਸਦੀ ਪੂਰਬ-ਈਸਵੀ ਵਿੱਚ

5 ਆਧੁਨਿਕਤਾ ਸਭ ਤੋਂ ਪਹਿਲਾਂ ਕਿਸ ਖਿੱਤੇ ਵਿਚ ਆਈ?

ੳ ਯੂਰਪ

ਅ ਭਾਰਤ

ੲ ਏਸ਼ੀਆ

ਸ ਉਪਰੋਕਤ ਸਾਰੇ

6 ਰਮਾਇਣ ਦੀ ਰਚਨਾ ਕਦੋਂ ਹੋਈ ਮੰਨੀ ਜਾਂਦੀ ਹੈ?

ੳ ਪੰਜਵੀਂ ਸਦੀ ਪੂਰਬ-ਈਸਵੀ ਵਿੱਚ

ਅ ਤੀਜੀ ਸਦੀ ਪੂਰਬ-ਈਸਵੀ ਵਿੱਚ

ੲ ਦੂਜੀ ਸਦੀ ਪੂਰਬ-ਈਸਵੀ ਵਿੱਚ

ਸ ਚੌਥੀ ਸਦੀ ਪੂਰਬ-ਈਸਵੀ ਵਿੱਚ

7 ਉਦਯੋਗ ਸਭ ਤੋਂ ਪਹਿਲਾਂ ਕਿਸ ਖਿੱਤੇ ਵਿਚ ਲੱਗੇ?

ੳ ਯੂਰਪ

ਅ ਭਾਰਤ

ੲ ਏਸ਼ੀਆ

ਸ ਉਪਰੋਕਤ ਸਾਰੇ

8 ਸ਼ਬਦ "ਆਧੁਨਿਕ" ਕਿਸ ਭਾਸ਼ਾ ਦਾ ਸ਼ਬਦ ਹੈ?

ੳ ਹਿੰਦੀ

ਅ ਪੰਜਾਬੀ

ੲ ਉਰਦੂ

ਸ ਸੰਸਕ੍ਰਿਤ

9 ਯੂਰਪ ਦੀ ਪਰਮਾਣਿਕ ਆਧੁਨਿਕਤਾ ਅਨੁਸਾਰ ਆਧੁਨਿਕਤਾ ਦਾ ਕਿਹੜਾ ਲੱਛਣ ਨਹੀਂ ਹੈ?

ੳ ਤਰਕਸ਼ੀਲਤਾ

ਅ ਧਰਮ ਨਿਰਪੱਖਤਾ

ੲ ਰਹੱਸਵਾਦ

ਸ ਸ਼ਹਿਰੀਕਰਨ

10 ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਵਿੰਦਰ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਗੁਰਇਕਬਾਲ ਸਿੰਘ

ਸ ਰਾਜਿੰਦਰ ਸਿੰਘ ਭੱਟੀ

11 ਕਵੀ ਦੀ ਆਤਮਾ ਵਿਚ ਕਲਾ-ਦੇਵੀਆਂ ਦਾ ਉਨਮਾਦ ਹੁੰਦਾ ਹੈ - ਇਹ ਕਥਨ ਕਿਸਦਾ ਹੈ?

ੳ ਹਾਊਸਮੈਨ

ਅ ਟੀ. ਐਸ. ਈਲੀਅਨ

ੲ ਅਫ਼ਲਾਤੂਨ

ਸ ਮੈਥਿਊ ਆਰਨਲਡ

12 ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

13 ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਕਵਿਤਾ ਅਸਲ ਵਿਚ ਜੀਵਨ ਦੀ ਸਮਾਲੋਚਨਾ ਕਰਦੀ ਹੈ – ਇਹ ਕਥਨ ਕਿਸਦਾ ਹੈ?

ੳ ਹਾਊਸਮੈਨ

ਅ ਅਫ਼ਲਾਤੂਨ

ੲ ਟੀ. ਐਸ. ਈਲੀਅਨ

ਸ ਮੈਥਿਊ ਆਰਨਲਡ

## ਅਭਿਆਸ ਪ੍ਰਸ਼ਨ

1. ਕਵਿਤਾ ਦੇ ਸਿਧਾਂਤਕ ਪਰਿਪੇਖ ਉਪਰ ਨੋਟ ਲਿਖੋ?
2. ਕਵਿਤਾ ਦਾ ਅਰਥ ਦੱਸਦਿਆਂ ਇਸ ਦੇ ਸਰੂਪ ਬਾਰੇ ਚਰਚਾ ਕਰੋ।
3. ਕਵਿਤਾ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸਦਾ ਸਰੂਪ ਉਲੀਕੋ।
4. ਕਵਿਤਾ ਦੇ ਤੱਤਾਂ ਉਪਰ ਨੋਟ ਲਿਖ।

## ਸੰਦਰਭ ਪੁਸਤਕਾਂ:

1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.

## ਮਹੱਤਵਪੂਰਨ ਲਿੰਕ

https://gcwgandhinagar.com/econtent/document/15893599043.1%20%E0%A8%95%E0%A8%B5%E0%A8%BF%E0%A8%A4%E0%A8%BE%20%E0%A8%A6%E0%A9%80%20%E0%A8%AA%E0%A8%B0%E0%A8%BF%E0%A8%AD%E0%A8%BE%E0%A8%B6%E0%A8%BE%20%E0%A8%A4%E0%A9%87%20%E0%A8%A4%E0%A9%B1%E0%A8%A4.pdf

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ੲ | 4. ਸ | 5. ੳ |
| 6. ੳ | 7. ੳ | 8. ਸ | 9. ੲ | 10. ਅ |
| 11.ੲ | 12. ਸ | 13. ੳ | 14. ਅ | 15. ਸ |

# ਅਧਿਆਇ-3 : ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸਕ ਪਰਿਪੇਖ

*Paramjit Singh, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਆਧੁਨਿਕ ਪੰਜਾਬੀ ਕਾਵਿ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਇਤਿਹਾਸਕ ਪਰਿਪੇਖ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਕਵਿਤਾ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਆਧੁਨਿਕਤਾ ਦੇ ਸੰਕਲਪ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਆਧੁਨਿਕਤਾ ਦੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਆਧੁਨਿਕਤਾ ਦੇ ਸੰਕਲਪ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ।

## ਵਿਸ਼ਾ ਵਸਤੂ:

ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸਕ ਪਰਿਪੇਖ ਨੂੰ ਸਮਝਣ ਲਈ ਪੰਜਾਬੀ ਕਵਿਤਾ ਦੇ ਆਦਿ ਬਿੰਦੂ ਭਾਵ ਅਰੰਭ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ। ਜਿਸ ਤੋਂ ਸਾਨੂੰ ਕਵਿਤਾ ਦੀ ਵਿਕਾਸ ਰੇਖਾ ਦਾ ਸੰਪੂਰਨ ਗਿਆਨ ਹੋਵੇਗਾ।

ਪੰਜਾਬੀ ਪੀਡੀਆ ਉਪਰ ਪੰਜਾਬੀ ਕਵਿਤਾ ਦੇ ਵਿਕਾਸ ਬਾਰੇ ਵਿਸਤਾਰ ਵਿਚ ਦੱਸਿਆ ਗਿਆ ਹੈ ਕਿ ਪੰਜਾਬੀ ਕਵਿਤਾ ਆਪਣੇ ਵਰਤਮਾਨ ਸਰੂਪ ਵਿਚ ਨੌਂਵੀਂ-ਦਸਵੀਂ ਸਦੀ ਤੋਂ ਵਿਕਸਿਤ ਹੁੰਦੀ ਹੋਈ ਬਾਰ੍ਹਵੀਂ ਤੇਰ੍ਹਵੀਂ ਸਦੀ ਤੱਕ ਇਕ ਸੁਰੰਤਰ ਰੂਪ ਧਾਰਨ ਕਰ ਗਈ ਜਾਪਦੀ ਹੈ । ਨੌਂਵੀਂ – ਦਸਵੀਂ ਸਦੀ ਦੇ ਮੁਲਤਾਨ ਨਿਵਾਸੀ ਕਵੀ ਅੱਦੇ ਮਾਨ ( ਅਬਦੁਰ ਰਹਮਾਨ ) ਦੀ ਰਚਨਾ ' ਸਨੇਹ ਰਾਸਕ' ਵਿਚ 300 ਤੋਂ ਵਧਰੇ ਸ਼ਬਦ ਪੰਜਾਬੀ ਦੇ ਹਨ , ਜੋ ਥੋੜੇ ਬਹੁਤ ਭੇਦ ਨਾਲ ਅੱਜ ਤਕ ਪਰਚੱਲਿਤ ਹਨ ।

ਜੋਗੀਆਂ ਦੀ ਕਵਿਤਾ– – ਜੋਗੀਆਂ ਦੇ ਆਪਣੇ ਜੋਗ-ਸਬੰਧੀ ਅਨੁਭਵਾਂ , ਸਦਾਚਾਰਕ ਸਿਖਿਆ ਤੇ ਜੋਗ ਦੇ ਮਹੱਤਵ ਨੂੰ ਦਰਸਾਉਣ ਲਈ ਜੋ ਬਾਣੀ ਰਚੀ , ਉਸ ਵਿਚ ਵੀ ਪੰਜਾਬੀ ਸ਼ਬਦਾਵਲੀ ਉਪਲਬਧ ਹੈ । ਗੋਰਖ ( 940-1040 ) , ਚਰਪਟ ( 890-990 ) , ਪੂਰਨ ਜਾਂ ਚੌਰੰਗੀ ਨਾਥ ( 970 ਤੋਂ 1070 ਈ. ) ਤੇ ਰਤਨ ਨਾਥ ( 1000-1120 ) ਭਾਵੇ ਹਠ-ਯੋਗੀ ਸਨ ਪਰ ਇਨ੍ਹਾਂ ਦੀ ਕਵਿਤਾ ਵਿਚ ਹਠ-ਯੋਗ ਦਾ ਪ੍ਰਚਾਰ ਨਹੀਂ ਲਭਦਾ , ਸਗੋਂ ਇੰਦਰੀ-ਨਿਰੋਧ , ਸਵੈ-ਕਾਬੂ ਤੇ ਸਦਾਚਾਰ ਦਾ ਪ੍ਰਚਾਰ ਲਭਦਾ ਹੈ । ਗਜ਼ਨੀ ਦੇ ਸਾਮਰਾਜ ਦੇ ਸਮੇਂ ( 1000 ਈ. ) ਤੋਂ ਅਗਲੇ ਸੌ ਵਰ੍ਹੇ ਤੋਂ ਕੁਝ ਵਧ ਅਤੇ ਸੇਖ ਫ਼ਰੀਦ ਦੀ ਰਚਨਾ ਤੋਂ ਪਹਿਲਾਂ ਮੁਸਲਮਾਨ ਵਿਦਵਾਨਾਂ ਵਲੋਂ ਪੰਜਾਬੀ ਕਵਿਤਾ ਵਿਚ ਰਚਨਾ ਹੋਣ ਦੇ ਹਵਾਲੇ ਤਾਂ ਮਿਲਦੇ ਹਨ ਪਰ ਮੰਦੇ ਭਾਗਾਂ ਨੂੰ ਉਹ ਰਚਨਾਵਾਂ ਪ੍ਰਾਪਤ ਨਹੀਂ । ਇਨ੍ਹਾਂ ਉਲੇਖਾਂ ਤੋਂ ਸਾਨੂੰ ਇਹ ਸਮਝਣ ਵਿਚ ਸਹਾਇਤਾ ਜ਼ਰੂਰ ਮਿਲਦੀ ਹੈ ਕਿ ਕਿਵੇਂ ਨੌਂਵੀਂ ਸਦੀ ਤੋਂ ਚੱਲ ਕੇ ਤੇਰ੍ਹਵੀਂ ਸਦੀ ਅਰਾਥਾਤ ਸ਼ੇਖ ਫ਼ਰੀਦ ਦੇ ਸਮੇਂ ਤਕ ਪੰਜਾਬੀ ਕਵਿਤਾ ਆਪਣਾ ਸਾਹਿਤਕ ਸਰੂਪ ਸਥਾਪਤ ਕਰ ਚੁਕੀ ਸੀ ।

ਲੋਕ-ਗੀਤ– – ਇਨ੍ਹਾਂ ਗੀਤਾਂ ਦੀਆਂ ਕਈ ਕਿਸਮਾਂ ਤੇ ਕਈ ਰੂਪ ਹਨ ਜਿਨ੍ਹਾਂ ਵਿਚੋਂ ਪਿਆਰ ਗੀਤਾਂ ਨੂੰ ਸਭ ਤੋਂ ਵਧ ਮਾਨਤਾ ਪ੍ਰਾਪਤ ਹੈ । ਪਿਆਰ-ਗੀਤਾਂ ਵਿਚੋਂ ਵੀ ਵਿਯੋਗ-ਸ਼ਿੰਗਾਰ ਗੀਤ ਜ਼ਿਆਦਾ ਮਹੱਤਵਪੂਰਨ ਹਨ । ਦੂਜੇ ਦਰਜੇ ਤੇ ਸੰਯੋਗ-ਪਿਆਰ ਤੇ ਤੀਜੇ ਦਰਜੇ ਦੇ ਵਖੋ ਵਖੋ ਮਿੱਠੇ ਤੇ ਕੌੜੇ ਜੀਵਨ ਅਨੁਭਵ ਤੇ ਸਮਾਜਕ ਰਸਮ-ਰਿਵਾਜਾਂ ਨਾਲ ਸਬੰਧਤ ਗੀਤ ਹਨ , ਜਿਵੇਂ ਵਿਆਹ , ਜਨਮ , ਮੌਤਾਂ ਤੇ ਹੋਰ ਸ਼ਗਨਾਂ ਆਦਿ ਦੇ ਗੀਤ । ਇਹ ਲੋਕ ਭਾਵ ਕਈ ਰੂਪਾਂ ਤੇ ਸੰਚਿਆਂ ਵਿਚ ਢਲੇ ਹਨ , ਜਿਵੇਂ ਖੁੱਲ੍ਹੇ ਡੁੱਲੇ ਗੀਤ , ਸਿਠਣੀਆਂ , ਘੋੜੀਆਂ , ਬਾਰਾਮਾਹੇ , ਅਠਵਾਰੇ , ਸੀਹਰਫ਼ੀਆਂ ਆਦਿ । ਇਨ੍ਹਾਂ ਸਾਹਿਤ ਰੂਪਾਂ ਦੇ ਅਵੱਸ਼ ਕੋਈ ਨਾ ਕੋਈ ਸੋਮੇ ਹਨ ।

ਲੋਕ-ਵਾਰਾਂ ਪੰਜਾਬੀ ਲੋਕ-ਸਾਹਿਤ ਦੀਆਂ ਪੂਰਵ-ਨਾਨਕ ਕਾਲ ਦੀਆਂ ਪੁਰਤਾਨ ਵਾਰਾਂ ਦੀ ਹੋਂਦ ਦਾ ਪਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਧੁਨੀਆਂ ਤੋਂ ਮਿਲਦਾ ਹੈ , ਜਿਵੇਂ ' ਰਾਏ ਕਮਾਲ' , ' ਟੁੰਡੇ ਅਸਰਾਜੇ' , ' ਸਕੰਦਰ ਇਬਰਾਹੀਮ' , ' ਲਲਾ ਬਹਿਲੀਮਾ' , ' ਹਸਨੇ ਮਹਿਮੇ' , ' ਮੂਸੇ' , ' ਜੋਧੇ' , ' ਕੈਲਾਸ਼' , ' ਮਾਲਦੇਵ' ਦੀਆਂ ਵਾਰਾਂ ਆਦਿ । ਇਨ੍ਹਾਂ ਦੀ ਬੋਲੀ ਨਿਰੋਲ ਪੰਜਾਬੀ ਹੈ ਤੇ ਇਹ ਅਧ-ਪੜ੍ਹੇ ਭੱਟਾਂ ਦੀਆਂ ਕਿਰਤਾਂ ਜਾਪਦੀਆਂ ਹਨ । ਹੋ ਸਕਦਾ ਹੈ ਕਿ ਇਹ ਲੋਕ-ਕਾਵਿ ਰੂਪ ਪੰਜਾਬੀਆਂ ਦੀ ਦੇਣ ਹੀ ਹੋਵੇ ਜਾਂ ਇਹ ਵੀ ਸੰਭਵ ਹੈ ਕਿ ਰਾਜਸਥਾਨੀ ਵਿੰਡਲ ਜਾਂ ਪਿੰਗਲ ਸਾਹਿਤ ਦੇ ਪ੍ਰਭਾਵ ਅਧੀਨ ਪੈਦਾ ਹੋਇਆ ਹੋਵੇ ਜੋ ਚਾਰਣ ਕਵੀਆਂ ਦੀ ਦੇਣ ਹੈ । ਬੀਰਤਾ ਦੀ ਉਪਾਸਨਾ ਹੀ ਲੋਕ ਵਾਰਾਂ ਦਾ ਸੋਮਾ ਹੈ ।

ਪੂਰਵ ਨਾਨਕ ਕਾਲ ਦੀ ਪੰਜਾਬੀ ਕਵਿਤਾ– – ਇਸ ਕਾਲ ਦਾ ਪ੍ਰਸਿਧ ਤੇ ਮੁਖੀ ਕਵੀ ਬਾਬਾ ਫ਼ਰੀਦ ਹੈ । ਫ਼ਰੀਦ ਦੀ ਬੋਲੀ ਨਿਰੋਲ ਪੰਜਾਬੀ ਹੈ , ਜਿਸਨੇ ਉਨ੍ਹਾਂ ਦੀ ਕਵਿਤਾ ਨੂੰ ਮਿਠਾਸ ਪ੍ਰਦਾਨ ਕੀਤੀ ਹੈ । ਇਸ ਦੀ ਬਿੰਬਾਵਲੀ ਸੰਤ-ਬਾਣੀ ਵਾਲੀ ਹੈ । ਫ਼ਰੀਦ ਨੇ ਸਿਧਾਂਤਕ ਸ਼ਬਦਾਵਲੀ ਵੀ ਭਾਰਤੀ ਚਿੰਤਨ ਜਾਂ ਸਾਧਨਾਂ ਤੋਂ ਲਈ ਹੈ ।

ਪੰਜਾਬ ਤੋਂ ਬਾਹਰ ਦੇ ਭਗਤ ਕਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੈਰ ਪੰਜਾਬੀ ਭਗਤਾਂ ਦੀ ਬਾਣੀ ਸੰਕਲਿਤ ਕੀਤੀ ਹੋਈ ਹੈ , ਜਿਸ ਵਿਚ ਪੰਜਾਬੀ ਸ਼ਬਦਾਵਲੀ ਦੀ ਪ੍ਰਧਾਨਤਾ ਹੈ । ਕਬੀਰ ਤੇ ਰਵਿਦਾਸ ਦੋਵੇਂ ਸਮਕਾਲੀ ਸਨ । ਰਾਮਾ ਨੰਦ ਯੂ. ਪੀ. ( ਜਨਮ 1017 ਈ. ) ਪਰਮਾਨੰਦ ਬੰਬਈ , ਨਾਮਦੇਵ ਮਹਾਰਾਸ਼ਟਰ , ਤ੍ਰਿਲੋਚਨ ਮਹਾਂਰਾਸ਼ਟਰ , ਧੰਨਾ ਰਾਜਪੂਤਾਨਾ , ਬੇਣੀ ਰਾਜਪੂਤਾਨਾ , ਸੈਣ ਤੇ ਭੀਖਣ ਯੂ. ਪੀ , ਜੈਦੇਵ ਬੰਗਾਲ , ਪੀਪਾ ਯੂ. ਪੀ. , ਸਦਨਾ ਸਿੰਧ ਅਤੇ ਸੂਰਦਾਸ ਅਵਧ ਦਾ ਰਹਿਣ ਵਾਲਾ ਸੀ । ਇਨ੍ਹਾਂ ਭਗਤਾਂ ਦਾ ਮੁਖ ਪ੍ਰੇਰਨਾ-ਸ੍ਰੋਤ ਭਾਰਤੀ ਰਹੱਸਵਾਦੀ ਤੇ ਦਾਰਸ਼ਨਿਕ ਚਿੰਤਨ ਧਾਰਾ ਸੀ । ਪੰਜਾਬੀਪਨ ਕਬੀਰ ਤੇ ਨਾਮਦੇਵ ਵਿਚ ਵਧ ਹੈ ।

ਗੁਰੂ ਨਾਨਕ ਕਾਲ ਦੀ ਕਵਿਤਾ– – ਇਸ ਕਾਲ ਦੀ ਧਾਰਮਕ ਤੇ ਰਹੱਸਵਾਦੀ ਕਵਿਤਾ ਨੂੰ ਛੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ : – –

ਸ੍ਰੀ ਗੁਰੂ ਨਾਨਕ ਸਾਹਿਬ ਦੀ ਅਧਿਆਤਮਕ ਕਵਿਤਾ ;

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਗੁਰੂ ਸਾਹਿਬਾਨ ਦੀ ਕਵਿਤਾ ;

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਨਾਨਕ ਘਰ ਦੇ ਨਿਕਟਵਰਤੀ ਮਹਾਂਪੁਰਸ਼ਾਂ ਦੀ ਕਵਿਤਾ ,

ਭਾਈ ਗੁਰਦਾਸ ਦੀ ਕਵਿਤਾ ਤੇ ਹੋਰ ਸਿੱਖਾਂ ਦੀ ਕਵਿਤਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ;

ਗੁਰੂ ਗੋਬਿੰਦ ਸਿੰਘ ਜੀ ਦੀ ਦਸਮ ਗ੍ਰੰਥ ਵਿਚ ਦਰਜ ਕਵਿਤ ;

ਦਸਮ ਗੁਰੂ ਜੀ ਦੇ ਬਰਾਬਰੀ ਕਵੀਆਂ ਦੀ ਕਵਿਤਾ ॥

ਇਸ ਕਾਲ ਦੀ ਸਮੁੱਚੀ ਕਵਿਤਾ ਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਭਾਵ ਹੈ । ਗੁਰੂ ਨਾਨਕ ਜੀ ਦੇ ਦਾਰਸ਼ਨਿਕ ਵਿਚਾਰਾਂ ਦੇ ਸਪਸ਼ਟੀਕਰਣ , ਸਰਲੀਕਰਣ ਤੇ ਵਿਸਥਾਰ ਦੇ ਦਰਸ਼ਨ ਬਾਕੀ ਗੁਰੂ ਸਾਹਿਬਾਨ ਦੀ ਬਾਣੀ ' ਚੋਂ ਹੁੰਦੇ ਹਨ । ਗੁਰੂ ਨਾਨਕ ਦੇਵ ਵਾਲੇ ਕਾਵਿ-ਰੂਪ ਮਗਰਲੇ ਗੁਰੂ ਸਾਹਿਬਾਨ ਨੇ ਅਪਣਾਏ ਅਤੇ ਉਨ੍ਹਾਂ ਵਾਂਗ ਸਾਰੀ ਰਚਨਾ ਰਾਗਾਂ ਵਿਚ ਕੀਤੀ । ਜਿਥੋਂ ਤਕ ਰਹੱਸਵਾਦੀ-ਬਿੰਬਾਵਲੀ ਤੇ ਅਲੰਕਾਰਾਂ ਅਤੇ ਸਿਧਾਂਤਕ ਸ਼ਬਦਾਵਲੀ ਦਾ ਸਬੰਧ ਹੈ , ਸਾਰੇ ਗੁਰੂ ਸਾਹਿਬਾਨ ਵਿਚ ਸਾਂਝ ਦੇਖੀ ਜਾ ਸਕਦੀ ਹੈ । ਇਸ ਕਾਲ ਦੇ ਸਿਖ ਕਵੀਆਂ ਵਿਚ ਬੁਨਿਆਦੀ ਸਿਧਾਂਤਕ ਵਿਚਾਰ ਗੁਰੂ ਨਾਨਕ ਸਾਹਿਬ ਵਾਲੇ ਹੀ ਹਨ ।

ਗੁਰੂ ਨਾਨਕ ਦੇਵ ਜੀ ਦੇ ਕਾਵਿ-ਰੂਪਾਂ ਦੇ ਸੋਮੇ ਵਿਸ਼ੇਸ਼ ਕਰਕੇ ਦੋ ਹਨ– – ਭਾਰਤੀ ਸਾਹਿਤਧਾਰਾ ਵਿਚ ਪ੍ਰਚੱਲਿਤ ਕਾਵਿ-ਰੂਪ ਅਤੇ ਪੰਜਾਬ ਵਿਚ ਪ੍ਰਚੱਲਿਤ ਲੋਕ-ਕਾਵਿ । ਉਨ੍ਹਾਂ ਆਪਣੀ ਬਾਣੀ ਨੂੰ ਛੰਦਾਂ , ਵਾਰਾਂ , ਪਹਿਰਿਆਂ , ਅਲਾਹੁਣੀਆਂ ਆਦਿ ਕਾਵਿ-ਰੂਪਾਂ ਵਿਚ ਢਾਲਿਆ । ਪੱਟੀ , ਗੋਸ਼ਟਿ , ਬਾਰਾਮਾਹ , ਥਿਤੀ , ਬਾਵਨ-ਅੱਖਰੀ ਆਦਿ ਦੇ ਕਾਵਿ-ਰੂਪ ਲੋਕਿਕ ਵੀ ਸਨ ਤੇ ਕਿਤਾਬੀ ਵੀ । ਗੁਰੂ ਨਾਨਕ ਸਾਹਿਬ ਦੇ ਛੰਦ ਵੀ ਵਧੇਰੇ ਲੋਕ ਕਵਿਤਾ ਦੇ ਨੇੜੇ ਹਨ , ਜਿਨ੍ਹਾਂ ਨੂੰ ਬੜੀ ਸੁਤੰਤਰਤਾ ਨਾਲ ਅਪਣਾਇਆ ਗਿਆ ਹੈ । ਸ਼ਲੋਕ ਤੇ ਪਦਿਆਂ ਦੇ ਵੀ ਸਿੱਕੇ-ਬੰਦ ਰੂਪ ਉਨ੍ਹਾਂ ਨਹੀਂ ਅਪਣਾਏ , ਸਗੋਂ ਬੜੇ ਨਵੇਂ ਤਜਰਬੇ ਟਕਸਾਲੀ ਕਾਵਿ ਰੂਪਾਂ ਵਿਚ ਵੀ ਕੀਤੇ ਹਨ । ਪਉੜੀ , ਕਾਫੀ ਆਦਿ ਛੰਦ-ਰੂਪਾਂ ਦੀ ਵੀ ਆਪ ਨੇ ਵਰਤੋਂ ਕੀਤੀ ਹੈ । ਸਿਰੀ , ਮਾਝ , ਆਸਾ , ਗੁਜਰੀ , ਮਾਰੂ , ਤੁਖਾਰੀ , ਭੈਰਉ , ਬਸੰਤ , ਸਾਰੰਗ , ਮਲ੍ਹਾਰ ਤੇ ਪਰਭਾਤੀ ਰਾਗ ਗੁਰੂ ਨਾਨਕ ਸਾਹਿਬ ਨੇ ਵਰਤੇ ਹਨ । ਇਨ੍ਹਾਂ ਦੀ ਸਾਰੀ ਸਿਧਾਂਤਕ ਸ਼ਬਦਾਵਲੀ ਵੀ ਪੂਰਵ-ਕਾਲੀ ਸਾਹਿਤ ਵਿਚੋਂ ਹੀ ਲਈ ਗਈ ਹੈ । ਮਿਥਿਹਾਸਕ ਚਿੰਨ੍ਹਵਾਦ ਇਨ੍ਹਾਂ ਸਾਰਿਆਂ ਨੇ ਬਹੁਤ ਕਰਕੇ ਭਾਰਤੀ ਪਰ ਕਿਤੇ ਕਿਤੇ ਇਸਲਾਮੀ ਵੀ ਲਏ । ਇਨ੍ਹਾਂ ਦੀ ਬੋਲੀ ਮਿਲਗੋਭਾ ਸੰਤ-ਭਾਖਾ ਸੀ , ਜਿਸ ਵਿਚ ਵਧੇਰੇ ਅੰਸ਼ ਪ੍ਰਾਕ੍ਰਿਤ ਤੇ ਸੰਸਕ੍ਰਿਤ ਦਾ ਹੀ ਸੀ ਤੇ ਕਿਰਿਆਵਾਂ ਅਪਭ੍ਰੰਸ਼ ਦੀਆਂ ਤੇ ਨਾਲ ਕਿਤੇ ਕਿਤੇ ਫ਼ਾਰਸੀ-ਅਰਬੀ ਸ਼ਬਦਾਵਲੀ ਦਾ ਪ੍ਰਯੋਗ ਵੀ ਕੀਤਾ ਹੈ ਪਰ ਪ੍ਰਧਾਨਤਾ ਸਥਾਨਕ ਪੰਜਾਬੀ ਬੋਲੀ ਨੂੰ ਦਿਤੀ ਹੈ । ਇਨ੍ਹਾਂ ਨੇ ਮੌਲਿਕ ਅਲੰਕਾਰ ਤੇ ਮੌਲਿਕ ਸ਼ੈਲੀ ਨੂੰ ਵੀ ਜਨਮ ਦਿਤਾ ਹੈ ।

ਗੁਰੂ ਜੀ ਨੇ ਮੂਲ ਵਿਚਾਰ ਹਿੰਦੂ ਦਰਸ਼ਨ ਦੇ ਅਪਣਾਏ ਹਨ ਪਰ ਇੰਨ ਬਿੰਨ ਉਨ੍ਹਾਂ ਦਾ ਵਿਸਥਾਰ ਆਪਣੀ ਬਾਣੀ ਵਿਚ ਉਸੇ ਤਰ੍ਹਾਂ ਨਹੀਂ ਕੀਤਾ ਜਿਵੇਂ ਉਹ ਪੁਰਾਤਨ ਪੁਸਤਕਾਂ ਵਿਚ ਮਿਲਦਾ ਹੈ।

ਪੰਜਾਬ ਦੇ ਭਗਤ ਤੇ ਫ਼ਕੀਰ ਕਵੀ ਗੁਰੂ ਸਾਹਿਬਾਨ ਤੇ ਗੁਰੂ ਘਰ ਦੇ ਨਿਕਟ-ਵਰਤੀ ਸਿੱਖਾਂ ਦੀ ਰਚਨਾ ਤੋਂ ਛੁੱਟ ਵੀ ਇਸ ਕਾਲ ਵਿਚ ਢੇਰ ਸਾਰਾ ਭਗਤੀ-ਕਾਵਿ ਰਚਿਆ ਗਿਆ। ਇਹ ਰਚਨਾ ਡਾ. ਮੋਹਣ ਸਿੰਘ ਜੀ ਦੀ ਲੱਭਤ ਅਨੁਸਰ , ਹਿਰਦਾ ਰਾਮ , ਛੱਜੂ , ਜੱਲ੍ਹਣ , ਵਲੀ ਰਾਮ , ਬਾਬਾ ਲਾਲ , ਬਾਬਾ ਦਿਆਲ ਦਾਸ , ਬਾਬਾ ਕਾਹਨਾ , ਚਤਰ ਦਾਸ ਆਦਿ ਹਿੰਦੂ ਭਗਤ ਕਰ ਰਹੇ ਸਨ ਤੇ ਬਹੁਤ ਸਾਰੇ ਸੂਫ਼ੀ ਫਕੀਰ ਜਿਵੇਂ ਸ਼ਾਹ ਹੁਸੈਨ , ਸੁਲਤਾਨ ਬਾਹੂ , ਬੁਲੇ ਸ਼ਾਹ , ਵਜ਼ੀਦ , ਸ਼ਾਹ ਸ਼ਰਫ , ਸ਼ਾਹ ਲਤੀਫ , ਮੁਕਬਲ , ਬਰਖ਼ੁਰਦਾਰ ਆਦਿ ਰਹੱਸਵਾਦੀ ਕਵਿਤਾ ਲਿਖ ਰਹੇ ਸਨ।

ਇਨ੍ਹਾਂ ਸਾਰੇ ਭਗਤਾਂ ਤੇ ਫ਼ਕੀਰ ਕਵੀਆਂ ਦੇ ਉਦੇਸ਼ ਸੀ , ਮਨੁੱਖ ਨੂੰ ਮੋਹ ਮਾਇਆ , ਵਿਸ਼ੇ-ਵਿਕਾਰਾਂ ਆਦਿ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਨਾ ਦੇਣ ਤੇ ਪਰਮਾਤਮਾ ਦੀ ਭਗਤੀ ਕਰਨ ਲਈ ਉਤਸ਼ਾਹਿਤ ਕਰਕੇ ਪਰਮਾਤਮਾ ਨਾਲ ਇਕ-ਮਿਕਤਾ ਲਈ ਤਿਆਰ ਕਰਨਾ।

ਸਿੰਗਾਰ-ਕਾਵਿ ਤੇ ਪ੍ਰੇਮ-ਕਥਾ-ਕਾਵਿ 1708 ਈ. ਤਕ ਕਿੱਸਿਆਂ ਦੇ ਰੂਪ ਵਿਚ ਸ਼ਿੰਗਾਰ ਤੇ ਪ੍ਰੇਮ-ਕਹਾਣੀਆਂ ਵੀ ਕਾਫ਼ੀ ਮਾਤਰਾ ਵਿਚ ਲਿਖੀਆਂ ਜਾ ਚੁਕੀਆਂ ਸਨ। ਅਕਬਰ ਦੇ ਸਮਕਾਲੀ ਦਮੋਦਰ ਨੇ ' ਹੀਰ' ਲਿਖ ਕੇ ਇਸ ਪ੍ਰਕਾਰ ਦੇ ਕਾਵਿ ਦਾ ਪੰਜਾਬੀ ਸਾਹਿਤ ਆਰੰਭ ਕਰ ਦਿਤਾ। ਪੀਲੂ ਨੇ ਮਿਰਜ਼ਾ ਸਾਹਿਬਾਂ ਦਾ ਕਿੱਸਾ ਲਿਖਿਆ , ਹਾਫ਼ਜ਼ ਬਰਖੁਰਦਾਰ ਨੇ ( 1 ) ਸੱਸੀ ਪੁੰਨੂੰ , ( 2 ) ਮਿਰਜ਼ਾ ਸਾਹਿਬਾਂ , ( 3 ) ਯੂਜ਼ਫ਼ ਜੁਲੇਖਾਂ ਦੇ ਕਿੱਸੇ ਨਜ਼ਮਾਏ ਤੇ ਅਹਿਮਦ ਨੇ ਇਸੇ ਸਮੇਂ ' ਹੀਰ' ਦਾ ਕਿੱਸਾ ਲਿਖਿਆ।

ਇਨ੍ਹਾਂ ਕਿੱਸਿਆਂ ਦੀ ਭਾਸ਼ਾ ਪੰਜਾਬੀ ਹੈ। ਹਿੰਦੂ ਕਿੱਸਾਕਾਰਾਂ ਦੀ ਸ਼ਬਦਾਵਲੀ ਉਤੇ ਸੰਸਕ੍ਰਿਤ ਆਦਿ ਭਾਰਤੀ ਭਾਸ਼ਾਵਾਂ ਦਾ ਅਤੇ ਮੁਸਲਮਾਨ ਕਵੀਆਂ ਦੀ ਭਾਸ਼ਾ ਉਤੇ ਅਰਬੀ-ਫ਼ਾਰਸੀ ਬਦੇਸ਼ੀ ਭਾਸ਼ਾਵਾਂ ਦਾ ਡੂੰਘਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ ਪਰ ਇਹ ਭਾਸ਼ਾ ਪ੍ਰਚੱਲਿਤ ਲੋਕ ਭਾਸ਼ਾ ਦੇ ਬਹੁਤ ਨੇੜੇ ਹੈ , ਜਿਸ ਕਾਰਨ ਪੰਜਾਬੀਆਂ ਦਾ ਇਸ ਕਿੱਸਾ-ਕਾਵਿ ਨਾਲ ਬਹੁਤ ਸਨੇਹ ਹੈ।

1800 ਤੋਂ 1850 ਤਕ ਦੀ ਪੰਜਾਬੀ ਕਵਿਤਾ ਇਸ ਸਮੇਂ ਵਿਚ ਸਿੱਖਾਂ ਦੀ ਚੜ੍ਹਦੀ ਕਲਾ ਤੇ ਰਾਜ ਸਥਾਪਤੀ ਲਈ ਕੀਤੇ ਯੁੱਧਾਂ ਨੂੰ ਬੜੀ ਰੂਹ ਨਾਲ ਕਵੀਆਂ ਨੇ ਆਪਣੀ ਕਵਿਤਾ ਵਿਚ ਬਿਆਨਿਆ ਹੈ। ਦਿਆਲ ਸਿੰਘ , ਅਣਦ , ਕਾਦਰਯਾਰ , ਨਿਹਾਲ ਸਿੰਘ ਆਦਿ ਕਵੀਆਂ ਨੇ ਸਿੱਖਾਂ ਦੀ ਬਹਾਦਰੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਗੁਣ ਗਾਏ ਹਨ। ਸ਼ਾਹ ਮੁਹੰਮਦ ' ਜੰਗਨਾਮਾ' ਲਿਖ ਕੇ ਅਮਰੀ ਹੋ ਗਿਆ।

1850 ਤੋਂ 1900 ਤਕ ਦੀ ਪੰਜਾਬੀ ਕਵਿਤਾ , ਪੰਜਾਬੀ ਕਵਿਤਾ ਦੀ ਇਕ ਹਜ਼ਾਰ ਸਾਲ ਦੀ ਉਮਰ ਵਿਚ ਕਦੇ ਵੀ ਇਕ ਸੌ ਸਾਲ ਵਿਚ ਪੰਜਾਬੀ ਕਵਿਤਾ ਨੇ ਇੰਨੀ ਤੇਜ਼ੀ ਨਾਲ ਤਰੱਕੀ ਨਹੀਂ ਕੀਤੀ , ਜਿੰਨੀ ਤੇਜੀ ਨਾਲ ਪਿਛਲੇ ਸੌ ਸਾਲ ਵਿਚ ਕੀਤੀ ਹੈ। ਇਹ ਸੌ ਸਾਲ ਦਾ ਸਮਾਂ ਹੋਣੀਆਂ ਭਰਿਆ ਸਮਾਂ ਸੀ। ਇਸੇ ਸੌ ਸਾਲ ਵਿਚ ਪੰਜਾਬ ਗ਼ੁਲਾਮ ਹੋਇਆ। ਇਸੇ ਸੌ ਸਾਲ ਦੇ ਸਮੇਂ ਵਿਚ ਆਜ਼ਾਦੀ ਅਤੇ ਸਮਾਜਕ ਸੁਧਾਰ ਲਈ ਅੰਦੋਲਨ ਚਲੇ। ਇਸੇ ਸੌ ਸਾਲ ਵਿਚ ਦੇਸ਼ ਆਜ਼ਾਦ ਹੋਇਆ। ਇਸੇ ਸੌ ਸਾਲ ਦੇ ਅਰਸੇ ਵਿਚ ਪੰਜਾਬੀ ਸਾਹਿਤ ਦੁਨੀਆਂ ਦੀ ਸਭ ਤੋਂ ਅਮੀਰ ਜ਼ਬਾਨ ਅੰਗਰੇਜ਼ੀ ਦੇ ਸਾਹਿਤ ਦੇ ਪ੍ਰਭਾਵ ਹੇਠ ਆਇਆ। ਇਹ ਪ੍ਰਭਾਵ ਹੋਰ ਭਾਸ਼ਾਵਾਂ ਨਾਲੋਂ ਜ਼ਿਆਦਾ ਸੀ। ਇਕ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਤੇ ਦੂਜੇ ਦੇਸ਼ ਦੀਆਂ ਸਮਾਜਜੀ , ਰਾਜਸੀ ਤੇ ਆਰਥਕ ਲਹਿਰਾਂ ਨੇ ਪੰਜਾਬੀ ਸਾਹਿਤ ਦੀ ਸਮਰੱਥਾ ਤੇ ਸੰਭਾਵਨਾਵਾਂ ਨੂੰ ਵਧਾਇਆ। ਪੰਜਾਬੀ ਕਵਿਤਾ ਦੇ ਖੇਤਰ ਵਿਚ ਨਿੱਜੀ ਅਨੁਭਵ , ਨਿੱਜੀ ਭਾਵਾਂ ਦੀ ਅੰਤਰਮੁਖੀ ਕਵਿਤਾ ਲਿਖਣ ਦਾ ਰਿਵਾਜ ਵਧਿਆ। ਪ੍ਰੋ. ਪੂਰਨ ਸਿੰਘ ਦੀ ਰੋਮਾਂਟਿਕ ਕਵਿਤਾ , ਮੋਹਨ ਸਿੰਘ ਦੀ ਇਸਤਰੀ ਦੇ ਹੁਸਨ ਅਤੇ ਇਸ਼ਕ ਸਬੰਧੀ ਕਵਿਤਾ , ਅੰਮ੍ਰਿਤਾ ਦਾ ਇਸਤਰੀ-ਅਨੁਭਵ , ਸਫ਼ੀਰ ਦਾ ਇਸ਼ਕ ਦੀ ਰੋਸ਼ਨੀ ਵਿਚ ਬ੍ਰਹਿਮੰਡ ਦੇ ਭੇਤਾਂ ਨੂੰ ਸਮਝਣ ਦਾ ਜਤਨ , ਬਾਵਾ ਬਲਵੰਤ ਦਾ ਕ੍ਰਾਂਤੀਕਾਰੀ ਬੋਲ , ਭਾਈ ਵੀਰ ਸਿੰਘ ਦਾ ' ਮੇਰੇ ਸਾਈਆਂ ਜੀਉ' ਵਿਚਲਾ ਰਹੱਸਵਾਦੀ ਅਨੁਭਵ ਪੰਜਾਬੀ ਕਵਿਤਾ ਦੇ ਇਤਿਹਾਸਕ ਵਿਚ ਬਿਲਕੁਲ ਨਿਵੇਕਲੀਆਂ ਤੇ ਨਵੀਨ ਚੀਜ਼ਾਂ ਹਨ।

ਸੰਨ 1850 ਵਿਚ ਪੰਜਾਬ ਦੇ ਸਾਮਰਾਜੀ ਘੇਰੇ ਵਿਚ ਆ ਜਾਣ ਨਾਲ ਹੀ ਕਿੱਸਾ ਕਵਿਤਾ ਦਾ ਜੁੱਗ ਖ਼ਤਮ ਹੋ ਗਿਆ ਕਿਹਾ ਜਾ ਸਕਦਾ ਹੈ। ਨਵਾਂ ਕਾਲ ਸ਼ੁਰੂ ਹੋਣ ਨਾਲ ਪੁਰਾਣੇ ਰੂਪ ਇਕ ਦਮ ਮਿਟ ਨਹੀਂ ਜਾਂਦੇ। ਇਹ ਪਰਿਵਰਤਨ ਉਨ੍ਹੀਵੀਂ ਸਦੀ ਦੇ ਅੰਤਲੇ ਭਾਗ ਵਿਚ ਹੌਲੇ ਹੌਲੇ ਆਇਆ। ਇਸ ਕਾਲ ਵਿਚ ਫ਼ਜ਼ਲ ਸ਼ਾਹ , ਸੱਯਦ ਮੀਰਾਂ ਸ਼ਾਹ , ਹਦਾਇਤ ਉੱਲਾ , ਬੂਟਾ ਗੁਜਰਾਤੀ , ਕਿਸ਼ਨ ਸਿੰਘ ਆਰਫ਼ , ਭਗਵਾਨ ਸਿੰਘ , ਸੰਤ ਰੇਣ , ਮੌਲਾ ਬਖਸ਼ ਕੁਸ਼ਤਾ ਨੇ ਕਵਿਤਾ ਦੇ ਖੇਤਰ ਵਿਚ ਕਾਫ਼ੀ ਨਾਮਣਾ ਖੱਟਿਆ। ਫ਼ਜ਼ਲ ਸ਼ਾਹ ਨੇ ਤਾਂ ਸੋਹਣੀ ਲਿਖ ਕੇ ਪੁਰਾਣੇ ਕਿੱਸਿਆਂ ਨੂੰ ਮਾਤ ਪਾ ਦਿਤਾ।

ਵੀਹਵੀਂ ਸਦੀ ਦੇ ਪੰਜਾਬੀ ਕਵੀਆਂ ਵਿਚ ਭਾਈ ਵੀਰ ਸਿੰਘ , ਪ੍ਰੋ. ਮੋਹਨ ਸਿੰਘ , ਪ੍ਰੋ. ਪੂਰਨ ਸਿੰਘ , ਧਨੀ ਰਾਮ ਚਾਤ੍ਰਿਕ , ਕਿਰਪਾ ਸਾਗਰ , ਪ੍ਰੀਤਮ ਸਿੰਘ ਸਫ਼ੀਰ , ਅੰਮ੍ਰਿਤਾ ਪ੍ਰੀਤਮ , ਡਾ. ਮੋਹਨ ਸਿੰਘ ਦੀਵਾਨਾ , ਬਾਬਾ ਬਲਵੰਤ ਤੋਂ ਬਿਨਾਂ ਜੇ ਇਸ ਸਦੀ ਦੇ ਇਕ ਦਰਜਨ ਮੁਖੀ ਕਵੀਆਂ ਦੇ ਨਾਂ ਲੈਣੇ ਹੋਣ ਤਾਂ ਇਨ੍ਹਾਂ ਵਿਚ ਡਾ. ਦੀਵਾਨ ਸਿਘ ਕਾਲੇ ਪਾਣੀ , ਅਵਤਾਰ ਸਿੰਘ ਆਜ਼ਾਦ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਪ੍ਰਭਜੋਤ ਕੌਰ ਅਤੇ ਪਿਆਰਾ ਸਿੰਘ ਸਹਿਰਾਈ ਅਗਲੀ ਸਫ਼ ਵਿਚ ਆਉਣ ਵਾਲੇ ਦੋ ਕਵੀ ਹਨ। ਇਨ੍ਹਾਂ ਤੋਂ ਪਿਛੋਂ ਆਉਣ ਵਾਲੇ ਨਵੇਂ ਪੋਚ ਵਿਚ ਸੰਤੋਖ ਸਿੰਘ ਧੀਰ , ਅਜਾਇਬ ਚਿਤਰਕਾਰ , ਗੁਰਚਰਨ ਰਾਮਪੁਰੀ , ਸੁਰਜੀਤ ਰਾਮਪੁਰੀ , ਹਰਨਾਮ ਸਿੰਘ ਨਾਜ਼ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ। ਇਨ੍ਹਾਂ ਤੋਂ ਬਿਨਾਂ ਈਸ਼ਵਰ ਚਿਤਰਕਾਰ ਦਾ ਨਾਂ ਵੀ ਵਰਣਨਯੋਗ ਹੈ। ਈਸ਼ਵਰ ਚਿਤਰਕਾਰ ਨੇ ਪੰਜਾਬੀ ਵਿਚ ਮੌਲਾ ਬਖਸ਼ ਕੁਸ਼ਤਾ ਤੋਂ ਪਿਛੋਂ ਸ਼ਾਇਦ ਸਭ ਤੋਂ ਵਧ ਗਜ਼ਲਾਂ ਲਿਖੀਆਂ। ਇਨ੍ਹਾਂ ਤੋਂ ਬਿਨਾਂ ਹਰਦਿਆਲ ਸਿੰਘ ਸੀਕਰੀ , ਸੰਤ ਸਿੰਘ ਸੇਖੋਂ , ਚੰਨਣ ਸਿੰਘ ਜੇਠੂਵਾਲੀਆ , ਕਰਤਾਰ ਸਿੰਘ ਦੁੱਗਲ , ਡਾ. ਗੋਪਾਲ ਸਿੰਘ ਦਰਦੀ , ਨਰਿੰਦਰਪਾਲ ਸਿੰਘ ਨੇ ਵੀ ਕਵਿਤਾ ਲਿਖੀ ਹੈ। ਗਿਆਨੀ ਹੀਰਾ ਸਿੰਘ ਦਰਦ ਤੇ ਚਰਨ ਸਿੰਘ ਸ਼ਹੀਦਾ ਨੇ ਕਵੀਤਾ ਲਿਖਣੀ ਅਕਾਲੀ ਲਹਿਰ ਤੋਂ ਪਹਿਲਾਂ ਸ਼ੁਰੂ ਕੀਤੀ ਸੀ।

ਇਸੇ ਦੌਰਾਨ ਕਲਕੱਤੇ ਵਿਚ ਚਲਦੀ ' ਕਵੀ ਕੁਟੀਆਂ' ਨੇ ਕਵਿਤਾ ਦੇ ਵਿਕਾਸ ਵਿਚ ਇਕ ਵਿਸ਼ੇਸ਼ ਹਿੱਸਾ ਪਾਇਆ। ਇਹ ਲੋਕ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ ਪਾਉਂਦੇ ਰਹੇ ਅਤੇ ਕਵਿਤਾ ਨੂੰ ਅਗੇ ਤੋਰਦੇ ਰਹੇ। ਇਨ੍ਹਾਂ ਵਿਚ ਮੁਨਸ਼ਾ ਸਿੰਘ ਦੁਖੀ , ਸੁਦਾਗਰ ਸਿੰਘ ਭਿਖਾਰੀ ਅਤੇ ਗੁਰਦਿੱਤਾ ਖੰਨਾ ਦੇ ਨਾਂ ਵਿਸ਼ੇਸ਼ ਵਰਣਨਯੋਗ ਹਨ।

ਦਰਬਾਰੀ ਕਵੀਆਂ ਦੇ ਪਹਿਲੇ ਪੋਚ ਵਿਚ ਕੁਸ਼ਤਾ , ਫ਼ੀਰੋਜ਼ਦੀਨ ਸ਼ਰਫ਼ , ਹਮਦਮ , ਚਾਤ੍ਰਿਕ , ਦਰਦ , ਮੁਸਾਫਰ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ। ਅਗਲੇ ਪੋਚ ਵਿਚ ਦਰਸ਼ਨ ਸਿੰਘ ਅਵਾਰਾ , ਵਿਧਾਤਾ ਸਿੰਘ ਤੀਰ , ਨੰਦ ਲਾਲ ਨੂਰਪੁਰੀ , ਕਰਤਾਰ ਸਿੰਘ ਬਲੱਗਣ , ਗੁਰਦਿਤ ਸਿੰਘ ਕੁੰਦਨ , ਤੇਜਾ ਸਿੰਘ ਸਾਬਰ , ਡਾਕਟਰ ਫ਼ਕੀਰ , ਮੁਹੰਮਦ ਫਕੀਰ ਲਾਹੌਰ ਵਾਲੇ , ਦਾਮਨ ਲਾਹੌਰ , ਹਜ਼ਾਰਾ ਸਿੰਘ ਗੁਰਦਾਸਪੁਰੀ , ਬਿਸ਼ਨ ਸਿੰਘ ਉਪਾਸ਼ਕ , ਗੁਰਦੇਵ ਸਿੰਘ ਮਾਨ , ਇੰਦਰਜੀਤ ਸਿੰਘ ਤੁਲਸੀ , ਸਾਧੂ ਸਿੰਘ ਹਰਮਦਰਦ , ਈਸ਼ਰ ਸਿੰਘ ਈਸ਼ਰ , ਹਰਸਾ ਸਿੰਘ ਚਾਤਰ , ਗੁਰਨਾਮ ਸਿੰਘ ਤੀਰ ਸ਼ਾਮਲ ਕੀਤੇ ਜਾ ਸਕਦੇ ਹਨ। ਈਸ਼ਰ ਤੇ ਗੁਰਨਾਮ ਸਿੰਘ ਤੀਰ ਨੇ ਹਾਸ ਰਸ ਨੂੰ ਪੰਜਾਬੀ ਕਵਿਤਾ ਵਿਚ ਜਿਉਂਦੇ ਰੱਖਣ ਦਾ ਜਤਨ ਕੀਤਾ ਹੈ। ਚਾਤਰ ਤੇ ਗੁਰਦਾਸਪੁਰੀ ਨੇ ਚੰਗੀਆਂ ਵਾਰਾਂ ਲਿਖੀਆਂ ਹਨ।

ਪੰਡਤ ਕਿਸ਼ੋਰ ਚੰਦ , ਚਾਤ੍ਰਿਕ , ਕਰਤਾਰ ਸਿੰਘ ਕਲਾਸਵਾਲੀਆ , ਵਿਧਾਤਾ ਸਿੰਘ ਤੀਰ , ਸੋਹਣ ਸਿੰਘ ਘੁਕੇਵਾਲੀਆ ਤੇ ਹੋਰ ਬਹੁਤ ਸਾਰੇ ਕਵੀਸ਼ਰਾਂ ਨੇ ਕਿੱਸੇ ਅਤੇ ਕਿੱਸਾ-ਨੁਮਾ ਕਥਾ-ਕਾਵਿ ਲਿਖ ਕੇ ਇਸ ਮਰ ਰਹੇ ਕਾਵਿ-ਰੂਪ ਨੂੰ ਜੀਉਂਦਾ ਰੱਖਣ ਦਾ ਜਤਨ ਕੀਤਾ ਹੈ।

ਪੰਜਾਬੀ ਕਵਿਤਾ ਵਿਚ ਸੁਤੰਤਰਤਾ ਤੋਂ ਬਾਅਦ ਕੁਝ ਨਵੇਂ ਝੁਆਕ ਆਏ। ਨਵੀਂ ਪੀੜੀ ਵਿਚੋਂ ਪ੍ਰੀਤਮ ਸਿੰਘ ਸਫ਼ੀਰ ਆਪਣੇ ਚਾਰ ਸੰਗ੍ਰਹਿ ' ਕੱਤਕ ਕੂੰਜਾਂ' , ' ਪਾਪ ਦਾ ਸੋਹਿਲਾ' , ' ਰਾਗ ਰਿਸ਼ਮਾਂ' ਤੇ ' ਰਕਤ ਬੂੰਦਾਂ' ਪ੍ਰਕਾਸ਼ਿਤ ਕਰ ਚੁੱਕਾ ਸੀ। ' ਰਕਤ ਬੂੰਦਾਂ' ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਆਪਣੀ ਕਾਵਿ ਪ੍ਰਾਪਤੀ ਦੀ ਸਿਖ਼ਰ ਛੋਹ ਚੁੱਕਾ ਸੀ। ਸੁਤੰਤਰਤਾ ਤੋਂ ਗਿਆਰਾ ਸਾਲ ਪਿਛੋਂ 1958 ਵਿਚ ਆ ਕੇ ਉਸਨੇ ਆਪਣੇ ਅਗਲੇ ਦੋ ਕਾਵਿ ਸੰਗ੍ਰਹਿ ' ਆਦਿ ਜੁਗਾਦਿ' ਤੇ ' ਸਰਬਕਲਾ' ਪੰਜਾਬੀ ਕਵਿਤਾ ਨੂੰ ਦਿੱਤੇ ਹਨ। ਇਸ ਪੋਚ ਵਿਚੋਂ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਪ੍ਰਾਪਤੀ ਦੇ ਘਰ ਵਿਚ ਪਹੁੰਚ ਚੁੱਕੇ ਸਨ। ਬਾਬਾ ਬਲਵੰਤ ਸੁਤੰਤਰਾ ਤੋਂ ਪਹਿਲੇ ਆਪਣੇ ਦੋ ਸੰਗ੍ਰਹਿ ' ਮਹਾਂ ਨਾਚ' ਤੇ ' ਅਮਰ ਗੀਤ' ਦੇ ਚੁੱਕਾ ਸੀ , ਜਿਨ੍ਹਾ ਵਿਚ ਉਸ ਦੀ ਕਵਿਤਾ ਆਪਣੀ ਸੇਧ ਪਕੜ ਚੁੱਕੀ ਸੀ। ਸੁਤੰਤਰਾ ਤੋਂ ਪਿਛੋਂ ' ਜਵਾਲਾ ਮੁੱਖੀ' , ' ਬੰਦਰਗਾਹ' ਤੇ ' ਸੁਗੰਧ ਸੁਮੀਰ' ਸੰਗ੍ਰਹਿ ਉਸ ਨੇ ਪੰਜਾਬੀ ਕਵਿਤਾ ਨੂੰ ਪ੍ਰਦਾਨ ਕੀਤੇ ਹਨ , ਜਿਨ੍ਹਾਂ ਦਾ ਪ੍ਰਾਪਤੀ ਪੱਧਰ ਪਹਿਲਾਂ ਜਿਤਨਾ ਹੀ ਪ੍ਰਤੀਤ ਹੁੰਦਾ ਹੈ।

ਉਸ ਸਮੇਂ ਦੇ ਨੌਜਵਾਨ ਕਵੀ ' ਪ੍ਰਭਜੋਤ' ਤੇ ' ਸੰਤੋਖ ਸਿੰਘ ਧੀਰ' ਕਵਿਤਾ ਦੇ ਖੇਤਰ ਵਿਚ ਪ੍ਰਵੇਸ਼ ਕਰ ਚੁੱਕੇ ਸਨ। ਇਨ੍ਹਾਂ ਤੋਂ ਪਿਛੋਂ ਨਵੀਂ ਪੀੜ੍ਹੀ ਦੇ ਜਿਨ੍ਹਾਂ ਕਵੀਆਂ ਨੇ ਇਸ ਖੇਤਰ ਵਿਚ ਕੋਈ ਪ੍ਰਾਪਤੀ ਕੀਤੀ ਹੈ , ਉਨ੍ਹਾਂ ਵਿਚ ਪ੍ਰੋ. ਦੀਵਾਨ ਸਿੰਘ , ਡਾ. ਹਰਿਭਜਨ ਸਿੰਘ , ਤਖ਼ਤ ਸਿੰਘ , ਡਾ. ਜਸਵੰਤ ਸਿੰਘ ਨੇਕੀ ਤੇ ਤਾਰਾ ਸਿੰਘ ਕੋਮਲ ਦੇ ਨਾਂ ਵਰਣਨਯੋਗ ਹਨ।

ਇਨ੍ਹਾਂ ਦੇ ਨਾਲ ਹੀ ਜਸਵੰਤ ਰਾਹੀ , ਸੁਰਜੀਤ ਰਾਮਪੁਰੀ , ਗੁਰਚਰਨ ਰਾਮਪੁਰੀ ਤੇ ਅਮਰ ਚਿੱਤਰਕਾਰ ਆਦਿ ਕਵੀ ਵੀ ਸ੍ਰੇਸ਼ਟ ਰਚਨਾਵਾਂ ਦੇ ਰਹੇ ਹਨ।

ਸ਼ਿਵ ਕੁਮਾਰ ਬਟਾਲਵੀ , ਜਗਤਾਰ , ਸ. ਸ. ਮੀਸ਼ਾ ਤੇ ਤਾਰਾ ਸਿੰਘ ਵੱਖਰੀ ਭਾਂਤ ਦੇ ਕਵੀ ਹਨ। ਉਹ ਹਜੂਮ ਵਿਚ ਨਹੀਂ ਰਲੇ , ਉਨ੍ਹਾਂ ਨੇ ਨਾਅਰਿਆਂ ਦਾ ਸਾਥ ਨਹੀਂ ਦਿੱਤਾ ਪਰ ਤਾਂ ਵੀ ਉਨ੍ਹਾਂ ਦੀ ਕਵਿਤਾ ਵਿਚ ਸਮਾਜਕ ਤੇ ਨਿਜੀ ਭਾਵਨਾ ਦਾ ਸੁਮਿਸ਼ਰਣ ਮਿਲਦਾ ਹੈ।

ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਦੇ ਖੇਤਰ ਵਿਚ ਡਾ. ਰਾਜਿੰਦਰ ਪਾਲ ਸਿੰਘ ਦੀ ਪੰਜਾਬੀ ਅਕਾਦਮੀ, ਦਿੱਲੀ ਵਲੋਂ ਪ੍ਰਕਾਸ਼ਿਤ ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਬਹੁਤ ਮਹੱਤਵਪੂਰਨ ਪੁਸਤਕ ਹੈ। ਇਸ ਪੁਸਤਕ ਵਿਚ ਡਾ. ਰਾਜਿੰਦਰ ਪਾਲ ਸਿੰਘ ਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਹੇਠ ਲਿਖੇ ਭਾਗਾਂ ਵਿਚ ਵੰਡ ਕੇ ਪੇਸ਼ ਕੀਤਾ ਹੈ।

**<u>ਮੁੱਢਲਾ ਬਸਤੀਵਾਦੀ ਕਾਲ</u>**

ਇਹ ਕਾਲ ਧਾਰਮਿਕ, ਰਾਜਸੀ ਕਾਰਨਾਂ ਪੱਖੋ ਵਿਸ਼ੇਸ਼ਤਾ ਰੱਖਦਾ ਹੈ।ਅੰਗਰੇਜਾਂ ਦੇ ਆਉਣ ਨਾਲ ਆਈਆਂ ਤਬਦੀਲੀਆਂ ਨਵੀਂ ਸਿਖਿਆ ਪ੍ਰਣਾਲੀ ਮੁੱਢਲੇ ਕਾਲ ਦਾ ਆਰੰਭ ਬੰਨਦੀਆਂ ਹਨ। ਇਸ ਸਮੇਂ ਸਿੱਖਿਆ ਪੁਸਤਕਾਂ ਆਧੁਨਿਕ ਚੇਤਨਾ ਦੇ ਪਸਾਰ ਲਈ ਲਿਖੀਆਂ ਗਈਆਂ ਸਨ।ਇਸ ਸਮੇਂ 1850 -1870 ਧਰਮ ਸੁਧਾਰ ਲਹਿਰ ਪੈਦਾ ਹੋਈ। ਦੂਜੀ ਵੱਡੀ ਲਹਿਰ ਨਾਮਧਾਰੀ ਲਹਿਰ ਪੈਦਾ ਹੋਈ। ਇਸ ਕਾਲ ਚ ਕਿੱਸਾ ਕਾਵਿ ਧਾਰਾ ਰੁਮਾਂਟਿਕ ਪ੍ਰਵਿਰਤੀ ਵਿੱਚ ਸਾਹਮਣੇ ਆਉਦੀ ਹੈ।ਮਾਹੀ ਕੰਬੋ, ਮੋਲਣੀ ਅਨਦੁਸਤਾਰ, ਫਜਲ ਸ਼ਾਹ, ਮੀਆਂ ਮੁਹੰਮਦ ਬਖਸ਼, ਕਿਸ਼ਨ ਸਿੰਘ ਆਰਿਫ, ਭਗਵਾਨ ਸਿੰਘ ਕਾਵਿ ਆਲੋਚਕਾਂ ਨੇ ਇਹਨਾਂ ਕਵੀਆਂ ਨਾਲ ਇਨਸਾਫ ਨਹੀਂ ਕੀਤਾ ਕਿਉਕਿ ਉਹ ਆਪ ਪੱਛਮੀ ਢੰਗ ਦੇ ਅਲੋਚਕ ਸਨ। ਇਸ ਨੰੂ ਰਵਾਇਤੀ ਕਵਿਤਾ ਕਹਿ ਕੇ ਛੱਡ ਦਿੱਤਾ ਪਰ ਇਸ ਕਿਤਾਬ ਚ ਇਹਨਾਂ ਕਵੀਆਂ ਬਾਰੇ ਜਾਣਕਾਰੀ ਦਿੱਤੀ ਹੈ ਤੇ ਇਨਾਂ ਦੀ ਕਲਾ ਕਵਿਤਾ ਵਿਸ਼ਿਆਂ ਬਾਰੇ ਦੱਸਿਆ ਗਿਆ ਹੈ। ਵਾਰ ਕਾਵਿ ਵਿੱਚ ਇਸ ਸਮੇ ਕਾਹਨ ਸਿੰਘ ਬੰਗਾ,ਮਟਕ, ਕਵੀ ਸੋਭਾ, ਖਜਾਨ ਸਿੰਘ,ਆਦਿ ਕਵੀਆਂ ਬਾਰੇ ਦੱਸਿਆ ਗਿਆ ਹੈ। ਧਾਰਮਿਕ ਕਾਵਿ ਵਿੱਚ ਮੀਰਾ ਸ਼ਾਹ ਜਲੰਧਰੀ,ਖਵਾਜਾ ਗੁਲਾਮ ਫਰੀਦ,ਇਮਾਮ ਬਖਸ਼,ਨੂਰ ਮੁਹੰਮਦ ਨੂਰ,ਆਦਿ ਕਵੀਆਂ ਦੇ ਨਾਵਾਂ ਨੂ ਇਸ ਪੁਸਤਕ ਚ ਦਰਜ ਕੀਤਾ ਗਿਆ ਹੈ। ਇਸ ਕਾਲ ਵਿੱਚ ਸਟੇਜੀ ਕਵਿਤਾ ਸ਼ੁਰੂ ਹੁੰਦੀ ਹੈ।1872-73 ਵਿਚ ਇਸਦਾ ਅਰੰਭ ਹੋਇਆ।ਇਹ ਕਵੀ ਦਰਬਾਰ ਪਿਰਤ ਸਰਕਾਰੀ ਸਰਪ੍ਰਸਤੀ ਹੇਠ ਸ਼ੁਰੂ ਹੋਈ।

**<u>ਬਸਤੀਵਾਦੀ ਕਾਲ</u>**

ਇਸ ਕਾਲ ਦਾ ਸਮਾਂ 1900 -1947ਤੱਕ ਰੱਖਿਆ ਗਿਆ ਹੈ ਜੋ ਕਿ ਇਤਿਹਾਸ ਦਾ ਬਹੁਤ ਹੀ ਮਹੱਤਵਪੂਰਨ ਸਮਾਂ ਹੈ।ਇਸ ਕਾਲ ਚ ਜਿਆਦਾ ਕਵਿਤਾ ਲਹਿਰਾਂ ਚ ਪੈਦਾ ਹੋਈ।ਖਿਲਾਫਤ ਲਹਿਰ, ਬੱਬਰ ਅਕਾਲੀ ਲਹਿਰ, ਕੌਮੀ ਆਜਾਦੀ ਦੀ ਲਹਿਰ,। ਇਸ ਸਮੇਂ ਕਿਸਾਕਾਰੀ ਵੀ ਜਾਰੀ ਰਹੀ। ਸਟੇਜੀ ਕਾਵਿ ਇਸ ਕਾਲ ਚ ਰੰਗ ਫੜਦਾ ਹੈ। ਸਟੇਜੀ ਕਾਵਿ ਦੇ ਤਿੰਨ ਪੜਾਅ ਕੀਤੇ ਗਏ ਹਨ। ਮੁੱਢਲਾ ਕਾਲ, ਪ੍ਰਫੁੱਲਤ ਕਾਲ, ਸੁਤੰਤਰਤਾ ਉਪਰੰਤ ਕਾਲ ਤੋ ਅੱਗੇ। ਇਸ ਕਾਲ ਚ ਲਿਖੀ ਗਈ ਨਵੀਂ ਪੰਜਾਬੀ ਕਵਿਤਾ ਦੀ ਪ੍ਰਧਾਨਤਾ ਕਾਰਨ ਹਾਸ਼ੀਏ ਤੇ ਧੱਕੀ ਪੰਜਾਬੀ ਕਵਿਤਾ ਦਾ ਚਾਨਣਾ ਪਾਇਆ ਹੈ ਅਤੇ ਇਨਾਂ ਸਾਰੇ ਕਵੀਆਂ ਬਾਰੇ ਦੱਸਿਆ ਹੈ। ਨਵੀ ਪੰਜਾਬੀ ਕਵਿਤਾ ਦੀਆਂ ਦੋ ਪੀੜੀਆਂ ਹਨ। ਪਹਿਲੀ ਚ ਭਾਰੀ ਵੀਰ ਸਿੰਘ, ਪੂਰਨ ਸਿੰਘ, ਲਾਲਾ ਕਿਰਪਾ ਸਾਗਰ, ਅਤੇ ਦੂਜੀ ਚ ਮੋਹਨ ਸਿੰਘ, ਅਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਹਨ।

**<u>ਉੱਤਰ ਬਸਤੀਵਾਦੀ</u>**

ਇਸ ਕਾਲ ਵਿੱਚ ਦੇਸ਼ ਵੰਡ ਤੋ ਬਾਅਦ ਪ੍ਰਯੋਗਸ਼ੀਲ ਲਹਿਰ, ਨਕਸਲਵਾੜੀ ਲਹਿਰ, ਪੰਜਾਬ ਸੰਕਟ, ਲਹਿਰਾਂ ਅਧੀਨ ਕਵੀ ਪੈਦਾ ਹੋਏ।ਪੰਜਾਬੀ ਕਵਿਤਾ ਨੇ ਨਵਾਂ ਰੰਗ ਫੜਿਆ।1990 ਤੋ ਬਾਅਦ ਨਵ ਬਸਤੀਵਾਦ ਜਾਂ ਉੱਤਰ ਆਧੁਨਿਕਤਾ ਜਾਂ ਸਮਕਾਲੀ ਦੌਰ ਦੀ ਪਰਵਾਸੀ, ਪਾਕਿਸਤਾਨੀ ਕਵਿਤਾ ਹੋਦ ਚ ਆਈ। ਪ੍ਰਗਤੀਸ਼ੀਲ ਕਵਿਤਾ ਚ ਗੁਰਚਰਨ ਰਾਮਪੁਰੀ, ਹਰਭਜਨ ਹੁੰਦਲ, ਜਹਤਾਰ, ਪ੍ਰੀਤਮ ਸਿੰਘ ਰਾਹੀ, ਆਦਿ ਕਵੀ ਵਰਣਨ ਕੀਤੇ ਹਨ। ਸਟੇਜੀ ਕਵੀਆਂ ਬਾਰੇ ਵੀ ਦੱਸਿਆ ਗਿਆ ਹੈ। ਇਸ ਦੌਰ ਵਿੱਚ ਹਜਾਰਾ ਸਿੰਘ ਗੁਰਦਾਸਪੁਰੀ, ਇੰਦਰਜੀਤ ਹਸਨਪੁਰੀ, ਆਦਿ ਨਾਮ ਆਉਂਦੇ ਹਨ। ਪ੍ਰਯੋਗਸ਼ੀਲ ਲਹਿਰ ਦਾ ਆਰੰਭ ਤਾਂ ਜਸਵੀਰ ਸਿੰਘ ਆਹਲੀਵਾਲੀਆ ਦੀ ਅਗਵਾਈ ਹੇਠ ਡਲਹੋਜੀ 1961 ਵਿੱਚ ਹੋਏ ਸੈਮੀਨਾਰ ਤੋਂ ਮੰਨਿਆ ਜਾਂਦਾ ਹੈ। ਇਹ ਲਹਿਰ 1960 -70 ਤੱਕ ਚੱਲੀ। ਅਜਾਇਬ ਕਮਲ, ਸੁਖਪਾਲਵੀਰ ਹਸਰਤ, ਰਵਿੰਦਰ ਰਵੀ, ਆਦਿ ਕਵੀਆਂ ਦੇ ਨਾਂ ਵਰਣਨ ਕੀਤੇ ਗਏ ਹਨ। ਅਧੁਨਿਕ ਪੰਜਾਬੀ ਕਵਿਤਾ ਦੇ ਅਧੀਨ ਡਾ. ਹਰਭਜਨ ਸਿੰਘ, ਜਸਵੰਤ ਸਿੰਘ ਨੇਕੀ,ਸ਼ਿਵ ਕੁਮਾਰ ਬਟਾਲਵੀ, ਆਦਿ ਕਵੀਆਂ ਨੰੂ ਰੱਖਿਆ ਹੈ। ਜੁਝਾਰਵਾਦੀ ਪ੍ਰਵਿਰਤੀ ਦੇ ਬਹੁਤ ਸਾਰੇ ਕਵੀ ਪ੍ਰਸਿੱਧ ਹੋਏ ਜਿਨਾਂ ਵਿੱਚ ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਅਮਰਜੀਤ ਚੰਦਨ, ਹਰਭਜਨ ਸਿੰਘ ਹਲਵਾਰਵੀ, ਅਵਤਾਰ ਪਾਸ਼ ਆਦਿ ਕਵੀਆਂ ਦਾ ਵਰਣਨ ਕੀਤਾ ਹੈ। ਇਸ ਸਮੇਂ ਦੇ ਕੱੁਝ ਹੋਰ ਕਵੀ ਜੋ ਪ੍ਰਮੱੁਖ ਕਵੀਆਂ ਦੀ ਗਿਣਤੀ ਵਿੱਚ ਆਉਂਦੇ ਹਨ ਜਿਵੇਂ ਕੇਸਰ ਸਿੰਘ ਅਤੇ ਸੁਰਜੀਤ ਪਾਤਰ ਦਾ ਨਾਮ ਆਉਂਦਾ ਹੈ। ਪੰਜਾਬ ਸੰਕਟ ਅਧੀਨ ਇਹਨਾਂ ਕਵੀਆਂ ਦੇ ਨਾਮ ਹਨ ਜਿਨਾਂ ਨੇ ਉਸ ਸਮੇਂ ਕਵਿਤਾ ਲਿਖੀ।

ਅੱਜਕਲ ਪਰਵਾਸੀ ਸ਼ਾਇਰੀ ਵਿਚ ਨਵਾਂ ਨਾਂ ਡਾ ਅਮਰਜੀਤ ਟਾਂਡਾ ਦਾ ਹੈ। ਉਹਨਾਂ 8 ਕਿਤਾਬਾਂ ਨਜ਼ਮਾਂ ਚ ਤੇ ਇੱਕ ਹਿੰਦੀ ਵਿੱਚ ਨਜ਼ਮਾਂ ਦੀ ਕਿਤਾਬ ਦੇ ਨਾਲ ਹੀ ਇੱਕ ਨਾਵਲ "ਨੀਲਾ ਸੁੱਕਾ ਸਮੁੰਦਰ" ਨਵੀਨ ਕਾਵਿਕ ਵਾਰਤਕ ਵਿਧੀ ਚ ਪਾਠਕਾਂ ਦੀ ਝੋਲੀ ਪਾਇਆ ਹੈ। ਉਹ ਨਜ਼ਮ ਦੇ ਸ਼ਾਇਰ ਹਨ। ਹਿੰਦੀ ਚ ਵੀ ਛਪ ਚੁੱਕੇ ਹਨ।

**<u>ਪਾਕਿਸਤਾਨੀ ਪੰਜਾਬੀ ਕਵਿਤਾ</u>**

ਇਸ ਵਿੱਚ ਪਾਕਿਸਤਾਨੀ ਪੰਜਾਬੀ ਕਵਿਤਾ ਦੀ ਇਤਿਹਾਸਕਾਰੀ ਵਿੱਚ 1947 ਦੀ ਦੇਸ਼ ਵੰਡ ਨੰੂ ਅਹਿਮ ਬਿੰਦੂ ਮੰਨਿਆ ਜਾ ਸਕਦਾ ਹੈ।ਦੇਸ਼ ਵੰਡ ਤੋ ਪਹਿਲਾ ਦਾ ਪੰਜਾਬੀ ਸਾਹਿਤ ਸੰਯੁਕਤ ਹੀ ਸੀ। ਪਾਕਿਸਤਾਨੀ ਪੰਜਾਬੀ ਕਵਿਤਾ ਦੀ ਇਤਿਹਾਸਕਾਰੀ ਕਰਨ ਸਮੇਂ ਕਈ ਸਮੱਸਿਆਵਾਂ ਆਉਂਦੀਆਂ ਹਨ। ਪਹਿਲੀ ਸਮੱਸਿਆ ਪੁਸਤਕ ਪ੍ਰਾਪਤੀ ਦੀ ਹੈ ਅਤੇ ਦੂਜੀ ਲਿਪੀ ਦੀ ਹੈ। ਫਿਰ ਵੀ ਇਸ ਪੁਸਤਕ ਵਿੱਚ ਤਕਰੀਬਨ ਬਹੁਤ ਸਾਰੇ ਪਾਕਿਸਤਾਨੀ ਪੰਜਾਬੀ ਸਾਹਿਤ ਨੰੂ ਬਿਆਨ ਕੀਤਾ ਗਿਆ ਹੈ।ਫੈਜ ਅਹਿਮਦ ਫੈਜ, ਸ਼ਰੀਫ ਕੰੁਜਾਹੀ, ਤਨਵੀਰ ਬੁਖਾਰੀ, ਨਜਮ ਹੁਸੈਨ ਸੱਯਦ ਆਦਿ ਕਵੀਆਂ ਬਾਰੇ ਚੰਗੀ ਤਰਾਂ ਲਿਖਿਆ ਗਿਆ ਹੈ। ਲੇਖਕ ਨੇ ਇਸ ਕਵਿਤਾ ਨੰੂ ਚਾਰ ਪੜਾਵਾਂ ਵਿੱਚ ਵੰਡਿਆ ਹੈ। ਪਹਿਲਾ ਪੜਾਅ ਜਿਸ ਵਿੱਚ ਆਜਾਦੀ ਦੀ ਖੁਸ਼ੀ ਦੀ ਕਵਿਤਾ ਅਤੇ ਦੂਜੇ ਪਾਸੇ ਇਸੇ ਹੀ ਦੌਰ ਚ ਵਿਛੋੜੇ ਦਾ ਦਰਦ ਪੇਸ਼ ਕੀਤਾ ਗਿਆ ਹੈ। ਦੂਜੇ ਪੜਾਅ ਵਿੱਚ ਟੱੁਟੇ ਸੁਪਨਿਆਂ ਦੌਰਾਨ ਲਿਖੀ ਕਵਿਤਾ ਆਉਦੀ ਹੈ। ਤੀਜੇ ਦੌਰ ਚ ਜਦੋ ਪੰਜਾਬੀ ਨੰੂ ਮਾਨਤਾ ਪ੍ਰਾਪਤ ਹੋਈ ਨਵੇਂ ਕਾਵਿ ਰੂਪ ਲਿਖੇ ਗਏ। ਚੌਥਾ ਦੌਰ ਸਮਕਾਲੀ ਰੱਖਿਆ ਗਿਆ ਹੈ ਜਿਸ ਵਿੱਚ ਕਵਿਤਰੀਆਂ ਬਦਲ ਰਹੇ ਮਹੌਲ ਬਾਰੇ ਲਿਖਦੀਆਂ ਹਨ। ਅੱਜ ਦੋਹਾਂ ਪਾਸੇ ਕਵਿਤਾ ਦਾ ਲਿਪਿਆਂਤਰ ਹੋਣ ਲੱਗਾ ਹੈ ਜੋ ਪੰਜਾਬੀ ਸ਼ਾਇਰੀ ਦਾ ਨਵਾਂ ਰੁਝਾਨ ਹੈ।

**<u>ਪਰਵਾਸੀ ਪੰਜਾਬੀ ਕਵਿਤਾ</u>**

ਪਰਵਾਸੀ ਕਵਿਤਾ ਕੋਈ ਪ੍ਰਮੁਖ ਧਾਰਾ ਨਹੀਂ ਸਗੋਂ ਪੰਜਾਬੀ ਕਵਿਤਾ ਅੰਦਰ ਵਿਚਰਦੀਆਂ ਸਮਾਨਾਂਤਰ ਧਾਰਾਵਾਂ ਵਿੱਚੋ ਇਕ ਹੈ। ਇਹ ਵਿਦੇਸ਼ੀ ਧਰਤੀ ਤੇ ਰਹਿੰਦੇ ਕਵੀਆਂ ਵੱਲੋਂ ਲਿਖੀ ਕਵਿਤਾ ਹੈ। ਜਿਸ ਵਿੱਚ ਇਹਨਾਂ ਦੀਆਂ ਆਪਣੀਆ ਸਮੱਸਿਆਵਾਂ ਹਨ। ਸਾਰੀ ਪਰਵਾਸੀ ਕਵਿਤਾ ਇੱਕੋ ਜਿਹੀ ਨਹੀਂ ਹੈ। ਲੇਖਕ ਦੁਆਰਾ ਇਹ ਵੀ ਦੱਸਿਆ ਗਿਆ ਹੈ ਕਿ ਕਿਸ ਪ੍ਰਵਾਸੀ ਪੰਜਾਬੀ ਕਵਿਤਾ ਚ ਕਿਹੜੇ ਸ਼ਬਦਾਂ ਕਾਵਿ ਰੂਪਾਂ ਦਾ ਰੁਝਾਨ ਹੈ। ਕਿਹੜੇ ਕਿਹੜੇ ਦੇਸ਼ਾ ਵਿੱਚ ਕਿਹੜੇ ਕਵੀ ਲਿਖ ਰਹੇ ਹਨ ਉਨਾਂ ਬਾਰੇ ਦੱਸਿਆ ਗਿਆ ਹੈ। ਦਰਸ਼ਨ ਸਿੰਘ ਗਿਆਨੀ, ਬੇਅੰਤ ਸਬਰਾ, ਨਵਤੇਜ ਭਾਰਤੀ, ਸਾਧੂ ਬਿਨਿੰਗ ਆਦਿ ਕਵੀਆਂ ਬਾਰੇ ਦੱਸਿਆ ਗਿਆ ਹੈ।

ਪਰਵਾਸੀ ਸ਼ਾਇਰੀ ਵਿਚ ਆਸਟ੍ਰੇਲੀਆ ਤੋਂ ਸੱਭ ਤੋਂ ਮੂਹਰੇ ਨਾਂ ਡਾ ਅਮਰਜੀਤ ਟਾਂਡਾ ਦਾ ਹੈ। ਉਹਨਾਂ 8 ਕਿਤਾਬਾਂ ਨਜ਼ਮਾਂ ਚ ਤੇ ਇੱਕ ਹਿੰਦੀ ਵਿੱਚ ਨਜ਼ਮਾਂ ਦੀ ਕਿਤਾਬ ਦੇ ਨਾਲ ਹੀ ਇੱਕ ਨਾਵਲ ਨਵੀਨ ਵਿਧੀ ਚ ਪਾਠਕਾਂ ਦੀ ਝੋਲੀ ਪਾਇਆ ਹੈ। ਉਹਨਾਂ ਦੀ ਨਜ਼ਮ ਚ ਸ਼ਾਇਰੀ ਹੈ।

## <u>ਸਾਰ-ਅੰਸ਼:</u>

ਇਨ੍ਹਾ ਤੋਂ ਇਲਾਵਾ ਗੁਲਵੰਤ , ਕਰਮਜੀਤ , ਰਣਧੀਰ ਚੰਦ , ਵਰਿਆਮ ਅਸਰ , ਸੁਰਿੰਦਰ ਗਿੱਲ , ਗੁਰਦਾਸਪੁਰੀ , ਡਾ. ਗੁਰਚਰਨ ਸਿੰਘ , ਖੁਰਸ਼ੀਦ , ਇਮਰੋਜ਼ , ਸੁਰਜੀਤ ਪਾਤਰ , ਦੇਵ ਆਦਿ ਕਵੀ ਕਿਸੇ ਕਾਲ ਵਿਚ ਪ੍ਰਫੁਲਤ ਹੋਏ ਹਨ ਤੇ ਯਥਾ ਸ਼ਕਤੀ ਵਿਕਾਸ ਕਰਨ ਦੇ ਯਤਨ ਵਿਚ ਹਨ । ਕੁਝ ਅਜਿਹੇ ਕਵੀ ਹਨ ਜੋ ਪੁਰਾਣੇ ਰੂਪ ਦੀ ਕਵਿਤਾ ਵਿਚ ਆਧੁਨਿਕ ਚਿੰਤਨ ਤੇ ਸਮਾਜਕ ਚੇਤਨਾ ਦੀ ਕਵਿਤਾ ਰਚ ਰਹੇ ਹਨ; ਇਨ੍ਹਾਂ ਵਿਚੋਂ ਅਮਰ ਚਿੱਤਰਕਾਰ , ਗੁਰਦੇਵ ਨਿਰਧਨ , ਅਜਾਇਬ ਹੁੰਦਲ , ਦੇਵਿੰਦਰ ਜੋਸ਼ , ਕੰਵਰ ਚੌਹਾਨ , ਸਾਧੂ ਸਿੰਘ ਹਮਦਰਦ ਦੇ ਨਾਂ ਵਰਣਨਯੋਗ ਹਨ ।

ਨਵੇਂ ਕਵੀਆਂ ਨੇ ਆਪਣੇ ਵਿਦਰੋਹ ਨੂੰ ' ਕ੍ਰਾਂਤੀਕਾਰੀ ਰਚਨਾ' ਦੇ ਨਾਂ ਹੇਠ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਹੈ ਤੇ ਉਨ੍ਹਾਂ ਦੀਆਂ ਰਚਨਾਵਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਇਸ ਭ੍ਰਿਸ਼ਟ ਸਮਾਜ ਲਈ ਹਰ ਕੁਰਬਾਨੀ ਕਰਨਗੇ । ਇਨ੍ਹਾਂ ਕਵੀਆਂ ਵਿਚੋਂ ਪਾਸ਼ , ਖਟਕੜ , ਲਾਲ ਸਿੰਘ ਦਿਲ , ਪਰਮਿੰਦਰਜੀਤ , ਫ਼ਤਹਿਜੀਤ , ਵਰਿਆਮ ਸੰਧੂ , ਹਰਭਜਨ ਹਲਵਾਰਵੀ , ਸੰਤ ਰਾਮ ਉਦਾਸੀ , ਡਾ. ਅਜਮੇਰ ਸਿੰਘ ਅਤੇ ਕੁਲਵੰਤ ਜਗਰਾਵਾਂ ਦੇ ਨਾਉਂ ਵਰਣਨ ਯੋਗ ਹਨ ।

ਇਨ੍ਹਾਂ ਕ੍ਰਾਂਤੀਸ਼ੀਲਾਂ ਦੇ ਨਾਲ-ਨਾਲ ਗੰਭੀਰ ਕਿਸਮ ਦੇ ਪ੍ਰਗਤੀ-ਵਾਦੀ ਕਵੀ ਅਜੇ ਵੀ ਆਪਣੀ ਸੁਰ ਉੱਚੀ ਕਰ ਰਹੇ ਹਨ । ਨਵੇਂ ਕਵੀਆਂ ਵਿਚੋਂ ਧੀਰ , ਅਮਰੀਕ ਸਿੰਘ ਪੂਨੀ , ਖੁਰਸ਼ੀਦ , ਅਜਾਇਬ ਹੁੰਦਲ , ਗੁਲ ਚੌਹਾਨ , ਵਰਿਆਮ ਅਸਰ , ਹਰਭਜਨ ਕੋਮ ,

ਮਿੰਦਰ , ਕਰਨਜੀਤ , ਰਣਧੀਰ ਚੰਦ , ਜੋਗਾ ਸਿੰਘ , ਆਤਮ ਹਮਰਾਹੀ , ਕਸ਼ਮੀਰ ਕਾਦਰ , ਸ਼ੇਰ ਸਿੰਘ ਕੰਵਲ , ਹਮਦਰਦ ਵੀਰ ਨੁਸ਼ਹਿਰਵੀ ਅਤੇ ਰਵਿੰਦਰ ਭੱਠਲ ਆਪਣੇ ਸਮਾਜਕ ਫਰਜ਼ ਪ੍ਰਤੀ ਸੁਚੇਤ ਹਨ ।

## ਮੁੱਖ/ਕੇਂਦਰੀ ਸ਼ਬਦ:

ਪ੍ਰਗਤੀਵਾਦ---ਅਗਾਂਹਵਧੂ

ਸਮਕਾਲ---ਹੁਣ ਦਾ ਸਮਾਂ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1 ਗੋਰਖ ਨਾਥ ਦਾ ਸਮਾਂ ਕਿਹੜਾ ਮੰਨਿਆਂ ਜਾਂਦਾ ਹੈ?

ੳ 940-1010

ਅ 940-1020

ੲ 940-1030

ਸ 940-1040

2 ਚਰਪਟ ਨਾਥ ਦਾ ਸਮਾਂ ਕਿਹੜਾ ਮੰਨਿਆਂ ਜਾਂਦਾ ਹੈ?

ੳ 890-990

ਅ 890-980

ੲ 890-970

ਸ 890-960

3 ਚੌਰੰਗੀ ਨਾਥ ਦਾ ਸਮਾਂ ਕਿਹੜਾ ਮੰਨਿਆਂ ਜਾਂਦਾ ਹੈ?

ੳ 770 ਤੋਂ 1070 ਈ.

ਅ 870 ਤੋਂ 1070 ਈ.

ੲ 970 ਤੋਂ 1070 ਈ.

ਸ 670 ਤੋਂ 1070 ਈ.

4 ਮਹਾਭਾਰਤ ਦੀ ਰਚਨਾ ਕਦੋਂ ਹੋਈ ਮੰਨੀ ਜਾਂਦੀ ਹੈ?

ੳ ਪੰਜਵੀਂ ਸਦੀ ਪੂਰਬ-ਈਸਵੀ ਵਿੱਚ

ਅ ਤੀਜੀ ਸਦੀ ਪੂਰਬ-ਈਸਵੀ ਵਿੱਚ

ੲ ਦੂਜੀ ਸਦੀ ਪੂਰਬ-ਈਸਵੀ ਵਿੱਚ

ਸ ਚੌਥੀ ਸਦੀ ਪੂਰਬ-ਈਸਵੀ ਵਿੱਚ

5 ਭਾਈ ਵੀਰ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

6 ਪ੍ਰੋ. ਪੂਰਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਰੁਮਾਂਸਵਾਦ

7 ਉਦਯੋਗ ਸਭ ਤੋਂ ਪਹਿਲਾਂ ਕਿਸ ਖਿੱਤੇ ਵਿਚ ਲੱਗੇ?

ੳ ਯੂਰਪ

ਅ ਭਾਰਤ

ੲ ਏਸ਼ੀਆ

ਸ ਉਪਰੋਕਤ ਸਾਰੇ

8 ਪ੍ਰੋ. ਮੋਹਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਰੁਮਾਂਸਵਾਦ-ਪ੍ਰਗਤੀਵਾਦ

9 ਯੂਰਪ ਦੀ ਪਰਮਾਣਿਕ ਆਧੁਨਿਕਤਾ ਅਨੁਸਾਰ ਆਧੁਨਿਕਤਾ ਦਾ ਕਿਹੜਾ ਲੱਛਣ ਨਹੀਂ ਹੈ?

ੳ ਤਰਕਸ਼ੀਲਤਾ

ਅ ਧਰਮ ਨਿਰਪੱਖਤਾ

ੲ ਰਹੱਸਵਾਦ

ਸ ਸ਼ਹਿਰੀਕਰਨ

10 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਕਵੀ ਦੀ ਆਤਮਾ ਵਿਚ ਕਲਾ-ਦੇਵੀਆਂ ਦਾ ਉਨਮਾਦ ਹੁੰਦਾ ਹੈ - ਇਹ ਕਥਨ ਕਿਸਦਾ ਹੈ?

ੳ ਹਾਊਸਮੈਨ

ਅ ਟੀ. ਐਸ. ਈਲੀਅਨ

ੲ ਅਫ਼ਲਾਤੂਨ

ਸ ਮੈਥਿਊ ਆਰਨਲਡ

12 ਪਾਸ਼ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਜਸਬੀਰ ਸਿੰਘ ਆਹਲੂਵਾਲੀਆ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪ੍ਰਗਤੀਸ਼ੀਲ

## ਅਭਿਆਸ ਪ੍ਰਸ਼ਨ

1. ਪੰਜਾਬੀ ਕਵਿਤਾ ਦੇ ਇਤਿਹਾਸਕ ਪਰਿਪੇਖ ਉਪਰ ਨੋਟ ਲਿਖੋ?
2. ਆਧੁਨਿਕ ਪੰਜਾਬੀ ਕਵਿਤਾ ਦੇ ਅਰੰਭ ਬਾਰੇ ਚਰਚਾ ਕਰੋ।
3. ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਦਾ ਸਰੂਪ ਉਲੀਕੋ।

## ਸੰਦਰਭ ਪੁਸਤਕਾਂ:


1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%AA%E0%A9%B0%E0%A8%9C%E0%A8%BE%E0%A8%AC%E0%A9%80%20%E0%A8%95%E0%A8%B5%E0%A8%BF%E0%A8%A4%E0%A8%BE

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ੲ | 4. ਸ | 5. ੳ |
| 6. ੳ | 7. ੳ | 8. ਸ | 9. ੲ | 10. ਅ |
| 11.ੲ | 12. ਸ | 13. ੳ | 14. ਅ | 15. ਸ |

# ਅਧਿਆਇ-4 : ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਰੂਪ : ਗੀਤ, ਗ਼ਜ਼ਲ ਅਤੇ

*Paramjit Singh, Lovely Professional University*

# ਰੁਬਾਈ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਾਵਿ ਰੂਪਾਂ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਾਵਿ ਰੂਪਾਂ ਦੇ ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਾਵਿ ਰੂਪਾਂ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਾਵਿ ਰੂਪਾਂ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਕਵਿਤਾ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਰੂਪਾਂ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਰੂਪਾਂ ਦੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਰੂਪਾਂ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ

## ਵਿਸ਼ਾ ਵਸਤੂ:

ਗੀਤ, ਗ਼ਜ਼ਲ ਅਤੇ ਰੁਬਾਈ ਐਸੇ ਕਾਵਿ-ਰੂਪ ਹਨ, ਜਿਨ੍ਹਾਂ ਦਾ ਸਬੰਧ ਸੰਗੀਤ ਨਾਲ ਹੈ ਭਾਵ ਜਿਨ੍ਹਾਂ ਨੂੰ ਗਾਇਆ ਜਾ ਸਕਦਾ ਹੈ। ਗੀਤ ਇੱਕ ਐਸੀ ਸੰਗੀਤ ਅਤੇ ਸਾਹਿਤ ਨਾਲ ਜੁੜੀ ਕਲਾਮਈ ਪੇਸ਼ਕਾਰੀ ਹੁੰਦੀ ਹੈ ਜਿਸ ਵਿੱਚ ਸੁਰਾਂ ਦੀ ਇੱਕ ਲਹਿਰ ਹੁੰਦੀ ਹੈ। ਇਸ ਵਿੱਚ ਇਨਸਾਨੀ ਆਵਾਜ਼ ਵੀ ਸ਼ਾਮਲ ਹੁੰਦੀ ਹੈ ਅਤੇ ਉਹ ਗੀਤ ਦੇ ਬੋਲ ਗਾਵੇ। ਗੀਤ ਗਾਇਆ ਜਾਂਦਾ ਹੈ ਅਤੇ ਸੁਰ ਵਿੱਚ ਅਦਾ ਕੀਤੀ ਜਾਂਦੀ ਇਨਸਾਨੀ ਆਵਾਜ਼ ਦੇ ਨਾਲ ਸੰਗੀਤਕ ਸਾਜ਼ ਵੀ ਇਸਤੇਮਾਲ ਹੁੰਦੇ ਹਨ। ਕੁੱਝ ਗੀਤ ਅਜਿਹੇ ਹਨ ਜਿਹਨਾਂ ਵਿੱਚ ਸਾਜ਼ ਨਹੀਂ ਹੁੰਦੇ ਅਤੇ ਗੀਤ ਦੇ ਸਾਰੇ ਪਹਿਲੂ ਇਨਸਾਨੀ ਆਵਾਜ਼ ਰਾਹੀਂ ਹੀ ਪੂਰੇ ਗਏ ਹੁੰਦੇ ਹਨ। ਗੀਤ ਦੇ ਬੋਲ ਆਮ ਤੌਰ 'ਤੇ ਕਾਵਿ-ਟੁਕੜੇ ਹੁੰਦੇ ਹਨ ਜਿਹਨਾਂ ਅਦਾਇਗੀ ਸਮੇਂ ਸੁਰ ਅਤੇ ਤਾਲ ਨੂੰ ਪੂਰਾ ਪੂਰਾ ਖਿਆਲ ਰੱਖਿਆ ਜਾਂਦਾ ਹੈ।

ਗੀਤ ਨੂੰ ਜਾਂ ਤਾਂ ਇੱਕ ਹੀ ਗਾਇਕ ਗਾਉਂਦਾ ਹੈ ਜਾਂ ਫਿਰ ਕੇਂਦਰੀ ਗਾਇਕ ਦੇ ਨਾਲ ਕਈ ਹੋਰ ਆਵਾਜਾਂ ਵੀ ਸ਼ਾਮਲ ਹੁੰਦੀਆਂ ਹਨ ਜੋ ਕਿ ਸੁਰ ਚੁੱਕਣ ਅਤੇ ਉਸ ਦੀਆਂ ਹੋਰ ਲੋੜਾਂ ਪੂਰੀਆਂ ਕਰਨ ਲਈ ਨਾਲ ਸ਼ਾਮਲ ਹੁੰਦੇ ਹਨ। ਇਹ ਆਮ ਤੌਰ 'ਤੇ ਗੀਤ ਦੇ ਵਾਰ ਵਾਰ ਦੁਹਰਾਏ ਜਾਣ ਵਾਲੇ ਬੋਲ (ਸਥਾਈ) ਅਦਾ ਕਰਦੇ ਹਨ ਜਾਂ ਫਿਰ ਕੇਂਦਰੀ ਗਾਇਕ ਦੇ ਹਮਆਵਾਜ਼ ਸੁਰਾਂ ਨੂੰ ਬਲ ਪ੍ਰਦਾਨ ਕਰਦੇ ਹਨ।

ਸਾਹਿਤ ਦੇ ਖੇਤਰ ਵਿਚ ਗੀਤ ਵਰਗਾ ਇਕ ਹੋਰ ਕਾਵਿ ਰੂਪ ਪ੍ਰਗੀਤ ਪ੍ਰਚੱਲਿਤ ਹੈ। ਪ੍ਰਗੀਤ ਇਕ ਤਰ੍ਹਾਂ ਸਾਹਿਤਕ ਗੀਤ ਹੁੰਦਾ ਹੈ। ਬਾਲ ਵਿਸ਼ਵ ਕੋਸ਼ ਦੀ ਵਿਸਤਾਰਤ ਟਿੱਪਣੀ ਅਨੁਸਾਰ

ਪ੍ਰਗੀਤ : ਪ੍ਰਗੀਤ ਉਹ ਕਾਵਿ-ਰਚਨਾ ਹੈ ਜੋ ਕਿਸੇ ਨਾ ਕਿਸੇ ਸਾਜ਼ `ਤੇ ਗਾਈ ਜਾ ਸਕਦੀ ਹੈ । ਪ੍ਰਗੀਤ ਦੇ ਸ਼ਬਦਾਂ ਵਿੱਚ ਬੀਜਾਂ ਦੇ ਪੁੰਗਰਨ ਦੀ ਤਰ੍ਹਾਂ ਰਚਨਾਤਮਿਕ ਸ਼ਕਤੀ ਹੁੰਦੀ ਹੈ , ਜੋ ਇੱਕ ਵਿਸ਼ੇਸ਼ ਸੰਗੀਤਿਕ ਲੈਅ ਵਿੱਚ ਬੱਝ ਕੇ ਇੱਕ ਨਵੇਕਲੀ ਸੁਰ ਤੇ ਤਾਲ ਨੂੰ ਸਿਰਜਦੇ ਹਨ । ਰਚਨਾਕਾਰ ਕਵਿਤਾ ਵਿੱਚ ਜਿੰਨਾ ਵੱਧ ਸ਼ਬਦ-ਲੈਅ ਉਪਰ ਬਲ ਦਿੰਦਾ ਹੈ , ਉਹ ਓਨਾ ਹੀ ਪ੍ਰਗੀਤ ਦੇ ਲੈਆਤਮਿਕ ਆਧਾਰ ਦੇ ਨੇੜੇ ਹੋ ਜਾਂਦਾ ਹੈ । ਸ਼ਾਬਦਿਕ ਲੈਅ ਵਿੱਚੋਂ ਹੀ ਪ੍ਰਗੀਤ ਦੀ ਧੁਨੀ ਤੇ ਅਰਥਾਂ ਦੀ ਏਕਤਾ ਦਾ ਜਨਮ ਹੁੰਦਾ ਹੈ ਤੇ ਰਚਨਾ ਵਿੱਚ ਗਾਉਣ ਦੀ ਯੋਗਤਾ ਪੈਦਾ ਹੁੰਦੀ ਹੈ । ਪ੍ਰਗੀਤ ਵਿੱਚ ਆਮ ਕਰ ਕੇ ਕੋਈ ਮੂਡ , ਭਾਵਨਾ , ਦ੍ਰਿਸ਼ਟੀ ਜਾਂ ਵਿਚਾਰ ਹੀ ਪੇਸ਼ ਕੀਤਾ ਜਾਂਦਾ ਹੈ । ਇਸ ਵਿੱਚ ਕੋਈ ਕਥਾ ਕਹਾਣੀ ਜਾਂ ਇਤਿਹਾਸਿਕ ਰਚਨਾ ਨਹੀਂ ਕੀਤੀ ਜਾ ਸਕਦੀ ।

ਪ੍ਰਗੀਤ ਵਿੱਚ ਰਚਨਾਕਾਰ ਆਪਣੀਆਂ ਤੇਜ਼ ਵਿਅਕਤੀਗਤ ਭਾਵਨਾਵਾਂ ਨੂੰ ਗੁਣ-ਗੁਣਾ ਕੇ ਪ੍ਰਗਟ ਕਰਦਾ ਹੈ । ਆਮ ਕਰ ਕੇ ਪ੍ਰਗੀਤ ਵਿੱਚ ਪ੍ਰਗੀਤਕਾਰ ਆਪਣੇ ਵਿਚਾਰ ਤੇ ਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ । ਦੋਹਾਂ ਵਿੱਚੋਂ ਭਾਵ ਪਹਿਲਾਂ ਤੇ ਵਿਚਾਰ ਦੂਸਰੇ ਨੰਬਰ `ਤੇ ਹਨ । ਪ੍ਰਗੀਤ ਭਾਵ-ਪ੍ਰਧਾਨ ਕਾਵਿ ਰਚਨਾ ਹੈ । ਪ੍ਰਗੀਤ ਦਾ ਰਚਨਾਕਾਰ ਆਪਣੇ ਦਿਲ ਦੀ ਅਵਾਜ਼ ਨੂੰ ਹੀ ਭਾਸ਼ਾ ਦਾ ਰੂਪ ਦਿੰਦਾ ਹੈ । ਰਚਨਾਕਾਰ ਆਪਣੇ-ਆਪ ਨਾਲ ਗੱਲਾਂ ਕਰਦਾ ਸੁਣਾਈ ਦਿੰਦਾ ਹੈ । ਉਹ ਕਿਸੇ ਤਣਾਉ ਤੋਂ ਮੁਕਤੀ ਹਾਸਲ ਕਰਨ ਲਈ ਪ੍ਰਗੀਤ ਦੀ ਰਚਨਾ ਕਰਦਾ ਹੈ । ਪ੍ਰਗੀਤ ਪ੍ਰਗੀਤਕਾਰ ਦੀ ਨਿੱਜੀ ਅਵਾਜ਼ ਦੇ ਆਸਰੇ `ਤੇ ਉਸਰਦਾ ਹੈ , ਜਿਸ ਨੂੰ ਬਾਕੀ ਲੋਕ ਅਸਿੱਧੇ ਤੌਰ `ਤੇ ਮਾਣਦੇ ਹਨ । ਪ੍ਰਗੀਤ ਦੀ ਰੂਹ ਤੱਕ ਪਹੁੰਚਣ ਲਈ ਪ੍ਰਤੱਖ ਵਸਤੂ ਤੋਂ ਲੁੱਕਵੀਂ ਵਸਤੂ ਤੱਕ ਦੀ ਯਾਤਰਾ ਕਰਨੀ ਪੈਂਦੀ ਹੈ ।

ਪ੍ਰਗੀਤ ਦੀ ਬਣਤਰ ਵਿਉਂਤਬੱਧ ਹੁੰਦੀ ਹੈ , ਸੀਮਿਤ ਨਹੀਂ । ਕੁਝ ਪ੍ਰਗੀਤ ਦੋ ਪੰਕਤੀਆਂ ਦੇ ਵੀ ਹੋ ਸਕਦੇ ਹਨ ਤੇ ਕੁਝ ਪ੍ਰਗੀਤ ਕਿਸੇ ਨਜ਼ਮ ਜਿੱਡੇ ਜਾਂ ਉਸ ਤੋਂ ਵੀ ਵੱਡੇ ਹੋ ਸਕਦੇ ਹਨ । ਪ੍ਰਗੀਤ ਕਿਸੇ ਇਕਹਿਰੇ ਵਿਚਾਰ , ਭਾਵਨਾ ਜਾਂ ਸਥਿਤੀ ਨਾਲ ਸੰਬੰਧਿਤ ਹੁੰਦਾ ਹੈ । ਮਨੋਭਾਵ ਹੀ ਇਸ ਦੇ ਆਕਾਰ ਨੂੰ ਸੀਮਿਤ ਕਰਦਾ ਹੈ । ਜਦੋਂ ਤੱਕ ਮਨੋਭਾਵ ਦੀ ਉਤੇਜਨਾ ਰਹਿੰਦੀ ਹੈ , ਉਤਨੀ ਦੇਰ ਤੱਕ ਪ੍ਰਗੀਤ ਦੀ

ਰਚਨਾ ਵੀ ਚੱਲਦੀ ਹੈ। ਇਸ ਤਰ੍ਹਾਂ ਮਨੋਭਾਵ ਦੀ ਲੰਬਾਈ ਹੀ ਪ੍ਰਗੀਤ ਦੀ ਲੰਬਾਈ ਨੂੰ ਨਿਸ਼ਚਿਤ ਕਰਦੀ ਹੈ। ਤਾਂ ਹੀ ਤਾਂ ਪ੍ਰਗੀਤ ਆਮ ਤੌਰ `ਤੇ ਛੋਟੇ ਆਕਾਰ ਵਾਲਾ ਹੁੰਦਾ ਹੈ।

ਪ੍ਰੇਰਕ ਭਾਵਨਾ ਦੀ ਅਖੰਡਤਾ ਪ੍ਰਗੀਤ ਦਾ ਲਾਜ਼ਮੀ ਲੱਛਣ ਹੈ। ਭਾਵਨਾ ਵੱਖ-ਵੱਖ ਕਿਸਮ ਦੀ ਨਹੀਂ ਹੁੰਦੀ। ਪ੍ਰਗੀਤਕਾਰ ਦੇ ਮਨ ਵਿੱਚ ਭਾਵਨਾ ਦੇ ਉਤਰਾਅ-ਚੜ੍ਹਾਅ ਤਾਂ ਆਉਂਦੇ ਹਨ ਪਰ ਭਾਵਨਾ ਦੇ ਚਰਿੱਤਰ ਵਿੱਚ ਤਬਦੀਲੀ ਨਹੀਂ ਆਉਂਦੀ। ਪ੍ਰਗੀਤ ਦੇ ਪੂਰੇ ਆਕਾਰ ਵਿੱਚ ਪ੍ਰੇਰਕ ਭਾਵਨਾ ਦਾ ਵਿਸਤਾਰ ਤੇ ਗਹਿਰਾਈ ਤਾਂ ਪ੍ਰਗਟ ਹੁੰਦੀ ਹੈ ਪਰ ਇਹ ਵੱਖ-ਵੱਖ ਭਾਵ ਇਕਾਈਆਂ ਇੱਕੋ ਮੂਲ ਭਾਵਨਾ ਨਾਲ ਜੁੜੀਆਂ ਰਹਿੰਦੀਆਂ ਹਨ। ਵੱਖ-ਵੱਖ ਭਾਵ ਇਕਾਈਆਂ ਵਿਚਕਾਰ ਅਟੁੱਟ ਸੰਬੰਧ ਹੀ ਪ੍ਰਗੀਤ ਦਾ ਬੱਝਵਾਂ ਸੰਗਠਨ ਪੈਦਾ ਕਰਦਾ ਹੈ।

ਪੰਜਾਬੀ ਪ੍ਰਗੀਤ ਆਮ ਕਰ ਕੇ ਰੁਮਾਂਸ ਪ੍ਰਧਾਨ , ਰਹੱਸ ਪ੍ਰਧਾਨ , ਦੇਸ਼ ਪਿਆਰ , ਪ੍ਰਕਿਰਤੀ ਪਿਆਰ ਪ੍ਰਧਾਨ ਆਦਿ ਹੁੰਦਾ ਹੈ। ਪੰਜਾਬੀ ਪ੍ਰਗੀਤਾਂ ਵਿੱਚ ਕੁਝ ਪ੍ਰਗੀਤ ਵਿਚਾਰ ਪ੍ਰਧਾਨ ਵੀ ਬਣ ਜਾਂਦੇ ਹਨ। ਪ੍ਰਗੀਤ ਦੀ ਮੂਲ ਭਾਵਨਾ ਹੀ ਪ੍ਰਗੀਤ ਦਾ ਸੁਭਾਅ ਮਿੱਥਦੀ ਹੈ। ਪ੍ਰਗੀਤ ਰਚਨਾ ਵਿੱਚ ਭਾਵਨਾ ਦਾ ਆਦਿ , ਸਿਖਰ ਤੇ ਅੰਤ ਰਚਨਾਕਾਰ ਦੇ ਮਨ ਵਿੱਚ ਭਾਵਨਾ ਦੇ ਤੀਖਣ ਹੋਣ ਤੋਂ ਬਾਅਦ ਸ਼ਾਂਤ ਹੋਣ ਦਾ ਹੀ ਕਾਵਿ ਰੂਪਾਂਤਰਨ ਹੈ। ਪ੍ਰਗੀਤ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਇੱਕੋ ਸਮਾਂ ਬਿੰਦੂ ਉਪਰ ਹੀ ਕੇਂਦਰਿਤ ਰਹਿੰਦਾ ਹੈ। ਸਮੇਂ ਵਿੱਚ ਫੈਲਦਾ ਨਹੀਂ ਸਗੋਂ ਸਮੇਂ ਵਿੱਚ ਸਥਿਰ ਰਹਿੰਦਾ ਹੈ। ਕਵਿਤਾ ਤਾਂ ਫੈਲਦੀ ਹੈ , ਸਮਾਂ ਨਹੀਂ ਫੈਲਦਾ। ਪੰਜਾਬੀ ਵਿੱਚ ਪ੍ਰਗੀਤ ਦੇ ਕਈ ਰੂਪ ਮਿਲਦੇ ਹਨ।

ਗੀਤ ਅਤੇ ਲੋਕ-ਗੀਤ ਪੰਜਾਬੀ ਦੇ ਮੌਲਿਕ ਪ੍ਰਗੀਤ ਰੂਪ ਹਨ। ਗੀਤ ਨਿੱਕੇ ਆਕਾਰ ਦੀ ਉਸ ਪ੍ਰਗੀਤਕ ਰਚਨਾ ਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਰਚਨਾਕਾਰ ਬਾਹਰੀ ਸੰਗੀਤ ਪ੍ਰਤਿ ਸੁਚੇਤ ਰਹਿ ਕੇ ਇਸ ਦਾ ਰੂਪ ਨਿਰਮਾਣ ਕਰਦਾ ਹੈ। ਗੀਤ ਦਾ ਬਾਹਰੀ ਸੰਗੀਤ ਗੀਤ ਦੇ ਅੰਦਰਲੇ ਸੰਗੀਤ ਨਾਲ ਇੱਕਸੁਰ ਹੁੰਦਾ ਹੈ।

ਲੋਕ ਗੀਤ , ਲੋਕ-ਕਾਵਿ ਦੀ ਪ੍ਰਗੀਤਕ ਵੰਨਗੀ ਹੈ। ਇਹ ਲੋਕਾਂ ਦੀ ਸਾਂਝੀ ਚੇਤਨਾ ਦਾ ਸਰੋਦੀ ਅੰਗ ਹੁੰਦੇ ਹਨ ਜਿਨ੍ਹਾਂ ਨੂੰ ਲੋਕ ਸਮੂਹ ਵੱਲੋਂ ਪ੍ਰਵਾਨਗੀ ਮਿਲ ਜਾਂਦੀ ਹੈ। ਲੋਰੀ , ਗਿੱਧੇ ਦੀਆਂ ਬੋਲੀਆਂ , ਟੱਪੇ , ਬਾਰਾਂਮਾਹ , ਅਲਾਹੁਣੀਆਂ , ਸੁਹਾਗ , ਘੋੜੀਆਂ , ਬੋਲੀਆਂ ਆਦਿ ਲੋਕ- ਗੀਤਾਂ ਦੀਆਂ ਵੱਖ-ਵੱਖ ਵੰਨਗੀਆਂ ਹਨ।

ਗ਼ਜ਼ਲ , ਰੁਬਾਈ ਸ਼ਿਅਰ ਪੰਜਾਬੀ , ਪ੍ਰਗੀਤ ਕਾਵਿ ਦਾ ਅਹਿਮ ਅੰਗ ਹਨ ਅਤੇ ਉਰਦੂ ਫ਼ਾਰਸੀ ਸੋਮੇ ਤੋਂ ਪੰਜਾਬੀ ਵਿੱਚ ਆਏ ਹਨ। ਗ਼ਜ਼ਲ ਨੇ ਪੰਜਾਬੀ ਪ੍ਰਗੀਤ ਕਾਵਿ ਵਿੱਚ ਸੰਜੀਦਾ ਤੇ ਗੰਭੀਰ ਵਿਚਾਰਾਂ ਤੇ ਭਾਵਾਂ ਦੀ ਤਰਜਮਾਨੀ ਲਈ ਵਿਸ਼ੇਸ਼ ਥਾਂ ਮੱਲੀ ਹੋਈ ਹੈ।

ਅੰਗਰੇਜ਼ੀ ਸੋਮਿਆਂ ਤੋਂ ਵੀ ਪ੍ਰਗੀਤ ਦੀਆਂ ਕੁਝ ਵੰਨਗੀਆਂ ਪੰਜਾਬ ਵਿੱਚ ਸ਼ਾਮਲ ਹੋਈਆਂ ਹਨ। ਸੰਬੋਧਨ ਗੀਤ , ਸ਼ੋਕ ਗੀਤ , ਪੱਤਰ ਗੀਤ , ਸੌਨੇਟ , ਚਿੱਤਰੀਤ , ਵਿਅੰਗ ਗੀਤ ਆਦਿ ਪੰਜਾਬੀ ਪ੍ਰਗੀਤ ਕਾਵਿ ਇਸ ਸੋਮੇ ਤੋਂ ਆਏ ਹਨ। ਕੁਝ ਉਦਾਹਰਨਾਂ ਹਨ :

ਪੰਛੀ ਹੋ ਜਾਵਾਂ

ਜੀ ਚਾਹੇ ਪੰਛੀ ਹੋ ਜਾਵਾਂ

ਉਡਦਾ ਜਾਵਾਂ , ਗਾਉਂਦਾ ਜਾਵਾਂ

ਅਣ-ਛੁਹ ਸਿਖਰਾਂ ਨੂੰ ਛੁਹ ਪਾਵਾਂ

ਇਸ ਦੁਨੀਆਂ ਦੀਆਂ ਰਾਹਵਾਂ ਭੁਲ ਕੇ

ਫੇਰ ਕਦੀ ਵਾਪਸ ਨਾ ਆਵਾਂ

ਜੀ ਚਾਹੇ ਪੰਛੀ ਹੋ ਜਾਵਾਂ।

ਜਾਂ ਅਸ਼ਨਾਨ ਘਰਾਂ ਵਿੱਚ ਜ਼ਮ ਜ਼ਮ

ਲਾ ਡੀਕਾਂ ਪੀਆਂ ਡਾਣ ਦਾ ਪਾਣੀ

ਮਾਨ ਸਰੋਬਰ ਦੇ ਬਹਿ ਕੰਢੇ

ਟੁੱਟਾ ਜਿਹਾ ਇੱਕ ਗੀਤ ਮੈਂ ਗਾਵਾਂ

ਜਾਂ ਬੈਠਾਂ ਵਿੱਚ ਖਿੜੀਆਂ ਰੋਹੀਆਂ

ਫੱਕਾਂ ਪੌਣਾਂ ਇਤਰ-ਸੰਜੋਈਆਂ।

ਹਿਮ ਟੀਸੀਆਂ ਮੋਈਆਂ ਮੋਈਆਂ

ਯੁੱਗਾਂ ਯੁੱਗਾਂ ਤੋਂ ਕੱਕਰ ਹੋਈਆਂ।

ਘੁੱਟ ਕਲੇਜੇ ਮੈਂ ਗਰਮਾਵਾਂ

ਜੀ ਚਾਹੇ ਪੰਛੀ ਹੋ ਜਾਵਾਂ।

ਹੋਏ ਆਲ੍ਹਣਾ ਵਿੱਚ ਸ਼ਤੂਤਾਂ

ਜਾਂ ਫਿਰ ਜੰਡ ਕਰੀਰ ਸਰੂਟਾਂ

ਆਉਣ ਪੁਰੇ ਦੇ ਸੀਤ ਫਰਾਟੇ

ਲਚਕਾਰੇ ਇਉਂ ਲੈਣ ਡਾਲੀਆਂ

ਜਿਉਂ ਕੋਈ ਡੋਲੀ ਖੇਡੇ ਜੜੀਆਂ

ਵਾਲ ਖਿਲਾਰੀ ਲੈ ਲੈ ਝੂਟਾਂ।

ਇੱਕ ਦਿਨ ਐਸਾ ਝੱਖੜ ਝੁੱਲੇ

ਉਡ ਪੁਡ ਜਾਵਣ ਸੱਭੇ ਤੀਲੇ

ਬੇ-ਘਰ ਬੇ-ਦਰ ਮੈਂ ਹੋ ਜਾਵਾਂ

ਸਾਰੀ ਉਮਰ ਦੀਆਂ ਰਸ ਗ਼ਮ ਦਾ

ਏਸ ਨਸ਼ੇ ਵਿੱਚ ਜਿੰਦ ਹੰਢਾਵਾਂ

ਜੀ ਚਾਹੇ ਪੰਛੀ ਹੋ ਜਾਵਾਂ।

ਇਸ ਪ੍ਰਗੀਤ ਦੇ ਤਿੰਨ ਅੰਗ ਹਨ :

1. ਪਹਿਲੇ ਅੰਗ ਵਿੱਚ ' ਜੀ ਚਾਹੇ ਪੰਛੀ ਹੋ ਜਾਵਾਂ' ਤੋਂ ' ਫ਼ੇਰ ਕਦੀ ਵਾਪਸ ਨਾ ਆਵਾਂ' ਤੱਕ ਮੁਢਲੀਆਂ ਛੇ ਪੰਕਤੀਆਂ ਵਿੱਚ ਸ੍ਵੈਸੰਬੋਧਨ ਰਾਹੀਂ ਪ੍ਰਗੀਤਕਾਰ ਪੰਛੀ ਹੋ ਜਾਣ ਦੀ ਆਪਣੀ ਮਨੋਭਾਵਨਾ ਨੂੰ ਪ੍ਰਗਟ ਕਰਦਾ ਹੈ। ਪੰਛੀ ਬਣਨ ਦਾ ਕਾਰਨ ਦੁਨੀਆ ਦੇ ਕਲੇਸ਼ਾਂ

ਤੇ ਝਮੇਲਿਆਂ ਤੋਂ ਉਪਰਾਮਤਾ ਹੈ । ਇਹ ਭਾਵਨਾ ਪ੍ਰਗੀਤ ਦਾ ਪ੍ਰੇਰਨਾ ਸੋਮਾ ਹੈ । ਪਦਾਰਥਿਕ ਜਗਤ ਨਾਲੋਂ ਪ੍ਰਕਿਰਤਿਕ ਜਗਤ ਦੀ ਖਿੱਚ ਰਚੇਤਾ ਦੀ ਪ੍ਰੇਰਕ ਭਾਵਨਾ ਹੈ ।

2. ' ਜਾਂ ਅਸ਼ਨਾਨ ਕਰਾਂ ਵਿੱਚ ਜ਼ਮ ਜ਼ਮ' ਤੋਂ ' ਵਾਲ ਖਿਲਾਰੀਂ ਲੈ ਲੈ ਝੂਟਾਂ' ਤੱਕ ਪ੍ਰਗੀਤ ਦਾ ਦੂਜਾ ਅੰਗ ਹੈ । ਪੰਛੀ ਬਣ ਕੇ ਉਹਨਾਂ ਇੱਛਾਵਾਂ ਨੂੰ ਪੂਰਾ ਕਰਨ ਦੀ ਲੋਚਾ ਹੈ , ਜੋ ਮਨੁੱਖ ਬਣ ਕੇ ਪੂਰੀਆਂ ਨਹੀਂ ਹੋ ਸਕੀਆਂ । ਇਹਨਾਂ ਭਾਵਨਾਵਾਂ ਦੀ ਕਾਲਪਨਿਕਤਾ ਵਿੱਚ ਗੁਆਚ ਕੇ ਉਹ ਜ਼ਮ ਜ਼ਮ , ਮਾਨ ਸਰੋਵਰ , ਖ਼ੁਸ਼ਬੂਦਾਰ ਹਵਾਵਾਂ , ਹਿਮ ਟੀਸੀਆਂ , ਸ਼ਤੂਤ ਵਿੱਚ ਆਲ੍ਹਣਾ ਆਦਿ ਰਾਹੀਂ ਤ੍ਰਿਪਤੀ ਲਈ ਤਾਂਘਦਾ ਹੈ । ਮਨੋਭਾਵ ਚਾਰੇ ਪਾਸੇ ਫ਼ੈਲਦੇ ਤੇ ਉਡਾਰੀਆਂ ਲਗਾਉਂਦੇ ਹਨ ।

3. ' ਇੱਕ ਦਿਨ ਐਸਾ ਝੱਖੜ ਝੁੱਲੇ' ਤੋਂ ' ਜੀ ਚਾਹੇ ਪੰਛੀ ਹੋ ਜਾਵਾਂ' ਤੱਕ ਪ੍ਰਗੀਤ ਦਾ ਤੀਜਾ ਅੰਗ ਹੈ । ਇੱਥੇ ਪ੍ਰਗੀਤ ਰਚੇਤਾ ਦੇ ਮਨੋਭਾਵ ਆਪਣੀ ਉਡਾਰੀ ਖ਼ਤਮ ਕਰ ਕੇ ਕਿਸੇ ਅੰਤਿਮ ਫ਼ੈਸਲੇ ਉਪਰ ਪੁੱਜਣ ਦਾ ਯਤਨ ਕਰਦੇ ਹਨ । ਕਾਲਪਨਿਕ ਉਡਾਰੀ ਤੋਂ ਵਾਪਸ ਹੋ ਕੇ ਫਿਰ ਦੁਨਿਆਵੀ ਯਥਾਰਥ ਵਿੱਚ ਅੱਖਾਂ ਖੁੱਲ੍ਹਦੀਆਂ ਹਨ , ਜਿੱਥੇ ਪ੍ਰਾਪਤੀ ਅਸੰਭਵ ਹੈ । ਪ੍ਰਗੀਤਕਾਰ ਅਜੀਬ ਕਲਪਨਾ ਕਰਦਾ ਹੈ । ਉਹ ਇਹ ਕਿ ਅਜਿਹਾ ਝੱਖੜ ਝੁੱਲੇ , ਜਿਸ ਵਿੱਚ ਸਾਰੇ ਦੁਨਿਆਵੀ ਬੰਧਨ ਟੁੱਟ ਜਾਣ , ਸਾਰੀ ਦੁਨਿਆਵੀ ਬਣਤਰ ਉਜੜ-ਪੁੱਜੜ ਜਾਵੇ ਤਾਂ ਜੋ ਮਸੂਮ ਤੇ ਪ੍ਰਕਿਰਤਿਕ ਜੀਵਨ ਵੱਲ ਪਰਤਣਾ ਅਸਾਨ ਬਣ ਜਾਵੇ । ਇਸੇ ਆਸ ਉਪਰ ਪ੍ਰਗੀਤ ਰਚਨਾ ਖ਼ਤਮ ਹੁੰਦੀ ਹੈ । ਸੰਸਾਰਿਕਤਾ ਵਿੱਚ ਮਨੁੱਖ ਏਨਾ ਗ੍ਰਸਿਆ ਗਿਆ ਹੈ ਕਿ ਉਹ ਮਸੂਮ ਪ੍ਰਕਿਰਤਿਕ ਜੀਵਨ ਵਿੱਚ ਜਾਣਾ ਚਾਹੁਣ `ਤੇ ਵੀ ਨਹੀਂ ਜਾ ਸਕਦਾ । ਇਹੋ ਤਣਾਓ ਇਸ ਪ੍ਰਗੀਤ ਰਚਨਾ ਦਾ ਸੰਗਠਨਕਾਰੀ ਸਿਧਾਂਤ ਹੈ ।

## ਰੁਬਾਈ

ਸਭ ਤੋਂ ਪਹਿਲਾਂ ਰੁਬਾਈ ਦਾ ਅਧਿਐਨ ਕਰਦੇ ਹਾਂ ਕਿ ਰੁਬਾਈ ਛੰਦ ਹੈ ਜਾਂ ਕਾਵਿ-ਰੂਪ ? ਭਾਈ ਵੀਰ ਸਿੰਘ ਆਪਣੀ ਪੁਸਤਕ 'ਲਹਿਰਾਂ ਦੇ ਹਾਰ' ਦੀਆਂ ਭੂਮਿਕਾਨੁਮਾ 'ਦੋ ਗੱਲਾਂ' ਵਿਚ ਲਿਖਦੇ ਹਨ ਕਿ "ਤੁਰਯਾਈ ਇੱਕ ਛੰਦਕ ਚਾਲ ਬੰਨ੍ਹਣ ਦਾ ਜਤਨ ਹੈ, ਜਿਸ ਵਿਚ 1, 2, 4 ਦਾ ਤੁਕਾਂਤ ਹੈ, ਤੇ ਤੀਸਰੀ ਦਾ ਨਹੀਂ। ਪਹਿਲੀ ਦੂਸਰੀ ਵਿਚ ਖਯਾਲ ਦਾ ਉਦੇ ਤੇ ਪ੍ਰਕਾਸ਼ ਦਾ ਚੜ੍ਹਾਉ ਹੈ, ਤੀਸਰੀ ਵਿਚ ਉਸ ਦੀ ਮੋੜਵੀਂ ਲਹਿਰ ਹੈ ਤੇ ਚੌਥੀ ਵਿਚ ਭਾਵ ਪੂਰਣਤਾ ਹੈ। ਗਮਕ ਸਭਨਾਂ ਦੀ ਇਕ ਹੈ, ਪਰ ਮਾਤ੍ਰਾਂ ਦੇ ਲਿਹਾਜ਼ ਨਾਲ ਕਿਸੇ ਕਿਸੇ ਵਿਚ ਵਿਲੱਖਣਤਾ ਹੈ। ਫ਼ਾਰਸੀ ਕਵਿਤਾ ਵਿਚ ਇਕ ਛੰਦ ਹੈ 'ਰੁਬਾਈ', ਤੁਰਯਾਈ ਦੀ ਚਾਲ ਉਸ ਵਰਗੀ ਹੈ, ਵਜ਼ਨ ਹੂ-ਬ-ਹੂ ਨਹੀਂ।"

ਭਾਵ ਭਾਈ ਵੀਰ ਸਿੰਘ ਰੁਬਾਈ ਨੂੰ ਛੰਦ ਮੰਨਦੇ ਹਨ ਪਰ ਡਾ. ਕਰਮਜੀਤ ਸਿੰਘ ਆਪਣੀ ਖੋਜ-ਪੁਸਤਕ 'ਪੰਜਾਬੀ ਰੁਬਾਈ: ਨਿਕਾਸ ਤੇ ਵਿਕਾਸ' ਵਿਚ ਰੁਬਾਈ ਦੇ ਛੰਦ ਜਾਂ ਕਾਵਿ-ਰੂਪ ਹੋਣ ਬਾਰੇ ਵਿਚਾਰ-ਚਰਚਾ ਹੋਏ ਇਹ ਸਿੱਟਾ ਹਨ ਕਿ "ਰੁਬਾਈ ਵਿਚ ਮਿਲਦੇ ਵਜ਼ਨਾਂ ਜਾਂ ਛੰਦਾਂ ਦੀ ਬਹੁ-ਭਿੰਨਤਾ, ਆਪਣੇ ਆਪ ਵਿਚ ਠੋਸ ਪ੍ਰਮਾਣ ਹੈ ਕਿ ਰੁਬਾਈ ਇਕ ਕਾਵਿ-ਰੂਪ ਹੈ, ਜਿਸ ਵਿਚ ਇਹ ਭਿੰਨਤਾ ਸੰਭਵ ਹੋ ਸਕਦੀ ਹੈ। ਨਹੀਂ ਤਾਂ ਛੰਦ ਇਕ ਪੂਰਣ ਇਕਾਈ ਹੈ, ਜਿਸ ਵਿਚ ਕਿਸੇ ਹੋਰ ਛੰਦ ਦੀ ਸਮਾਈ ਹੋ ਸਕਦੀ। ਪੰਜਾਬੀ ਰੁਬਾਈ ਲਈ ਵੀ ਦਵੱਈਏ ਤੋਂ ਇਲਾਵਾ ਨਿਸ਼ਾਨੀ, ਦੋਹਰਾ, ਬੈਂਤ, ਕੋਰੜਾ, ਚੌਪਈ ਆਦਿ ਛੰਦਾਂ ਦੀ ਵਰਤੋਂ ਮਿਲਦੀ ਹੈ, ਜੋ ਰੁਬਾਈ ਦੇ ਛੰਦ ਹੋਣ ਨੂੰ ਝੁਠਲਾਉਂਦੀ ਹੈ।" ਡਾ. ਸਤਿੰਦਰ ਸਿੰਘ ਅਨੁਸਾਰ: "ਰੁਬਾਈ ਅਜਿਹਾ ਕਾਵਿ-ਰੂਪ ਹੈ ਜਿਸ ਦੀਆਂ ਚਾਰ ਤੁਕਾਂ/ ਮਿਸ਼ਰੇ ਹੁੰਦੇ ਹਨ। ਇਸ ਦੀਆਂ ਚੌਹਾਂ ਤੁਕਾਂ ਦਾ ਕਾਫ਼ੀਆਂ ਆਪਸ ਵਿਚ ਮਿਲਦਾ ਹੈ ਪਰ ਜੇ ਤੀਜੀ ਤੁਕ ਦਾ ਨਾ ਵੀ ਮਿਲੇ ਤਾਂ ਹਰਜ ਨਹੀਂ ਸਮਝਿਆਂ ਜਾਂਦਾ। ਆਮ ਕਵੀ ਪਹਿਲੀ ਦੂਜੀ ਤੇ ਚੌਥੀ ਤੁਕ ਦਾ ਪਰਸਪਰ ਤੁਕਾਂਤ ਜ਼ਰੂਰ ਮਿਲਾਉਂਦੇ ਹਨ। ਰੁਬਾਈ ਦੀ ਚੌਥੀ/ ਅਖੀਰਲੀ ਤੁਕ ਸਭ ਤੋਂ ਜ਼ਰੂਰੀ ਗਿਣੀ ਜਾਂਦੀ ਹੈ।"

ਭਾਵ ਇਹ ਹੋਇਆ ਕਿ ਰੁਬਾਈ ਸਾਮੀ ਪਰੰਪਰਾ ਦਾ ਕਾਵਿ-ਰੂਪ ਹੈ, ਪੰਜਾਬੀ ਰੁਬਾਈ ਵਿਚ ਵਰਤੇ ਗਏ ਛੰਦਾਂ ਵਿਚ ਜੇ ਉਧਾਰਾ ਭਾਵ ਸਾਮੀ ਪਰੰਪਰਾ ਛੰਦ ਨੂੰ ਦੇਖੀਏ ਤਾਂ ਉਹ ਸਿਰਫ਼ ਬੈਂਤ ਛੰਦ ਬਣਦਾ ਹੈ।

ਨਾਮ ਸੋਹਣੇ ਦਾ ਭਰਿਆ ਪਿਆਲਾ ਡੁੱਲ੍ਹ ਡੁੱਲ੍ਹ ਪੈ ਰਿਹਾ ਸਹੀਓ।

ਕੌਣ ਪੀਏ ਭਰ ਘੁਟ ਇਕ ਇਸ ਦਾ ਸਹੀਓ ਤਕਦੀਆਂ ਰਹੀਓ।

ਸੱਧਰ ਪਯਾਲਾ ਜਿਸ ਦਾ ਆਪਣਾ ਡੁੱਲ੍ਹ ਡੁੱਲ੍ਹ ਪੈ ਰਿਹਾ ਹੋਵੇ,

ਉਸ ਨੂੰ ਸੀਂਦੀ ਮਿਲੇ ਘੁੱਟ, ਪਰ ਭੇਤੇ ਸੰਭਲ ਕੇ ਕਹੀਓ।

## ਗ਼ਜ਼ਲ

ਰੁਬਾਈ ਵਾਂਗ ਗ਼ਜ਼ਲ ਵੀ ਅਜਿਹਾ ਕਾਵਿ-ਰੂਪ ਹੈ ਜਿਸਦੇ ਨਾਲ ਛੰਦ ਦੇ ਖੇਤਰ ਵਿਚ ਇਜ਼ਾਫਾ ਹੋਇਆ ਹੈ, ਭਾਵ ਗ਼ਜ਼ਲ ਨਾਲ ਬਹਿਰਾਂ ਆਈਆਂ। ਭਾਵੇਂ ਗ਼ਜ਼ਲ ਇਕ ਕਾਵਿ-ਰੂਪ ਹੈ ਪਰ ਫਿਰ ਵੀ ਬਹਿਰਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਸ ਕਾਵਿ-ਰੂਪ ਬਾਰੇ ਸੰਖੇਪ ਚਰਚਾ ਕਰਨੀ ਬਣਦੀ ਹੈ। ਕਾਵਿ-ਰੂਪਾਂ ਦਾ ਆਪਣਾ ਵੱਖਰਾ ਇਤਿਹਾਸ ਹੁੰਦਾ ਹੈ। ਗ਼ਜ਼ਲ ਕਾਵਿ-ਰੂਪ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇਹ ਕਾਵਿ-ਰੂਪ ਈਰਾਨ ਵਿਚ ਪੈਦਾ ਹੋਇਆ। ਇਸ ਦਾ ਪਿਛੋਕੜ ਅਰਬੀ ਕਾਵਿ-ਰੂਪ ਕਸੀਦੇ ਨਾਲ ਜਾ ਜੁੜਦਾ ਹੈ। ਡਾ. ਰਾਜਿੰਦਰ ਪਾਲ ਸਿੰਘ ਵੀ ਲਿਖਦੇ ਹਨ, " ਇਸ ਦਾ ਮੁੱਢ ਅਰਬੀ ਸਾਹਿਤ ਦੇ ਇਰਾਨੀ ਬੋਲੀ ਫ਼ਾਰਸੀ ਉਤੇ ਪਏ ਪ੍ਰਭਾਵਾਂ ਤੋਂ ਹੋਇਆ ਹੈ ਗ਼ਜ਼ਲ ਨੇ ਆਪਣਾ ਨਿਕਾਸ ਫ਼ਾਰਸੀ ਦੇ ਕਾਵਿ-ਰੂਪ 'ਕਸੀਦਾ' ਤੋਂ ਕੀਤਾ ਜਿਹੜਾ ਫ਼ਾਰਸੀ ਨੂੰ ਅੱਗੋਂ ਅਰਬੀ ਸਾਹਿਤ ਤੋਂ ਮਿਲਿਆ ਸੀ।" ਭਾਵ ਗ਼ਜ਼ਲ ਦਾ ਨਿਕਾਸ ਫ਼ਾਰਸੀ ਕਾਵਿ-ਰੂਪ ਕਸੀਦੇ ਚੋਂ ਹੋਇਆ। ਕਸੀਦਾ ਕੀ ਹੈ? ਇਸ ਬਾਰੇ ਸਾਧੂ ਸਿੰਘ ਹਮਦਰਦ ਲਿਖਦੇ ਹਨ ਕਿ ਕਸੀਦਾ "ਇਕ ਅਜਿਹਾ ਕਾਵਿ-ਰੂਪ ਸੀ ਜੋ ਹਰ ਇਕ ਘਟਨਾ ਅਤੇ ਹਰ ਇਕ ਮਤਲਬ ਪ੍ਰਗਟਾਉਣ ਲਈ ਵਰਤਿਆ ਜਾਂਦਾ ਸੀ...ਗ਼ਜ਼ਲ ਦਾ ਜਨਮ ਕਸੀਦੇ ਦੀ ਕੁੱਖੋਂ ਹੋਇਆ। ਕਸੀਦੇ ਦੇ ਉਸ ਹਿੱਸੇ ਨੂੰ ਜਿਸ ਨੂੰ "ਤਸਬੀਬ" ਵੀ ਕਹਿੰਦੇ ਸਨ, ਕਸੀਦੇ ਨਾਲੋਂ ਅੱਡਰਾ ਕਰਕੇ ਇਕ ਵੱਖਰਾ ਕਾਵਿ-ਰੂਪ ਬਣਾ ਲਿਆ ਗਿਆ।" ਗ਼ਜ਼ਲ ਦਾ ਜਨਮ ਕਸੀਦੇ ਦੀ ਕੁੱਖੋਂ ਹੋਣ ਦਾ ਭਾਵ ਹੈ ਕਿ ਇਸ ਵਿਚ ਕਸੀਦੇ ਵਾਂਗ ਹਰ ਇਕ ਘਟਨਾ ਅਤੇ ਹਰ ਇਕ ਮਤਲਬ ਪ੍ਰਗਟਾਉਣ ਲਈ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ ਪਰ ਵਿਦਵਾਨ ਇਸ ਨੂੰ ਕਸੀਦੇ ਦੇ ਵਿਸ਼ੇਸ਼ ਹਿੱਸੇ ਤਸਬੀਬ ਨਾਲ ਜੋੜਦੇ ਹਨ। "ਤਸਬੀਬ ਮਾਸ਼ੂਕ ਦੀ ਹਾਲਤ ਦਾ ਬਿਆਨ ਅਤੇ ਉਸ ਦੇ ਇਸ਼ਕ ਵਿਚ ਆਪਣੀ ਵਾਰਦਾਤ ਦਾ ਨਾਂ ਹੈ ਅਤੇ ਇਸ ਨੂੰ "ਨਸੀਬ" ਅਤੇ "ਗ਼ਜ਼ਲ" ਵੀ ਕਹਿੰਦੇ ਹਨ।" ਭਾਵ ਕਸੀਦੇ ਦੇ ਇਕ ਹਿੱਸੇ ਤਸਬੀਬ, ਜੋ ਇਸ਼ਕੀਆਂ ਰੰਗਤ ਵਾਲਾ ਸੀ, ਨੂੰ ਹੀ ਨਸੀਬ ਜਾਂ ਗ਼ਜ਼ਲ ਕਿਹਾ ਜਾਂਦਾ ਹੈ। ਇਸੇ ਲਈ ਪਹਿਲਾਂ ਪਹਿਲ ਗ਼ਜ਼ਲ ਨੂੰ ਇਸ਼ਕੀਆ ਵਿਸ਼ਿਆਂ ਨਾਲ ਵਧੇਰੇ ਸਬੰਧਿਤ ਕੀਤਾ ਜਾਂਦਾ ਰਿਹਾ।

ਜੇਕਰ ਗ਼ਜ਼ਲ ਸ਼ਬਦ ਦੇ ਭਾਸ਼ਾਈ ਪਿਛੋਕੜ ਨੂੰ ਦੇਖੀਏ ਤਾਂ ਪਤਾ ਚਲਦਾ ਹੈ ਕਿ "ਗ਼ਜ਼ਲ" ਅਰਬੀ ਭਾਸ਼ਾ ਦਾ ਇਕ ਧਾਤੂ ਹੈ, ਜਿਸ ਤੋਂ ਕਿਰਿਆ ਰੂਪੀ ਸੰਗਿਆ "ਤਗ਼ੱਜ਼ੁਲ" ਬਣੀ ਹੈ। "ਤਗ਼ੱਜ਼ੁਲ" ਦਾ ਅਰਥ ਔਰਤਾਂ ਨਾਲ ਗੱਲਾਂ ਕਰਨਾ ਹੈ। ਇਸ ਤੋਂ ਇਲਾਵਾ ਗ਼ਜ਼ਲ ਦੇ ਅਰਥ ਹਨ : ਮਾਸ਼ੂਕ ਦੀ ਸ੍ਰਿਸਟੀ ਅਤੇ ਚੰਗਾ ਸੁਭਾਉ ਅਤੇ ਉਸ ਦੇ ਤੇ ਉਸ ਲਈ ਇਸ਼ਕ ਦਾ ਬਿਆਨ, ਸ਼ਿਕਾਰੀ ਕੁੱਤਿਆਂ 'ਚ ਘਿਰੇ ਹਿਰਨ ਦੀ ਦਰਸਾਈ ਆਵਾਜ਼। ਇਸ ਸਬੰਧੀ ਹੋਰ ਚਰਚਾ ਕਰਨ ਤੋਂ ਬਾਅਦ ਸਾਧੂ ਸਿੰਘ ਹਮਦਰਦ ਲਿਖਦੇ ਹਨ ਕਿ "ਔਰਤ ਨਾਲ ਗੱਲਾਂ ਕਰਨਾ" ਜਾਂ "ਔਰਤਾਂ ਦੀਆਂ ਗੱਲਾਂ ਕਰਨਾ" ਤਗ਼ੱਜ਼ੁਲ ਦਾ ਇਕੋ ਇਕ ਬਣਦਾ ਕਾਰਨ ਹੈ। ਭਾਵ ਗ਼ਜ਼ਲ ਕਾਵਿ-ਰੂਪ ਦਾ ਆਰੰਭਕ ਵਿਸ਼ਾ ਉਪਰੋਕਤ ਮੰਨਿਆ ਗਿਆ ਹੈ। ਕਾਵਿ-ਰੂਪ ਦੇ ਤੌਰ 'ਤੇ ਫ਼ਾਰਸੀ ਚ ਪੈਦਾ ਹੋਈ ਗ਼ਜ਼ਲ ਪਸਤੋ ਰਾਹੀਂ ਉਰਦੂ ਵਿਚ ਆ ਕੇ ਨਵੀਆਂ ਸਿਖਰਾਂ ਛੋਂਹਦੀ ਹੈ। ਡਾ. ਰਾਜਿੰਦਰ ਪਾਲ ਸਿੰਘ ਵੀ ਲਿਖਦੇ ਹਨ," ਫ਼ਾਰਸੀ ਤੋਂ ਬਾਅਦ ਗ਼ਜ਼ਲ ਨੂੰ ਪਸਤੋਂ ਕਵੀਆਂ ਨੇ ਵੀ ਅਪਣਾਇਆ। ਖੁਸ਼ਹਾਲਖਾਨ ਤੇ ਰਹਿਮਾਨ ਬਾਬਾ ਪੁਸ਼ਤੋਂ ਪ੍ਰਮੁੱਖ ਗ਼ਜ਼ਲਕਾਰ ਹਨ। ਉਰਦੂ ਵਿਚ ਗ਼ਜ਼ਲ ਦਾ ਪ੍ਰਵੇਸ਼ ਹੋਇਆ ਬਹੁਤਾ ਸਮਾਂ ਨਹੀਂ ਬੀਤਿਆ। ਪਰ ਊਰਦੂ ਗ਼ਜ਼ਲਕਾਰਾਂ ਨੇ ਗ਼ਜ਼ਲ ਕਾਵਿ-ਰੂਪ ਨੂੰ ਬੁਲੰਦੀਆਂ 'ਤੇ ਪੁਚਾ ਦਿੱਤਾ।" ਜਿਵੇਂ ਕਿ ਪਰਿਵਰਤਨ ਕੁਦਰਤ ਦਾ ਅਟੱਲ ਨਿਯਮ ਹੈ ਇਸੇ ਲਈ ਇਤਿਹਾਸਕ ਪਰਿਵਰਤਨਾਂ ਦੇ ਨਾਲ-ਨਾਲ ਗ਼ਜ਼ਲ ਦੇ ਵਿਸ਼ੇ ਵੀ ਬਦਲਦੇ ਰਹੇ।

ਸੁਰਜੀਤ ਪਾਤਰ ਦੀ ਗ਼ਜ਼ਲ ਦਾ ਨਮੂਨਾ ਦੇਖਿਆ ਜਾ ਸਕਦਾ ਹੈ:
ਕੋਈ ਡਾਲੀਆਂ ਚੋਂ ਲੰਘਿਆ ਹਵਾ ਬਣ ਕੇ,
ਅਸੀਂ ਰਹਿ ਗਏ ਬਿਰਖ ਵਾਲੀ ਹਾਅ ਬਣ ਕੇ।

ਪੈੜਾਂ ਤੇਰੀਆਂ ਤੇ ਦੂਰ ਦੂਰ ਤੀਕ ਮੇਰੇ ਪੱਤੇ,
ਡਿੱਗੇ ਮੇਰੀਆਂ ਬਹਾਰਾਂ ਦਾ ਗੁਨਾਹ ਬਣ ਕੇ।

ਪਿਆ ਅੰਬੀਆਂ ਨੂੰ ਬੂਰ ਸੀ ਕਿ ਕੋਇਲ ਕੂਕ ਪਈ,
ਕਿਸੇ ਜਿੰਦ ਬੀਆਬਾਨ ਦੀ ਗਵਾਹ ਬਣ ਕੇ।

ਕਦੀ ਬੰਦਿਆਂ ਦੇ ਵਾਂਗ ਸਾਨੂੰ ਮਿਲਿਆ ਵੀ ਕਰ,
ਐਵੇਂ ਲੰਘ ਜਾਨੈ ਪਾਣੀ ਕਦੇ 'ਵਾਅ ਬਣ ਕੇ।

ਜਦੋਂ ਮਿਲਿਆ ਸੀ ਹਾਣ ਦਾ ਸੀ ਸਾਂਵਲਾ ਜਿਹਾ,
ਜਦੋਂ ਜੁਦਾ ਹੋਇਆ ਤੁਰ ਗਿਆ ਖੁਦਾ ਬਣ ਕੇ।

---

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ ।

ਪੱਥਰ 'ਤੇ ਨਕਸ਼ ਹਾਂ ਮੈਂ, ਮਿੱਟੀ 'ਤੇ ਤਾਂ ਨਹੀਂ ਹਾਂ,
ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ ।

ਕਿੰਨੀ ਕੁ ਦੇਰ ਆਖ਼ਿਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ ।

ਇਤਿਹਾਸ ਦੇ ਸਫ਼ੇ 'ਤੇ, ਤੇ ਵਕਤ ਦੇ ਪਰਾਂ 'ਤੇ,
ਉਂਗਲਾਂ ਡੁਬੋ ਲਹੂ ਵਿੱਚ, ਲਿਖਿਆ ਹੈ ਨਾਮ ਤੇਰਾ ।

ਹਰ ਕਾਲ ਕੋਠੜੀ ਵਿੱਚ ਤੇਰਾ ਹੈ ਜ਼ਿਕਰ ਏਦਾਂ,
ਗਾਰਾਂ 'ਚ ਚਾਂਦਨੀ ਦਾ, ਹੋਵੇ ਜਿਵੇਂ ਬਸੇਰਾ ।

ਆ ਆ ਕੇ ਯਾਦ ਤੇਰੀ, ਜੰਗਲ ਗ਼ਮਾਂ ਦਾ ਚੀਰੇ,
ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ ।

ਪੈਰਾਂ 'ਚ ਬੇੜੀਆਂ ਨੇ, ਨਚਦੇ ਨੇ ਲੋਕ ਫਿਰ ਵੀ,
ਕਿਉਂ ਵੇਖ ਵੇਖ ਉੱਡਦੈ, ਚਿਹਰੇ ਦਾ ਰੰਗ ਤੇਰਾ ।

ਮੇਰੇ ਵੀ ਪੈਰ ਚੁੰਮ ਕੇ, ਇਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਐ, ਮਹਿਬੂਬ ਅੰਤ ਮੇਰਾ ।

-----

## ਸਾਰ-ਅੰਸ਼:

ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਗ਼ਜ਼ਲ ਅਰਬ 'ਚ ਪੈਦਾ ਹੋਇਆ ਕਾਵਿ-ਰੂਪ ਹੈ। ਅਰਬੀ ਤੋਂ ਫ਼ਾਰਸੀ ਰਾਹੀਂ ਹੁੰਦਾ ਹੋਇਆ ਇਹ ਕਾਵਿ-ਰੂਪ ਉਰਦੂ ਵਿਚ ਪ੍ਰਚਲਿਤ ਹੋ ਗਿਆ ਤੇ ਇਵੇਂ ਹੀ ਉਰਦੂ ਤੋਂ ਪੰਜਾਬੀ ਵਿਚ ਆ ਗਿਆ ਜਾਂ ਪੰਜਾਬੀ ਨੇ ਅਪਣਾ ਲਿਆ। ਪੰਜਾਬੀ ਗ਼ਜ਼ਲ ਆਰੰਭਿਕ ਸਮੇਂ ਵਿਚ ਫ਼ਾਰਸੀ-ਉਰਦੂ ਦੇ ਪ੍ਰਭਾਵ ਅਧੀਨ ਇਸ਼ਕ-ਮਾਸ਼ੂਕ ਦੇ ਵਿਸ਼ਿਆਂ ਦੁਆਲੇ ਘੁੰਮਦੀ ਹੈ ਪਰ ਹੌਲੀ-ਹੌਲੀ ਪੰਜਾਬੀ ਗ਼ਜ਼ਲ ਵਿਚ ਪੰਜਾਬੀ ਰੰਗ ਆਉਣਾ ਸ਼ੁਰੂ ਹੋ ਜਾਂਦਾ ਹੈ ਤੇ ਹੋਰ ਸਮਾਜਿਕ ਵਿਸ਼ੇ ਵੀ ਇਸ ਕਾਵਿ-ਰੂਪ ਰਾਹੀਂ ਹੋਣ ਲੱਗਦੇ ਹਨ। ਡਾ. ਜਗਤਾਰ ਅਤੇ ਸੁਰਜੀਤ ਪਾਤਰ ਨਾਲ ਗ਼ਜ਼ਲ ਪੂਰੀ ਤਰ੍ਹਾਂ ਪੰਜਾਬੀ ਰੰਗਤ ਧਾਰਨ ਕਰ ਲੈਂਦੀ ਹੈ।

## ਮੁੱਖ/ਕੇਂਦਰੀ ਸ਼ਬਦ:

ਤਗ਼ੱਜ਼ੁਲ ---ਗ਼ਜ਼ਲ

ਤੁਰਆਈ---ਰੁਬਾਈ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1 ਕਿਹੜਾ ਕਾਵਿ ਰੂਪ ਅਰਬੀ-ਫਾਰਸੀ ਤੋਂ ਆਇਆ ਮੰਨਿਆਂ ਜਾਂਦਾ ਹੈ?

ੳ ਗੀਤ

ਅ ਸਾਨਟ

ੲ ਖੁੱਲੀ ਕਵਿਤਾ

ਸ ਗਜ਼ਲ

2 ਕਿਹੜਾ ਕਾਵਿ ਰੂਪ ਅੰਗਰੇਜ਼ੀ ਤੋਂ ਆਇਆ ਮੰਨਿਆਂ ਜਾਂਦਾ ਹੈ?

ੳ ਗੀਤ

ਅ ਸਾਨਟ

ੲ ਰੁਬਾਈ

ਸ ਗਜ਼ਲ

3 ਕਿਹੜਾ ਕਾਵਿ ਰੂਪ ਅਰਬੀ-ਫਾਰਸੀ ਤੋਂ ਆਇਆ ਮੰਨਿਆਂ ਜਾਂਦਾ ਹੈ?

ੳ ਗੀਤ

ਅ ਸਾਨਟ

ੲ ਖੁੱਲੀ ਕਵਿਤਾ

ਸ ਰੁਬਾਈ

4 ਕਿਹੜਾ ਕਾਵਿ ਰੂਪ ਅੰਗਰੇਜ਼ੀ ਤੋਂ ਆਇਆ ਮੰਨਿਆਂ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

5 ਭਾਈ ਵੀਰ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

6 ਪ੍ਰੋ. ਪੂਰਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

7 ਕਿਹੜਾ ਕਾਵਿ ਰੂਪ ਪੰਜਾਬੀ ਦਾ ਮੌਲਿਕ ਕਾਵਿ-ਰੂਪ ਮੰਨਿਆਂ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

8 ਪ੍ਰੋ. ਮੋਹਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਰੁਮਾਂਸਵਾਦ-ਪ੍ਰਗਤੀਵਾਦ

9 ਕਿਸ ਕਾਵਿ-ਰੂਪ ਦੇ ਅਰਥ ਹਨ : ਮਾਸ਼ੂਕ ਦੀ ਸ੍ਰਿਸਟੀ ਅਤੇ ਚੰਗਾ ਸੁਭਾਉ ਅਤੇ ਉਸ ਦੇ ਤੇ ਉਸ ਲਈ ਇਸ਼ਕ ਦਾ ਬਿਆਨ, ਸ਼ਿਕਾਰੀ ਕੁੱਤਿਆਂ 'ਚ ਘਿਰੇ ਹਿਰਨ ਦੀ ਦਰਸਾਈ ਆਵਾਜ਼?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

10 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਕਵੀ ਦੀ ਆਤਮਾ ਵਿਚ ਕਲਾ-ਦੇਵੀਆਂ ਦਾ ਉਨਮਾਦ ਹੁੰਦਾ ਹੈ - ਇਹ ਕਥਨ ਕਿਸਦਾ ਹੈ?

ੳ ਹਾਊਸਮੈਨ

ਅ ਟੀ. ਐਸ. ਈਲੀਅਨ

ੲ ਅਫ਼ਲਾਤੂਨ

ਸ ਮੈਥਿਊ ਆਰਨਲਡ

12 ਪਾਸ਼ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਸੁਰਜੀਤ ਪਾਤਰ ਦਾ ਮੁੱਖ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

## ਅਭਿਆਸ ਪ੍ਰਸ਼ਨ

1. ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਰੂਪਾਂ ਉਪਰ ਨੋਟ ਲਿਖੋ?
2. ਗੀਤ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸਦਾ ਸਰੂਪ ਉਲੀਕੋ।
3. ਗ਼ਜ਼ਲ ਦੇ ਅਰਥ ਅਤੇ ਪਰਿਭਾਸ਼ਾ ਲਿਖੋ।

## ਸੰਦਰਭ ਪੁਸਤਕਾਂ:

1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.
6.

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A9%9A%E0%A9%9B%E0%A8%B2

ਉੱਤਰਮਾਲਾ

| | | | | |
|---|---|---|---|---|
| 1. ਸ | 2. ਅ | 3. ਸ | 4. ਸ | 5. ੳ |
| 6. ਅ | 7. ੳ | 8. ਸ | 9. ਸ | 10. ਅ |
| 11.ੲ | 12. ਸ | 13. ੳ | 14. ਅ | 15. ਸ |

# ਅਧਿਆਇ-5 : ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਰੂਪ : ਨਜ਼ਮ ਅਤੇ ਖੁੱਲ੍ਹੀ

*Paramjit Singh, Lovely Professional University*

## ਕਵਿਤਾ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਾਵਿ ਰੂਪਾਂ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਾਵਿ ਰੂਪਾਂ ਦੇ ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਾਵਿ ਰੂਪਾਂ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਾਵਿ ਰੂਪਾਂ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਕਵਿਤਾ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਰੂਪਾਂ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਰੂਪਾਂ ਦੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਰੂਪਾਂ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ।

## ਵਿਸ਼ਾ ਵਸਤੂ:

ਕਵਿਤਾ ਨੂੰ ਅਰਬੀ ਵਿਚ ਨਜ਼ਮ ਕਿਹਾ ਜਾਂਦਾ ਹੈ। ਨਜ਼ਮ ਅਰਬੀ ਸ਼ਬਦ ਹੈ । ਇਸ ਦੇ ਅਰਥ ਹਨ ' ਮੋਤੀਆਂ ਨੂੰ ਇਕ ਧਾਗੇ ਵਿਚ ਪਰੋਣਾ' । ਇੱਥੋਂ ਹੀ ਇਸ ਦੇ ਅਰਥ ਬਣ ਗਏ– – ਤਰਤੀਬ ਦੇਣਾ , ਇੰਤਜ਼ਾਮ ਕਰਨਾ , ਆਦਿ । ਕਾਵਿ ਖੇਤਰ ਵਿਚ ਨਜ਼ਮ ਦੇ ਅਰਥ ਹਨ ਵਿਚਾਰਾਂ ਨੂੰ ਇਕ ਖ਼ਾਸ ਵਜ਼ਨ ਤੋਲ ਵਿਚ ਤਰਤੀਬ ਦੇਣਾ । ਦੂਜੇ ਅਰਥਾਂ ਵਿਚ ਹਰ ਕਵਿਤਾ ਨਜ਼ਮ ਹੈ।

ਗੁਰਦਿੱਤ ਸਿੰਘ ਪ੍ਰੇਮੀ ਅਨੁਸਾਰ :

ਅਰਬੀ , ਫ਼ਾਰਸੀ , ਉਰਦੂ ਵਿਚ ਮਜ਼ਮੂਨ ਦੇ ਲਿਹਾਜ਼ ਨਾਲ ਨਜ਼ਮ ਦੇ ਕਈ ਭੇਦ ਹਨ ਜਿਵੇਂ ਇਸ਼ਕੀਆ , ਰਜ਼ਮੀਆ , ਮਜ਼ਾਹੀਆ ਆਦਿ ।

ਰੂਪ ਦੇ ਪੱਖ ਤੋਂ ਵੀ ਇਸ ਦੇ ਕਈ ਭੇਦ ਹਨ , ਜਿਵੇਂ ਬੈਂਤ , ਗ਼ਜ਼ਲ , ਮੁਸੱਲਸ , ਮੁਖ਼ੱਮਸ , ਮੁਸੱਦਸ , ਮਸਨਵੀ ਆਦਿ ।

ਉਰਦੂ ਤੇ ਫ਼ਾਰਸੀ ਨਜ਼ਮ ਵਿਚ ਕਾਫ਼ੀਏ ਦੀ ਪਾਬੰਦੀ ਜਿਸ ਨਿਪੁੰਨਤਾ ਨਾਲ ਨਿਭਾਈ ਜਾਂਦੀ ਹੈ ਉਨਤੀ ਨਿਪੁੰਨਤਾ ਨਾਲ ਪੰਜਾਬੀ ਕਵਿਤਾ ਵਿਚ ਨਹੀਂ ਨਿਭਾਈ ਜਾਂਦੀ । ਨਜ਼ਮ ਵਿਚ ਵਿਚਾਰ ਦੇ ਨਾਲ ਰੂਪ ਨੂੰ ਵੀ ਯੋਗ ਥਾਂ ਦਿੱਤੀ ਜਾਂਦੀ ਹੈ ।

ਉਰਦੂ ਵਿਚ ਖੁੱਲ੍ਹੀ ਕਵਿਤਾ ਨੂੰ ਆਜ਼ਾਮ ਨਜ਼ਮ ਕਿਹਾ ਜਾਂਦਾ ਹੈ ।

ਐਸ. ਤਰਸੇਮ ਅਨੁਸਾਰ :

ਭਾਸ਼ਾ ਦੀ ਸਰਲਤਾ ਨਜ਼ਮ ਲਈ ਇੱਕ ਲਾਜ਼ਮੀ ਸ਼ਰਤ ਹੈ । ਸ਼ਬਦ ਜੰਜਾਲ ਨਜ਼ਮ ਲਈ ਬੜਾ ਮਾਰੂ ਹੁੰਦਾ ਹੈ । ਕੁਝ ਸ਼ਾਇਰ ਬਹੁਤੀ ਗੁੰਝਲਦਾਰ ਅਪ੍ਰਚਲਿਤ ਭਾਸ਼ਾ ਦੀ ਵਰਤੋਂ ਕਰ ਕੇ ਵੱਡੇ ਕਵੀ ਹੋਣ ਦਾ ਭਰਮ ਪਾਲਦੇ ਹਨ ਪਰ ਅਜਿਹੇ ਕਵੀ ਉੱਤਮ ਨਜ਼ਮਾਂ ਦੀ ਰਚਨਾ ਨਹੀਂ ਕਰ ਸਕਦੇ ।

ਕੇਸਰ ਸਿੰਘ ਕੇਸਰ ਨੇ ਨਜ਼ਮ ਨੂੰ ਕਵਿਤਾ ਦੀ ਇੱਕ ਵੰਨਗੀ ਮੰਨਦਿਆਂ ਇਸ ਦਾ ਗ਼ਜ਼ਲ ਤੇ ਗੀਤ ਨਾਲੋਂ ਨਿਖੇੜਾ ਕੀਤਾ ਹੈ ਤੇ ਲਿਖਿਆ ਹੈ :

ਜਦੋਂ ਕਵੀ ਇੱਕ ਮਾਨਸਿਕ ਵਿੱਥ ਪੈਦਾ ਕਰ ਕੇ ਪਰਿਸਥਿਤੀਆਂ ਨਾਲ ਜੂਝਦੇ , ਜਿੱਤਦੇ , ਹਾਰਦੇ ਵਿਅਕਤੀ ਜਾਂ ਸਮੂਹ ਦੇ ਸੰਘਰਸ਼ ਦਾ ਵਿਸ਼ਲੇਸ਼ਣ ਕਰਦਾ ਹੋਇਆ ਉਸ ਸੰਘਰਸ਼ ਦਾ ਵਿਵੇਕ ਤੇ ਪਰਿਪੇਖ ਸਿਰਜਦਾ ਹੈ ਤਾਂ ਨਜ਼ਮ ਦਾ ਜਨਮ ਹੁੰਦਾ ਹੈ । ਆਪਣੀਆਂ ਵਿਰੋਧੀ ਪਰਿਸਥਿਤੀਆਂ ਵਿੱਚ ਘਿਰੇ ਬੇਵੱਸ , ਨਿਸੱਤੇ , ਭੈ-ਭੀਤ ਤੇ ਸ਼ੰਕਾ-ਗ੍ਰਸਤ ਵਿਅਕਤੀ ਦਾ ਕਾਵਿ-ਬਿੰਬ ਗ਼ਜ਼ਲ ਦੇ ਵਿਕੋਲਿਤਰੇ ਸ਼ਿਅਰਾਂ ਰਾਹੀਂ ਰੂਪਮਾਨ ਹੁੰਦਾ ਹੈ ਪਰ ਜਦੋਂ ਉਹ ਜੂਝਦੇ , ਹਾਰਦੇ , ਜਾਂ ਜਿੱਤ , ਹਾਰ ਚੁੱਕੇ ਵਿਅਕਤੀ ਦੇ ਨਾਹਰੇ , ਹੂਕ , ਹਉਕੇ ਜਾਂ ਸਮੂਹ ਨਾਲ ਜੁੜਨ ਦੀ ਤੀਬਰ ਲੋਚਾਂ ਨੂੰ ਕਵਿਤਾ ਵਿੱਚ ਢਾਲਣਾ ਚਾਹੁੰਦਾ ਹੈ ਤਾਂ ਗੀਤ ਬਣਦਾ ਹੈ ।

ਡਾ. ਐਸ. ਤਰਸੇਮ ਪੰਜਾਬੀ ਪੀਡੀਆ ਉਪਰ ਲਿਖਦੇ ਹਨ ਕਿ

ਮੁਢਲੇ ਸੰਸਕ੍ਰਿਤ ਸਾਹਿਤ ਦੇ ਦੋ ਰੂਪ ਹਨ- ਪਦ ਤੇ ਗੱਦ ਅਰਥਾਤ ਕਵਿਤਾ ਤੇ ਵਾਰਤਕ। ਬਿਲਕੁਲ ਇਸ ਤਰ੍ਹਾਂ ਹੀ ਅਰਬੀ ਤੇ ਫ਼ਾਰਸੀ ਸਾਹਿਤ ਵਿੱਚ ਪਦ ਨੂੰ ਨਜ਼ਮ ਅਤੇ ਗੱਦ ਨੂੰ ਨਸਰ ਕਿਹਾ ਗਿਆ। ਨਜ਼ਮ ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦੇ ਅਰਥ ਹਨ- ਮੋਤੀਆਂ ਨੂੰ ਇੱਕ ਧਾਗੇ ਵਿੱਚ ਪਰੋਣਾ, ਤਰਤੀਬ ਦੇਣਾ, ਪ੍ਰਬੰਧ ਕਰਨਾ ਆਦਿ। ਸਾਹਿਤ ਵਿੱਚ ਨਜ਼ਮ ਦੇ ਅਰਥ ਹਨ-ਭਾਵਾਂ ਤੇ ਵਿਚਾਰਾਂ ਨੂੰ ਇੱਕ ਖ਼ਾਸ ਵਜ਼ਨ-ਤੋਲ ਵਿੱਚ ਤਰਤੀਬ ਦੇਣਾ। ਦੂਜੇ ਸ਼ਬਦਾਂ ਵਿੱਚ ਹਰ ਕਵਿਤਾ ਨਜ਼ਮ ਮੰਨੀ ਜਾਂਦੀ ਰਹੀ ਹੈ। ਪਦ, ਕਵਿਤਾ, ਕਾਵਿ, ਨਜ਼ਮ-ਸਭ ਸ਼ਬਦ ਅੰਗਰੇਜ਼ੀ ਸ਼ਬਦ verse ਜਾਂ poem ਦੇ ਸਮਾਨ-ਅਰਥੀ ਮੰਨੇ ਜਾਂਦੇ ਰਹੇ ਹਨ। ਭਾਵ ਬੁੱਧੀ, ਕਲਪਨਾ, ਲੈਅ-ਤਾਲ, ਛੰਦ, ਸੰਗੀਤ, ਅਲੰਕਾਰ, ਪ੍ਰਤੀਕ ਤੇ ਬਿੰਬ ਅਤੇ ਕਾਵਿ-ਭਾਸ਼ਾ ਆਦਿ ਨਜ਼ਮ ਜਾਂ ਕਵਿਤਾ ਦੇ ਮੁੱਖ ਤੱਤ ਮੰਨੇ ਜਾਂਦੇ ਰਹੇ ਹਨ। ਸੰਸਕ੍ਰਿਤ ਵਿੱਚ ਮਹਾਂ-ਕਾਵਿ, ਖੰਡ-ਕਾਵਿ ਤੇ ਮੁਕਤਕ- ਕਾਵਿ ਕਵਿਤਾ ਦੀਆਂ ਮੁੱਖ ਵੰਨਗੀਆਂ ਹਨ। ਪੁਰਾਤਨ ਯੂਨਾਨੀ ਸਾਹਿਤ ਵਿੱਚ ਵੀ ਮਹਾਂ-ਕਾਵਿ ਵਾਂਗ ਇਸ ਕਿਸਮ ਦੇ ਰੂਪ ਦੀ ਪ੍ਰਧਾਨਤਾ ਰਹੀ ਹੈ। ਪੁਰਾਤਨ ਅਰਬੀ ਤੇ ਫ਼ਾਰਸੀ ਕਵਿਤਾ ਵਿੱਚ ਕਸੀਦਾ, ਗ਼ਜ਼ਲ, ਮਰਸੀਆ, ਮਸਨਵੀ ਆਦਿ ਪ੍ਰਮੁਖ ਕਾਵਿ-ਵੰਨਗੀਆਂ ਪ੍ਰਚਲਿਤ ਸਨ। ਪੁਰਾਤਨ ਤੇ ਮੱਧ-ਕਾਲੀ ਪੰਜਾਬੀ ਕਵਿਤਾ ਵਿੱਚ ਵੱਡ-ਆਕਾਰੀ ਰੂਪ ਵਿੱਚ ਕਿੱਸਾ, ਵਾਰ, ਜੰਗਨਾਮਾ, ਬਾਰਾਂਮਾਹ ਤੇ ਛੁਟੇਜੀ ਕਾਵਿ-ਵੰਨਗੀ ਵਜੋਂ ਸਲੋਕ, ਸ਼ਬਦ, ਦੋਹੜੇ, ਕਾਫ਼ੀ, ਸਤਵਾਰਾ ਆਦਿ ਪ੍ਰਚਲਿਤ ਸਨ। ਪੰਜਾਬੀ ਦੇ ਲੋਕ-ਕਾਵਿ ਵਿੱਚ ਲੋਰੀ, ਸੁਹਾਗ, ਸਿਠਣੀ, ਘੋੜੀ, ਦੋਹਾ, ਅਲਾਹੁਣੀ, ਵੈਣ, ਟੱਪੇ ਆਦਿ ਪ੍ਰਮੁਖ ਕਾਵਿ-ਵੰਨਗੀਆਂ ਹਨ। ਕਵਿਤਾ ਦੀਆਂ ਇਹ ਸਾਰੀਆਂ ਵੰਨਗੀਆਂ ਮੰਨੀਆਂ ਜਾਂਦੀਆਂ ਰਹੀਆਂ ਹਨ ਪਰ 20ਵੀਂ ਸਦੀ ਦੇ ਗੁੰਝਲਦਾਰ ਜੀਵਨ ਨੇ ਪੁਰਾਤਨ ਕਾਵਿ-ਵੰਨਗੀਆਂ ਦੇ ਨਾਲ-ਨਾਲ ਕਈ ਨਵੀਆਂ ਵੰਨਗੀਆਂ ਨੂੰ ਜਨਮ ਦਿੱਤਾ ਜਿਸ ਦੇ ਸਿੱਟੇ ਵਜੋਂ ਨਜ਼ਮ ਇੱਕ ਸੁਤੰਤਰ ਕਾਵਿ-ਵੰਨਗੀ ਵਜੋਂ ਹੋਂਦ ਵਿੱਚ ਆਈ। ਨਜ਼ਮ ਇੱਕ ਵਿਸ਼ਲੇਸ਼ਣੀ ਕਾਵਿ-ਵੰਨਗੀ (ਰੂਪਾਕਾਰ) ਹੈ। ਇਸ ਲਈ ਇਸ ਵਿੱਚ ਭਾਵ-ਤੱਤ ਜੋ ਸਾਰੀ ਪੁਰਾਤਨ ਤੇ ਮੱਧ-ਕਾਲੀ ਕਵਿਤਾ ਵਿੱਚ ਪ੍ਰਧਾਨ ਤੱਤ ਮੰਨਿਆ ਜਾਂਦਾ ਸੀ, ਘੱਟ ਮਹੱਤਵਪੂਰਨ ਬਣ ਜਾਂਦਾ ਹੈ। ਨਜ਼ਮ ਵਿੱਚ ਬੁੱਧੀ ਤੱਤ ਜਾਂ ਵਿਚਾਰ ਦੀ ਸਦਾ ਪ੍ਰਧਾਨਤਾ ਹੁੰਦੀ ਹੈ। ਦਲੀਲ ਆਮ ਤੌਰ `ਤੇ ਨਜ਼ਮ ਦੇ ਆਰ-ਪਾਰ ਫ਼ੈਲੀ ਹੁੰਦੀ ਹੈ।

ਲੈਅ-ਤਾਲ, ਛੰਦ ਤੇ ਸੰਗੀਤ ਆਦਿ ਕਾਵਿ-ਤੱਤਾਂ ਦਾ ਮਹੱਤਵ ਨਜ਼ਮ ਵਿੱਚ ਉਸ ਤਰ੍ਹਾਂ ਨਹੀਂ ਵਾਚਿਆ ਜਾਂਦਾ ਜਿਵੇਂ ਕਿ ਪੁਰਾਤਨ ਕਵਿਤਾ ਜਾਂ ਸਰੋਦੀ ਕਵਿਤਾ ਵਿੱਚ ਹੁੰਦਾ ਹੈ। ਪੰਜਾਬੀ ਦੀ ਵਰਤਮਾਨ ਨਜ਼ਮ ਅਕਸਰ ਛੰਦ ਮੁਕਤ ਰਚੀ ਜਾ ਰਹੀ ਹੈ, ਜਿਸ ਵਿੱਚੋਂ ਸੰਗੀਤ ਤਾਂ ਕੀ, ਲੈਅ-ਤਾਲ ਵੀ ਗ਼ੈਰ-ਹਾਜ਼ਰ ਹੁੰਦਾ ਹੈ। ਪਾਕਿਸਤਾਨ ਵਿੱਚ ਇਸ ਨੂੰ ਨਸਰੀ ਨਜ਼ਮ ਅਤੇ ਭਾਰਤ ਵਿੱਚ ਗੱਦ ਕਾਵਿ ਵੀ ਕਿਹਾ ਜਾਂਦਾ ਹੈ। ਕਾਰਨ ਇਹ ਹੈ ਕਿ ਨਜ਼ਮ ਵਿਸ਼ਲੇਸ਼ਣੀ ਕਾਵਿ ਹੋਣ ਕਾਰਨ ਛੰਦ ਤੇ ਸੰਗੀਤ ਦਾ ਬੰਧਨ ਪ੍ਰਵਾਨ ਨਹੀਂ ਕਰ ਸਕਦੀ। ਪੱਛਮ ਵਿੱਚ ਉਦਯੋਗਿਕ ਤੇ ਤਕਨੀਕੀ ਵਿਕਾਸ ਗੁੰਝਲਦਾਰ ਜ਼ਿੰਦਗੀ ਦੇ ਪ੍ਰਗਟਾਵੇ ਲਈ 20ਵੀਂ ਸਦੀ ਵਿੱਚ ਇਸ ਤਰ੍ਹਾਂ ਦੀ ਹੀ ਨਜ਼ਮ ਲਿਖੀ ਗਈ ਹੈ ਜਿਸ ਦਾ ਸੁਭਾਅ ਵਾਰਤਕ ਵਾਲਾ ਹੈ। ਕੁਝ ਵਿਦਵਾਨਾਂ ਨੇ ਇਸ ਤਰ੍ਹਾਂ ਦੀ ਗੱਦਮਈ ਨਜ਼ਮ ਦਾ ਸੁਆਗਤ ਕੀਤਾ ਹੈ ਪਰ ਕੁਝ ਹੋਰ ਸਮੀਖਿਆਕਾਰ ਤੇ ਕਵੀ ਇਸ ਵਿਚਾਰ ਦੇ ਧਾਰਨੀ ਹਨ ਕਿ ਨਜ਼ਮ ਵਿੱਚ ਛੰਦ ਦੀ ਪਾਬੰਦੀ ਨੂੰ ਨਿਭਾਇਆ ਜਾਣਾ ਜ਼ਰੂਰੀ ਨਹੀਂ ਪਰ ਲੈਅ-ਤਾਲ ਅਤੇ ਭਾਵ ਦੀ ਨਜ਼ਮ ਵਿੱਚ ਪ੍ਰਧਾਨਤਾ ਹੋਣੀ ਚਾਹੀਦੀ ਹੈ ਕਿਉਂਕਿ ਇਹ ਕਾਵਿ-ਤੱਤ ਹੀ ਨਸਰ ਜਾਂ ਗੱਦ ਨਾਲੋਂ ਨਜ਼ਮ ਨੂੰ ਨਿਖੇੜਦੇ ਹਨ। ਪੰਜਾਬੀ ਵਿੱਚ ਬਹੁਤ ਸਾਰੇ ਕਵੀਆਂ ਨੇ ਛੰਦ-ਬੱਧ ਨਜ਼ਮਾਂ ਦੀ ਵੀ ਰਚਨਾ ਕੀਤੀ ਹੈ।

ਅਲੰਕਾਰਾਂ, ਪ੍ਰਤੀਕਾਂ ਤੇ ਬਿੰਬਾਂ ਦੀ ਬਹੁਲਤਾ ਨਜ਼ਮ ਦੇ ਵਿਸ਼ਲੇਸ਼ਣੀ ਤੇ ਤਰਕਮਈ ਸੁਭਾਅ `ਤੇ ਸੱਟ ਮਾਰਦੀ ਹੈ। ਨਜ਼ਮ ਦੀ ਸੁੰਦਰਤਾ ਇਹਨਾਂ ਕਾਵਿ-ਜੁਗਤਾਂ ਵਿੱਚ ਨਹੀਂ ਸਗੋਂ ਤਰਕ ਅਤੇ ਨਿਆਸ਼ੀਲਤਾ ਦੇ ਪ੍ਰਗਟਾਵੇ ਵਿੱਚ ਹੈ।

ਭਾਸ਼ਾ ਦੀ ਸਰਲਤਾ ਨਜ਼ਮ ਲਈ ਇੱਕ ਲਾਜ਼ਮੀ ਸ਼ਰਤ ਹੈ। ਸ਼ਬਦ ਜੰਜਾਲ ਨਜ਼ਮ ਲਈ ਬੜਾ ਮਾਰੂ ਹੁੰਦਾ ਹੈ। ਕੁਝ ਸ਼ਾਇਰ ਬਹੁਤੀ ਗੁੰਝਲਦਾਰ ਅਪ੍ਰਚਲਿਤ ਭਾਸ਼ਾ ਦੀ ਵਰਤੋਂ ਕਰ ਕੇ ਵੱਡੇ ਕਵੀ ਹੋਣ ਦਾ ਭਰਮ ਪਾਲਦੇ ਹਨ ਪਰ ਅਜਿਹੇ ਕਵੀ ਉੱਤਮ ਨਜ਼ਮਾਂ ਦੀ ਰਚਨਾ ਨਹੀਂ ਕਰ ਸਕਦੇ।

ਕੇਸਰ ਸਿੰਘ ਕੇਸਰ ਨੇ ਨਜ਼ਮ ਨੂੰ ਕਵਿਤਾ ਦੀ ਇੱਕ ਵੰਨਗੀ ਮੰਨਦਿਆਂ ਇਸ ਦਾ ਗ਼ਜ਼ਲ ਤੇ ਗੀਤ ਨਾਲੋਂ ਨਿਖੇੜਾ ਕੀਤਾ ਹੈ ਤੇ ਲਿਖਿਆ ਹੈ :

ਜਦੋਂ ਕਵੀ ਇੱਕ ਮਾਨਸਿਕ ਵਿੱਥ ਪੈਦਾ ਕਰ ਕੇ ਪਰਿਸਥਿਤੀਆਂ ਨਾਲ ਜੂਝਦੇ, ਜਿੱਤਦੇ, ਹਾਰਦੇ ਵਿਅਕਤੀ ਜਾਂ ਸਮੂਹ ਦੇ ਸੰਘਰਸ਼ ਦਾ ਵਿਸ਼ਲੇਸ਼ਣ ਕਰਦਾ ਹੋਇਆ ਉਸ ਸੰਘਰਸ਼ ਦਾ ਵਿਵੇਕ ਤੇ ਪਰਿਪੇਖ ਸਿਰਜਦਾ ਹੈ ਤਾਂ ਨਜ਼ਮ ਦਾ ਜਨਮ ਹੁੰਦਾ ਹੈ। ਆਪਣੀਆਂ ਵਿਰੋਧੀ ਪਰਿਸਥਿਤੀਆਂ ਵਿੱਚ ਘਿਰੇ ਬੇਵੱਸ, ਨਿਸੱਤੇ, ਭੈ-ਭੀਤ ਤੇ ਸ਼ੰਕਾ-ਗ੍ਰਸਤ ਵਿਅਕਤੀ ਦਾ ਕਾਵਿ-ਬਿੰਬ ਗ਼ਜ਼ਲ ਦੇ ਵਿਕੋਲਿਤਰੇ ਸ਼ਿਅਰਾਂ ਰਾਹੀਂ ਰੂਪਮਾਨ ਹੁੰਦਾ ਹੈ ਪਰ ਜਦੋਂ ਉਹ ਜੂਝਦੇ, ਹਾਰਦੇ, ਜਾਂ ਜਿੱਤ, ਹਾਰ ਚੁੱਕੇ ਵਿਅਕਤੀ ਦੇ ਨਾਹਰੇ, ਹੂਕ, ਹਉਕੇ ਜਾਂ ਸਮੂਹ ਨਾਲ ਜੁੜਨ ਦੀ ਤੀਬਰ ਲੋਚਾਂ ਨੂੰ ਕਵਿਤਾ ਵਿੱਚ ਢਾਲਣਾ ਚਾਹੁੰਦਾ ਹੈ ਤਾਂ ਗੀਤ ਬਣਦਾ ਹੈ।

ਇਸ ਤਰ੍ਹਾਂ ਸਪਸ਼ਟ ਹੈ ਕਿ ਹੁਣ ਨਜ਼ਮ ਕਵਿਤਾ ਦੀ ਸਮਾਨ-ਅਰਥੀ ਨਹੀਂ ਹੈ। ਇਹ ਤਾਂ ਕਵਿਤਾ ਦੀ ਇੱਕ ਵੰਨਗੀ ਹੈ ਜੋ ਆਧੁਨਿਕ ਯੁਗ ਦੀ ਦੇਣ ਹੈ। ਇਸ ਤਰ੍ਹਾਂ ਨਜ਼ਮ ਨੂੰ ਹੋਰਾਂ ਕਾਵਿ-ਵੰਨਗੀਆਂ ਨਾਲੋਂ ਵੀ ਨਿਖੇੜਿਆ ਜਾ ਸਕਦਾ ਹੈ।

ਸਭ ਤੋਂ ਪਹਿਲਾਂ ਪੰਜਾਬੀ ਵਿੱਚ ਬਾਵਾ ਬਲਵੰਤ ਨੇ ਆਪਣੀਆਂ ਕੁਝ ਕਾਵਿ-ਰਚਨਾਵਾਂ ਨੂੰ ਨਜ਼ਮ ਜਾਂ ਅਜ਼ਾਦ ਨਜ਼ਮ ਦਾ ਨਾਂ ਦਿੱਤਾ। ਗ਼ਜ਼ਲ, ਗੀਤ ਤੇ ਕੁਝ ਹੋਰ ਕਾਵਿ- ਰੂਪਾਕਾਰਾਂ ਨੂੰ ਉਸ ਨੇ ਨਜ਼ਮ ਤੋਂ ਵੱਖਰਾ ਮੰਨਿਆ। ਛੰਦ ਮੁਕਤ ਕਵਿਤਾਵਾਂ ਨੂੰ ਬਾਵਾ ਬਲਵੰਤ ਨੇ ਅਜ਼ਾਦ ਨਜ਼ਮਾਂ ਦਾ ਸਿਰਲੇਖ ਦਿੱਤਾ। ਉਂਵ ਪੂਰਨ ਸਿੰਘ ਦੀਆਂ ਸਾਰੀਆਂ ਕਵਿਤਾਵਾਂ ਨੂੰ ਛੰਦ ਮੁਕਤ ਹੋਣ ਕਾਰਨ ਭਾਵ ਪ੍ਰਧਾਨ ਨਜ਼ਮਾਂ ਦਾ ਨਾਂ ਦਿੱਤਾ ਜਾ ਸਕਦਾ ਹੈ ਕਿਉਂਕਿ ਉਹਨਾਂ ਵਿੱਚ ਬੁੱਧੀ ਤੱਤ ਦੀ ਥਾਂ ਜਜ਼ਬਾ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਛੰਦ ਦੇ ਨਾਲ-ਨਾਲ ਬਹੁਤ ਥਾਂਵਾਂ `ਤੇ ਲੈਅ-ਤਾਲ ਨਾ ਹੋਣ ਕਾਰਨ ਇਹ ਕਵਿਤਾਵਾਂ ਪੰਜਾਬੀ ਨਜ਼ਮ ਦੇ ਮੁੱਢ ਵਜੋਂ ਵਾਚੀਆਂ ਜਾ ਸਕਦੀਆਂ ਹਨ। ਪੰਜਾਬੀ ਨਜ਼ਮ ਦਾ ਅਸਲੀ ਮੋਢੀ ਦੀਵਾਨ ਸਿੰਘ ਕਾਲੇਪਾਣੀ ਹੈ ਜਿਸ ਦੀਆਂ ਨਜ਼ਮਾਂ ਛੰਦ ਮੁਕਤ ਵੀ ਹਨ ਅਤੇ ਬੁੱਧੀ ਤੱਤ ਤੇ ਦਲੀਲ ਭਰਪੂਰ ਵੀ। ਭਾਵ ਤੱਤ ਵੀ ਇਹਨਾਂ ਨਜ਼ਮਾਂ ਵਿੱਚ ਵਿਚਾਰ ਦੇ ਅਕਸਰ ਅੰਗ-ਸੰਗ ਰਹਿੰਦਾ ਹੈ। ਦੂਜੀ ਪੀੜ੍ਹੀ ਦੇ ਕਵੀਆਂ ਵਿੱਚੋਂ ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ ਅਤੇ ਜਸਵੰਤ ਸਿੰਘ ਨੇਕੀ ਵੀ ਨਜ਼ਮ ਰਚਨਾ ਵੱਲ ਰੁਚਿਤ ਹੋਏ ਹਨ।

ਨਜ਼ਮ ਸ਼ਬਦ ਦਾ ਪ੍ਰਚਲਨ ਵਧੇਰੇ ਕਰ ਕੇ ਆਧੁਨਿਕ ਪੰਜਾਬੀ ਦੇ ਤੀਜੀ ਪੀੜ੍ਹੀ ਦੇ ਕਵੀਆਂ ਨੇ ਕੀਤਾ ਹੈ। ਇਹਨਾਂ ਵਿੱਚੋਂ ਹਰਿਭਜਨ ਸਿੰਘ, ਸ.ਸ. ਮੀਸ਼ਾ, ਅਜਾਇਬ ਕਮਲ, ਰਵਿੰਦਰ ਰਵੀ, ਜਗਤਾਰ, ਪਾਸ਼, ਲਾਲ ਸਿੰਘ ਦਿਲ, ਹਰਭਜਨ ਹਲਵਾਰਵੀ, ਅਮਰਜੀਤ ਚੰਦਨ, ਦੇਵ, ਮੋਹਨਜੀਤ, ਜੋਗਾ ਸਿੰਘ, ਮਨਜੀਤ ਟਿਵਾਣਾ, ਸਤਿੰਦਰ ਸਿੰਘ ਨੂਰ, ਅਮਿਤੋਜ, ਪਾਲ ਕੌਰ ਅਤੇ ਵਨੀਤਾ ਆਦਿ ਕੁਝ ਅਜਿਹੇ ਸ਼ਾਇਰ ਹਨ ਜਿਨ੍ਹਾਂ ਨੇ ਆਪਣੀਆਂ ਬਹੁਤੀਆਂ ਰਚਨਾਵਾਂ ਨੂੰ ਨਜ਼ਮ ਕਿਹਾ ਹੈ। ਇਸ ਪੀੜ੍ਹੀ ਦੇ ਹੋਰ ਕਵੀਆਂ ਵਿੱਚ ਪਰਮਿੰਦਰਜੀਤ, ਰਵਿੰਦਰ ਭੱਠਲ, ਸੁਰਜੀਤ ਪਾਤਰ, ਜਨਮੀਤ, ਜਸਵੰਤ ਦੀਦ, ਦਰਸ਼ਨ ਬੁੱਟਰ, ਅਮਰਜੀਤ ਕੌਂਕੇ, ਬੀਬਾ ਬਲਵੰਤ, ਜਸਵੰਤ ਜ਼ਫ਼ਰ, ਬਲਬੀਰ ਮਾਧੋਪੁਰੀ, ਲਖਵਿੰਦਰ ਜੌਹਲ, ਰਾਮ ਸਿੰਘ ਚਾਹਲ, ਦੇਵਨੀਤ, ਗੁਰਪ੍ਰੀਤ, ਮਦਨਵੀਰਾ ਅਤੇ ਭਗਵਾਨ ਢਿੱਲੋਂ ਨੇ ਵੀ ਨਜ਼ਮ ਰਚਨਾ ਵਿੱਚ ਆਪਣੀ ਪਛਾਣ ਬਣਾਈ ਹੈ।

ਇਹ ਨਜ਼ਮਾਂ ਅਗਾਂਹਵਧੂ, ਇਨਕਲਾਬੀ ਤੇ ਸਥਾਪਤੀ ਵਿਰੋਧੀ ਵੀ ਹਨ ਅਤੇ ਕੁਝ ਕਵੀਆਂ ਦੀਆਂ ਨਜ਼ਮਾਂ ਨਿਜਵਾਦੀ ਅਤੇ ਆਪਣੀ ਮਾਨਸਿਕ ਉਧੇੜ-ਬੁਣ ਦਾ ਪ੍ਰਗਟਾਵਾ ਵੀ ਬਣਦੀਆਂ ਹਨ। ਕੁਝ ਨਜ਼ਮਕਾਰ ਅਜਿਹੇ ਵੀ ਹਨ ਜੋ ਕਦੇ ਸਮਾਜਮੁਖੀ-ਲੋਕਪੱਖੀ ਅਤੇ ਕਦੇ ਨਿਰੋਲ ਨਿਜਵਾਦੀ ਵਿਚਾਰਾਂ ਨੂੰ ਨਜ਼ਮਾਂ ਵਿੱਚ ਕਾਵਿ-ਬੱਧ ਕਰਦੇ ਹਨ। ਕੁਝ ਕਵੀਆਂ ਦੀਆਂ ਨਜ਼ਮਾਂ ਨਿਰੋਲ ਸ਼ਬਦ ਜੰਜਾਲ, ਅਸਪਸ਼ਟ ਤੇ ਵਿਚਾਰ ਪੱਖੋਂ ਸਤਹੀ ਤੇ ਧੁੰਦਲੀਆਂ ਹੁੰਦੀਆਂ ਹਨ। ਇਹ ਨਜ਼ਮਾਂ ਪੰਜ-ਸੱਤ ਸਤਰਾਂ ਵਿੱਚ ਵੀ ਸਮੇਟੀਆਂ ਗਈਆਂ ਹਨ ਅਤੇ ਪੰਦਰਾਂ-ਵੀਹ ਪੰਨਿਆਂ ਤੱਕ ਵੀ ਫ਼ੈਲੀਆਂ ਹੋਈਆਂ ਹਨ।

ਸ਼ਿਵ ਕੁਮਾਰ ਬਟਾਲਵੀ ਦੀ ਇਕ ਨਜ਼ਮ ਦਾ ਨਮੂਨਾ ਇਸ ਪ੍ਰਕਾਰ ਹੈ :

ਕੰਡਿਆਲੀ ਥੋਰ੍ਹ

ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ  
ਉੱਗੀ ਵਿਚ ਉਜਾੜਾਂ ।  
ਜਾਂ ਉਡਦੀ ਬਦਲੋਟੀ ਕੋਈ  
ਵਰ੍ਹ ਗਈ ਵਿਚ ਪਹਾੜਾਂ ।

ਜਾਂ ਉਹ ਦੀਵਾ ਜਿਹੜਾ ਬਲਦਾ  
ਪੀਰਾਂ ਦੀ ਦੇਹਰੀ 'ਤੇ,  
ਜਾਂ ਕੋਈ ਕੋਇਲ ਕੰਠ ਜਿਦ੍ਹੇ ਦੀਆਂ  
ਸੂਤੀਆਂ ਜਾਵਣ ਨਾੜਾਂ ।

ਜਾਂ ਚੰਬੇ ਦੀ ਡਾਲੀ ਕੋਈ
ਜੋ ਬਾਲਣ ਬਣ ਜਾਏ,
ਜਾਂ ਮਰੂਏ ਦਾ ਫੁੱਲ ਬਸੰਤੀ
ਜੋ ਠੁੰਗ ਜਾਣ ਗੁਟਾਰਾਂ ।

ਜਾਂ ਕੋਈ ਬੋਟ ਕਿ ਜਿਸ ਦੇ ਹਾਲੇ
ਨੈਣ ਨਹੀਂ ਸਨ ਖੁੱਲ੍ਹੇ,
ਮਾਰਿਆ ਮਾਲੀ ਕੱਸ ਗੁਲੇਲਾ
ਲੈ ਦਾਖਾਂ ਦੀਆਂ ਆੜਾਂ ।

ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ
ਉੱਗੀ ਕਿਤੇ ਕੁਰਾਹੇ,
ਨਾ ਕਿਸੇ ਮਾਲੀ ਸਿੰਜਿਆ ਮੈਨੂੰ
ਨਾ ਕੋਈ ਸਿੰਜਣਾ ਚਾਹੇ ।

ਯਾਦ ਤੇਰੀ ਦੇ ਉੱਚੇ ਮਹਿਲੀਂ
ਮੈਂ ਬੈਠੀ ਪਈ ਰੋਵਾਂ,
ਹਰ ਦਰਵਾਜ਼ੇ ਲੱਗਾ ਪਹਿਰਾ
ਆਵਾਂ ਕਿਹੜੇ ਰਾਹੇ ?

ਮੈਂ ਉਹ ਚੰਦਰੀ ਜਿਸ ਦੀ ਡੋਲੀ
ਲੁੱਟ ਲਈ ਆਪ ਕਹਾਰਾਂ,
ਬੰਨ੍ਹਣ ਦੀ ਥਾਂ ਬਾਬਲ ਜਿਸ ਦੇ
ਆਪ ਕਲੀਰੇ ਲਾਹੇ ।

ਕੂਲੀ ਪੱਟ ਉਮਰ ਦੀ ਚਾਦਰ
ਹੋ ਗਈ ਲੀਰਾਂ ਲੀਰਾਂ,
ਤਿੜਕ ਗਏ ਵੇ ਢੋਵਾਂ ਵਾਲੇ
ਪਲੰਘ ਵਸਲ ਲਈ ਡਾਹੇ ।

ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ
ਉੱਗੀ ਵਿਚ ਜੋ ਬੇਲੇ,
ਨਾ ਕੋਈ ਮੇਰੀ ਛਾਵੇਂ ਬੈਠੇ
ਨਾ ਪੱਤ ਖਾਵਣ ਲੇਲੇ ।

ਮੈਂ ਰਾਜੇ ਦੀ ਬਰਦੀ ਅੜਿਆ
ਤੂੰ ਰਾਜੇ ਦਾ ਜਾਇਆ,
ਤੂਹੀਓਂ ਦੱਸ ਵੇ ਮੋਹਰਾਂ ਸਾਹਵੇਂ
ਮੁੱਲ ਕੀ ਖੇਵਣ ਧੇਲੇ ?

ਸਿਖਰ ਦੁਪਹਿਰਾਂ ਜੇਠ ਦੀਆਂ ਨੂੰ
ਸਾਉਣ ਕਿਵੇਂ ਮੈਂ ਆਖਾਂ,
ਚੋਹੀਂ ਕੂਟੀਂ ਭਾਵੇਂ ਲੱਗਣ
ਲੱਖ ਤੀਆਂ ਦੇ ਮੇਲੇ ।

ਤੇਰੀ ਮੇਰੀ ਪ੍ਰੀਤ ਦਾ ਅੜਿਆ
ਉਹੀਓ ਹਾਲ ਸੂ ਹੋਇਆ,
ਜਿਉਂ ਚਕਵੀ ਪਹਿਚਾਣ ਨਾ ਸੱਕੇ
ਚੰਨ ਚੜ੍ਹਿਆ ਦਿਹੁੰ ਵੇਲੇ ।

ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ
ਉੱਗੀ ਵਿਚ ਜੋ ਬਾਗ਼ਾਂ,
ਮੇਰੇ ਮੁੱਢ ਬਣਾਈ ਵਰਮੀ
ਕਾਲੇ ਫ਼ਨੀਅਰ ਨਾਗਾਂ ।

ਮੈਂ ਮੁਰਗਾਈ ਮਾਨਸਰਾਂ ਦੀ
ਜੋ ਫੜ ਲਈ ਕਿਸੇ ਸ਼ਿਕਰੇ,
ਜਾਂ ਕੋਈ ਲਾਲ੍ਹੀ ਪਰ ਸੰਧੂਰੀ
ਨੋਚ ਲਏ ਜਿਦ੍ਹੇ ਕਾਗਾਂ ।

ਜਾਂ ਸੱਸੀ ਦੀ ਭੈਣ ਵੇ ਦੂਜੀ

ਕੰਮ ਜਿਦ੍ਹਾ ਬਸ ਰੋਣਾ,

ਲੁੱਟ ਖੜਿਆ ਜਿਦ੍ਹਾ ਪੁਨੂੰ ਹੋਤਾਂ

ਪਰ ਆਈਆਂ ਨਾ ਜਾਗਾਂ ।

ਬਾਗ਼ਾਂ ਵਾਲਿਆ ਤੇਰੇ ਬਾਗ਼ੀਂ

ਹੁਣ ਜੀ ਨਹੀਓਂ ਲੱਗਦਾ,

ਖਲੀ-ਖਲੋਤੀ ਮੈਂ ਵਾੜਾਂ ਵਿਚ

ਸੌ ਸੌ ਦੁਖੜੇ ਝਾਗਾਂ ।

## <u>ਖੁੱਲ੍ਹੀ ਕਵਿਤਾ</u>

ਖੁੱਲ੍ਹੀ ਕਵਿਤਾ ਦਾ ਸੰਕਲਪ ਮੁੱਖ ਤੌਰ ’ਤੇ ਪੱਛਮ ਵਿਚ ਪੈਦਾ ਹੋਇਆ ਮੰਨਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਖੁੱਲ੍ਹੀ ਕਵਿਤਾ ਉਨੀਵੀਂ ਸਦੀ ਈ: ਵਿਚ ਯੂਰਪੀ ਤੇ ਅਮਰੀਕਨ ਕਵੀਆਂ ਨੇ ਲਿਖੀ ਪਰ ਡਾ. ਜੋਗਿੰਦਰ ਸਿੰਘ ਅਨੁਸਾਰ, “ਖੁੱਲ੍ਹੀ ਕਵਿਤਾ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਕੋਈ ਅਜਿਹੀ ਨਵੀਨ ਚੀਜ਼ ਨਹੀਂ ਜੋ ਪਹਿਲਾਂ ਵਜੂਦ ਨਹੀਂ ਰੱਖਦੀ ਸੀ। ... ਅਰਬੀ ਵਿਚ ਕੁਰਾਨ ਸ਼ਰੀਫ, ਫ਼ਰੀ ਵਰਸੀ ਕਵਿਤਾ ਵਿਚ ਰਚਿਆ ਗਿਆ ਹੈ। ... ਪਰ ਜਿਸ ਕਿਸਮ ਦੀ ਕਵਿਤਾ ਨੂੰ ਅੱਜਕਲ ਫ਼ਰੀ ਵਰਸ ਆਖਿਆ ਜਾਂਦਾ ਹੈ, ਇਸਦਾ ਪੁਰਾਣਿਆਂ ਸਮਿਆਂ ਵਿਚ ਇੰਨਾ ਰਿਵਾਜ਼ ਨਹੀਂ ਸੀ।” ਇਸ ਤਰ੍ਹਾਂ ਨਿਸ਼ਚੇ ਹੀ ਕਿਹਾ ਜਾ ਸਕਦਾ ਹੈ ਕਿ ਖੁੱਲ੍ਹੀ ਕਵਿਤਾ ਦਾ ਸੰਕਲਪ ਪੱਛਮ ਵਿਚੋਂ ਪੈਦਾ ਹੋਇਆ ਹੈ। ਉਸ ਸਮੇਂ ਤੋਂ ਲੈ ਕੇ ਹੁਣ ਤਕ ਖੁੱਲ੍ਹੀ ਕਵਿਤਾ ਵੱਖ-ਵੱਖ ਪੜਾਵਾਂ ਵਿਚੋਂ ਲੰਘੀ। ਖੁੱਲ੍ਹੀ ਕਵਿਤਾ ਦਾ ਵਿਸਥਾਰਪੂਰਵਕ ਅਧਿਐਨ ਕਰਨ ਤੋਂ ਪਹਿਲਾਂ ਇਸ ਬਾਰੇ ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਨੂੰ ਦੇਖਦੇ ਹਾਂ:-

ਇਨਸਾਈਕਲੋਪੀਡੀਆ ਆਫ਼ ਬ੍ਰਿਟੈਨਿਕਾ ਅਨੁਸਾਰ,

“ਖੁੱਲ੍ਹੀ ਕਵਿਤਾ, ਬਜਾਏ ਨਿਸ਼ਚਿਤ ਛੰਦ-ਬੰਦੀ ਦੇ, ਬੋਲਾਂ ਦੇ ਲੈਅਮਈ ਢੰਗ ਅਤੇ ਬਿੰਬ ਪੈਟਰਨ ਦਾ ਸੰਗਠਨ ਹੁੰਦੀ ਹੈ। ਇਸ ਵਿਚ ‘ਖੁੱਲ੍ਹੀ’ (Free) ਸਿਰਫ਼ ਸਾਪੇਖ ਤੱਤ ਹੈ।”

ਸਤਿੰਦਰ ਸਿੰਘ ਦੇ ਅਨੁਸਾਰ, “ਖੁੱਲ੍ਹੀ ਕਵਿਤਾ ਉਹ ਕਾਵਿ-ਪ੍ਰਕਾਰ ਹੈ ਜਿਸ ਵਿਚ ਨਾ ਤਾਂ ਛੰਦ ਅਤੇ ਨਾ ਹੀ ਤੁਕਾਂਤ ਦਾ ਕੋਈ ਧਿਆਨ ਰੱਖਿਆ ਜਾਂਦਾ ਹੈ। ਇਸ ਕਵਿਤਾ ਵਿਚ ਕਾਵਿ-ਬੰਦਾਂ ਦੀ ਲੰਬਾਈ ਤੇ ਤੁਕਾਂਤ-ਪ੍ਰਣਾਲੀ ਅਨਿਸ਼ਚਿਤ ਹੁੰਦੀ ਹੈ।”

ਉਪਰੋਕਤ ਪਰਿਭਾਸ਼ਾਵਾਂ ਤੋਂ ਸਪਸ਼ਟ ਹੁੰਦਾ ਹੈ ਕਿ ਖੁੱਲ੍ਹੀ ਕਵਿਤਾ ਵਿਚ ਲੈਅਮਈ ਢੰਗ ਤੇ ਤਾਲ ਨੂੰ ਹੀ ਮੁੱਖ ਰੱਖਿਆ ਜਾਂਦਾ ਹੈ। ਖੁੱਲ੍ਹੀ ਕਵਿਤਾ ਵਿਚ ਲੈਅਮਈ ਢੰਗ ਦਾ ਬੇਸ਼ੱਕ ਕੋਈ ਨਿਸ਼ਚਿਤ ਪੈਟਰਨ ਨਹੀਂ ਪਰ ਫਿਰ ਵੀ ਇਹ ਲੈ-ਆਤਮਿਕ ਹੋਣ ਦੀ ਸੀਮਾ ਉੱਪਰ ਖੜ੍ਹੀ ਹੁੰਦੀ ਹੈ। ਤਾਲ ਵੀ ਖੁੱਲ੍ਹੀ ਕਵਿਤਾ ਦਾ ਇਕ ਵਿਸ਼ੇਸ਼ ਤੱਤ ਹੈ ਜਿਸ ਤੋਂ ਬਿਨਾਂ ਕਵਿਤਾ ਵਾਰਤਕ ਦਾ ਰੂਪ ਧਾਰਨ ਕਰ ਸਕਦੀ ਹੈ। ਜਿਸ ਤਰ੍ਹਾਂ ਛੰਦ-ਬੱਧ ਰਚਨਾ ਵਿਚ ਛੰਦ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ ਉਸ ਤਰ੍ਹਾਂ ਖੁੱਲ੍ਹੀ ਕਵਿਤਾ ਵਿਚ ਬਿੰਬਾਂ ਦਾ ਵੀ ਖ਼ਾਸ ਧਿਆਨ ਰੱਖਿਆ ਜਾਂਦਾ ਹੈ ਜੋ ਕਿ ਉਸਨੂੰ ਵਾਰਤਕ ਨਾਲੋਂ ਵੱਖਰਾ ਕਰਦੇ ਹਨ। ਕਿਹਾ ਜਾ ਸਕਦਾ ਹੈ ਕਿ ਖੁੱਲ੍ਹੀ ਕਵਿਤਾ ਲੈਅਮਈ, ਤਾਲਮਈ, ਬਿੰਬਮਈ ਤੱਤਾਂ ਦੀ ਧਾਰਨੀ ਹੁੰਦੀ ਹੈ। ਇਹ ਤੁਕਾਂਤ ਤੇ ਛੰਦ ਦੀ ਕੱਟੜਤਾ ਤੋਂ ਮੁਕਤ ਹੁੰਦੀ ਹੈ ਪਰ ਆਪਣੀ ਕਾਵਿਕਤਾ ਬਰਕਰਾਰ ਰੱਖਦੀ ਹੈ।

ਕਿਤਾਬ ਰੂਪ ਵਿਚ ਛਪੀ ਕਵਿਤਾ ਖ਼ਾਸ ਕਰਕੇ ਖੁੱਲ੍ਹੀ ਕਵਿਤਾ ਨੂੰ ਵੀ ਅੱਗੋਂ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਹਿੱਸੇ ਵਿਚ ਉਹ ਕਵਿਤਾ ਹੈ ਜਿਸ ਵਿਚ ਉੱਪਰ ਦੱਸੇ ਵੱਖ-ਵੱਖ ਢੰਗ ਅਪਣਾਏ ਜਾਂਦੇ ਹਨ ਜਿਸ ਕਰਕੇ ਇਸ ਕਵਿਤਾ ਦੀ ਪੜ੍ਹਤ ਪ੍ਰਮੁੱਖਤਾ ਹਾਸਲ ਕਰ ਲੈਂਦੀ ਹੈ ਜਦੋਂ ਕਿ ਦੂਜੇ ਹਿੱਸੇ ਵਿਚ ਉਹ ਕਵਿਤਾ ਆ ਜਾਂਦੀ ਹੈ ਜਿਸਦਾ ਸਬੰਧ ਪਾਠਕ ਵਰਗ ਦੇ ਨਾਲ-ਨਾਲ ਸਰੋਤਾ ਵਰਗ ਨਾਲ ਵੀ ਹੁੰਦਾ ਹੈ। ਅਜਿਹੇ ਢੰਗ ਦੀ ਕਵਿਤਾ ਵਿਚ ਛਾਪੇਖਾਨੇ ਦੀਆਂ ਸਜਾਵਟੀ ਜਾਂ ਦਰਸ਼ਨੀ ਵਿਧੀਆਂ ਨਹੀਂ ਵਰਤੀਆਂ ਜਾਂਦੀਆਂ। ਵਿਸ਼ੇਸ਼ ਭਾਵ ਇਹ ਕਵਿਤਾ ਪੜ੍ਹਤ ਦੇ ਨਾਲ-ਨਾਲ ਸ੍ਰਵਣ ਪੱਖ ਦੀ ਧਾਰਨੀ ਹੁੰਦੀ ਹੈ।

ਸੰਚਾਰ ਸਾਧਨ ਵੀ ਅਕਸਰ ਹੀ ਕਲਾ ਨੂੰ ਪ੍ਰਭਾਵਿਤ ਕਰਦੇ ਹਨ। ਖੁੱਲ੍ਹੀ ਕਵਿਤਾ ਦੀ ਉਤਪਤੀ ਦਾ ਇਕ ਕਾਰਨ ਛਾਪੇਖਾਨੇ ਦੁਆਰਾ ਛਪੀ ਹੋਈ ਪੁਸਤਕ ਹੈ। ਇਸ ਤਰ੍ਹਾਂ ਗਰਾਮੋਫੋਨ ਆਦਿ ਦੀ ਕਾਢ ਨਾਲ ਗੀਤ ਕਾਵਿ-ਰੂਪ ਆਪਣਾ ਇਕ ਵੱਖਰਾ ਸਰੋਤਾ ਵਰਗ ਤਿਆਰ ਕਰ ਲੈਂਦਾ ਹੈ ਭਾਵ ਸੰਚਾਰ ਸਾਧਨਾਂ ਦੀ ਕਾਢ/ਵਰਤੋਂ ਨਾਲ ਆਧੁਨਿਕ ਪੰਜਾਬੀ ਕਾਵਿ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਕ ਹਿੱਸਾ ਵਧੇਰੇ ਕਰਕੇ ਕਿਤਾਬੀ ਰੂਪ ਵਿਚ ਛਪੀ ਕਵਿਤਾ ਦਾ ਹੈ ਜਿਸਨੂੰ ਅਕਾਦਮਿਕ ਹਲਕਿਆਂ ਨੇ ਲਿਖਿਆ, ਪੜ੍ਹਿਆ, ਪ੍ਰਚਾਰਿਆ ਤੇ ਸਵੀਕਾਰਿਆ ਜਦੋਂ ਕਿ ਦੂਜਾ ਹਿੱਸਾ ਲੋਕ ਪ੍ਰਚਲਿਤ ਕਾਵਿ ਵਜੋਂ ਸੰਗੀਤ ਤੇ ਆਵਾਜ਼ ਦੇ ਸੁਮੇਲ ਨਾਲ ਆਮ ਲੋਕਾਂ ਤਕ ਪਹੁੰਚਦਾ ਰਿਹਾ। ਇਸ ਲੋਕ-ਪ੍ਰਚਲਿਤ ਕਾਵਿ ਦੀ ਧਾਰਾ ਵਿਚ ਦ੍ਰਿਸ਼ (ਸਕਰੀਨ), ਅਦਾਕਾਰੀ ਵੀ ਸ਼ਾਮਲ ਹੋ ਗਏ। ਅਕਾਦਮਿਕ ਹਲਕਿਆਂ ਵਿਚ ਪ੍ਰਵਾਨਿਤ ਕਾਵਿ ਦਾ ਵਧੇਰੇ ਹਿੱਸਾ ਖੁੱਲ੍ਹੀ ਕਵਿਤਾ ਦੇ ਰੂਪ ਵਿਚ ਹੈ। ਲੋਕ-ਪ੍ਰਚਲਿਤ ਕਾਵਿ ਦੇ ਵਾਂਗ ਖੁੱਲ੍ਹੀ ਕਵਿਤਾ ਦੀਆਂ ਕਿਤਾਬਾਂ ਵਿਚ ਬਹੁਤ ਸਾਰੀਆਂ ਤਕਨੀਕਾਂ ਵਰਤੀਆਂ ਜਾਣ ਲੱਗੀਆਂ। ਜਿਵੇਂ ਸਤਰ ਦੀ ਲੰਬਾਈ ਜਾਂ ਢੰਗ, ਗਣਿਤ ਦੇ ਫਾਰਮੂਲੇ, ਤਸਵੀਰਾਂ ਤੇ ਪੇਂਟਿੰਗ ਦੀ ਸ਼ਮੂਲੀਅਤ। ਉਦਾਹਰਨ ਵਜੋਂ ਸਵਰਨਜੀਤ ਸਵੀ ਦੀਆਂ ਕਾਵਿ ਪੁਸਤਕਾਂ ਵਿਚ ਤਸਵੀਰਾਂ ਦੀ ਵਰਤੋਂ ਜਾਂ ਉਦਾਹਰਨ ਵਜੋਂ ਗਣਿਤ ਦੇ ਫਾਰਮੂਲਿਆਂ ਦੀ ਵਰਤੋਂ ਨੂੰ ਜਸਵੰਤ ਜਫ਼ਰ ਦੀਆਂ ਕਵਿਤਾਵਾਂ ਵਿਚ ਦੇਖਿਆ ਜਾ ਸਕਦਾ ਹੈ।

ਮੋਹ ਮੁਹੱਬਤ ਪਿਆਰ ਮਮਤਾ ਦੋਸਤੀ

ਇਨ੍ਹਾਂ ਨਾਲ ਰਿਸ਼ਤਿਆਂ ਦੀ ਰਿਸ਼ਤਗੀ

ਬਾਪੂ-ਮੋਹ=ਬੁੜ੍ਹਾ

ਭਰਾ-ਪਿਆਰ=ਸ਼ਰੀਕ

ਪਤੀ-ਦੋਸਤੀ=ਦਰਦ

ਪਤਨੀ-ਮੁਹੱਬਤ=ਔਰਤ

ਔਰਤ-ਮਮਤਾ=ਫਫੇਕੁਟਣੀ

ਡਾ. ਗੁਰੂਮੇਲ ਸਿੱਧੂ ਨੇ ਖੁੱਲ੍ਹੀ ਕਵਿਤਾ ਦੇ ਅੱਠ ਮਾਪਦੰਡ ਮੰਨੇ ਹਨ:-

1. ਤੋਲ:- ਤੋਲ ਧੁਨੀ ਦੀ ਮਿਆਦ ਦੇ ਭੇਦਾਂ ਦੀ ਸਮੇਂ ਵਿਚ ਕੀਤੀ ਹੋਈ ਵੰਡ ਹੈ।

2. ਸਤਰਬੰਦੀ:- ਸਤਰਬੰਦੀ ਵਿਚ ਸਤਰ ਦੀ ਲੰਬਾਈ, ਸਤਰ-ਅੰਤ, ਸਤਰ-ਵੰਡ, ਸਤਰ-ਮੋੜ, ਸਤਰ ਦੀ ਬਣਤਰ ਅਤੇ ਬੁਣਤਰ ਆਦਿ ਸ਼ਾਮਲ ਹਨ।

(ੳ) ਸਤਰ ਦੀ ਲੰਬਾਈ:- ਸਤਰ ਦੀ ਲੰਬਾਈ ਸਾਹ ਦੀ ਗਤੀ ਅਤੇ ਵੇਗ 'ਤੇ ਨਿਰਭਰ ਹੈ। ਇਹ 8 ਜਾਂ 16 ਮਾਤਰਾਂ ਦੇ ਇਰਦ ਗਿਰਦ ਵਿਚਰਦੀ ਹੈ।

(ਅ) ਸਤਰ ਦੇ ਅੰਤ ਵਿਚ ਕਮਜ਼ੋਰ ਸ਼ਬਦ ਨਹੀਂ ਆਉਣੇ ਚਾਹੀਦੇ। ਜਿਵੇਂ ਸ਼ਬਦ, ਨਾਂਵ, ਪੜਨਾਂਵ ਜਾਂ ਸੰਯੋਜਿਕ ਸ਼ਬਦ।

(ੲ) ਸਤਰ ਨੂੰ ਕਿਸੇ ਤੋਲ-ਬੱਧ ਇਕਾਈ ਦੇ ਆਧਾਰ 'ਤੇ ਤੋੜਨਾ ਚਾਹੀਦਾ ਹੈ।

(ਸ) ਸਤਰ-ਮੋੜ ਨੂੰ ਕਮਜ਼ੋਰ ਸ਼ਬਦਾਂ ਦੀ ਵਰਤੋਂ ਦੀ ਬਜਾਇ, ਮੋੜ/ਵਿੰਗ ਦੇ ਕੇ ਪੂਰਾ ਕਰ ਲੈਣਾ ਚਾਹੀਦਾ ਹੈ।

(ਹ) ਸਤਰ ਦੀ ਬਣਤਰ ਅਤੇ ਬੁਣਤਰ ਲਈ ਸ਼ਬਦਾਂ ਦੀ ਢੁੱਕਵੀਂ ਚੋਣ ਅਤੇ ਉਚਿਤ ਜੜ੍ਹਤ ਸਤਰ ਹੋਣੀ ਚਾਹੀਦੀ ਹੈ ਜੋ ਲੈਅ ਨੂੰ ਜਨਮ ਦਿੰਦੀ ਹੈ।

3. ਦਰਸ਼ਨੀ ਵਿੱਥ:- ਸਤਰਾਂ ਦੀ ਵਿਚਲੀ ਅਤੇ ਵਿਚਕਾਰਲੀ ਥਾਂ ... ਨਾ ਸਿਰਫ਼ ਨੇਤਰੀ-ਤੋਲ ਪੈਦਾ ਕਰਦੀ ਹੈ ਸਗੋਂ ਸਤਰਾਂ ਨੂੰ ਕਵਿਤਾ ਵਰਗੀ ਕੰਕ੍ਰੀਟ ਦਿੱਖ ਵੀ ਪਰਦਾਨ ਕਰਦੀ ਹੈ।

4. ਦੁਹਰਾਉ ਖੁੱਲ੍ਹੀ ਕਵਿਤਾ ਦਾ ਇਕ ਖ਼ਾਸ ਗੁਣ ਮੰਨਿਆ ਜਾਂਦਾ ਹੈ। ਸਤਰਾਂ ਦੇ ਮੁੱਖ, ਵਿਚਕਾਰ ਜਾਂ ਅੰਤ ਵਿਚ ਸ਼ਬਦਾਂ ਨੂੰ ਦੁਹਰਾਉਣ ਨਾਲ ਇਕ ਖ਼ਾਸ ਕਿਸਮ ਦਾ ਤੋਲ ਅਨੁਪਰਾਸ ਅਤੇ ਤੁਕਾਂਤ ਪੈਦਾ ਕੀਤਾ ਜਾ ਸਕਦਾ ਹੈ।

5. ਗ਼ੈਰ ਕੁਦਰਤੀ ਪ੍ਰਤੀਕਾਂ ਅਤੇ ਸ਼ਬਦ ਚਿਤਰਾਂ ਦੀ ਵਰਤੋਂ ਰਾਹੀਂ ਕਾਵਿ-ਪੜ੍ਹਤ ਨੂੰ ਪ੍ਰਭਾਵਸ਼ਾਲੀ ਬਣਾਉਣਾ ਹੈ।

6. ਸਰਵਣੀ-ਪ੍ਰਭਾਵ ਨਾਲ ਕਵਿਤਾ ਵਿਚ ਕੰਨ-ਰਸ ਪੈਦਾ ਹੁੰਦਾ ਹੈ।

7. ਅਲੰਕਾਰ, ਬਿੰਬ, ਸਿਮਲੀ ਦੀ ਵਰਤੋਂ ਨਾਲ ਕਵਿਤਾ ਦੀ ਰੌਚਕਤਾ ਵਿਚ ਵਾਧਾ ਹੁੰਦਾ ਹੈ।

8. ਖੁੱਲ੍ਹੀ ਕਵਿਤਾ ਵਿਚ ਲੈਬੱਧਤਾ ਜਾਂ ਸੁਰ ਦਾ ਵਹਾਉ ਹੋਣਾ ਜ਼ਰੂਰੀ ਹੈ।

ਆਧੁਨਿਕ ਪੰਜਾਬੀ ਕਾਵਿ ਵਿਚੋਂ ਖੁੱਲ੍ਹੀ ਕਵਿਤਾ ਦੀਆਂ ਕੁਝ ਚੋਣਵੀਆਂ ਅਤੇ ਪ੍ਰਤੀਨਿਧ ਵੰਨਗੀਆਂ ਪੇਸ਼ ਹਨ:

ਇਹ ਬੇਪਰਵਾਹ ਪੰਜਾਬ ਦੇ,

ਮੌਤ ਨੂੰ ਮਖੌਲਾਂ ਕਰਨ,

ਮਰਨ ਥੀਂ ਨਹੀਂ ਡਰਦੇ।

ਪਿਆਰ ਨਾਲ ਇਹ ਕਰਨ ਗ਼ੁਲਾਮੀ,

ਜਾਨ ਕੋਹ ਆਪਣੀ ਵਾਰ ਦਿੰਦੇ,

ਪਰ ਟੈਂ ਨਾ ਮੰਨਣ ਕਿਸੀ ਦੀ

ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ

ਪਰ ਸ਼ਾਇਦ ਹੁਣ

ਸਾਰਾ ਕੁਝ ਪਹਿਲੇ ਜਿਹਾ ਨਾ ਹੋਵੇ

ਹੋ ਸਕਦੈ ਕਿ ਤੈਨੂੰ ਕੱਢਣ ਤੋਂ ਪਹਿਲਾਂ

ਮੈਨੂੰ ਰੋਟੀ ਉਧਾਲ ਲਏ

ਤੇ ਜਾਂ ਮੈਂ ਜੰਡ ਦੀ ਬਜਾਏ ਕਿਸੇ ਕੁਰਸੀ ਦੇ ਥੱਲੇ

ਜਾਗਦਾ ਹੀ ਵੱਢ ਦਿੱਤਾ ਜਾਵਾਂ

ਹੋ ਸਕਦੈ ਕਿ ਪਹਿਲਾਂ ਵਾਂਗ ਹੁਣ ਕੁਝ ਵੀ ਨਾ ਹੋਵੇ।

ਅੱਜਕਲ ਮੇਰੇ ਅੰਗ ਸੰਗ ਰਹੋ!

ਅੱਜਕਲ ਮੈਂ ਬਹੁਤ ਖ਼ਤਰਨਾਕ ਪਲਾਂ ਵਿਚੋਂ ਗੁਜ਼ਰ ਰਿਹਾ ਹਾਂ।

ਅਜੇਹੇ ਪਲਾਂ 'ਚੋਂ

ਜਿਨ੍ਹਾਂ ਵਿਚ ਆਦਮੀ

ਕਦੇ ਵੀ ਆਪਣੇ ਆਪ ਨੂੰ ਛਾਂਗ ਸਕਦਾ ਹੈ।

ਜਿਨ੍ਹਾਂ ਵਿਚ ਆਦਮੀ

ਕਦੇ ਵੀ ਆਪਣੇ ਆਪ 'ਤੇ ਹੱਸ ਸਕਦਾ ਹੈ।

ਝੱਲੀ!

ਚਿਰਾਂ ਤੋਂ ਕਰਦੀ

ਢੋਏ ਦਰਾਂ 'ਤੇ।

ਇਕ ਦਸਤਕ ਦੀ ਉਡੀਕ

ਬੂਹੇ ਅੱਜ ਕੱਲ੍ਹ ਕੌਣ ਖੜਕਾਉਂਦਾ ਹੈ!

## ਸਾਰ-ਅੰਸ਼:

ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਖੁੱਲ੍ਹੀ ਕਵਿਤਾ ਵਿਚ ਲੈਅਮਈ ਢੰਗ ਤੇ ਤਾਲ ਨੂੰ ਹੀ ਮੁੱਖ ਰੱਖਿਆ ਜਾਂਦਾ ਹੈ। ਖੁੱਲ੍ਹੀ ਕਵਿਤਾ ਵਿਚ ਲੈਅਮਈ ਢੰਗ ਦਾ ਬੇਸ਼ੱਕ ਕੋਈ ਨਿਸ਼ਚਿਤ ਪੈਟਰਨ ਨਹੀਂ ਪਰ ਫਿਰ ਵੀ ਇਹ ਲੈ-ਆਤਮਿਕ ਹੋਣ ਦੀ ਸੀਮਾ ਉੱਪਰ ਖੜ੍ਹੀ ਹੁੰਦੀ ਹੈ। ਤਾਲ ਵੀ ਖੁੱਲ੍ਹੀ ਕਵਿਤਾ ਦਾ ਇਕ ਵਿਸ਼ੇਸ਼ ਤੱਤ ਹੈ ਜਿਸ ਤੋਂ ਬਿਨਾਂ ਕਵਿਤਾ ਵਾਰਤਕ ਦਾ ਰੂਪ ਧਾਰਨ ਕਰ ਸਕਦੀ ਹੈ। ਜਿਸ ਤਰ੍ਹਾਂ ਛੰਦ-ਬੱਧ ਰਚਨਾ ਵਿਚ ਛੰਦ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ ਉਸ ਤਰ੍ਹਾਂ ਖੁੱਲ੍ਹੀ ਕਵਿਤਾ ਵਿਚ ਬਿੰਬਾਂ ਦਾ ਵੀ ਖ਼ਾਸ ਧਿਆਨ ਰੱਖਿਆ ਜਾਂਦਾ ਹੈ ਜੋ ਕਿ ਉਸਨੂੰ ਵਾਰਤਕ ਨਾਲੋਂ ਵੱਖਰਾ ਕਰਦੇ ਹਨ। ਕਿਹਾ ਜਾ ਸਕਦਾ ਹੈ ਕਿ ਖੁੱਲ੍ਹੀ ਕਵਿਤਾ ਲੈਅਮਈ, ਤਾਲਮਈ, ਬਿੰਬਮਈ ਤੱਤਾਂ ਦੀ ਧਾਰਨੀ ਹੁੰਦੀ ਹੈ। ਇਹ ਤੁਕਾਂਤ ਤੇ ਛੰਦ ਦੀ ਕੱਟੜਤਾ ਤੋਂ ਮੁਕਤ ਹੁੰਦੀ ਹੈ ਪਰ ਆਪਣੀ ਕਾਵਿਕਤਾ ਬਰਕਰਾਰ ਰੱਖਦੀ ਹੈ।

## ਮੁੱਖ/ਕੇਂਦਰੀ ਸ਼ਬਦ:

ਨਜ਼ਮ---ਕਾਵਿ-ਰੂਪ

ਪ੍ਰਯੋਜਨ---ਮੰਤਵ

ਫਰੀ ਵਰਸ---ਖੁੱਲ੍ਹੀ ਕਵਿਤਾ

ਕਲਪਾਨਤਮਿਕ---ਕਾਲਪਨਿਕ

ਲੈਅ --- ਵਿਸ਼ੇਸ਼ ਸੰਗੀਤਕ ਢੰਗ

## ਸਵੈ-ਮੁਲਾਂਕਣ:

1 ਭਾਸ਼ਾ ਦੀ ਸਰਲਤਾ ਕਿਸ ਲਈ ਇੱਕ ਲਾਜ਼ਮੀ ਸ਼ਰਤ ਹੈ?

ੳ ਗੀਤ

ਅ ਸਾਨਟ

ੲ ਖੁੱਲੀ ਕਵਿਤਾ

ਸ ਨਜ਼ਮ

2 ਕਿਹੜਾ ਕਾਵਿ ਰੂਪ ਅੰਗਰੇਜ਼ੀ ਤੋਂ ਆਇਆ ਮੰਨਿਆਂ ਜਾਂਦਾ ਹੈ?

ੳ ਗੀਤ

ਅ ਸਾਨਟ

ੲ ਰੁਬਾਈ

ਸ ਗਜ਼ਲ

3 ਕਿਹੜਾ ਕਾਵਿ ਰੂਪ ਅਰਬੀ-ਫਾਰਸੀ ਤੋਂ ਆਇਆ ਮੰਨਿਆਂ ਜਾਂਦਾ ਹੈ?

ੳ ਗੀਤ

ਅ ਸਾਨਟ

ੲ ਖੁੱਲੀ ਕਵਿਤਾ

ਸ ਨਜ਼ਮ

4 ਕਿਹੜਾ ਕਾਵਿ ਰੂਪ ਅੰਗਰੇਜ਼ੀ ਤੋਂ ਆਇਆ ਮੰਨਿਆਂ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

5 ਕਿਸ ਦੇ ਅਰਥ ਹਨ ' ਮੋਤੀਆਂ ਨੂੰ ਇਕ ਧਾਗੇ ਵਿਚ ਪਰੋਣਾ'?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

6 ਪ੍ਰੋ. ਪੂਰਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

7 ਕਿਹੜਾ ਕਾਵਿ ਰੂਪ ਪੰਜਾਬੀ ਦਾ ਮੌਲਿਕ ਕਾਵਿ-ਰੂਪ ਮੰਨਿਆਂ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

8 ਕੰਡਿਆਲੀ ਥੋਹ੍ਰ ਰਚਨਾ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

9 ਕਿਸ ਕਾਵਿ-ਰੂਪ ਨੂੰ ਅੰਗਰੇਜ਼ੀ ਵਿਚ ਫਰੀ ਵਰਸ ਕਿਹਾ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

10 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਇਹ ਬੇਪਰਵਾਹ ਪੰਜਾਬ ਦੇ,
ਮੌਤ ਨੂੰ ਮਖੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗ਼ੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ,
ਪਰ ਟੈਂ ਨਾ ਮੰਨਣ ਕਿਸੀ ਦੀ
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ।

ਉਪਰੋਕਤ ਸਤਰਾਂ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

12 ਪਾਸ਼ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਪਰ ਸ਼ਾਇਦ ਹੁਣ
ਸਾਰਾ ਕੁਝ ਪਹਿਲੇ ਜਿਹਾ ਨਾ ਹੋਵੇ
ਹੋ ਸਕਦੈ ਕਿ ਤੈਨੂੰ ਕੱਢਣ ਤੋਂ ਪਹਿਲਾਂ
ਮੈਨੂੰ ਰੋਟੀ ਉਧਾਲ ਲਏ
ਤੇ ਜਾਂ ਮੈਂ ਜੰਡ ਦੀ ਬਜਾਏ ਕਿਸੇ ਕੁਰਸੀ ਦੇ ਥੱਲੇ
ਜਾਗਦਾ ਹੀ ਵੱਢ ਦਿੱਤਾ ਜਾਵਾਂ
ਹੋ ਸਕਦੈ ਕਿ ਪਹਿਲਾਂ ਵਾਂਗ ਹੁਣ ਕੁਝ ਵੀ ਨਾ ਹੋਵੇ।

ਉਪਰੋਕਤ ਸਤਰਾਂ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗ਼ਜ਼ਲ

## ਅਭਿਆਸ ਪ੍ਰਸ਼ਨ

ਪ੍ਰਸ਼ਨ 1. ਨਜ਼ਮ ਦਾ ਅਰਥ ਦੱਸਦਿਆਂ ਇਸ ਨੂੰ ਪਰਿਭਾਸ਼ਿਤ ਕਰੋ।

ਪ੍ਰਸ਼ਨ 2. ਖੁੱਲ੍ਹੀ ਕਵਿਤਾ ਦੇ ਮੁੱਖ ਤੱਤ ਕਿਹੜੇ ਹਨ?

ਪ੍ਰਸ਼ਨ 3. ਖੁੱਲ੍ਹੀ ਕਵਿਤਾ ਅਤੇ ਨਜ਼ਮ ਵਿਚ ਕੀ-ਕੀ ਅੰਤਰ ਹਨ?

## ਸੰਦਰਭ ਪੁਸਤਕਾਂ:

1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%A8%E0%A9%9B%E0%A8%AE

ਉੱਤਰਮਾਲਾ

| | | | | |
|---|---|---|---|---|
| 1. ਸ | 2. ਅ | 3. ਸ | 4. ਸ | 5. ੲ |
| 6. ਅ | 7. ੳ | 8. ੲ | 9. ਅ | 10. ਅ |
| 11.ਅ | 12. ਸ | 13. ੳ | 14. ਅ | 15. ਅ |

# ਅਧਿਆਇ-6 : ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁੱਖ ਕਵੀ

*Paramjit Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਵੀਆਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਾਵਿ ਰੂਪਾਂ ਦੇ ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਵੀਆਂ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਕਵੀਆਂ  ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਕਵਿਤਾ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਆਧੂਨਿਕਤਾ ਦੇ ਸੰਕਲਪ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਆਧੂਨਿਕਤਾ ਦੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਆਧੁਨਿਕਤਾ ਦੇ ਸੰਕਲਪ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ।

## ਵਿਸ਼ਾ ਵਸਤੂ:

ਆਧੁਨਿਕ ਕਾਲ ਦੀ ਪੰਜਾਬੀ ਕਵਿਤਾ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਇੱਕ ਕਵੀਆਂ ਦੀ ਉਹ ਸ਼੍ਰੇਣੀ ਜਿਹਨਾਂ ਦੀ ਕਵਿਤਾ ਨਿਰੋਲ ਆਧੁਨਿਕ ਲੀਹਾਂ ਉੱਤੇ ਉਸਰੀ ਹੈ, ਅਤੇ ਦੂਜੀ ਸ਼੍ਰੇਣੀ ਵਿੱਚ ਉਹ ਕਵੀ ਆਉਂਦੇ ਹਨ, ਜਿਹਨਾਂ ਨੇ ਰਵਾਇਤ ਜਾਂ ਮਰਿਆਦਾ ਦੀ ਉਲੰਘਣਾ ਨਹੀਂ ਕੀਤੀ, ਸਗੋਂ ਪੁਰਾਤਨ ਲੀਹਾਂ ਨੂੰ ਹੀ ਅੰਗੀਕਾਰ ਕੀਤਾ ਹੈ।ਭਾਈ ਵੀਰ ਸਿੰਘ, ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਅਵਤਾਰ ਸਿੰਘ ਅਜ਼ਾਦ, ਦੀਵਾਨ ਸਿੰਘ ਕਾਲੇਪਾਣੀ, ਦੇਵਿੰਦਰ ਸਤਿਆਰਥੀ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫੀਰ, ਤੇ ਬਾਵਾ ਬਲਵੰਤ ਦੀ ਕਵਿਤਾ ਦੇ ਕੁਝ ਨਮੂਨਿਆਂ ਨੂੰ ਭਾਰਤੀ ਭਾਸ਼ਾਵਾਂ ਦੀ ਆਧੁਨਿਕ ਕਵਿਤਾ ਦੇ ਟਾਕਰੇ ਤੇ ਬੜੇ ਮਾਣ ਨਾਲ ਪੇਸ਼ ਕੀਤਾ ਜਾ ਸਕਦਾ ਹੈ।

ਡਾ: ਬਲਵੀਰ ਸਿੰਘ ਨੇ ਆਪਣੀ ਪੁਸਤਕ ‘ਕਲਮ ਦੀ ਕਰਾਮਾਤ` ਵਿੱਚ ਹਵਾਲਾ ਦੇ ਕੇ ਬਾਵਾ ਕਾਨ੍ਹ ਸਿੰਘ ਦੀ ਕਵਿਤਾ ਨੂੰ ਸਭ ਤੋਂ ਪਹਿਲੀ ਆਧੁਨਿਕ ਕਵਿਤਾ ਕਿਹਾ ਹੈ।

ਆਧੁਨਿਕ ਕਵਿਤਾ ਦਾ ਮੁੱਢ ਭਾਈ ਵੀਰ ਸਿੰਘ ਨਾਲ ਬੱਝਦਾ ਹੈ। ਉਹਨਾਂ ਨੇ ਹੀ ਸਭ ਤੋਂ ਪਹਿਲਾਂ ਆਧੁਨਿਕ ਕਵਿਤਾ ਦੇ ਰੰਗ ਨੂੰ ਨਿਖਾਰਿਆ ਅਤੇ ਆਪਣੇ ਸਮਕਾਲੀ ਕਵੀਆਂ ਨੂੰ ਪ੍ਰਭਾਵਿਤ ਕੀਤਾ। ਆਧੁਨਿਕ ਕਵੀਆਂ ਦੀ ਪਹਿਲੀ ਪੀੜ੍ਹੀ ਵਿੱਚੋਂ ਭਾਈ ਵੀਰ ਸਿੰਘ ਨੂੰ ਸ੍ਰੋਮਣੀ ਪਦਵੀ ਪ੍ਰਾਪਤ ਹੈ। ਉਹਨਾਂ ਦੇ ਦੌਰ ਦੇ ਹੋਰ ਕਵੀ ਪ੍ਰੋ: ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ ਤੇ ਕਿਰਪਾ ਸਾਗਰ ਆਦਿ ਹਨ।

## ਪਹਿਲੀ ਪੀੜ੍ਹੀ ਦੇ ਕਵੀ

**ਭਾਈ ਵੀਰ ਸਿੰਘ-(1872-1957)**

ਭਾਈ ਵੀਰ ਸਿੰਘ ਨੇ ਆਪਣੇ ਸਮੇਂ ਤੇ ਸ਼੍ਰੇਣੀ ਅਨੁਸਾਰ ਸਭ ਤੋਂ ਪਹਿਲਾਂ ਪੰਜਾਬੀ ਕਵਿਤਾ ਨੂੰ ਆਧੁਨਿਕ ਲੀਹਾਂ ਉੱਤੇ ਲਿਆਂਦਾ। ਭਾਈ ਵੀਰ ਸਿੰਘ ਦੀ ਕਵਿਤਾ ਦਾ ਮੂਲ ਵਿਸ਼ਾ ਆਧਿਆਤਮਕ ਹੀ ਹੈ ਤੇ ਉਸ ਦੀ ਲਗਭਗ ਸਾਰੀ ਕਵਿਤਾ ਇਸੇ ਵਿਸ਼ੇ ਨੂੰ ਹੀ ਰਹੱਸਵਾਦੀ ਤੇ ਦਾਰਸ਼ਨਿਕ ਰੂਪ ਵਿੱਚ ਪ੍ਰਗਟਾਉਂਦੀ ਹੈ।ਉਹਨਾਂ ਦੀਆਂ ਕਾਵਿ ਰਚਨਾਵਾਂ ਇਹ ਹਨ-‘ਰਾਣਾ ਸੂਰਤ ਸਿੰਘ`,‘ਲਹਿਰਾਂ ਦੇ ਹਾਰ`, ‘ਬਿਜਲੀਆਂ ਦੇ ਹਾਰ`,‘ਕੰਬਦੀ ਕਲਾਈ`,‘ਮਟਕ ਹੁਲਾਰੇ`,‘ਪ੍ਰੀਤ ਵੀਣਾ`, ਆਦਿ ਹਨ। ‘ਕੰਤ ਮਹੇਲੀ`(ਬਾਰਾਂ ਮਾਂਹ) ਅਤੇ ਮੇਰੇ ‘ਸਾਈਆਂ ਜੀਓ`(ਸਾਹਿਤ ਅਕਾਦਮੀ ਪੁਰਸਕ੍ਰਿਤ)।

ਕੰਬਦੀ ਕਲਾਈ

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ

ਅਸਾਂ ਧਾ ਗਲਵਕੜੀ ਪਾਈ

ਨਿਰਾ ਨੂਰ ਤੁਸੀਂ ਹੱਥ ਨ ਆਏ

ਸਾਡੀ ਕੰਬਦੀ ਰਹੀ ਕਲਾਈ,

ਧਾ ਚਰਨਾਂ ਤੇ ਸ਼ੀਸ਼ ਨਿਵਾਇਆ

ਸਾਡੇ ਮੱਥੇ ਛੋਹ ਨ ਪਾਈ,

ਤੁਸੀਂ ਉੱਚੇ ਅਸੀਂ ਨੀਵੇਂ ਸਾਂ

ਸਾਡੀ ਪੇਸ਼ ਨ ਗਈਆ ਕਾਈ,

ਫਿਰ ਲੜ ਫੜਨੇ ਨੂੰ ਉੱਠ ਦਉੜੇ

ਪਰ ਲੜ ਉਹ 'ਬਿਜਲੀ ਲਹਿਰਾ'

ਉਡਦਾ ਜਾਂਦਾ, ਪਰ ਉਹ ਅਪਣੀ

ਛੁਹ ਸਾਨੂੰ ਗਯਾ ਲਾਈ:

ਮਿੱਟੀ ਚਮਕ ਪਈ ਇਹ ਮੋਈ

ਤੇ ਤੁਸੀਂ ਲੂੰਆਂ ਵਿਚ ਲਿਸ਼ਕੇ,-

ਬਿਜਲੀ ਕੂੰਦ ਗਈ ਥਰਰਾਂਦੀ

ਹੁਣ ਚਕਾਚੂੰਧ ਹੈ ਛਾਈ ।

**ਪ੍ਰੋ:ਪੂਰਨ ਸਿੰਘ-(1881-1931)**

ਪ੍ਰੋ:ਪੂਰਨ ਸਿੰਘ ਮਹਾਨ ਪ੍ਰਤਿਭਾ ਦਾ ਮਾਲਕ ਸੀ।ਉਸ ਦੀ ਵਚਿੱਤਰ ਤੇ ਅਲੋਕਿਕ ਸਖਸ਼ੀਅਤ, ਜੀਵਨ ਦਾ ਡੂੰਘਾ ਤੇ ਮੰਸਕ ਅਨੁਭਵ,ਸੰਸਾਰ ਸਾਹਿਤ ਦਾ ਅਧਿਐਨ ਤੇ ਪ੍ਰਦੇਸ ਯਾਤਰਾ ਉਸ ਦੀ ਕਲਾ ਨੂੰ ਸਿਖਰ ਤੱਕ ਚਮਕਾਉਂਦੇ ਹਨ।ਪ੍ਰੋ:ਪੂਰਨ ਸਿੰਘ ਵਿਸ਼ਾਲ ਤਜਰਬੇ ਦਾ ਮਾਲਕ ਸੀ, ਇਸ ਲਈ ਉਸ ਦੀ ਰਚਨਾ ਦਾ ਖੇਤਰ ਕੇਵਲ ਪੰਜਾਬੀ ਹੀ ਨਹੀਂ ਰਿਹਾ।ਪੰਜਾਬੀ ਕਵਿਤਾ ਵਿੱਚ ਉਸ ਦੇ ਤਿੰਨ ਕਾਵਿ ਸੰਗ੍ਰਹਿ ਹਨ।'ਖੁੱਲੇ ਘੁੰਡ`, 'ਖੁੱਲੇ ਮੈਦਾਨ`, 'ਖੁੱਲੇ ਅਸਮਾਨੀ ਰੰਗ` ਮਿਲਦੇ ਹਨ। ਵਿਸ਼ਾ ਤੇ ਰੂਪ ਦੋਹਾਂ ਵੱਲੋਂ ਹੀ ਲੇਖਕ ਨੇ ਸੁਤੰਤਰ ਉਡਾਰੀਆਂ ਲਾਈਆਂ ਹਨ।

ਜਵਾਨ ਪੰਜਾਬ ਦੇ

੧

ਇਹ ਬੇਪ੍ਰਵਾਹ ਜਵਾਨ ਪੰਜਾਬ ਦੇ,

ਮੌਤ ਨੂੰ ਮਖ਼ੌਲਾਂ ਕਰਨ,

ਮਰਨ ਥੀਂ ਨਹੀਂ ਡਰਦੇ ।

ਪਿਆਰ ਨਾਲ ਇਹ ਕਰਨ ਗੁਲਾਮੀ,

ਜਾਨ ਕੋਹ ਆਪਣੀ ਵਾਰ ਦਿੰਦੇ :

ਪਰ ਟੈਂ ਨਾ ਮੰਨਣ ਕਿਸੇ ਦੀ,

ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ ।

ਮੰਨਣ ਬਸ ਇਕ ਆਪਣੀ ਜਵਾਨੀ ਦੇ ਜ਼ੋਰ ਨੂੰ

ਅੱਖੜਖਾਂਦ, ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ,

ਆਜ਼ਾਦ ਕੀਤੇ ਇਹ ਬੰਦੇ ।
ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ ।
ਜਵਾਨ ਖੁੱਲ੍ਹੇ ਖੋਲ੍ਹੇ ਪਿਆਰਿਆਂ,
ਆਜ਼ਾਦੀ ਦੇ ਪਿਆਰ ਵਿਚ,
ਦੁਨੀਆਂ ਥੀਂ ਵਿਹਲੇ,
ਦੀਨ ਥੀਂ ਵੀ ਵਿਹਲੇ,
ਰਲੇ ਨਾ ਰਲੀਂਦੇ ਕਦੀ ਹੁਣ ਇਹ ਜਵਾਨ ਪੰਜਾਬ ਦੇ ।
ਮੰਨੇ ਨਾ ਮਨੀਂਦੇ ਕਦੀ, ਕੁੱਦ ਕੁੱਦ, ਉੱਛਲਦੇ ਡੁਲ੍ਹਦੇ,
ਮਰਜ਼ੀ ਦੇ ਮਾਲਕ ਇਹ,
ਦਿਲ ਦੇ ਚਾਅ ਉੱਤੇ ਉੱਲਰਦੇ ।
ਨਿੱਕੇ ਨਿੱਕੇ ਪਿਆਰ ਦੇ ਕਿਣਕਿਆਂ 'ਤੇ ਰੀਝਣ ਤੇ ਪਸੀਜਣ ਸਾਰੇ,
ਤੇ ਵੱਡੀਆਂ ਵੱਡੀਆਂ ਗੱਲਾਂ ਨੂੰ ਲੱਤ ਮਾਰ ਦੌੜ ਜਾਣ ।
ਇਨ੍ਹਾਂ ਦਾ ਕੁਝ ਥਹੁ ਨਹੀਂ ਲੱਗਦਾ ।
ਹੱਥਾਂ ਵਿਚ ਗੋਹਲੇ ਕੀਤੀ ਕਿਸੇ ਵੀ ਪਾਤਸ਼ਾਹ ਨੇ,
ਆਜ਼ਾਦੀ ਪਈ ਠਾਠਾਂ ਮਾਰਦੀ ਮੇਰੇ ਪੰਜਾਬ ਵਿਚ ।
ਪਿਆਰ ਦਾ ਨਾਮ ਇਨ੍ਹਾਂ ਸਿੱਖਿਆ,
ਦਿਲ ਜਾਨ ਵਾਰਨ ਇਹ ਪਿਆਰ 'ਤੇ,
ਸੱਚੇ ਪੰਜਾਬ ਦੇ ਵਾਸੀ ਦਾ ਇਹ ਈਮਾਨ ਹੈ,
ਰਾਂਝੇਟੜੇ ਦੇ ਨਿੱਕੇ ਵੱਡੇ ਭਰਾ ਸਾਰੇ,
ਬੇਲਿਆਂ ਤੇ ਰੱਖਾਂ ਵਿਚ ਕੂਕਾਂ ਮਾਰਦੇ ।
ਬਾਲ ਨਾਥ ਪਛਤਾਇਆ ਰਾਂਝੇ ਨੂੰ ਜੋਗ ਦੇ ਕੇ ,
ਸਤਿਗੁਰਾਂ ਦੇ ਸਿੱਖ ਨੂੰ ਪਾ ਹੱਥ ਰੋਇਆ ।
ਇਸ ਜੱਟ-ਮੱਤ ਵਿਚ ਘੋਰਾਂ ਦਾ ਜੋਗ ਸੀ,
ਦੇਖ ਹੈਰਾਨ ਪਸ਼ੇਮਾਨ ਹੋਇਆ, ਬਖ਼ਸ਼ਿਆ,
ਟੋਰਿਆ, ਟਿੱਲੇ ਥੀਂ ਅਸੀਸ ਦੇ, ਹਾਰਿਆ,
ਤੇ ਮਚਲਾ ਜੱਟ ਆਖੇ-
ਮੁੰਦਰਾਂ ਲੈ ਆਪਣੀਆਂ ਮੋੜ ਬਾਵਾ !
ਤੇ ਕੰਨ ਮੇਰੇ ਮੁੜ ਸਬੂਤ ਕਰ ਤੂੰ ਭਲੇ ਮਾਣਸਾ
ਕੰਨਾਂ ਨੂੰ ਕਾਹਨੂੰ ਚਾ ਪਾੜਿਆ ?
ਜੋਗ ਦੀ ਮੈਨੂੰ ਕੀ ਲੋੜ ਸੀ ? ਨਾਥਾ ਦੱਸ ਖਾਂ ?

ਮੈਂ ਸਿੱਖਿਆ ਸੀ ਨਾਮ ਪਿਆਰ ਦਾ
ਤੇ ਹੱਡਾਂ ਵਿਚ ਪਿਆਰ ਪਿਆ ਖੜਕਦਾ,
ਨਾਮ ਪਿਆ ਵੱਜਦਾ,
ਜੋਗ ਤੇਰਾ ਹੋੜਦਾ ਇਸ਼ਕ ਥੀਂ ਕਮਲਿਆ ।
ਮੋੜ ਮੇਰੇ ਕੰਨ, ਲੈ ਮੋੜ ਆਪਣੀਆਂ ਮੁੰਦਰਾਂ ।

ਇਹੋ ਜਿਹੀ ਜਿੰਦ ਤੇ ਖੁੱਲ੍ਹ ਦਾ ਸੁਭਾ,
ਜਿਹੜਾ ਚਾਬਕ ਨਹੀਂ ਸਹਾਰਦਾ,
ਕੋਤਲ ਘੋੜੇ ਵਾਂਗ ਸੰਵਾਰੇ ਕੋਈ ਨਿੱਤ ਨਵਾਂ,
ਤੇ ਵਹੇ ਇਨ੍ਹਾਂ ਜਵਾਨਾਂ ਦੀ ਮੌਜ ਨਾਲ,
ਤਦ ਤਾਂ ਪਲ ਛਿਣ, ਠੁਮਕ ਠੁਮਕ ਤੁਰਨ ਇਹ,
ਪਰ ਫਿਰ ਵੀ ਖ਼ਤਰਾ ਇਨ੍ਹਾਂ ਦੇ ਅੱਥਰੇਪਨ ਦਾ ਹਰਦਮ ਰਹਿੰਦਾ ।
ਬਾਂਕੇ ਛਬੀਲੇ ਪੰਜਾਬ-ਪਿਆਰ ਦੇ ਰਹਿਣ ਵਾਲੇ,
ਪੰਜਾਬੀ ਮਾਵਾਂ ਦੇ ਪੁੱਤਰ,
ਰੱਖਣ ਨਾ ਜਾਨ ਸੰਭਾਲ ਇਹ,
ਜਾਨ ਵਾਰਨ ਨੂੰ ਇਹ ਜਾਣਦੇ,
ਲਹੂ ਵੀਟਣ ਥੀਂ ਨਾ ਡਰਨ ਇਹ,
ਤੇ ਜੰਗ ਮੈਦਾਨ ਵਿਚ ਨੱਸਣਾ ਨਾ ਇਹ ਪਛਾਣਦੇ ।
ਕਰਨ ਕੀ ਇਹ ?
ਓੜਕ ਦਾ ਰੂਹ ਜ਼ੋਰ ਆਇਆ ਪੰਜਾਬ ਵਿਚ,
ਸਤਿਗੁਰਾਂ ਦੇ ਕਦਮਾਂ ਤੇ ਰਾਹਾਂ ਦੇ ਸਦਕੇ,
ਹੜ੍ਹ ਆਏ ਰੱਬ ਦੇ ਪ੍ਰਕਾਸ਼ ਦੇ,
ਤੇ ਠਿਲ੍ਹਣ ਨਾ ਇਹ ਪੰਜਾਬੀ, ਇਹ ਵੱਸ ਕਿਸ ਦੇ ?
ਇਹ ਜੀਣ, ਥੀਣ ਜ਼ੋਰ ਲਾ ਲਾ, ਕੁਝ ਵੱਸ ਨਾਂਹ ਕਿਸੇ ਦੇ,
ਪੰਜਾਬ ਵਿਚ ਸਤਿਗੁਰਾਂ ਦੀ ਨਿਗਾਹ ਵਿਚੋਂ
ਜੀਵਨ-ਬਿਜਲੀਆਂ ਦੇ ਅਸਗਾਹ ਦਰਿਆ ਵਗ ਉੱਠੇ,
ਝਨਾਂ ਤੇ ਰਾਵੀ ਤੇ ਸਤਲੁਜ ਤੇ ਬਿਆਸ ਤੇ
ਜੇਹਲਮ ਤੇ ਅਟਕ ਸਭ ਬਲ ਉੱਠੇ ;
ਗੁਰੂ ਦਾ ਜਪੁ ਸਾਹਿਬ ਗਾਉਂਦੇ ।
ਇਉਂ ਅਥਾਹ ਪ੍ਰਵਾਹ ਹੋਇਆ,
ਸੁੱਕਾ ਨਾਂਹ ਰਿਹਾ ਕੋਈ ਥਾਂ ।
ਹਿੰਦੂ, ਮੁਸਲਮਾਨ, ਪੰਛੀ, ਪਸ਼ੂ, ਆਦਮੀ ਸਭ ਭਿੱਜਿਆ,

ਡੁੱਬਿਆ ਅੰਮ੍ਰਿਤ ਉਸ ਨਿਗਾਹ ਵਿਚ ।
ਇੱਥੇ ਜਾਨ ਆਈ, ਰੂਹ ਆਇਆ, ਰੱਬ ਆਇਆ,
ਗੀਤ ਅਸਮਾਨੀ ਆਇਆ, ਦਿਲ ਆਇਆ ਬਖ਼ਸ਼ ਦਾ ;
ਇੱਥੇ ਚਾਅ ਦੇ ਅਸਮਾਨ ਟੁੱਟੇ,
ਇੱਥੇ ਹੁਸਨ ਖ਼ੁਦਾਈ ਦਾ ਅਵਤਾਰ ਆਇਆ,
ਇੱਥੇ ਦਿਲ ਚੁਭਵੀਆਂ ਮੂਰਤਾਂ,
ਨਿਗਾਹਾਂ ਦੇ ਤੀਰਾਂ ਦੇ ਮੀਂਹ ।

ਇੱਥੇ ਦਾਤੇ ਬਲਕਾਰ ਆਏ,
ਇੱਥੇ ਸਾਈਂ ਦੇ ਪਿਆਰੇ ਆਏ,
ਇਸ ਧਰਤੀ ਵਿਚ ਕਲਗੀ ਵਾਲੇ ਦੇ ਘੋੜੇ ਦੇ ਸੁੰਮਾਂ ਦੀ ਟਾਪ ਲੱਗੀ,
ਇਥੇ ਸਤਿਗੁਰਾਂ, ਸੱਚੇ ਪਾਤਸ਼ਾਹਾਂ ਦਾ ਨਿਵਾਸ ਹੈ ।

**ਧਨੀ ਰਾਮ ਚਾਤ੍ਰਿਕ-(1876-1954)**

ਆਧੁਨਿਕ ਪੰਜਾਬੀ ਕਵਿਤਾ ਦੀ ਪਹਿਲੀ ਪੀੜ੍ਹੀ ਦੇ ਕਵੀਆਂ ਵਿੱਚੋਂ ਲਾਲਾ ਧਨੀ ਰਾਮ ਚਾਤ੍ਰਿਕ ਜੀ ਦੀ ਵੀ ਖਾਸ ਥਾਂ ਹੈ। ਉਹ ਪਹਿਲੀ ਪੀੜ੍ਹੀ ਦਾ ਪ੍ਰਤੀਨਿਧ ਕਵੀ ਹੈ ਜਿਸਨੇ ਨਿਰੋਲ ਪੰਜਾਬੀ ਜੀਵਨ ਤੇ ਸੱਭਿਆਚਾਰ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਇਆ।ਚਾਤ੍ਰਿਕ ਦੀ ਕਵਿਤਾ ਦਾ ਆਰੰਭ ਕਿੱਸਿਆਂ ਤੋਂ ਹੁੰਦਾ ਹੈ-'ਭਰਥਰੀ ਹਰੀ`, 'ਨਲ ਦਮਯੰਤੀ` ਉਸ ਦੇ ਪਹਿਲੇ ਕਿੱਸੇ ਹਨ।ਚਾਤ੍ਰਿਕ ਦੀ ਕਵਿਤਾ ਦੇ ਪ੍ਰਤੀਨਿਧ ਪੱਖ ਛੇ ਹਨ-ਪੰਜਾਬੀ ਜੀਵਨ ਦਾ ਪ੍ਰਗਟਾਅ, ਕੁਦਰਤ ਦਾ ਵਰਣਨ, ਕੌਮੀ ਤੇ ਸਰਵ ਸਾਂਝੇ ਭਾਵ ਤੇ ਗੁਲਾਮੀ ਵਿਰੁੱਧ ਘ੍ਰਿਣਾ ਪੈਦਾ ਕਰ ਕੇ ਦੇਸ਼ ਦੇ ਲੋਕਾਂ ਨੂੰ ਜਾਗਰੂਕ, ਧਾਰਮਿਕ ਤੇ ਸਦਾਚਾਰਕ ਸਿੱਖਿਆ, ਰਵਾਇਤੀ ਪੰਰਪਰਾ ਅਤੇ ਰੋਮਾਂਸ।

ਪੰਜਾਬ

ਪੰਜਾਬ ! ਕਰਾਂ ਕੀ ਸਿਫ਼ਤ ਤੇਰੀ, ਸ਼ਾਨਾਂ ਦੇ ਸਭ ਸਾਮਾਨ ਤੇਰੇ,
ਜਲ-ਪੌਣ ਤੇਰਾ, ਹਰਿਔਲ ਤੇਰੀ, ਦਰਯਾ, ਪਰਬਤ, ਮੈਦਾਨ ਤੇਰੇ ।

ਭਾਰਤ ਦੇ ਸਿਰ ਤੇ ਛਤ੍ਰ ਤੇਰਾ, ਤੇਰੇ ਸਿਰ ਛੱਤਰ ਹਿਮਾਲਾ ਦਾ,
ਮੋਢੇ ਤੇ ਚਾਦਰ ਬਰਫ਼ਾਂ ਦੀ, ਸੀਨੇ ਵਿਚ ਸੇਕ ਜਵਾਲਾ ਦਾ ।

ਖੱਬੇ ਹੱਥ ਬਰਛੀ ਜਮਨਾ ਦੀ, ਸੱਜੇ ਹੱਥ ਖੜਗ ਅਟਕ ਦਾ ਹੈ,
ਪਿਛਵਾੜੇ ਬੰਦ ਚਿਟਾਨਾਂ ਦਾ ਕੋਈ ਵੈਰੀ ਤੋੜ ਨਾ ਸਕਦਾ ਹੈ ।

ਅਰਸ਼ੀ ਬਰਕਤ ਰੂੰ ਵਾਂਗ ਉੱਤਰ, ਚਾਂਦੀ ਢੇਰ ਲਗਾਂਦੀ ਹੈ,
ਚਾਂਦੀ ਢਲ ਢਲ ਕੇ ਵਿਛਦੀ ਹੈ ਤੇ ਸੋਨਾ ਬਣਦੀ ਜਾਂਦੀ ਹੈ ।

ਇਸ ਤੋਂ ਇਲਾਵਾ ਲਾਲਾ ਕਿਰਪਾ ਸਾਗਰ, ਡਾਕਟਰ ਚਰਨ ਸਿੰਘ ਅਤੇ ਭਾਈ ਰਣਧੀਰ ਸਿੰਘ ਪਹਿਲੀ ਪੀੜ੍ਹੀ ਦੇ ਕਵੀ ਹਨ।

## ਦੂਜੀ ਪੀੜ੍ਹੀ ਦੇ ਕਵੀ:-

### ਪ੍ਰੋ. ਮੋਹਨ ਸਿੰਘ-(1905-1974)

ਪੰਜਾਬੀ ਦੇ ਆਧੁਨਿਕ ਕਾਵਿ ਸਾਹਿਤ ਵਿੱਚ ਮੋਹਨ ਸਿੰਘ ਦੀ ਵਿਸ਼ੇਸ਼ ਮਹੱਤਵਪੂਰਨ ਤੇ ਗੌਰਵ ਵਾਲੀ ਥਾਂ ਹੈ। ਮੋਹਨ ਸਿੰਘ ਪ੍ਰੀਤ ਦਾ ਕਵੀ ਹੈ। ਸਮਾਜ ਦੀ ਪੂੰਜੀਵਾਦੀ ਦਸ਼ਾ ਵਿੱਚ ਮੱਧ ਸ਼੍ਰੇਣੀ ਦੇ ਜੀਵਨ ਦਾ ਬਲਵਾਨ ਆਸ਼ਾ,ਸੁਤੰਤਰ ਪ੍ਰੀਤ ਹੀ ਕਿਹਾ ਜਾ ਸਕਦਾ ਹੈ ਅਤੇ ਸ਼ਾਇਦ ਇਹੀ ਕਾਰਨ ਹੈ ਕਿ ਮੋਹਨ ਸਿੰਘ ਆਪਣੀ ਕਵਿਤਾ ਵਿੱਚ ਇਨ੍ਹਾਂ ਭਾਵਾਂ ਦੇ ਪ੍ਰਗਟਾਅ ਵਿੱਚ ਸਫਲ ਹੋ ਕੇ ਲੋਕ ਪ੍ਰਿਯ ਕਵੀ ਬਣ ਗਿਆ। ਮੋਹਨ ਸਿੰਘ ਦੀ ਕਵਿਤਾ ਉੱਤੇ ਪਿਆਰ ਦੇ ਸਰੀਰਕ ਭਾਵ ਛਾਏ ਰਹਿੰਦੇ ਹਨ ਅਤੇ ਉਸ ਦੀ ਬਿੰਬਾਵਲੀ ਭਾਵਾਂ ਤੇ ਵਿਚਾਰਾਂ ਉੱਤੇ ਹਾਵੀ ਰਹਿੰਦੀ ਹੈ। ਮੋਹਨ ਸਿੰਘ ਦੀ ਕਵਿਤਾ ਦਾ ਆਰੰਭ 'ਕਵੀ ਦਰਬਾਰੀ' ਰਚਨਾ ਕਾਲ ਤੋਂ ਹੋਇਆ। ਮੋਹਨ ਸਿੰਘ ਦੇ ਕਾਵਿ ਸੰਗ੍ਰਹਿ-'ਅਧਵਾਟੇ', ਕਸੁੰਭੜਾ', 'ਸਾਵੇ ਪੱਤਰ' ਆਦਿ ਹਨ।

ਮਾਂ

ਮਾਂ ਵਰਗਾ ਘਣ ਛਾਵਾਂ ਬੂਟਾ,

ਮੈਨੂੰ ਨਜ਼ਰ ਨਾ ਆਏ ।

ਲੈ ਕੇ ਜਿਸ ਤੋਂ ਛਾਂ ਉਧਾਰੀ,

ਰੱਬ ਨੇ ਸੁਰਗ ਬਣਾਏ ।

ਬਾਕੀ ਕੁਲ ਦੁਨੀਆਂ ਦੇ ਬੂਟੇ,

ਜੜ੍ਹ ਸੁਕਿਆਂ ਮੁਰਝਾਂਦੇ,

ਐਪਰ ਫੁੱਲਾਂ ਦੇ ਮੁਰਝਾਇਆਂ,

ਇਹ ਬੂਟਾ ਸੁਕ ਜਾਏ ।

### ਅੰਮ੍ਰਿਤਾ ਪ੍ਰੀਤਮ-(1919-2005)

ਅੰਮ੍ਰਿਤਾ ਪ੍ਰੀਤਮ ਨੇ ਆਪਣੇ ਪਿਤਾ ਗਿਆਨੀ ਕਰਤਾਰ ਸਿੰਘ ਹਿਤਕਾਰੀ ਦੀ ਸਰਪ੍ਰਸਤੀ ਹੇਠ ਛੋਟੀ ਉਮਰ ਵਿੱਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ ਤੇ ਫਿਰ ਲਗਾਤਾਰ ਕਾਵਿ ਸੰਗ੍ਰਹਿ ਰਚੇ। ਅੰਮ੍ਰਿਤਾ ਦੀ ਕਵਿਤਾ ਵਿੱਚ ਇਸਤਰੀ ਭਾਵ ਪੂਰੀ ਤੀਬਰਤਾ ਤੇ ਸੁਹਿਰਦਤਾ ਨਾਲ ਉਘੜੇ ਹਨ ਅਤੇ ਇਸੇ ਲਈ ਉਸਨੂੰ ਪੰਜਾਬੀ ਇਸਤਰੀ ਦੀ ਆਵਾਜ਼ ਕਿਹਾ ਜਾਂਦਾ ਹੈ।ਉਹ ਸਮਾਜ ਦੀਆਂ ਜਾਬਰ ਸ਼ਕਤੀਆਂ ਨੂੰ ਦਲੇਰ ਹੋ ਕੇ ਭੰਡਦੀ ਹੈ ਅਤੇ ਕਵਿਤਾ ਵਿੱਚ ਸਿੱਧੀਆਂ ਚੋਟਾਂ ਮਾਰ ਕੇ ਉਹਨਾਂ ਨੂੰ ਵੰਗਾਰਦੀ ਤੇ ਲਲਕਾਰਦੀ ਹੈ।ਉਹ ਇੱਕ ਚੇਤੰਨ ਵਿਅੰਗਕਾਰ ਹੈ ਅਤੇ ਨਿਝਕ ਹੋ ਕੇ ਇਸ ਸਮਾਜ ਵਿਰੁੱਧ ਖਰੀਆਂ ਖਰੀਆਂ ਸੁਣਾਉਦੀ ਹੈ।ਅੰਮ੍ਰਿਤਾ ਪ੍ਰੀਤਮ ਦੀ ਕੁੱਝ ਰਚਨਾਵਾਂ-'ਅੰਮ੍ਰਿਤ ਲਹਿਰਾਂ'(1936),'ਜਿਊਂਦਾ ਜੀਵਨ'(1939),'ਤ੍ਰੇਲ ਧੋਤੇ ਫੁੱਲ'(1941),'ਓ ਗੀਤਾਂ ਵਾਲਿਆਂ'(1942),'ਪੱਥਰ ਗੀਟੇ'(1946) ਆਦਿ ਹਨ।

ਅੱਜ ਆਖਾਂ ਵਾਰਸ ਸ਼ਾਹ ਨੂੰ

ਕਿਤੋਂ ਕਬਰਾਂ ਵਿਚੋਂ ਬੋਲ।

ਤੇ ਅੱਜ ਕਿਤਾਬੇ ਇਸ਼ਕ ਦਾ

ਕੋਈ ਅਗਲਾ ਵਰਕਾ ਫੋਲ।

ਇਕ ਰੋਈ ਸੀ ਧੀ ਪੰਜਾਬ ਦੀ

ਤੂੰ ਲਿਖ ਲਿਖ ਮਾਰੇ ਵੈਣ।

ਅੱਜ ਲੱਖਾਂ ਧੀਆਂ ਰੋਂਦੀਆਂ

ਤੈਨੂੰ ਵਾਰਸ ਸ਼ਾਹ ਨੂੰ ਕਹਿਣ।

ਵੇ ਦਰਦਮੰਦਾਂ ਦਿਆ ਦਰਦੀਆ

ਉੱਠ ਤੱਕ ਆਪਣਾ ਪੰਜਾਬ।

ਅੱਜ ਬੇਲੇ ਲਾਸ਼ਾਂ ਵਿੱਛੀਆਂ

ਤੇ ਲਹੂ ਦੀ ਭਰੀ ਚਨਾਬ।

ਕਿਸੇ ਨੇ ਪੰਜਾਂ ਪਾਣੀਆਂ ਵਿਚ

ਦਿੱਤੀ ਜ਼ਹਿਰ ਮਿਲਾ।

ਤੇ ਉਹਨਾਂ ਪਾਣੀਆਂ ਧਰਤ ਨੂੰ

ਦਿੱਤਾ ਪਾਣੀ ਲਾ।

ਇਸ ਜ਼ਰਖ਼ੇਜ਼ ਜ਼ਮੀਨ ਦੇ

ਲੂੰ ਲੂੰ ਫੁੱਟਿਆ ਜ਼ਹਿਰ।

ਗਿੱਠ ਗਿੱਠ ਚੜ੍ਹੀਆਂ ਲਾਲੀਆਂ

ਫੁੱਟ ਫੁੱਟ ਚੜ੍ਹਿਆ ਕਹਿਰ।

ਵਿਹੁ ਵਲਿੱਸੀ ਵਾ ਫਿਰ

ਵਣ ਵਣ ਵੱਗੀ ਜਾ।

ਉਹਨੇ ਹਰ ਇਕ ਬਾਂਸ ਦੀ ਵੰਝਲੀ

ਦਿੱਤੀ ਨਾਗ ਬਣਾ।

ਪਹਿਲਾ ਡੰਗ ਮਦਾਰੀਆਂ

ਮੰਤਰ ਗਏ ਗੁਆਚ।

ਦੂਜੇ ਡੰਗ ਦੀ ਲੱਗ ਗਈ

ਜਣੇ ਖਣੇ ਨੂੰ ਲਾਗ।

ਲਾਗਾਂ ਕੀਲੇ ਲੋਕ ਮੂੰਹ

ਬਸ ਫਿਰ ਡੰਗ ਹੀ ਡੰਗ।

ਪਲੋ ਪਲੀ ਪੰਜਾਬ ਦੇ

ਨੀਲੇ ਪੈ ਗਏ ਅੰਗ।

ਗਲਿਓਂ ਟੁੱਟੇ ਗੀਤ ਫਿਰ

ਤ੍ਰਕਲਿਉਂ ਟੁੱਟੀ ਤੰਦ।

ਤ੍ਰਿੰਜਣੋਂ ਟੁੱਟੀਆਂ ਸਹੇਲੀਆਂ

ਚਰੱਖੜੇ ਘੂਕਰ ਬੰਦ।

ਸਣੇ ਸੇਜ ਦੇ ਬੇੜੀਆਂ,

ਲੁੱਡਣ ਦਿੱਤੀਆਂ ਰੋੜ੍ਹ।

ਸਣੇ ਡਾਲੀਆਂ ਪੀਂਘ ਅੱਜ

ਪਿੱਪਲਾਂ ਦਿੱਤੀ ਤੋੜ।

ਜਿਥੇ ਵਜਦੀ ਫੂਕ ਪਿਆਰ ਦੀ

ਉਹ ਵੰਝਲੀ ਗਈ ਗੁਆਚ।

ਰਾਂਝੇ ਦੇ ਸਭ ਵੀਰ ਅੱਜ

ਭੁੱਲ ਗਏ ਉਸਦੀ ਜਾਚ।

ਧਰਤੀ 'ਤੇ ਲਹੂ ਵੱਸਿਆ

ਕਬਰਾਂ ਪਈਆਂ ਚੋਣ।

ਪ੍ਰੀਤ ਦੀਆਂ ਸਹਿਜ਼ਾਦੀਆਂ

ਅੱਜ ਵਿਚ ਮਜ਼ਾਰਾਂ ਰੋਣ।

ਅੱਜ ਸਭੇ ਕੈਦੋਂ ਬਣ ਗਏ

ਹੁਸਨ ਇਸ਼ਕ ਦੇ ਚੋਰ।

ਅੱਜ ਕਿਥੋਂ ਲਿਆਈਏ ਲੱਭ ਕੇ

ਵਾਰਿਸ ਸ਼ਾਹ ਇਕ ਹੋਰ।

ਅੱਜ ਆਖਾਂ ਵਾਰਸ ਸ਼ਾਹ ਨੂੰ

ਕਿਤੋਂ ਕਬਰਾਂ ਵਿਚੋਂ ਬੋਲ।

ਤੇ ਅੱਜ ਕਿਤਾਬੇ ਇਸ਼ਕ ਦਾ

ਕੋਈ ਅਗਲਾ ਵਰਕਾ ਫੋਲ।

**ਬਾਵਾ ਬਲਵੰਤ-(1924-1972)**

ਬਾਵਾ ਬਲਵੰਤ ਸਾਡੇ ਸਮੇਂ ਦਾ ਬੋਧਿਕ ਧਾਰਾ ਦਾ ਕਵੀ ਹੈ ਅਤੇ ਉਸ ਦੀ ਕਵਿਤਾ ਦੀ ਬੌਧਿਕਤਾ,ਨਿੱਗਰਤਾ ਤੇ ਰੂਪਕ ਪਕਿਆਈ ਉਸਨੂੰ ਇਸ ਧਾਰਾ ਦੇ ਸ਼ਰੋਮਣੀ ਕਵੀਆਂ ਵਿੱਚ ਥਾਂ ਦਿੰਦੀ ਹੈ। ਉਸ ਦੀ ਕਵਿਤਾ ਦੀ ਸਭ ਤੋਂ ਵੱਡੀ ਸਿਫ਼ਤ ਇਹ ਹੈ ਕਿ ਵਿਸ਼ੇ ਦੇ ਪੱਖ ਤੋਂ ਉਸ ਦੇ ਛਾਇਾਵਾਦੀ ਤੇ ਅਧਿਆਤਮਕ ਫ਼ਲਸਫ਼ੇ ਦਾ ਤਿਆਗ ਕੀਤਾ ਵੀ, ਨਹੀਂ ਵੀ ਕੀਤਾ ਅਤੇ ਦੂਜੇ ਬੰਨੇ ਸੰਬਾਦਕ ਪਦਾਰਥਵਾਦ ਦੀ ਫਿਲਾਸਫੀ ਨੂੰ ਅਪਣਾਇਆ ਹੈ।ਬਾਵਾ ਬਲਵੰਤ ਨੇ ਜਿੱਥੇ ਇੱਕ ਨਿੱਗਰ ਵਿਚਾਰਧਾਰਾ ਨੂੰ ਅਪਣਾਇਆ ਹੈ ਉੱਥੇ ਉਸਨੇ ਪ੍ਰੀਤ ਦੇ ਰਿਸ਼ਤਿਆਂ ਨੂੰ ਵੀ ਬੜੇ ਯਥਾਰਥਵਾਦੀ ਰੰਗ ਵਿੱਚ ਗਾਵਿਆ ਹੈ। ਬਾਵਾ ਬਲਵੰਤ ਦੀ ਕਵਿਤਾ ਨਾਲ ਪਹਿਲੀ ਵਾਰ ਆਧੁਨਿਕ ਪੰਜਾਬੀ ਕਵਿਤਾ ਵਿੱਚ ਉਰਦੂ-ਫਾਰਸੀ ਦੀ ਕਵਿਤਾ ਵਾਲੀ ਰੂਪਕ ਪਕਿਆਈ ਤੇ ਡੂੰਘਾਈ ਆਈ ਹੈ।ਬਾਵਾ ਬਲਵੰਤ ਦੇ ਕਾਵਿ ਸੰਗ੍ਰਹਿ-'ਮਹਾ ਨਾਚ',‘ਅਰਮ ਗੀਤ',‘ਜੁਆਲਾਮੁਖੀ',ਤੇ'ਬੰਦਰਗਾਹ' ਹਨ।

ਦੇਸ਼-ਭਗਤੀ

ਇਹ ਸਦਾ ਖ਼ੁਸ਼ਕ ਰਹੀ ਖ਼ੂਨ ਦੇ ਦਰਿਆ ਪੀ ਕੇ,

ਹਾਂ, ਅਸੀਂ ਅਪਣੀ ਹਕੂਮਤ 'ਚ ਭੀ ਬਰਬਾਦ ਰਹੇ;

ਆਦਮੀਅਤ ਸਦਾ ਮੁਰਦਾ ਹੀ ਰਹੀ ਹੈ ਜੀ ਕੇ ।

ਹੈ ਗ਼ਰੀਬਾਂ ਦੀਆਂ ਲਾਸ਼ਾਂ ਤੇ ਗੁਜ਼ਾਰਾ ਇਸ ਦਾ,

ਨਾ ਬੁਝੀ ਇਸ ਦੀ ਕਦੀ ਬੇਵਾ ਦੇ ਰੋਣੇ ਤੋਂ ਪਿਆਸ,

ਭੁੱਖੇ ਬੱਚਿਆਂ ਦੀਆਂ ਸਿਰੀਆਂ ਨੇ ਸਹਾਰਾ ਇਸ ਦਾ ।

ਕੁਝ ਬਣੀ ਹੈ ਤਾਂ ਅਮੀਰਾਂ ਦੀ ਹੀ ਇਹ ਜਿੰਦ ਬਣੀ,

ਕਦੀ ਦਿੱਲੀ, ਕਦੀ ਚਿੱਤੌੜ, ਕਦੀ ਹਿੰਦ ਬਣੀ ।

ਸੈਂਕੜੇ ਵਾਰ ਹਰੇ ਖੇਤ ਜਲਾਏ ਇਸ ਨੇ,

ਤਖ਼ਤ ਲੋਕਾਂ ਦੀਆਂ ਹੱਡੀਆਂ ਦੇ ਬਣਾਏ ਇਸ ਨੇ ।

ਰਹਿਮ ਆਇਆ ਤਾਂ ਕਦੀ ਵੰਡੇ ਸ਼ਹੀਦਾਂ ਦੇ ਖ਼ਿਤਾਬ,

ਕਾਸ਼ ! ਉਲਟੇ ਕੋਈ ਇਸ ਵਤਨ-ਪ੍ਰਸਤੀ ਦਾ ਨਕਾਬ !

ਖ਼ੂਨ ਕਿਰਤੀ ਦਾ ਰਿਹਾ ਸ਼ਾਹਾਂ ਦੀ ਮਸਤੀ ਦੇ ਲਈ,

ਕੌਮ ਮਰਵਾਈ ਗਈ ਐਸ਼-ਪ੍ਰਸਤੀ ਦੇ ਲਈ ।

ਸਦਾ ਹੋਈ ਏ ਮਨੁੱਖਤਾ ਦੀ ਤਬਾਹੀ ਇਸ ਤੋਂ,

ਸਦਾ ਦੁਨੀਆਂ 'ਚ ਰਹੂ ਜੰਗ-ਲੜਾਈ ਇਸ ਤੋਂ ।

ਅੱਜ ਤਹਿਜ਼ੀਬ ਦਾ ਯੁਗ ਇਸ ਦੀਆਂ ਚਾਲਾਂ ਦਾ ਸ਼ਿਕਾਰ ।

ਦੇਸ਼-ਭਗਤੀ ਕੀ ਜੋ ਹੋਰਾਂ ਦੀ ਤਬਾਹੀ ਹੋਵੇ ?

ਦੇਸ਼-ਭਗਤੀ, ਤੂੰ ਸਰਵ-ਸਾਂਝਤਾ ਨੂੰ ਮੋੜ ਮੁਹਾਰ !

ਦੇਸ਼-ਭਗਤੀ ਕੀ ਜੇ ਕਲ੍ਹ ਆਪ ਭੀ ਹੋਣਾ ਹੈ ਗ਼ੁਲਾਮ,

ਦੂਸਰੇ ਭੀ ਤਾਂ ਉਲਟ ਸਕਦੇ ਨੇ ਦੁਨੀਆਂ ਦਾ ਨਜ਼ਾਮ ।

ਦੇਸ਼ ਦੀ ਸੇਵਾ ਸਿਰਫ਼ ਪੌੜੀ ਸੀ, ਮੰਜ਼ਲ ਤਾਂ ਨਹੀਂ;

ਇਹ ਮਨੁੱਖਤਾ ਦੀ ਕੋਈ ਆਖ਼ਰੀ ਮਹਿਫ਼ਲ ਤਾਂ ਨਹੀਂ ।

ਅਪਣੇ ਕੁਨਬੇ ਲਈ ਦੁਨੀਆਂ ਤੇ ਹੈ ਕਬਜ਼ਾ ਲਾਹਨਤ !

ਅਪਣੀ ਬੇੜੀ ਲਈ ਸਾਗਰ ਤੇ ਹੈ ਘੇਰਾ, ਤੋਬਾ !

ਦੇਸ਼-ਭਗਤੀ 'ਚ ਜ਼ਰੂਰਤ ਹੈ ਪਰੀਵਰਤਨ ਦੀ,

ਏਸ ਪਿੰਜਰ ਨੂੰ ਜ਼ਰੂਰਤ ਹੈ ਨਵੇਂ ਜੀਵਨ ਦੀ ।

ਦੇਸ ਦੇ ਨਾਂ ਤੇ ਮਨੁੱਖਤਾ ਨੂੰ ਕਦੇ ਚੂਰ ਨਾ ਕਰ,

ਤੂੰ ਕਦੀ ਅਪਣੀ ਹਕੂਮਤ ਨੂੰ ਭੀ ਮਨਜ਼ੂਰ ਨਾ ਕਰ ।

ਅਪਣੀ ਸ਼ਾਹੀ 'ਚ ਭੀ ਮੁਰਦਾ ਹੀ ਰਹੇ ਹਾਂ ਜੀ ਕੇ,

ਇਹ ਸਦਾ ਖ਼ੁਸ਼ਕ ਰਹੀ ਖ਼ੂਨ ਦੇ ਦਰਿਆ ਪੀ ਕੇ ।

ਦੇਸ਼-ਭਗਤੀ ਦਾ ਹੀ ਦੁਨੀਆਂ 'ਚ ਨਸ਼ਾ ਹੈ ਜਦ ਤਕ,

ਖ਼ੂਬ ਹੋਵੇਗੀ ਗ਼ਰੀਬਾਂ ਦੀ ਤਬਾਹੀ ਤਦ ਤਕ ।

ਇਨ੍ਹਾਂ ਤੋਂ ਇਲਾਵਾ ਅਵਤਾਰ ਸਿੰਘ ਅਜ਼ਾਦ, ਹੀਰਾ ਸਿੰਘ ਦਰਦ, ਦਵਿੰਦਰ ਸਤਿਆਰਥੀ,ਹਰਿੰਦਰ ਸਿੰਘ ਰੂਪ,ਪ੍ਰੀਤਮ ਸਿੰਘ ਸਫੀਰ, ਡਾਕਟਰ ਮੋਹਨ ਸਿੰਘ, ਡਾਕਟਰ ਦੀਵਾਨ ਸਿੰਘ ਕਾਲੇਪਾਣੀ ਆਦਿ ਦੂਜੀ ਪੀੜ੍ਹੀ ਦੇ ਕਵੀ ਹਨ।

## <u>ਤੀਜੀ ਪੀੜ੍ਹੀ ਦੇ ਕਵੀ:-</u>

**ਸੰਤੋਖ ਸਿੰਘ ਧੀਰ-(1920-2010)-**

ਸੰਤੋਖ ਸਿੰਘ ਧੀਰ ਪ੍ਰਗਤੀਵਾਦੀ ਕਵੀ ਸੀ। ਪੰਜਾਬ ਸੰਕਟ ਦੇ ਆਤੰਕਵਾਦੀ ਵਾਤਾਵਰਨ ਵਿੱਚ ਵੀ ਉਹ ਅੰਧਕਾਰਮਈ ਅਵਸਥਾ ਵਿੱਚੋ ਫਿਰਕੂ ਨਫ਼ਰਤ ਅਤੇ ਦੁਵਾਲੇ ਅੱਤਿਆਚਾਰ ਦੇ ਆਧਾਰ ਤੇ ਮਾਨਵਤਾ ਦੇ ਸੱਚੇ ਤੇ ਸੁਹਿਰਦ ਆਦਰਸ਼ਾਂ ਦੀ ਭਾਲ ਕਰਦਾ ਰਿਹਾ ਹੈ।ਆਦਰਸ਼ਵਾਦ ਤੇ ਰੁਮਾਂਸਵਾਦ ਦੀ ਤੁਲਨਾ ਵਿੱਚ ਉਹ ਵਧੇਰੇ ਯਥਾਰਥਵਾਦੀ ਤੇ ਧਰਤੀ ਦੇ ਨੇੜੇ ਸੀ,ਪਰ ਮਨੁੱਖਤਾ ਦੇ ਵਿਕਾਸ ਅਤੇ ਸਮੁੱਚੀ ਮਨੁੱਖਤਾ ਦੇ ਕਿਰਤੀ ਤੇ ਨਿਮਨ ਵਰਗ ਦੇ ਵਿਕਾਸ ਲਈ ਉਹ ਆਦਰਸ਼ਵਾਦੀ ਟੀਚਿਆਂ ਨੂੰ ਵੀ ਭਾਵਕ ਸੁਰ ਵਿੱਚ ਅਪਣਾ ਲੈਂਦਾ ਸੀ। ਸੰਤੋਖ ਸਿੰਘ ਧੀਰ ਦੇ ਕਾਵਿ ਸੰਗ੍ਰਹਿ-'ਧਰਤੀ ਮੰਗਦੀ ਮੀਂਹ ਵੇ`,'ਪਤ ਝੜੇ ਪੁਰਾਣੇ`, 'ਬਿਰਹੜੇ`, 'ਕਾਲੀ ਬਰਛੀ` ਅਤੇ 'ਅੱਕ ਦੇ ਪੱਤੇ` ਆਦਿ ਹਨ।

ਮੈਂ ਮੁਖ਼ਬਰ ਨਹੀਂ ਸਾਂ

ਮੈਂ ਮੁਖ਼ਬਰ ਨਹੀਂ ਸਾਂ

ਮੈਂ ਤਾਂ ਤਿੰਨ ਵਰ੍ਹੇ ਦੀ ਬੱਚੀ ਸਾਂ

ਸਾਢੇ ਤਿੰਨ ਦੀ ਹੋਵਾਂਗੀ

ਬੜੀ ਹੱਦ ਚਾਰ ਦੀ

ਏ. ਬੀ. ਸੀ. ਪੜ੍ਹ ਰਹੀ ਸਾਂ

ੳ. ਅ. ੲ. ਸ.

ਤਿੰਨ ਕਿ ਚਾਰ ਅੰਕਲ ਆਏ

ਪਹਿਲਾਂ ਮੇਰੇ ਦਾਦੇ ਨੂੰ ਮਾਰਿਆ

ਫੇਰ ਮੇਰੀ ਦਾਦੀ ਨੂੰ

ਫੇਰ ਮੇਰੇ ਡੈਡੀ ਨੂੰ ਮਾਰਿਆ

ਫੇਰ ਮੇਰੀ ਮੰਮੀ ਨੂੰ

ਫੇਰ ਮੇਰੇ ਵੱਡੇ ਵੀਰੇ ਨੂੰ ਮਾਰਿਆ

ਫੇਰ ਛੋਟੇ ਨੂੰ

ਤੇ ਫੇਰ ਉਹ ਮੈਨੂੰ ਮਾਰਨ ਲੱਗੇ ।

ਮੈਂ ਆਖਿਆ, ਅੰਕਲ !

ਮੈਨੂੰ ਕਿਉਂ ਮਾਰਦੇ ਹੋ ?

ਆਖਣ ਲੱਗੇ, ਤੂੰ ਮੁਖ਼ਬਰ ਹੈਂ !

ਮੈਂ ਆਖਿਆ, ਅੰਕਲ !

ਮੁਖ਼ਬਰ ਕਿਸਨੂੰ ਕਹਿੰਦੇ ਹਨ ?

ਉੱਤਰ ਵਿਚ ਉਹਨਾਂ ਮੇਰੇ

ਚੌਦਾਂ ਗੋਲੀਆਂ ਮਾਰੀਆਂ

ਪਰ ਮੈਨੂੰ ਅਜੇ ਵੀ ਪਤਾ ਨਹੀਂ

ਮੁਖ਼ਬਰ ਕਿਸਨੂੰ ਕਹਿੰਦੇ ਹਨ।

**ਸ਼ਿਵ ਕੁਮਾਰ ਬਟਾਲਵੀ -(1937-1973)-**

ਸ਼ਿਵ ਕੁਮਾਰ ਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ 'ਪੀੜਾ ਦਾ ਪਰਾਗਾ' ਨਾਲ ਹੀ ਪੰਜਾਬੀ ਦੇ ਸਾਹਿਤਕ ਜਗਤ ਨੂੰ ਪ੍ਰਭਾਵਿਤ ਕਰ ਲਿਆ ਸੀ ਤੇ ਉਸ ਦੀ ਸਰੋਦੀ ਹੂਕ ਦਾ ਨਿਰਾਸ਼ਮਈ ਸਵਰ, ਉਹਜਵਾਦੀ ਸੈਲੀ ਤੇ ਰੁਮਾਂਟਿਕ ਮਨੋਭਾਵਾਂ ਦੀ ਤੀਖਣਤਾ ਰਾਹੀ ਛੇਤੀ ਉਜਾਗਰ ਹੋ ਗਿਆ।ਡਾ: ਹਰਿਭਜਨ ਸਿੰਘ ਦੇ 'ਤਾਰ ਤੁਪਦਾ' ਸਮਾਨ ਸ਼ਿਵ ਕੁਮਾਰ ਦੀ ਪ੍ਰਤੀਕਾਤਮਕ ਲਘੂ-ਕਥਾ ਨੂੰ ਪੰਜਾਬੀ ਕਵਿਤਾ ਦੀ ਆਧੁਨਿਕ ਕਲਾਸਕੀ ਰਚਲਾ ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਸ਼ਿਵ ਦੀ ਕਵਿਤਾ ਦਾ ਸਮੁੱਚਾ ਸਵਰ ਬੜਾ ਗੰਭੀਰ, ਸੋਚ ਜਗਾਊ ਤੇ ਕਰੁਣਾਮਈ ਹੈ।ਉਸ ਦੇ ਕਾਵਿ ਬਿੰਬ ਬੜੇ ਆਕਰਸ਼ਕ ਤੇ ਪ੍ਰਗਟਾਅ ਵਿਧੀ ਸੰਗੀਤਕ ਹੈ ਤੇ ਪ੍ਰਭਾਵ ਮਨ ਤੇ ਛਾ ਜਾਂਦਾ ਹੈ। ਸਬਦਾਵਲੀ ਦੀ ਸੁੰਦਰ ਚੋਣ ਉਸਨੂੰ ਪੰਜਾਬੀ ਦੇ ਸ਼੍ਰੇਸ਼ਟਤਮ ਕਵੀਆਂ ਵਿੱਚ ਸਥਾਨ ਦੁਆਂਉਦੀ ਹੈ। ਸ਼ਿਵ ਕੁਮਾਰ ਦੇ ਕਾਵਿ ਸੰਗ੍ਰਹਿ-'ਅਲਵਿਦਾ'ਤੇ'ਸਾਗਰ ਤੇ ਕਣੀਆਂ' ਹਨ।

ਤੂੰ ਵਿਦਾ ਹੋਇਉਂ ਮੇਰੇ ਦਿਲ ਤੇ ਉਦਾਸੀ ਛਾ ਗਈ

ਪੀੜ ਦਿਲ ਦੀ ਬੂੰਦ ਬਣ ਕੇ ਅੱਖੀਆਂ ਵਿਚ ਆ ਗਈ

ਦੂਰ ਤਕ ਮੇਰੀ ਨਜ਼ਰ ਤੇਰੀ ਪੈੜ ਚੁੰਮਦੀ ਰਹੀ

ਫੇਰ ਤੇਰੀ ਪੈੜ ਰਾਹਾਂ ਦੀ ਮਿੱਟੀ ਖਾ ਗਈ

ਤੁਰਨ ਤੋਂ ਪਹਿਲਾ ਸੀ ਤੇਰੇ ਜੋਬਨ ਤੇ ਬਹਾਰ

ਤੁਰਨ ਪਿੱਛੋਂ ਵੇਖਿਆ ਕਿ ਹਰ ਕਲੀ ਕੁਮਲਾ ਗਈ

ਉਸ ਦਿਨ ਪਿੱਛੋਂ ਅਸਾਂ ਨਾ ਬੋਲਿਆ ਨਾ ਵੇਖਿਆ

ਇਹ ਜ਼ਬਾਂ ਖਾਮੋਸ਼ ਹੋ ਗਈ ਤੇ ਨਜ਼ਰ ਪਥਰਾ ਗਈ

ਇਸ਼ਕ ਨੂੰ ਸੌਗਾਤ ਜਿਹੜੀ ਪੀੜ ਸੈਂ ਤੂੰ ਦੇ ਗਿਉਂ

ਅੰਤ ਉਹੀਓ ਪੀੜ 'ਸ਼ਿਵ' ਨੂੰ ਖਾਂਦੀ ਖਾਂਦੀ ਖਾ ਗਈ

**ਡਾ: ਜਸਵੰਤ ਸਿੰਘ ਨੇਕੀ-(1925)**

ਡਾ:ਜਸਵੰਤ ਸਿੰਘ ਨੇਕੀ ਨੇ ਡਾਕਟਰੀ ਦੇ ਖੇਤਰ ਵਿੱਚ ਵਿਸ਼ੇਸ਼ ਅਧਿਐਨ ਕੀਤਾ ਹੈ, ਜਿਸ ਕਾਰਨ ਉਹ ਮਨ ਉਹ ਮਨਵਿਗਿਆਨਕ ਖਜ਼ਾਂ ਤੇ ਲੱਭਤਾਂ ਨੂੰ ਵਿਵਹਾਰਕ ਰੂਪ ਵਿੱਚ ਆਪਣੇ ਅਨੁਭਵ ਵਿੱਚ ਪ੍ਰਕਿਰਿਆ ਅਤੇ ਪ੍ਰਗਟਾਊ ਵਿਧੀ ਨਾਲ ਇੱਕ ਸੁਰ ਕਰ ਕੇ ਨਵੀਨਤਮ ਵਿਸ਼ਿਆਂ ਨੂੰ ਕਵਿਤਾ ਦਾ ਚਲਾ ਪਵਾਉਦਾਂ ਹੈ।'ਅਸਲੇ ਤੇ ਉਹਲੇ' ਤੇ 'ਦੰਦ-ਕ੍ਰੀੜਾ', 'ਇਹ ਮੇਰੇ ਸੰਸ', ਇਹ ਮੇਰੇ ਗੀਤ ਵਿੱਚ ਉਹ ਪ੍ਰਯਗਸੀਲ ਵੀ ਹੈ ਤੇ ਆਧੁਨਿਕ ਚਿੰਤਨ ਦਾ ਹਾਣੀ ਵੀ। ਜ਼ਸਵੰਤ ਸਿੰਘ ਨੇਕੀ ਦੀਆਂ ਕਾਵਿ ਕ੍ਰਿਤਾਂ-'ਸਿਮਰਤੀ ਦੇ ਕਿਰਨ ਤ ਪਹਿਲਾਂ'ਅਤੇ ਕਰੁਣਾ ਦੀ ਛੂਹ ਤ ਮਗਰ(ਸਾਹਿਤ ਅਕਾਡਮੀ ਪੁਰਸਕਾਰ) ਆਦਿ ਹਨ।

ਮਾਏ ਨੀ ਤੂੰ ਆਂਦਰ ਵਾਂਗਰ ਅੰਦਰ ਮੈਨੂੰ ਰਖਿਆ,

ਮੈਂ ਤੇਰੀ ਕੋਮਲ ਕਾਇਆ 'ਚੋਂ ਜੀਵਨ-ਅੰਮ੍ਰਿਤ ਚੱਖਿਆ।

ਜੀਕਣ ਤੂੰ ਮੇਰੀ ਜਿੰਦੜੀ ਨੂੰ ਪਿਆਰ-ਸੁਰੱਖਿਆ ਦਿੱਤੀ,

ਸ਼ਾਲਾ ! ਮਿਲੇ ਹਮੇਸ਼ ਤੈਨੂੰ ਵੀ ਰੱਬ ਸੱਚੇ ਦੀ ਰੱਖਿਆ।

## ਸਾਰ-ਅੰਸ਼:

ਇਸ ਤੋਂ ਇਲਾਵਾ ਪ੍ਰਭਜੋਤ ਕੌਰ, ਹਰਿਭਜਨ ਸਿੰਘ,ਸੁਖਪਾਲ,ਵੀਰ ਸਿੰਘ'ਹਸਰਤ',ਡਾ:ਅਤਰ ਸਿੰਘ, ਭਗਵੰਤ ਸਿੰਘ, ਪ੍ਰਿਤਪਾਲ ਸਿੰਘ, ਜਗਤਾਰ ਸਿੰਘ,ਅਨੂਪ ਸਿੰਘ **ਆਦਿ ਤੀਜੀ ਪੀੜ੍ਹੀ ਦੇ ਕਵੀ ਹਨ। ਉੱਪਰੋਕਤ ਤਿੰਨ ਪੀੜ੍ਹੀਆਂ ਵਿੱਚ ਕਵਿਤਾ ਦਾ ਇਤਿਹਾਸ ਵੰਡਿਆ ਗਿਆ ਹੈ ਅਤੇ ਵੱਖ-ਵੱਖ ਕਵੀਆਂ ਨੇ ਕਵਿਤਾ ਦੇ ਇਤਿਹਾਸ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ।**

## ਮੁੱਖ/ਕੇਂਦਰੀ ਸ਼ਬਦ:

ਪ੍ਰਗਤੀ---ਵਿਕਾਸ

ਪ੍ਰੋਯਜਨ---ਮੰਤਵ

ਅਨੁਭਵ---ਤਜੱਰਬਾ

ਯਥਾਰਥ---ਜੋ ਵਾਪਰ ਰਿਹਾ ਹੈ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1 ਆਧੁਨਿਕ ਪੰਜਾਬੀ ਕਵਿਤਾ ਦਾ ਪਹਿਲਾ ਪ੍ਰਮਾਣਿਕ ਕਵੀ ਕਿਹੜਾ ਹੈ?

ੳ ਅੰਮ੍ਰਿਤਾ ਪ੍ਰੀਤਮ

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

2 ਪ੍ਰਗਤੀਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

3 ਕਿਹੜਾ ਕਾਵਿ ਰੂਪ ਅਰਬੀ-ਫਾਰਸੀ ਤੋਂ ਆਇਆ ਮੰਨਿਆਂ ਜਾਂਦਾ  ਹੈ?

ੳ ਗੀਤ

ਅ ਸਾਨਟ

ੲ ਖੁੱਲੀ ਕਵਿਤਾ

ਸ ਨਜ਼ਮ

4 ਰੁਮਾਂਸਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

5 ਕਿਸ ਦੇ ਅਰਥ ਹਨ ‘ ਮੋਤੀਆਂ ਨੂੰ ਇਕ ਧਾਗੇ ਵਿਚ ਪਰੋਣਾ’?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

6 ਪ੍ਰੋ. ਪੂਰਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

7 ਰਹੱਸਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

8 ਜਵਾਨ ਪੰਜਾਬ ਦੇ ਰਚਨਾ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

9 ਕਿਸ ਕਾਵਿ-ਰੂਪ ਨੂੰ ਅੰਗਰੇਜ਼ੀ ਵਿਚ ਫਰੀ ਵਰਸ ਕਿਹਾ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

10 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਇਹ ਬੇਪਰਵਾਹ ਪੰਜਾਬ ਦੇ,

ਮੌਤ ਨੂੰ ਮਖੌਲਾਂ ਕਰਨ,

ਮਰਨ ਥੀਂ ਨਹੀਂ ਡਰਦੇ।

ਪਿਆਰ ਨਾਲ ਇਹ ਕਰਨ ਗ਼ੁਲਾਮੀ,

ਜਾਨ ਕੋਹ ਆਪਣੀ ਵਾਰ ਦਿੰਦੇ,

ਪਰ ਟੈਂ ਨਾ ਮੰਨਣ ਕਿਸੀ ਦੀ

ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ।

ਉਪਰੋਕਤ ਸਤਰਾਂ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

12 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਨਾਰੀਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਅੰਮ੍ਰਿਤਾ ਪ੍ਰੀਤਮ

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

## ਅਭਿਆਸ ਪ੍ਰਸ਼ਨ

1. ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਕਵੀਆਂ ਨਾਲ ਜਾਣ-ਪਛਾਣ ਕਰਾਓ।
2. ਭਾਈ ਵੀਰ ਸਿੰਘ ਦੀ ਕਵਿਤਾ ਬਾਰੇ ਨੋਟ ਲਿਖੋ।
3. ਪ੍ਰੋ. ਮੋਹਨ ਸਿੰਘ ਦੀ ਕਵਿਤਾ ਦਾ ਸਰੂਪ ਉਲੀਕੋ।
4. ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ਦਾ ਪ੍ਰਮੁੱਖ ਰੁਝਾਨ ਕੀ ਹੈ?
5. ਜਸਵੰਤ ਸਿੰਘ ਨੇਕੀ ਕਿਸ ਧਾਰਾ ਦਾ ਕਵੀ ਹੈ?
6. ਅੰਮ੍ਰਿਤਾ ਪ੍ਰੀਤਮ ਦੀ ਨਾਰੀ ਪੀੜ ਨੂੰ ਪੇਸ਼ ਕਰੋ।

## ਸੰਦਰਭ ਪੁਸਤਕਾਂ:


1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.


## ਮਹੱਤਵਪੂਰਨ ਲਿੰਕ

https://www.punjabi-kavita.com

ਉੱਤਰਮਾਲਾ

| | | | | |
|---|---|---|---|---|
| 1. ਸ | 2. ਅ | 3. ਸ | 4. ੲ | 5. ੲ |
| 6. ਅ | 7. ਸ | 8. ਸ | 9. ਅ | 10. ਅ |
| 11.ਅ | 12. ਸ | 13. ੳ | 14. ਅ | 15. ੳ |

# ਅਧਿਆਇ-7 : ਆਧੁਨਿਕ ਪੰਜਾਬੀ ਕਵਿਤਾ ਦਾ ਪ੍ਰਵਿਰਤੀਮੂਲਕ ਅਧਿਐਨ

*Paramjit Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਆਧੁਨਿਕ ਪੰਜਾਬੀ ਕਾਵਿ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਇਤਿਹਾਸਕ ਪਰਿਪੇਖ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਕਵਿਤਾ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਰੁਮਾਂਸਵਾਦ ਅਤੇ ਨਵਰਹੱਸਵਾਦ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਰੁਮਾਂਸਵਾਦ ਅਤੇ ਨਵਰਹੱਸਵਾਦ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਰੁਮਾਂਸਵਾਦੀ ਅਤੇ ਨਵਰਹੱਸਵਾਦੀ ਕਾਵਿਧਾਰਾ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ।

## ਵਿਸ਼ਾ ਵਸਤੂ:

**ਰੁਮਾਂਸਵਾਦੀ ਕਵਿਤਾ**

ਵਿਸ਼ਵ ਸਾਹਿਤ ਦੇ ਪਰਿਪੇਖ ਵਿੱਚ 'ਰੁਮਾਂਸਵਾਦ' ਇੱਕ ਸਾਹਿਤ ਸਿਧਾਤ ਅਤੇ ਪ੍ਰਿਰਤੀ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਸੰਕਲਪ ਨੇ ਸਾਹਿਤ ਸਿਰਜਣਾ ਤੇ ਸਾਹਿਤ ਅਧਿਐਨ ਦੋਹਾਂ ਖੇਤਰਾਂ ਨੂੰ ਹੀ ਪ੍ਰਭਾਵਿਤ ਕੀਤਾ ਹੈ।ਸਾਹਿਤਕਾਰ ਸਾਹਿਤਕਾਰ ਸਾਹਿਤ ਸਿਰਜਣਾ ਕਰਦੇ ਸਮੇਂ ਖਾਸ ਕਿਸਮ ਦੇ ਪ੍ਰਿਮਾਨਾਂ ਨੂੰ ਨਿਭਾਉਦਾ ਹੋਇਆ ਰਚਨਾ ਕਰਦਾ ਹੈ। ਪੰਜਾਬੀ ਸਾਹਿਤ ਖਾਸ ਕਰਕੇ ਕਵਿਤਾ ਦੇ ਪ੍ਰਸੰਗ ਵਿਚ ਸੋਚਦਿਆ ਇਹ ਸੰਕਲਪ ਦੇਸ ਵੰਡ ਤੋ ਪਹਿਲਾਂ ਰਚੀ ਗਈ ਨਵੀਨ ਕਵਿਤਾ ਅਤੇ ਵੰਡ ਤੋਂ ਪਿਛੋ ਰਚੀ ਗਈ ਕਵਿਤਾ ਚੋਗ ਕਾਲਿਕ ਪਾਸਾਰਾਂ ਵਿੱਚ ਹੀ ਵਿਦਮਾਨ ਰਹਿੰਦਾ ਹੈ।ਪੰਜਾਬੀ ਕਵਿਤਾ ਦੇ ਸਿਰਜਨਾਤਮਕ ਪੱਖ ਵਿਚ ਇਹ ਸੰਕਲਪਾਤਮਕ ਆਧਾਰ ਇੱਕ ਪ੍ਰਿਰਤੀ ਵਜੋਂ ਦ੍ਰਿਸ਼ਟੀਗੋਚਰ ਹੋਇਆ ਹੈ।

**ਸ਼ਾਬਦਿਕ ਅਰਥ**

ਰੁਮਾਂਟਿਕ ਸ਼ਬਦ ਅੰਗਰੇਜੀ ਭਾਸ਼ਾ ਨਾਲ ਸੰਬੰਧਤ ਹੈ,ਜਿਸਨੂੰ ਪੰਜਾਬੀ ਭਾਸ਼ਾ ਵਿਚ ਰੁਮਾਂਟਿਕ ਵੀ ਕਿਹਾ ਜਾਂਦਾ ਹੈ।ਸਾਧਾਰਨ ਰੂਪ ਵਿਚ ਰੋਮਾਂਸ ਤੋਂ ਭਾਵ ਅਜਿਹਾ ਜਜਬਾ ਹੈ,ਜਿਸਦੀ ਗਰਿਫ਼ਤ ਵਿਚ ਆਉਣ ਨਾਲ ਮਨੁੱਖ ਕਲਪਨਾ ਅਤੇ ਸੁਪਨਿਆਂ ਦੀ ਦੁਨਿਆ ਵਿਚ ਪ੍ਰੇਸ਼ ਕਰ ਜਾਂਦਾ ਹੈ। ਮਨੁਖੀ ਪ੍ਰਕਿਰਤੀ ਦਾ ਇਹ ਇਹ ਇੱਕ ਅਹਿਮ ਪੱਖ ਹੈ ਕਿ ਉਹ ਵਰਤਮਾਨ ਕਾਲ ਬਿੰਦੂ ਤੇ ਬੈਠਕੇ ਭੂਤ ਅਤੇ ਭਵਿਖ ਸੰਬੰਧੀ ਸੁਪਨੇ ਲੈ ਸਕਦਾ ਹੈ ਕਲਪਨਾ ਕਰ ਸਕਦਾ ਹੈ। ਭੂਤ ਅਤੇ ਭਵਿਖ ਨੂੰ ਵਰਤਮਾਨ ਦੇ ਕਾਲ ਬਿਦੂ ਤੇ ਕੇਂਦਰਤ ਕਰਨਾ ਹੀ ਮਨੁੱਖ ਦਾ ਰੁਮਾਟਿਕ ਪੱਖ ਹੈ। ਇਸੇ ਨੂੰ ਹੀ ਉਸਦੇ ਸੁਭਾਅ ਦੀ ਰੋਮਾਟਿਕ ਪ੍ਰਿਰਤੀ ਕਿਹਾ ਜਾਂਦਾ ਹੈ।ਅਸਚਰਜਤਾ,ਸੁਤੰਤਰਤਾ,ਸੁੰਦਰਤਾ,ਪਲਾਇਨਵਾਦ,ਪ੍ਰਕਿਰਤੀ ਚਿਤ੍ਰਣ ਆਦਿ ਸੰਕਲਪ ਰੁਮਾਂਸਵਾਦ ਦੇ ਮੁਢਲੇ ਲੱਛਣ ਬਣ ਚੁਕੇ ਹਨ।ਇਹ ਲੱਛਣ ਰੁਮਾਂਚਕ ਪ੍ਰਿਰਤੀ ਦਾ ਪਿਛੋਕੜ ਨਿਰਧਾਰਤ ਕਰਨ ਵਿੱਚ ਸਹਾਇਕ ਸਿੱਧ ਹੁੰਦੇ ਹਨ।ਭਾਈ ਵੀਰ,ਪ੍ਰੋ.ਪੂਰਨ ਸਿੰਘ,ਧਨੀ ਰਾਮ ਚਾਤ੍ਰਿਕ,ਪ੍ਰੋ.ਮੋਹਣ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਆਦਿ ਕਵੀਆਂ ਰੁਮਾਂਸ਼ਵਾਦੀ ਪ੍ਰਿਰਤੀ ਪ੍ਰਭਾਵਿਤ ਹੋਏ।ਪ੍ਰੋ.ਮੋਹਣ ਸਿੰਘ: ਰੁਮਾਂਸ਼ਵਾਦੀ ਪ੍ਰਿਰਤੀ ਦਾ ਪ੍ਰਮੱਖ ਕਵੀ ਪ੍ਰੋ.ਮੋਹਣ ਸਿੰਘ ਬਾਕੀ ਦੇ ਕਵੀ ਇਸ ਪ੍ਰਿਰਤੀ ਦੇ ਸਹਿਯੋਗੀ ਜਾਂ ਸਹਾਇਕ ਕਵੀ ਹਨ। ਪਿਆਰਾ ਸਿੰਘ ਪਦਮ ਵੀ ਮੋਹਣ ਸਿੰਘ ਨੂੰ ਆਧੁਨਿਕ ਕਾਵਿਦੀ ਰੁਮਾਂਟਿਕ ਰੰਗ ਜੋ ਅਧਿਆਤਮਕ ਪਰਦੇ ਪਿੱਛੇ ਲੱਕਿਆ ਹੋਇਆ ਸੀ ਤੇ ਉਹ ਮੋਹਨ ਸਿੰੰਘ ਨਿਖਰ ਕੇ ਆਪਣਾ ਪੂਰਾ ਜਲਵਾ ਦਿਖਾਉਦਾ ਹੈ।

**.ਰੁਮਾਂਸਵਾਦੀ ਪ੍ਰਵਿਰਤੀ ਦੇ ਵਿਸ਼ੇ**

ਆਧੁਨਿਕ ਪੰਜਾਬੀ ਕਵਿਤਾ ਵਿੱਚ ਪ੍ਰਕਿਰਤੀ ਦਾ ਚਿਤ੍ਰਣ ਪ੍ਰਮੁੱਖ ਤੌਰ 'ਤੇ ਦੋ ਰੂਪਾਂ ਵਿੱਚ ਹੋਇਆ ਹੈ।ਪਹਿਲਾ ਪ੍ਰਕਿਰਤੀ ਨਿਰੋਲ ਪ੍ਰਕਿਰਤੀ ਲਈ ਅਤੇ ਦੂਜਾ ਪ੍ਰਕਿਰਤੀ ਮਾਨਵ ਲਈ। ਪ੍ਰੋ ਮੋਹਨ ਸਿੰਘ ਕਵਿ ਵਿੱਚ ਵੀ ਕੁਦਰਤ ਵਰਣਨ ਮਿਲਦਾ ਹੈ, ਪਰ ਇਹ ਵਰਣਨ ਪਹਿਲੇ ਕਵਿਆਂ ਨਾਲੋਂ ਬਹੁਤ ਹੀ ਸੂਖਮ ਹੈ। ਉਹ ਪ੍ਰਕਿਰਤੀ ਦੇ ਅਣਸਾਂਭੇ ਅਤੇ ਅਣਕੱਜੇ ਸੁਹਜ ਜਾਂ ਹੁਸਨ ਵਿੱਚ ਆਪਣੀਆਂ ਅਤ੍ਰਿਪਤ ਰੀਝਾਂ ਦੀ ਪੂਰਤੀ ਕਰਦਾ ਹੈ। ਉਡੀਕਾਂ ਦਾ ਚਿਤਰ ਪ੍ਰੋ. ਮੋਹਨ ਸਿੰਘ ਨੇ ਆਪਣੇ ਕਾਵਿ ਵਿੱਚ ਬਾਖੂਬੀ ਚਿੱਤਰਿੱਆ ਹੈ।

"ਡੂਗੀ ਆਖਣ ਹੋ ਗਈ ਮਾਹੀਆ ਲੱਥੀ ਮੰਝ ਚੁਫਰੇ ਵੇ ਵਿਚ ਪੱਛਮ ਦੇ ਸੂਹੀ ਲਾਗੜ ਸੂਰਜ ਦਿਤੀ ਖਲੇਰ ਵੇ। ਚਾਨਣ ਨਾਲ ਅਕਾਸ਼ ਭਰ ਗਏ,ਚੜ ਪਈ ਸੋਨ ਸਵੇਰ ਵੇ। ਇਤਨੀ ਵੀ ਕੀ ਦੇਰ ਵੇ ਮਾਹੀਆ,ਇਤਨੀ ਵੀ ਕੀ ਦੇਰ ਵੇ।

ਪ੍ਰੋ ਮੋਹਨ ਸਿੰਘ ਦੀਆਂ ਹੋਰ ਵੀ ਅਣਗਿਣਤ ਕਵਿਤਾਂਵਾਂ ਹਨ ਜਿਨਾਂ ਵਿਚ ਕੁਦਰਤ ਨੂੰ ਵੱਖਰੀ ਦ੍ਰਿਸਟੀ ਤੋਂ ਚਿਤਰਿਆ ਗਿਆ ਹੈ ਜਿਵੇਂ- " ਮੈਂ ਨਹੀਂ ਰਹਿਣਾ ਤੇਰੇ ਗਿਰਾਂ,ਮੁਹਾਂ ਦੀ ਕੰਧੀ,'ਕਸ਼ਮੀਰ' ਇੱਕ ਸਵੇਰ, ਨਿਕੀ ਜਿਹੀ ਮੈਂ ਕਲੀ,ਗੁੱਲ ਮੋਹਰ,ਬਿਰਛ ਤੇ ਆਥਣ ਆਦਿ।ਭਾਈ ਵੀਰ ਸਿੰਘ, ਅਮ੍ਰਿਤਾ ਪ੍ਰੀਮ,ਪੂਰਨ ਸਿੰਘ ਪ੍ਰਕਿਰਤੀ ਚਿਤਰਨ ਵਿੱਚ ਕਮਾਲ ਕਰਦੇ ਹਨ।

**ਇਸ਼ਕ ਦਾ ਆਰੋਕ ਪ੍ਰਗਟਾ**

ਇਸ਼ਕ ਦਾ ਆਰੋਕ ਪ੍ਰਗਟਾ ਰੁਮਾਂਸਵਾਦੀ ਪ੍ਰਵਿਰਤੀ ਦਾ ਦੂਜਾ ਪ੍ਰਤੱਖ ਵਿਸ਼ਾ ਹੈ।ਰੋਮਾਂਟਿਕ ਕਵੀ ਇਸ ਵਿਸ਼ੇ ਨੂੰ ਅਧਿਆਤਮਕ ਚਾਦਰ ਦੀ ਓਟ ਵਿੱਚ ਜਾਂ ਕੋਈ ਓਹਲਾ ਕਰਕੇ ਪ੍ਰਗਟ ਨਹੀਂ ਕਰਦਾ ਸਗੋਂ ਨਿਝਕਤਾ ਨਾਲ ਅਭਿਵਿਅਕਤ ਕਰਦਾ ਹੈ। ਸੰਤ ਸਿੰਘ ਸੇਖੋਂ, ਪ੍ਰੋਫੈਸਰ ਮੋਹਨ ਸਿੰਘ ਨੂੰ ਇਸਦਾ ਮੋਢੀ ਮੰਨਦਾ ਹੋਇਆ ਲਿਖਦਾ ਹੈ ਕਿ "ਮੋਹਨ ਸਿੰਘ ਨੇ ਪੰਜਾਬੀ ਕਵਿਤਾ ਵਿੱਚ ਜਿਹੜਾ ਨਵਾਂ ਵਿਸ਼ਾ ਲਿਆਂਦਾ ਹੈ ਜਿਸਨੂੰ ਕਰੀਬ ਸਾਰੇ ਆਧੁਨਿਕ ਕਵਿ ਹੁਣ ਤੱਕ ਅਪਣਾਉਦੇ ਦਿਖਈ ਦਿੰਦੇ ਹਨ, ਉਹ ਰੋਮਾਂਚਕ ਪ੍ਰੇਮ ਦਾ ਵਿਸ਼ਾ ਹੈ।ਪ੍ਰੋ ਮੋਹਨ ਸਿੰਘ ਪਿਆਰ ਦੇ ਪ੍ਰਸੰਗ ਵਿੱਚ ਮਰਦ ਨਾਲੋਂ ਇਸਤਰੀ ਨੂੰ ਅਧਿਕ ਵਡਿਆਉਦਾ ਹੈ। ਉਹ ਮਰਦਾਂ ਨੂੰ ਬੇਵਫਾ ਜਾਂ ਭਾਂਤ-ਭਾਂਤ ਦੇ ਫੁਲਾਂ ਤੇ ਫਿਰਨ ਵਾਲੇ ਭੌਰ ਅਤੇ ਇਸਤਰੀ ਨੂੰ ਵਫਾ ਦੀ ਦੇਵੀ ਕਹਿੰਦਾ ਹੈ। ਅਮ੍ਰਿਤਾ ਪਰੀਤਮ ਵੀ ਮੋਹਨ ਸਿੰਘ ਵਾਂਗ ਅਤ੍ਰਿਪਤ ਪਿਆਰ ਦੀਆਂ ਗੱਲਾਂ ਕਰਦੀ ਹੈ। ਪਿਆਰ ਦੀ ਅਪੂਰਤੀ ਦੇ ਪ੍ਰੀਕਰਮ ਵਿਚੋਂ ਉਪਜੀ ਨਿਰਾਸ਼ਾ ਦੀ ਸੁਰ ਦੋਹਾਂ ਕਵੀਆਂ ਦੀ ਕਵਿਤਾ ਵਿੱਚ ਸ਼ਪੱਸ਼ਟ ਹੈ। ਇਸ ਤਰਾਂ ਪਿਆਰ ਇਹਨਾਂ ਕਵੀਆਂ ਦਾ ਪ੍ਰਧਾਨ ਵਿਸ਼ਾ ਹੈ,ਜਿਸ ਵਿਚ ਉਡੀਕਣ,ਮਿਲਣ ਅਤੇ ਜੁਦਾਈ ਦੇ ਭਾਵ ਅੰਕਿਤ ਹਨ। ਹਰ ਕਵਿਤਾ ਵਿੱਚ ਇੱਕ ਤਾਂਗ ਹੈ,ਤੜਪ ਹੈ, ਤਾ੍ਦਦੀ ਹੈ।ਇਕ ਖਲਾਅ ਨੂੰ ਭਰਨ ਧਾ ਅਹਿਸਾਸ ਹੈ।

**ਗੌਰਵਮਈ ਅਤੀਤ ਪ੍ਰਤੀ ਖਿੱਚ**

ਗੌਰਵਮਈ ਅਤੀਤ ਪ੍ਰੀ ਖਿੱਚ ਰੁਮਾਂਸਵਾਦੀ ਪ੍ਰਿਰਤੀ ਦਾ ਤੀਜਾ ਮੁੱਖ ਵਿਸ਼ਾ ਹੈ। ਇਸ ਪ੍ਰਿਰਤੀ ਨਾਲ ਸਬੰਧਿਤ ਕਵੀਆਂ ਨੇ ਵਰਤਮਾਨ ਜਿੰਦਗੀ ਦੀ ਅੰਨੀ ਦੋੜ, ਪੈਸਾ ਇਕਠਾ ਕਰਨ ਦੀ ਭਾਵਨਾ,ਓਪਰੀ ਚਮਕ ਦਮਕ,ਅਸਾਂਤ ਜੀਵਨ ਅਤੇ ਧਰਤੀ 'ਚ ਹੋ ਰਹੇ ਕੁਕਰਮਾਂ ਨਾਲ ਅਸੰਤੁਸ਼ਟਤਾ ਪ੍ਰਗਟ ਕੀਤਾ ਹੈ। ਇਹ ਕਵੀ ਪੰਜਾਬ ਦੀ ਪੁਰਾਣੀ ਸੰਸਕ੍ਰਿਤ ਅਤੇ ਸੱਭਿਆਚਾਰ ਨੂੰ ਅਧਿਕ ਪਸ਼ੰਦ ਕਰਦੇ ਹਨ।ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਗੁਰੂ ਨਾਨਕ ਦੇਵ' ਵਿੱਚ ਵੀ ਗੌਰਵਮਈ ਅਤੀਤ ਦੇ ਗੀਤ ਗਾਏ ਹਨ ਅਤੇ ਵਰਤਮਾਨ ਦਸ਼ਾ ਨੂੰ ਨਿਦਿਆ ਗਿਆ ਹੈ। ਕਈ ਥਾਂ ਮੋਹਨ ਸਿੰਘ,ਪੂਰਨ ਸਿੰਘ ਵਾਂਗ ਪੁਰਾਣੇ ਰਿਵਾਜ਼ਾਂ ਅਤੇ ਰਹੁ-ਰੀਤਾਂ ਨੂੰ ਪਿਆਰ ਕਰਦਾ ਨਜਰੀ ਪੈਦਾ ਹੈ।ਅਮ੍ਰਿਤਾ ਪ੍ਰੀਮ ਵੀ ਆਪਣੀ ਕਵਿਤਾ " ਅੱਜ ਆਖਾਂ ਵਾਰਸ਼ ਸ਼ਾਹ ਨੂੰ " ਉਸ ਗੋਰਵਮਈ ਅਤੀਤ ਦਾ ਵਰਣਨ ਕਰਦੀ ਹੈ,ਜਿਥੇ ਹਮੇਸ਼ਾ ਪ੍ਰੀਤ ਦੀ ਵੰਝਲੀ ਵੱਜਦੀ ਹੈ।

> 'ਆਧੁਨਿਕ ਪੰਜਾਬੀ ਕਵਿਤਾ ਵਿੱਚ ਪ੍ਰਗੀਤਵਾਦੀ ਰਚਨਾ ' ਪ੍ਰੀਤ ਦਾ ਅੰਗਰੇਜ਼ੀ ਸ਼ਬਦ 'ਲਿਰਿਕ'ਵੀਣਾਂ ਵਰਗੇ ਇੱਕ ਯੂਨਾਨੀ ਸੰਗੀਤਕ ਸਜ਼ਾ ਲਾਇਰ ਤੋਂ ਬਣਿਆ ਹੈਂ।ਲਿਰਿਕ ਦਾ ਸ਼ਾਬਦਿਕ ਅਰਥ ਹੈਂ'ਲਾਇਰ'ਤੇ ਗਾਈ ਜਾਣ ਵਾਲੀ ਕਿਸੇ ਕਾਵਿ ਰਚਨਾ ਤੋਂ ਹੈਂ। ਪਰ ਸਮੇਂ ਨਾਲ ਲਿਰਿਕ ਦੇ ਸੰਕਲਪ ਵਿਚੋਂ ਸੰਗੀਤ ਘਟਦਾ ਗਿਆ ਤੇ ਕਾਵਿਕਤਾ ਜਮ੍ਹਾਂ ਹੁੰਦੀ ਗਈ।ਗੀਤ ਪ੍ਰੀਤ ਦਾ ਹੀ ਇੱਕ ਵਿਰਸਾ ਹੈ।ਬਹੁਤੀ ਵਾਰੀ ਗੀਤ ਨੂੰ ਪ੍ਰੀਤ ਦੇ ਅਰਥਾਂ ਵਿੱਚ ਹੀ ਲਿਆ ਜਾਂਦਾ ਹੈਂ।ਪਰ ਹੁਣ ਗੀਤ ਤੇ ਪ੍ਰੀਤ ਦੀ ਭਿੰਨਤਾ ਸੰਗੀਤਕਾਰ ਤੇ ਕਾਵਿਕਤਾ ਦੇ ਆਧਾਰ ਤੇ ਹੀ ਕੀਤੀ ਜਾਂਦੀ ਹੈਂ।

ਪ੍ਰਗਤੀ - ਸ਼ਬਦ ਅੰਗ੍ਰੇਜੀ ਭਾਸ਼ਾ ਦੇ ਪ੍ਰੋਗਰੇਸ( progress ) ਸ਼ਬਦ ਜਿਹੜਾ ਕਿ ਲਾਤੀਨੀ ਭਾਸ਼ਾ ਦੇ ਪ੍ਰੋ+ਗਰੇਡੀਅਰ ਤੋਂ ਬਣਿਆ ਹੈ।ਇਸ ਦਾ ਸਧਾਰਨ ਅਰਥ ਅਗੇ ਵਧਣਾ ਜਾਂ ਉਨਤੀ ਕਰਨਾ ਹੈ।ਪ੍ਰਗਤੀ ਦਾ ਸੰਸਕ੍ਰਿਤ ਮੂਲ 'ਗਮ' ਧਾਤੂ ਹੈ।ਇਸ ਦੇ ਅਰਥ ਹਨ ਅਗੇ ਵਧਣਾ,ਕਿਰਿਆਸ਼ੀਲ ਹੋਣਾ,ਸਟੇਟਿਕ ਦੀ ਥਾਂ ਤੇ ਡਾਇਨਮਿਕ ਹੋਣਾ,ਹਰਕਤ ਵਿਚ ਆਉਣਾ ਆਦਿ ਹੈ।ਇਸ ਪ੍ਰਕਾਰ ਪ੍ਰਗਤੀ ਸ਼ਬਦ ਦਾ ਦਾਇਰਾ ਵਿਸ਼ਾਲ ਤੇ ਵਿਸਤ੍ਰਿਤ ਹੈ। ਪ੍ਰਗਤੀਵਾਦ ਮਾਰਕਸਵਾਦ ਦਾ ਸਾਹਿਤਕ ਵਿਚਾਰਧ੍ਰਾਈ ਪਰਤੋਂ ਹੈ। ਰਾਜਨੀਤੀਕ ਖੇਤਰ ਦਾ ਸਮਾਜਵਾਦ ਸਾਹਿਤ ਵਿਚ ਪ੍ਰਗਤੀਵਾਦ ਦੀ ਸੰਗਿਆ ਦਾ ਰੂਪ ਧਾਰਣ ਕਰਦਾ ਹੈ। ਪ੍ਰਗਤੀਵਾਦ ਤੇ ਪ੍ਰਗਤੀਸ਼ੀਲ ਵਿਚਲੇ ਪ੍ਰਗਤੀ ਸ਼ਬਦ ਬਾਰੇ ਵਿਚਾਰ ਪ੍ਰਗਟਾਉਦੇ ਹੋਏ ਕੁਝ ਵਿਦਵਾਨ\ਸਹਿਤਕਾਰ ਇਸ ਨੂ ਸ਼ਪਸ਼ਟ ਤੇ ਪ੍ਰਤਖ ਰੂਪ ਵਿਚ ਮਾਰਕਸਵਾਦ ਨਾਲ ਸਬੰਧਤ ਕਰਦੇ ਹਨ। ਕੁਝ ਵਿਦਵਾਨ ਅਤੇ ਸਾਹਿਤਕਾਰ ਇਸ ਨੂੰ ਮਾਰਕਸਵਾਦ ਨਾਲੋਂ ਵਿਛੁੰਨਦਿਆ ਇਸ ਦੇ ਵਿਲਖਣ ਤੇ ਵਖਰੇ ਸੁਭਾਅ ਨੂੰ ਨਿਰਧਾਰਤ ਕਰਨ ਦਾ ਯਤਨ ਕੀਤਾ ਹੈ।

**ਨਵਰਹੱਸਵਾਦੀ ਪੰਜਾਬੀ ਕਵਿਤਾ-**

ਰਹੱਸਵਾਦ ਇੱਕ ਬਹੁਤ ਹੀ ਪ੍ਰਾਚੀਨ ਸਿਧਾਂਤ ਹੈ ਜਿਸ ਦੇਅਨੁਸਾਰ, ਦਿਸਦੇ ਸੰਸਾਰ ਦੇ ਪਿਛੇ ਸੱਚੀ ਤੇ ਅਟੱਲ ਵਾਸਤਵਿਕਤਾ ਛੁਪੀ ਹੋਈ ਹੈ। ਇਹ ਸੰਸਾਰਜਿਸ ਵਿੱਚ ਮਨੁੱਖ ਵਿਚਰਦਾ ਹੈ, ਇੱਕ ਮਾਇਆ ਹੈ, ਸੁਪਨਾ ਹੈ। ਪ੍ਰਸਿੱਧ ਯੂਨਾਨੀਦਾਰਸ਼ਨਿਕ ਪਲੈਟੋ ਨੇ ਬਹੁਤ ਸਦੀਆਂ ਪਹਿਲਾਂ ਇਹ ਗੱਲ ਕਹੀ ਸੀ ਕਿ ਦਿਸਦਾ ਸੰਸਾਰ ਤੇ ਇਸਦੇ ਅੰਦਰ ਜਿੰਨੇ ਵੀ ਪਦਾਰਥ ਹਨ, ਸਭ ਮਾਇਆ ਦਾ ਰੂਪ ਹਨ। ਇਹ ਰਹੱਸਵਾਦ ਸੰਸਾਰ ਦੇ ਰਹੱਸਦਾ ਬੌਧਿਕ ਅਨੁਭਵ ਹੈ।ਹਰਜਿੰਦਰ ਸਿੰਘ ਢਿੱਲੋਂ ਦਾਮਤ ਹੈ, "ਭਾਵੇਂ ਰਹੱਸਾਤਮਕ-ਅਨੁਭਵਅਕਥਨੀ ਹੈ, ਫਿਰ ਵੀ ਭਟਕਦੀਆਂ ਰੂਹਾਂ ਨੂੰ ਸੰਸਾਰਕ ਹਨੇਰੇ ਤੋਂ ਪ੍ਰਕਾਸ਼ ਦੀ ਸਥਿਤੀਵਿੱਚ ਲੈ ਜਾਣਾ ਇਸ ਦਾ ਕਰੱਤਵ ਹੈ। ਰਹੱਸਵਾਦ ਨੂੰ ਵਧੇਰੇ ਸਰਲ, ਸਪਸ਼ਟ ਅਤੇ ਸਿੱਧੇ ਰੂਪਵਿੱਚ ਪ੍ਰਗਟਾਉਣਾ ਹੋਵੇ ਤਾਂ ਇਸਨੂੰ 'ਰੱਬੀ ਇਸ਼ਕ' ਵੀ ਕਿਹਾ ਜਾ ਸਕਦਾ ਹੈ।``1ਪ੍ਰੰਤੂ 20ਵੀਂ ਸਦੀ ਦੇ ਚੌਥੇ ਦਹਾਕੇ ਵਿੱਚ ਰਹੱਸਵਾਦ ਦੇ ਉੱਪਰੋਕਤ ਅਰਥ ਬਦਲ ਗਏ ਅਤੇ ਵਿਦਵਾਨਾਂਨੇ ਇਸ ਨੂੰ ਨਵੇਂ ਰਹੱਸਵਾਦ ਦਾ ਨਾਮ ਦਿੱਤਾ। ਮੱਧਕਾਲ ਵਿੱਚ ਰਚਿਆ ਬਹੁਤ ਸਾਹਿਤ ਰਹੱਸਵਾਦਦੇ ਘੇਰੇ ਅੰਦਰ ਸ਼ਾਮਲ ਹੈ। ਆਧੁਨਿਕ ਕਾਲ ਵਿੱਚ ਵੀ ਇਸੇ ਪ੍ਰਵ੍ਰਿਤੀ ਅਧੀਨ ਸਾਹਿਤ ਦੀਰਚਨਾ ਹੋਈ ਹੈ। ਸਾਡੇ ਅਧਿਐਨ ਦਾ ਵਿਸ਼ੇ-ਖੇਤਰ ਆਧੁਨਿਕ-ਕਾਵਿ ਹੈ। ਇਸ ਪ੍ਰਵ੍ਰਿਤੀ ਦਾਮੁੱਢ ਭਾਈ ਵੀਰ ਸਿੰਘ ਦੀ ਕਾਵਿ-ਰਚਨਾ ਨਾਲ ਬੱਝਦਾ ਹੈ।ਡਾ. ਦੀਵਾਨ ਸਿੰਘ ਇਸ ਸੰਦਰਭ ਵਿੱਚਲਿਖਦਾ ਹੈ, "ਅਗਾਂਹਵਧੂ ਰੁਚੀ ਨੇ ਜਿਥੇ ਸਾਹਿਤ ਨੂੰ ਨਵੇਂ ਵਿਸ਼ੇ ਅਤੇ ਨਵੇਂ ਲਿਖਣ ਢੰਗਦਿੱਤੇ ਹਨ, ਉਥੇ ਪੁਰਾਣੇ ਵਿਸ਼ਿਆਂ ਜਿਵੇਂ ਰਹੱਸਵਾਦ, ਅਧਿਆਤਮਵਾਦ, ਕਿੱਸਾ-ਕਾਵਿ ਆਦਿਨੂੰ ਵੀ ਨਵੀਂ ਰੰਗਣ ਬਖ਼ਸੀ ਹੈ। ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ ਅਤੇ ਅੰਮ੍ਰਿਤਾਪ੍ਰੀਤਮ ਨੇ ਵੀ ਰਹੱਸਵਾਦੀ ਵਿਸ਼ਿਆਂ ਨੂੰ ਨਵੇਂ ਰੰਗਾਂ ਵਿੱਚ ਸਮੋ ਕੇ ਪੇਸ਼ ਕੀਤਾਹੈ।``2ਜਿਥੇ ਪਹਿਲਾਂ ਸਮੁੱਚੇ ਰਹੱਸਵਾਦ ਵਿੱਚ ਸਹਿਜ-ਵਿਸ਼ਵਾਸ ਦੀ ਭਾਵਨਾ ਮਿਲਦੀ ਹੈ।ਉਥੇ ਨਵ-ਰਹੱਸਵਾਦ ਵਿੱਚ ਸ਼ਰਧਾ ਜਾਂ ਸਹਿਜ ਵਿਸ਼ਵਾਸ ਨੂੰ ਕੋਈ ਸਥਾਨ ਹਾਸਲ ਨਹੀਂ ਹੈਸਗੋਂ ਹਰ ਚੀਜ਼ ਤਰਕ ਦੀ ਕਸਵੱਟੀ ਉੱਪਰ ਪਰਖੀ ਜਾਂਦੀ ਹੈ। ਆਧੁਨਿਕ ਕਵੀ ਦੀ ਦ੍ਰਿਸ਼ਟੀਵਿੱਚ ਉਹ ਵਿਅਕਤੀ ਬਿਲਕੁਲ ਹੀ ਬੇਕਾਰ ਹੈ। ਜਿਹੜਾ ਬਿਨ੍ਹਾਂ ਸੋਚੇ ਸਮਝੇ ਰੱਬ ਦੀ ਹੋਂਦਸਵੀਕਾਰ ਕਰ ਲੈਂਦਾ ਹੈ। ਉਸ ਦੀ ਨਜ਼ਰ ਵਿੱਚ ਉਹ ਕਾਫ਼ਰ ਹਜ਼ਾਰ ਦਰਜੇ ਚੰਗਾ ਹੈ ਜੋ ਰੱਬਨੂੰ ਅੰਧ-ਵਿਸ਼ਵਾਸ ਨਾਲ ਮੰਨਦਾ ਨਹੀਂ ਸਗੋਂ ਖੋਜਦਾ ਹੈ। ਨਵ-ਰਹੱਸਵਾਦੀ ਕਵੀਆਂ ਨੇ ਕਾਵਿਵਿੱਚ ਆ ਚੁੱਕੇ ਗਤੀਰੋਧ ਨੂੰ ਤੋੜਿਆ ਅਤੇ ਥੋਥੀ ਤੇ ਨਿਰਜਿੰਦ ਫਿਲਾਸਫੀ ਵਿੱਚ ਨਵੀਂ ਰੂਹਭਰੀ। ਪੰਜਾਬੀਸਾਹਿਤਦੇਆਲੋਚਕਾਂਨੇ ਭਾਈ ਵੀਰ ਸਿੰਘ ਨੂੰ ਅਧਿਆਤਮਕ ਧਾਰਾ ਦਾ ਆਧੁਨਿਕ ਕਵੀ ਹੋਣ ਕਰ ਕੇ ਤੇ ਪੇਸ਼ਾਕਾਰੀ ਦੀ ਨਵੀਨਤਾਕਰ ਕੇ ਨਵ-ਅਧਿਆਤਮਵਾਦੀ ਦਾ ਨਾਂ ਦਿੱਤਾ ਹੈ। ਜਦੋਂ ਕਿ ਵਿਸ਼ੇ ਦੀਵਿਆਖਿਆ ਰਹੱਸਵਾਦੀ ਸਾਹਿਤ ਵਾਲੀ ਹੈ। ਭਾਈ ਵੀਰ ਸਿੰਘ ਦਾ ਰਹੱਸਵਾਦ ਸੂਫ਼ੀ ਰਹੱਸਵਾਦ ਤੋਂਭਿੰਨ ਹੈ, ਉਸ ਦਾ ਰਹੱਸਵਾਦ ਇੱਕ ਵੱਖਰਾ ਅਤੇ ਸੰਪੂਰਨ ਰਹੱਸਵਾਦ ਹੈ। ਭਾਈ ਵੀਰ ਸਿੰਘ ਦੀਅੰਤਿਮ ਕਾਵਿ-ਪੁਸਤਕ 'ਮੇਰੇ ਸਾਈਆਂ ਜੀਓ' ਨੂੰ ਅਧਿਆਤਮਕ ਅਨੁਭਵਤਾ ਦੀਸ਼ਿਖਰਆਖਿਆਜਾਸਕਦਾ ਹੈ।

*ਮੇਰੇ ਗੀਤ ਮੇਰੇ ਸਾਈਆਂ ਜੀ ਦੇ ਗੀਤ-ਸੋਹਲੇ। ਹਾਂ ਪਰਤ ਆਉ, ਪਰਤ ਆਉ ਸੁਹਵਿਉ।

ਕਵੀ ਨਾਸ਼ਵਾਨ ਵਸਤਾਂ ਨੂੰ ਮਾਇਆ ਅਤੇ ਮਨੁੱਖੀ ਮਨ ਵਿੱਚ ਇਹਨਾਂ ਦੀ ਖਿੱਚ ਨੂੰਤ੍ਰਿਸ਼ਨਾ ਆਖਦਾ ਹੈ। ਉਹ ਮਨੁੱਖਾ ਮਨ ਨੂੰ ਕੁਦਰਤ ਦੇ ਅਸੀਮ ਰਸ ਨੂੰ ਪੀਣ ਦੀ ਪ੍ਰੇਰਨਾਦਿੰਦਾ ਹੈ ਤੇ ਨਾਸ਼ਵਾਨ ਵਸਤਾਂ ਦੀ ਤ੍ਰਿਸ਼ਨਾ ਤੋਂ ਰੋਕਦਾ ਹੈ:

*ਅੱਖੀਂ ਨਾਲ ਪਿਆ ਰਸ ਪੀਵੀਂ, ਤ੍ਰਿਸ਼ਨਾ ਹੋਰ ਵਿਸਾਰੀ ਚਾ।

ਆਧੁਨਿਕ ਕਵਿਤਾ ਵਿੱਚ ਇਸੇ ਧਾਰਾ ਨੂੰ ਜਿਸਦਾ ਮੁੱਢ ਭਾਈ ਵੀਰ ਸਿੰਘ ਨੇ ਬੰਨ੍ਹਿਆ, ਪ੍ਰੋ: ਪੂਰਨ ਸਿੰਘ ਨੇ ਅੱਗੇ ਤੋਰਿਆ ਪੂਰਨ ਸਿੰਘ ਦੀ ਕਵਿਤਾ ਉਸ ਦੀ ਰਹੱਸਵਾਦੀ ਸਵੈਜੀਵਨੀਹੈ। ਪ੍ਰੋ: ਪੂਰਨ ਸਿੰਘ ਵਰਗੇ ਕਵੀ ਨੂੰ ਵੀ ਉਸ ਦੇ ਜੀਵਨ ਰੂਪੀ ਪਤੰਗ ਦੀ ਡੋਰ ਕੋਈਖਿੱਚਦਾ ਪ੍ਰਤੀਤ ਹੁੰਦਾ ਹੈ ਜਿਵੇਂ:

*ਮੈਂ ਪਤੰਗ ਕਿਸੇ ਦੀ ਡੋਰਾਂ ਵਾਲਾ ਖਿੱਚਦਾ ਪਤੰਗ ਪਈ ਚੜ੍ਹਦੀ ਉਚੀ ਹਵਾ ਵਿਚ।

ਪੂਰਨ ਸਿੰਘ ਦੇ ਰਹੱਸਵਾਦ ਦੀ ਵਿਸ਼ੇਸ਼ਤਾ ਇਸ ਵਿਚਲਾ ਬੌਧਿਕ ਅੰਸ਼ ਹੈ। ਪ੍ਰਮਾਤਮਾ ਦੀਹੋਂਦ ਨੂੰ ਕੇਵਲ ਨਿੱਜੀ ਅਨੁਭਵ ਰਾਹੀਂ ਮਾਣਿਆ ਜਾ ਸਕਦਾ ਹੈ। ਇਸੇ ਕਰ ਕੇ ਕਦੇ-ਕਦੇ ਕਵੀਇੰਝ ਵੀ ਆਖ ਦਿੰਦਾ ਹੈ:

*ਲੋਕੀ ਕਹਿਣ ਰੱਬ ਸਭ ਵਿੱਚ ਹੈ, ਸਭ ਦੂਰ ਉਹੋ ਹਰ ਥਾਂ, ਹਰ ਸ਼ੈ ਹੈ, ਜਿਧਰ ਦੇਖੋ, ਰੱਬ ਹੀ ਰੱਬ ਪਰ ਮੇਰੀਆਂ ਅੱਖੀਆਂ ਹਾਲੇ, ਕੁਝ ਠੀਕ ਸੁਜਾਖੀਆਂ ਨਹੀਂ ਜਾਪਦੀਆਂ। ਮੈਨੂੰਰੱਬ ਇਉਂ ਹਰ ਥਾਂ ਨਹੀਂ ਦਿਸਦਾ।

ਪ੍ਰੋ. ਪੂਰਨ ਸਿੰਘ ਕਾਵਿ ਵਿਚਲੇ ਰਹੱਸਵਾਦੀ ਅੰਸ਼ਾਂ ਦਾ ਵਿਸ਼ਲੇਸ਼ਣ ਕਰਨ ਉੱਪਰੰਤਡਾ. ਮੋਹਨ ਸਿੰਘ ਦੀਵਾਨਾ ਦੇ ਕਾਵਿ ਨੂੰ ਵਿਚਾਰਿਆ ਜਾ ਸਕਦਾ ਹੈ। ਉਹ ਪਰਮ ਸ਼ਕਤੀ ਦੀਹੋਂਦ ਅਤੇ ਸਰਵਵਿਆਪਕਤਾ ਵਿੱਚ ਵਿਸ਼ਵਾਸ ਰੱਖਦਾ ਹੈ। ਉਸ ਅਨੁਸਾਰ ਇਸ ਅਦਿੱਖ ਸ਼ਕਤੀ ਨੂੰਵੇਖਣ ਲਈ ਮਨੁੱਖੀ ਆਤਮਾ ਕੋਲ ਸਿਦਕ ਤੇ ਖੋਜ ਦੀ ਦ੍ਰਿਸ਼ਟੀ, ਹੋਣੀ ਚਾਹੀਦੀ ਹੈ। ਪ੍ਰੋ.ਮੋਹਨ ਸਿੰਘ ਦੁਆਰਾ ਲਿਖੀ ਕਵਿਤਾ 'ਰੱਬ' ਦੇ ਪ੍ਰਤੀਕ੍ਰਮ ਵਜੋਂ ਦਿੱਤਾ ਹੈ:

*ਮੈਨੂੰ ਕਿਸੇ ਇੱਕ ਵੀ ਵਾਜ ਮਾਰੀ, ਲੱਖਾਂ ਵਾਜਾਂ ਰਾਹੀਂ ਮੈਂ ਜਵਾਬ ਦਿੱਤਾ।

ਮੇਰੀ ਵੱਲ ਕੋਈ ਇੱਕ ਵੀ ਕਦਮ ਤੁਰਿਆ, ਲੱਖਾਂ ਕਦਮਾਂ ਦਾ ਉਹਨੂੰ ਸਵਾਬ ਦਿੱਤਾ।

ਨਵ-ਰਹੱਸਵਾਦੀ ਪ੍ਰਵਿਰਤੀ ਦਾ ਸਹੀ ਸੰਚਾਲਕ ਪ੍ਰੀਤਮ ਸਿੰਘ ਸਫ਼ੀਰ ਨੂੰ ਹੀ ਮੰਨਿਆਜਾਂਦਾ ਹੈ। ਕਿਉਂਕਿ ਉਸ ਦੇ ਕਾਵਿ ਉੱਪਰ ਇਸ ਸੰਕਲਪ ਦਾ ਗੂੜ੍ਹਾ ਰੰਗ ਦੇਖਣ ਨੂੰ ਮਿਲਦਾ ਹੈ।ਡਾ. ਪਿਆਰ ਸਿੰਘ, ਪ੍ਰੀਤਮ ਸਿੰਘ ਸਫ਼ੀਰ ਨੂੰ ਇੱਕ ਨਵੀਂ ਲੀਹ ਤੋਰਨ ਵਾਲਾ ਕਵੀ ਆਖਦਾਹੈ। ਉਹ ਲਿਖਦਾ ਹੈ, ਕਿ "ਸਫ਼ੀਰ ਪੰਜਾਬੀ ਕਾਵਿ-ਖੇਤਰ ਵਿੱਚ ਇੱਕ ਨਵੀਂ ਲੀਹ ਤੋਰਨ ਵਾਲਾਕਵੀ ਹੈ। ਕਈ ਵਾਰ ਇਸ ਨੂੰ ਬੌਧਿਕ ਕਾਵਿ-ਧਾਰਾ ਕਹਿ ਕੇ ਯਾਦ ਕੀਤਾ ਜਾਂਦਾ ਹੈ। ਇਸ ਦਾ ਇਹਭਾਵ ਨਹੀਂ ਕਿ ਉਸ ਦੀ ਕਵਿਤਾ ਬੁੱਧੀ-ਪ੍ਰਧਾਨ ਹੈ ਤੇ ਵਲਵਲਾ ਘੱਟ ਹੈ। ਸਗੋਂ ਇਸ ਦੇ ਉਲਟਵਲਵਲਾ ਬਹੁਤ ਪ੍ਰਬਲ ਹੈ ਅਤੇ ਇਸ ਵਲਵਲੇ ਦੀ ਪ੍ਰਬਲਤਾ ਕਾਰਨ ਹੀ ਉਸ ਦੀ ਕਵਿਤਾ ਵਿੱਚ ਉਹਗੁਣ ਆ ਗਿਆ ਹੈ ਜਿਸ ਨੂੰ ਸੰਤ ਸਿੰਘ ਸੇਖੋਂ 'ਤਰਲਤਾ' ਦਾ ਨਾਮ ਦਿੰਦਾ ਹੈ।``3ਪ੍ਰੀਤਮਸਿੰਘ ਸਫ਼ੀਰ ਕਾਵਿ ਦਾ ਕੇਂਦਰ ਬਿੰਦੂ ਵੀ ਪ੍ਰਮਾਤਮਾ ਹੈ ਜੋ ਰੂਪ ਰੰਗ ਤੋਂ ਰਹਿਤ ਤੇਤ੍ਰੈਕਾਲ ਅਤੀਤ ਹੈ ਤੇ ਉਸ ਨੂੰ ਉਸ ਦੇ ਪੂਰਨ ਵਿਸ਼ਵਾਸ ਹੈ।

ਏਕ ਪਿਤਾ ਏਕਮ ਕੇ ਹਮ ਬਾਰਕ ਏਕ ਜੋਤ ਦੀਆਂ...........ਮੂਰਤੀਆਂ। ਉੱਪਰੋਕਤ ਪੰਕਤੀਆਂਤੋਂ ਸਪੱਸ਼ਟ ਹੈ ਕਿ ਕਵੀ ਆਪਣੇ ਆਪ ਨੂੰ ਪ੍ਰਭੂ-ਰੂਪ ਜੋਤੀ ਦਾ ਇੱਕ ਅੰਸ਼ ਸਮਝਦਾ ਹੈ।ਬਾਵਾ ਬਲਵੰਤ ਸਿੰਘ ਵੀ ਆਪਣੀਆਂ ਕੁਝ ਕਵਿਤਾਵਾਂ ਵਿੱਚ ਮਨੁੱਖ ਨੂੰ ਈਸ਼ਵਰ ਰੂਪੀ ਰੋਸ਼ਨੀਦਾ ਛਾਇਆ ਪ੍ਰਵਾਨ ਕਰਦਾ ਹੈ ਜਿਵੇਂ

*ਐਵੇਂ ਨਹੀਂ ਮੈਂ ਆਈ, ਐਵੇਂ ਨਹੀਂ ਤੂੰ ਆਇਆ। ਦੋਹਾਂ ਨੂੰ ਤੋਰਦੀ ਹੈ ਕੋਈ ਮਹਾਨਛਾਇਆ।

ਡਾ. ਧਰਮ ਪਾਲ ਸਿੰਗਲ, ਬਾਵਾ ਬਲਵੰਤ ਨੂੰ 'ਰਹੱਸਵਾਦੀ ਜਗਿਆਸੂ' ਆਖਦਾ ਹੈ। ਕੋਈਗੁੱਝੀ ਪੀੜ ਅਤੇ ਰੂਹਾਨੀ ਤੜਪ ਨੂੰ ਰਹੱਸਵਾਦ ਦਾ ਮੂਲ ਲੱਛਣ ਮੰਨਿਆ ਗਿਆ ਹੈ ਅਤੇ ਇਸ ਤੋਂਬਿਨ੍ਹਾਂ ਜੀਵਨ, ਜੀਵਨ ਵੀ ਨਹੀਂ ਹੈ। ਬਾਵਾ ਬਲਵੰਤ ਦੀ ਕਵਿਤਾ ਵਿੱਚ ਇਹ ਲੱਛਣ ਇਕੋਜਿਹੀ ਸ਼ਕਤੀ ਨਾਲ ਪੇਸ਼ ਹੋਇਆ ਹੈ ਜਿਵੇਂ:

*ਤੜਪ `ਚ ਹੀ ਕੋਈ ਅੰਦਰ ਦੀ ਹੈ ਦਵਾ ਖਬਰੇ। ਮੇਰੀ ਤੜਪ `ਚ ਹੈ ਇਨਸਾਨ ਦਾ ਭਲਾ ਖਬਰੇ।ਇਨ੍ਹਾਂ ਸਤਰਾਂ ਨੂੰ ਮੁੱਖ ਰੱਖ ਕੇ ਪ੍ਰੋ. ਕ੍ਰਿਪਾਲ ਸਿੰਘ ਕਸੇਲ ਉਸ ਦੇ ਰਹੱਸਵਾਦ ਨੂੰਪ੍ਰੰਪਰਾਵਾਦੀ ਰਹੱਸਵਾਦ ਨਹੀਂ ਸਗੋਂ ਨਵ-ਰਹੱਸਵਾਦ ਆਖਦਾ ਹੈ। ਵਿਗਿਆਨ ਤੇ ਬੌਧਿਕ ਤਰਕ ਦੀਸ਼ਮੂਲੀਅਤ ਜੋ ਕਿ ਆਧੁਨਿਕਤਾ ਦੀ ਦੇਣ ਹੈ, ਹੀ ਨਵ-ਰਹੱਸਵਾਦ ਦਾ ਵਿਕਾਸ ਬਿੰਦੂ ਹੈ।ਨੇਕੀ ਨੇ ਸ੍ਰਿਸ਼ਟੀ ਦੇ ਮੁੱਢ ਜਾਂ ਜੀਵ ਉਤਪਤੀ ਸੰਬੰਧੀ ਹੋਈਆਂ ਵਿਗਿਆਨਿਕ ਖੋਜਾਂ ਨੂੰਕਾਵਿ-ਚੇਤਨਾ ਦਾ ਅੰਗ ਬਣਾ ਕੇ ਪੇਸ਼ ਕੀਤਾ ਹੈ। ਜਿਥੇ ਜੀਵ ਵਿਕਾਸ ਨੂੰ ਸਾਇੰਸ ਦੀ ਥਿਊਰੀਰਾਹੀਂ ਦਰਸਾਇਆ ਗਿਆ ਹੈ, ਉਥੇ ਜਦੋਂ ਕਵੀ ਦੀ ਜਗਿਆਸਾ ਨਿਮਨ ਲਿਖਤ ਸਤਰਾਂ ਵਿੱਚਅਤ੍ਰਿਪਤੀ ਦੇ ਭਾਵ ਪ੍ਰਗਟ ਕਰਦੀ ਹੈ। ਉਸੇ ਨਾਲ ਹੀ ਗੁੱਝੀ ਰਹੱਸਾਤਮਕ ਛੂਹ ਵਲ ਵੀਇਸ਼ਾਰਾ ਕਰਦੀ ਹੈ:

*ਐਧਰ ਕਿਹੜੀ ਛੁਹ ਨੇ ਪਹਿਲਾਂ ਉਸ ਮੁਢਲੇ ਮੁਰਦਾ ਸਾਦੇ ਵਿਚ ਜੀਉਂਦਾ ਦਿਲ ਧੜਕਾਇਆ?ਨੇਕੀ ਕਾਵਿ ਦੀ ਵਿਸ਼ੇਸ਼ਤਾ ਇਸ ਦਾ ਰਹੱਸਵਾਦ ਤੋਂ ਰਹੱਸਵਾਦ ਤੱਕ ਦਾ ਸਫ਼ਰ ਹੈ। ਕਵੀ ਆਪਆਪਣੀ ਯਾਤਰਾ ਦਾ ਆਰੰਭ ਪੂਰਨ ਵਿਸ਼ਵਾਸ ਤੋਂ ਖੋਜ ਵੱਲ ਕਰਦਾ ਹੈ। ਨਵ-ਰਹੱਸਵਾਦੀ ਕਾਵਿ ਦੀਪ੍ਰਮੁੱਖ ਵਿਸ਼ੇਸ਼ਤਾ ਹੈ ਕਿ ਇੱਥੇ ਰਹੱਸ ਦੀ ਪੇਸ਼ਕਾਰੀ ਲਈ ਗਿਆਨ/ਵਿਗਿਆਨ ਨੂੰ ਆਧਾਰਬਣਾਇਆ ਜਾਂਦਾ ਹੈ। ਨਵ-ਰਹੱਸਵਾਦੀ ਕਵੀਆਂ ਨੇ ਪੁਰਾਣੀ ਵਿਚਾਰਧਾਰਾ ਨੂੰ ਸਮੇਂ ਦੀ ਲੋੜਅਨੁਸਾਰ ਨਵਾਂ ਰੂਪ ਦੇ ਕੇ ਪੇਸ਼ ਕੀਤਾ ਹੈ। ਇਨ੍ਹਾਂ ਦੀ ਭਾਸ਼ਾ ਵੀ ਪੁਰਾਤਨ ਨਹੀਂ ਸਗੋਂਸਮੇਂ ਦੇ ਅਨੁਕੂਲ ਬਦਲੀ ਹੋਈ ਭਾਸ਼ਾ ਹੈ। ਇਹ ਆਮ ਕਰ ਕੇ ਅਲੌਕਿਕ ਨਹੀਂ ਸਗੋਂ ਲੌਕਿਕ ਹੈ।ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, "ਭਾਈ ਵੀਰ ਸਿੰਘ ਰਹੱਸਵਾਦੀ ਅਨੁਭਵ ਵਿਚੋਂਸ਼ਾਂਤੀ ਲੱਭਦਾ ਹੈ ਪਰ ਸਫ਼ੀਰ ਕ੍ਰਾਂਤੀ ਢੂੰਡਦਾ ਹੈ। ਸਫ਼ੀ ਦੀ ਰਹੱਸਵਾਦੀ ਕਵਿਤਾ ਵਿੱਚਲੌਕਿਕਤਾ ਤੇ ਅਲੌਕਿਕਤਾ ਦੋਹਾਂ ਅੰਸ਼ਾਂ ਦਾ ਸੁੰਦਰ ਸੁਮੇਲ ਹੈ ਪਰ ਵੀਰ ਸਿੰਘ ਵਿੱਚ ਨਿਰੀਅਲੌਕਿਕਤਾ ਹੈ।``

## ਸਾਰ-ਅੰਸ਼:

20ਵੀਂ ਸਦੀ ਦੇ ਚੌਥੇ ਦਹਾਕੇ ਦੇ ਅਖੀਰ ਵਿੱਚ ਕੁਝ ਪ੍ਰਮੁੱਖ ਕਵੀਆਭਾਈ ਵੀਰ ਸਿੰਘ, ਪ੍ਰੀਤਮ ਸਿੰਘ ਸਫ਼ੀਰ ਤੇ ਬਾਵਾ ਬਲਵੰਤ ਆਦਿ ਦੀ ਰਹੱਸਵਾਦੀ ਅਨੁਭੂਤੀਵਿੱਚ ਅਜੋਕੇ ਯੁੱਗ ਦੀ ਚੇਤਨਾ ਦੀ ਰੰਗਣ ਤੋਂ ਉਤਪੰਨ ਹੋਈ ਪ੍ਰਵ੍ਰਿਤੀ ਨੂੰ ਨਵ-ਰਹੱਸਵਾਦੀਪ੍ਰਵ੍ਰਿਤੀ ਕਿਹਾ ਗਿਆ ਜਿਸ ਵਿੱਚ ਵਿਸ਼ਿਆਂ ਦੀ ਬਹੁ-ਰੰਗਤਾ, ਰੂਪ ਪੱਖੋਂ ਬਿੰਬਾਂ ਅਤੇਪ੍ਰਤੀਕਾਂ ਦਾ ਨਰੋਆਪਨ ਤੇ ਅਭਿਵਿਅਕਤੀ ਦੀ ਸੂਖਮਤਾ ਹੈ।

## ਮੁੱਖ/ਕੇਂਦਰੀ ਸ਼ਬਦ:

ਰਹੱਸਵਾਦ---ਪ੍ਰਮਾਤਮਾ ਸਬੰਧੀ

ਉਦੇਸ਼---ਮੰਤਵ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1 ਆਧੁਨਿਕ ਪੰਜਾਬੀ ਕਵਿਤਾ ਦਾ ਪਹਿਲਾ ਪ੍ਰਮਾਣਿਕ ਕਵੀ ਕਿਹੜਾ ਹੈ?

ੳ ਅੰਮ੍ਰਿਤਾ ਪ੍ਰੀਤਮ

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

2 ਪ੍ਰਗਤੀਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

3 ਕਿਹੜਾ ਕਾਵਿ ਰੂਪ ਅਰਬੀ-ਫਾਰਸੀ ਤੋਂ ਆਇਆ ਮੰਨਿਆਂ ਜਾਂਦਾ ਹੈ?

ੳ ਗੀਤ

ਅ ਸਾਨਟ

ੲ ਖੁੱਲੀ ਕਵਿਤਾ

ਸ ਨਜ਼ਮ

4 ਰੁਮਾਂਸਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

5 ਕਿਸ ਦੇ ਅਰਥ ਹਨ ' ਮੋਤੀਆਂ ਨੂੰ ਇਕ ਧਾਗੇ ਵਿਚ ਪਰੋਣਾ'?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

6 ਪ੍ਰੋ. ਪੂਰਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

7 ਰਹੱਸਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

8 ਜਵਾਨ ਪੰਜਾਬ ਦੇ ਰਚਨਾ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

9 ਕਿਸ ਕਾਵਿ-ਰੂਪ ਨੂੰ ਅੰਗਰੇਜ਼ੀ ਵਿਚ ਫਰੀ ਵਰਸ ਕਿਹਾ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

10 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਇਹ ਬੇਪਰਵਾਹ ਪੰਜਾਬ ਦੇ,
ਮੌਤ ਨੂੰ ਮਖੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗ਼ੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ,
ਪਰ ਟੈਂ ਨਾ ਮੰਨਣ ਕਿਸੀ ਦੀ
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ।

ਉਪਰੋਕਤ ਸਤਰਾਂ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

12 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਨਵ-ਰਹੱਸਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪ੍ਰੀਤਮ ਸਿੰਘ ਸਫੀਰ

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

## ਅਭਿਆਸ ਪ੍ਰਸ਼ਨ

1. ਰੁਮਾਂਸਵਾਦ ਅਤੇ ਨਵਰਹੱਸਵਾਦ ਸਿਧਾਂਤਕ ਪਰਿਪੇਖ ਉਪਰ ਨੋਟ ਲਿਖੋ?
2. ਰੁਮਾਂਸਵਾਦੀ ਕਾਵਿਧਾਰਾ ਦੇ ਸਰੂਪ ਬਾਰੇ ਚਰਚਾ ਕਰੋ।
3. ਨਵ-ਰਹੱਸਵਾਂਦੀ ਕਾਵਿਧਾਰਾ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸਦਾ ਸਰੂਪ ਉਲੀਕੋ
4. ਅਧੁਨਿਕਤਾਵਾਦ ਸਿਧਾਂਤਕ ਪਰਿਪੇਖ ਉਪਰ ਨੋਟ ਲਿਖੋ?
5. ਆਧਨਿਕਤਾਵਾਦੀ ਕਾਵਿਧਾਰਾ ਦੇ ਸਰੂਪ ਬਾਰੇ ਚਰਚਾ ਕਰੋ।
6. ਪ੍ਰਯੋਗਸ਼ੀਲ ਕਾਵਿਧਾਰਾ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸਦਾ ਸਰੂਪ ਉਲੀਕੋ।
7.

## ਸੰਦਰਭ ਪੁਸਤਕਾਂ:


1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.

## ਮਹੱਤਵਪੂਰਨ ਲਿੰਕ

https://www.youtube.com/watch?v=mOJ3xYyrzyg

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ੲ | 4. ਅ | 5. ੳ |
| 6. ੲ | 7. ਸ | 8. ਸ | 9. ੲ | 10. ਅ |
| 11.ੲ | 12. ਸ | 13. ੳ | 14. ੳ | 15. ਸ |

# ਅਧਿਆਇ-8 : ਆਧੁਨਿਕ ਪੰਜਾਬੀ ਕਵਿਤਾ ਦਾ ਪ੍ਰਵਿਰਤੀਮੂਲਕ ਅਧਿਐਨ-1

*Paramjit Singh, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਆਧੁਨਿਕ ਪੰਜਾਬੀ ਕਾਵਿ ਦੀਆਂ ਪਰਵਿਰਤੀਆਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਇਤਿਹਾਸਕ ਪਰਿਪੇਖ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਕਵਿਤਾ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪ੍ਰਯੋਗਸ਼ੀਲ ਅਤੇ ਆਧੁਨਿਕਤਾਵਾਦ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਪ੍ਰਯੋਗਸ਼ੀਲ ਅਤੇ ਆਧੁਨਿਕਤਾਵਾਦ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਪ੍ਰਯੋਗਸ਼ੀਲ ਅਤੇ ਆਧੁਨਿਕਤਾਵਾਦੀ ਕਾਵਿਧਾਰਾ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ।

## ਵਿਸ਼ਾ ਵਸਤੂ:

**ਪ੍ਰਯੋਗਸ਼ੀਲ ਪੰਜਾਬੀ ਕਵਿਤਾ**

ਵੀਹਵੀਂ ਸਦੀ ਦੇ ਆਰੰਭ ਵਿੱਚ ਯੂਰਪ ਦੇ ਲੇਖਕਾਂ ਨੇ ਸਾਹਿਤ ਦੀ ਹਰ ਵੰਨਗੀ ਵਿੱਚ ਨਵੇਂ ਪ੍ਰਯੋਗ ਕਰਨੇ ਆਰੰਭ ਕੀਤੇ ਸਨ। ਗਿਆਨ ਅਤੇ ਵਿਗਿਆਨ ਦੇ ਖੇਤਰ ਵਿੱਚ ਹੋਣ ਵਾਲੇ ਨਵੇਂ ਪ੍ਰਯੋਗਾਂ ਤੋਂ ਉਤਸ਼ਾਹਿਤ ਹੋ ਕੇ ਸਾਹਿਤਕਾਰਾਂ ਨੇ ਵੀ ਆਪਣੇ-ਆਪਣੇ ਖੇਤਰ ਵਿੱਚ ਨਵੇਂ ਪ੍ਰਯੋਗ ਦੀ ਜਰੂਰਤ ਅਨੁਭਵ ਕੀਤੀ। ਅਸਲ ਵਿੱਚ ਗਿਆਨ-ਵਿਗਿਆਨ ਨੇ ਭੌਤਿਕ ਜਗਤ ਦੇ ਸਰੂਪ ਨੂੰ ਹੀ ਬਦਲ ਦਿੱਤਾ ਸੀ। ਨਵੀਂਆਂ ਪਰਸਥਿਤੀਆਂ ਨੇ ਇੱਕ ਮਨੁੱਖ ਨੂੰ ਜਨਮ ਦਿੱਤਾ ਅਤੇ ਇਸ ਨਵੇਂ ਮਨੁੱਖ ਦੀ ਪੇਸ਼ਕਾਰੀ ਲਈ ਸਾਹਿਤ ਵਿੱਚ ਨਵੇਂ ਪ੍ਰਯੋਗਾਂ ਦੀ ਲੋੜ ਮਹਿਸੂਸ ਹੋਈ। ਇਸ ਤਰ੍ਹਾਂ ਸਾਹਿਤ ਵਿੱਚ ਪ੍ਰਭਾਵਿਤ ਹੋਏ ਅਤੇਉਨ੍ਹਾਂ ਨੇ ਵੀ ਸਾਹਿਤ ਦੇ ਵੱਖ-ਵੱਖ ਰੂਪਾਂ ਵਿੱਚ ਪ੍ਰਯੋਗ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ।

**ਆਰੰਭ**

ਪ੍ਰਯੋਗਸ਼ੀਲ ਕਵਿਤਾ, ਪ੍ਰਗਤੀਵਾਦੀ ਪੰਜਾਬੀ ਕਵਿਤਾ ਦੇ ਪ੍ਰਤੀਕਰਮ ਵਜੋਂ ਪੈਦਾ ਹੋਈ ਸੀ। 1955-56 ਵਿੱਚ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਦੀ ਪ੍ਰਗਤੀਵਾਦੀ ਲਹਿਰ ਨੂੰ ਢਾਹ ਲਾਉਣ ਵਾਲੀ ਪ੍ਰਯੋਗਸ਼ੀਲਤਾ ਦੀ ਲਹਿਰ ਪੈਦਾ ਹੋਈ। ਇਸ ਲਹਿਰ ਦੇ ਸਮਰਥਕਾਂ ਦਾ ਵਿਚਾਰ ਸੀ ਕਿ ਪ੍ਰਗਤੀਵਾਦੀ ਕਵੀਆਂ ਨੇ ਰੁਮਾਂਟਿਕ ਨਾਅਰੇਬਾਜੀ ਕੀਤੀ, ਪਰੰਤੂ ਹੁਣ ਯਥਾਰਥ ਨੂੰ ਪੇਸ਼ ਕਰਨ ਦੀ ਜਰੂਰਤ ਹੈ।

ਪੰਜਾਬੀ ਕਵਿਤਾ ਵਿੱਚ, ਪ੍ਰਯੋਗਵਾਦੀ ਲਹਿਰ ਦਾ ਆਰੰਭ, ਪੰਜਾਬੀ ਸਾਹਿਤ ਪ੍ਰਯੋਗ ਅਕਾਦਮੀ ਵੱਲੋਂ, ਜੂਨ 1961 ਵਿੱਚ, ਡਲਹੌਜ਼ੀ ਵਿੱਚ ਕੀਤੇ ਸੈਮੀਨਾਰ ਤੋਂ ਮੰਨਿਆ ਜਾਂਦਾ ਹੈ। ਇਹ ਸੈਮੀਨਾਰ ਡਾ. ਜਸਬੀਰ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਹਫ਼ਤਾ ਭਰ ਚੱਲਿਆ। ਇਸ ਸੈਮੀਨਾਰ ਵਿੱਚ ਹੇਠ ਲਿਖੇ ਫੈਸਲੇ ਲਏ ਗਏ-

1)ਅੰਮ੍ਰਿਤਾ ਪ੍ਰੀਤਮ ਤੇ ਮੋਹਨ ਸਿੰਘ ਪਰੰਪਰਾ ਦੀਆਂ ਜਰਜਰਿਤ, ਅਨੁਭਵ ਪ੍ਰਣਾਲੀਆਂ ਤੇ ਉਹਨਾਂ ਨਾਲ ਸੰਬੰਧਿਤ ਬਿੰਬ ਵਿਧਾਨ ਦਾ ਤਿਆਗ।

2)ਰੁਮਾਂਟਿਕ ਪ੍ਰੀਤ ਦੇ ਮਤ ਦਾ ਤਿਆਗ।

3)ਨਵੀਆਂ ਅਨੁਭਵ ਪ੍ਰਣਾਲੀਆਂ ਦੀ ਢੂੰਡਭਾਲ।

4)ਬਿੰਬ ਖੇਤਰ ਦਾ ਵਿਸਥਾਰ, ਤਾਂ ਜੋ ਉਸ ਵਿੱਚ ਵਰਤਮਾਨ ਜੀਵਨ ਤੋਂ ਇਲਾਵਾ, ਇਤਿਹਾਸ-ਪੁਰਾਣ ਨੂੰ ਯੋਗ ਸਥਾਨ ਮਿਲੇ, ਆਦਿ।

ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਪ੍ਰਯੋਗਸ਼ੀਲ ਜਾਂ ਪ੍ਰਯੋਗਵਾਦੀ ਕਵਿਤਾ ਦੀ ਕੋਈ ਲੰਬੀ ਪਰੰਪਰਾ ਨਹੀਂ ਬਣ ਸਕੀ। ਇਸ ਦਾ ਕਾਰਨ ਇਹ ਸੀ ਕਿ ਇਸ ਵਿੱਚ ਇਕ ਤੋਂ ਵਧੇਰੇ ਕਾਲ ਦੇ ਕਵੀ ਸ਼ਾਮਿਲ ਨਹੀਂ ਹੋਏ। ਪ੍ਰਯੋਗਸ਼ੀਲ ਕਵਿਤਾ ਇੱਕ ਬੁਖ਼ਾਰ ਵਾਂਗ ਸੀ ਜੋ ਕੁਝ ਕੁ ਸਾਲ ਕਵੀਆਂ ਨੂੰ ਚੜ੍ਹਿਆ ਰਿਹਾ। ਡਾ. ਰਜਿੰਦਰਪਾਲ ਸਿੰਘ ਦੇ ਅਨੁਸਾਰ,ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਇੱਕ ਲਹਿਰ ਵਾਂਗ ਉਠਿਆ ਵਰਤਾਰਾ ਸੀ ਅਤੇ ਜੋ ਛੇਤੀ ਹੀ ਖ਼ਤਮ ਹੋ ਗਿਆ। ਇਹ ਕਿਸੇ ਵਿਸ਼ੇਸ਼ ਦਾਰਸ਼ਨਿਕ ਮਤ ਨਾਲ ਸੰਬੰਧਿਤ ਨਹੀਂ ਸੀ। ਇਸ ਕਾਰਨ ਇਸ ਨੂੰ ਪ੍ਰਯੋਗਵਾਦਦੀ ਥਾਂ ਪ੍ਰਯੋਗਸ਼ੀਲ ਆਖਣਾ ਢੁੱਕਵਾਂ ਹੋਵੇਗਾ। ਇਸ ਲਹਿਰ ਦੇ ਮੋਢੀਆ ਵਿੱਚ ਰਵਿੰਦਰ ਰਵੀ, ਡਾ.ਜ਼ਸਬੀਰ ਸਿੰਘ ਆਹਲੂਵਾਲੀਆ, ਅਜਾਇਬ ਕਮਾਲ ਅਤੇ ਸੁਖਪਾਲਵੀਰ ਸਿੰਘ ਹਸਰਤ ਦੇ ਨਾਂ ਵਰਨਣਯੋਗ ਹਨ।

**ਸੁਚੇਤ ਪ੍ਰਯੋਗਕਾਰ**

ਡਾ.ਕੇਸਰ ਸਿੰਘ ਅਨੁਸਾਰ "ਤਾਰਾ ਸਿੰਘ ਵਿਰਕ ਪੰਜਾਬੀ ਦਾ ਪਹਿਲਾ ਸੁਚੇਤ ਪ੍ਰਯੋਗਕਾਰ ਹੈ। ਜਿਸ ਦਾ ਕਾਵਿ-ਸੰਗ੍ਰਹਿ 'ਧਰਤੀ ਦਾ ਚਿਹਰਾ' 1959 ਵਿੱਚ ਛਪਿਆ ਤੇ ਮਗਰੋ ਉੱਪਰੋਕਤ ਕਵੀਆ ਦੇ ਯਤਨਾ ਨਾਲ ਇਸ ਦਾ ਨਾਮਕਰਨ ਹੋਇਆ ਹੋਂਦਵਾਦ, ਆਧੁਨਿਕਤਾਵਾਦ ਤੇ ਆਲੋਚਨਾਤਮਕ ਯਥਾਰਥ ਇਸ ਦੇ ਵਿਚਾਰਥਾਰਕ ਬਣੇ।"

**ਸੁਖਪਾਲ ਵੀਰ ਹਸਰਤ**

ਸੁਖਪਾਲਵੀਰ ਹਸਰਤ ਦੀ ਕਵਿਤਾ ਨਾਲ ਪ੍ਰਯੋਗਸ਼ੀਲ ਲਹਿਰ ਦਾ ਮੁੱਢ ਬਝਦਾ ਹੈ। ਉਸ ਦੀ ਪੁਸਤਕ ਹਿਯਾਤੀ ਦੇ ਸੋਮੇ(1960) ਪ੍ਰਯੋਗਵਾਦੀ ਸ਼ਾਇਰਾਂ ਵਿਚੋਂ ਸਭ ਤੋਂ ਪਹਿਲਾਂ ਪ੍ਰਕਾਸ਼ਿਤ ਹੋਈ।ਉਹ ਪ੍ਰਯੋਗਸ਼ੀਲ ਲਹਿਰ ਦੇ ਮੋਢੀਆਂ ਵਿਚੋਂ ਸੀ। ਪਰ ਇਹ ਵੀ ਸੱਚਾਈ ਹੈ ਕਿ ਉਹ ਬਹੁਤੀਦੇਰ ਇਸ ਲਹਿਰ ਨਾਲ ਜੁੜ ਕੇ ਨਾ ਰਹਿ ਸਕਿਆ। ਇਸ ਦੇ ਪ੍ਰਭਾਵ ਅਧੀਨ ਉਸਨੇ ਵਣ ਕੰਬਿਆ, ਮੋਹ ਮਾਇਆ, ਸ਼ਕਤੀ ਨਾਦ, ਆਦਿ ਪੁਸਤਕਾਂ ਦੀ ਰਚਨਾ ਕੀਤੀ। ਇਸ ਪਿਛੋਂ ਉਸਨੇ ਸੂਰਜ ਦਾਕਾਫ਼ਿਲਾ, ਨੂਰ ਦਾ ਸਾਗਰ, ਕਾਲ ਮੁਕਤ, ਸੂਰਜ ਤੇ ਕਹਿਕਸ਼ਾਂ, ਦਿਲ ਦਾ ਦਰਵਾਜ਼ਾ, ਵਿਸਮਾਦ ਰੰਗ ਅਤੇ ਸੁੰਦਰਤਾ ਸੰਯੋਗ ਪੁਸਤਕਾਂ ਦੀ ਰਚਨਾ ਕੀਤੀ। ਉਸਦੀ ਪ੍ਰਯੋਗਸ਼ੀਲ ਕਵਿਤਾ ਦਾ ਇਕਨਮੂਨਾ-

ਕਾਫੀ ਦਾ ਘੁੱਟ ਜਿਵੇਂ ਬੁਲ੍ਹੀਆਂ ਦਾ ਚੁੰਮਣ,

ਫੋਨ ਦੀ ਘੰਟੀ 'ਚੋਂ ਵਾਅਦੇ ਦੀ ਖੁਸ਼ਬੋ,

ਕਦਮਾਂ ਚੋਂ ਸੈਂਡਲ ਦੇ ਚੀਰਨ ਦਾ ਹਾਸਾ,

ਨੰਗੇ ਜਿਸਮ ਤੋਂ ਕਪੜੇ ਦੀ ਕਾਤਰ ਅਜੇ ਪਈ ਤਿਲ੍ਹਕੇ,

ਹੋਟਲ ਦਾ ਕਮਰਾ ਬੜਾ ਸਜਿਆ ਹੈ।

**ਜਸਬੀਰ ਸਿੰਘ ਆਹਲੂਵਾਲੀਆ**

ਪ੍ਰਯੋਗਸ਼ੀਲਕਵਿਤਾ ਦੇ ਸਿਧਾਂਤ ਸੇਧ ਅਤੇ ਰੂਪ ਵਿਧੀ ਘੜ੍ਹਨ ਵਿੱਚ ਆਹਲੂਵਾਲੀਆ ਦਾ ਯੋਗਦਾਨ ਸਭ ਤੋਂਵਧੇਰੇ ਸੀ। ਉਸਨੇ ਇਸ ਲਹਿਰ ਦੇ ਪ੍ਰਭਾਵਹੀਣ ਹੋਣ ਤੋਂ ਬਾਅਦ ਵੀ ਕਾਵਿ ਸਿਰਜਣਾ ਜ਼ਾਰੀਰਖੀ। ਉਸ ਦੀਆਂ ਕਾਵਿ ਪੁਸਤਕਾਂ ਵਿੱਚ ਕਾਗਜ਼ ਦਾ ਰਾਵਣ, ਕੂੜ ਰਾਜਾ ਕੂੜ ਪਰਜਾ, ਸਚ ਕਿ ਬੇਲਾ, ਬਾਹਰੋਂ ਸਰਾਪੇ ਅੰਦਰੋਂ ਗਵਾਚੇ, ਵਰਨਣਯੋਗ ਹਨ। ਉਸਦੀ ਸਾਰੀ ਕਵਿਤਾ ਮੈਂ ਦੀ ਵਿਸ਼ਾਦਮਈ ਮਨੋਹੀਣੀ ਦੋ ਵਿਆਖਿਆ ਹੈ। ਇਹ ਉਸਦੀ ਡਾਵਾਂਡੋਲ ਮਨੋਸਥਿਤੀ ਹੈ।

ਇਹਨਾਂ ਕਵਿਤਾਵਾਂ ਕਾਰਨ ਉਸਦੀ ਅਤੇ ਸਮੁਚੇ ਪ੍ਰਯੋਗਸ਼ੀਲ ਕਾਵਿ ਦੀ ਬਹੁਤ ਆਲੋਚਨਾ ਹੋਈ-

ਵਰਤ ਲਏ ਨੌਕਰ ਮੇਰਾ

ਜੇ ਮੇਰੀ ਬੀਵੀ ਨੂੰ ਕੀਤੇ

ਤਾਂ ਜਰ ਲਵਾਂ,

ਪਰ ਜਰ ਕਦੇ ਸਕਦਾ ਨਹੀਂ ਹਾਂ

ਕਿ ਬਿਨਾਕਾ ਬੁਰਸ਼ ਮੇਰਾ

ਵਰਤ ਲਏ ਉਹ ਬਦਤਮੀਜ਼।

**ਅਜਾਇਬ ਕਮਲ**

ਅਜਾਇਬ ਕਮਲ ਨੇ ਕਵਿਤਾ ਦੀ ਗਿਣਤੀ ਵਿੱਚ ਵਾਧਾ ਕਰਨ ਦੇ ਨਾਲ ਨਾਲ ਗੁਣ ਵਿੱਚ ਵੀ ਵਾਧਾ ਕੀਤਾਹੈ। ਦੂਸਰੇ ਪ੍ਰਯੋਗਸ਼ੀਲ ਕਵੀਆਂ ਵਾਂਗ ਉਸਦੀ ਕਵਿਤਾ ਵਿੱਚ ਵੀ ਸਾਰਥਿਕਤਾ ਅਤੇ ਆਦਰਸ਼ ਦੀ ਗੈਰਹਾਜਰੀ ਹੈ-

ਸੂਝਾਂ ਦੀ ਔਰਤ ਦੀ ਕੁੱਖੋਂ

ਜਿਹੜਾ ਵੀ ਆਦਰਸ਼ ਜਨਮਦਾ

ਇੱਕ ਸਤਮਾਹੇ ਬੱਚੇ ਵਾਂਗੂੰ

ਛਿਣਾਂ ਪਲਾਂ ਵਿੱਚ ਮਰ ਮੁੱਕ ਜਾਂਦਾ

ਸੜ ਸੁੱਕ ਜਾਂਦਾ।

**ਆਧੁਨਿਕਤਾਵਾਦੀ ਪੰਜਾਬੀ ਕਵਿਤਾ**

ਆਧੁਨਿਕਤਾਵਾਦੀ ਪੰਜਾਬੀ ਕਵਿਤਾ 1960 ਤੋਂ ਬਾਅਦ ਜਿਹੜੀ ਕਵਿਤਾ ਰਚੀ ਗਈ ਉਸ ਨੂੰ ਨਵੀਨ, ਆਧੁਨਿਕ ਕਵਿਤਾ ਕਹਿਕੇ ਵਖਰਾਇਆ ਜਾਂਦਾ ਹੈ। ਦਰਅਸਲ ਇਹ ਦੌਰ ਵਿਸ਼ਵ ਪੱਧਰ ਦੇ ਚਿੰਤਕਾਂ, ਕਾਰਲ ਮਾਰਕਸ, ਅਲਬਰਟ ਕਾਮੂ, ਜਾਨ ਪਾਲ ਸਾਰਤਰ, ਸੈਮੂਅਲ ਬੈਕਟ ਅਤੇ ਫਰਾਇਡ ਦੇ ਸਿਧਾਂਤਾਂ ਤੋਂ ਸੇਧ ਲੈਕੇ ਲਿਖਣ ਦਾ ਹੈ। ਇਸ ਕਵਿਤਾ ਦਾ ਪਿੱਠਭੂਮੀ ਵਿਚ ਆਜ਼ਾਦੀ ਤੋਂ ਉਮੀਦਾਂ ਪੂਰੀਆਂ ਹੋਣ ਦੀ ਨਿਰਾਸ਼ਾ ਹੈ। ਇਹ ਸਾਰੀ ਕਵਿਤਾ ਪਿਛਲੀ ਆਧਿਆਤਮਵਾਦੀ, ਰੁਮਾਂਸਵਾਦੀ ਅਤੇ ਪ੍ਰਗਤੀਵਾਦੀ ਕਵਿਤਾ ਤੋਂ ਵੱਖਰੀ ਹੈ। ਇਸ ਵਿਚ ਰੱਬ, ਰਹੱਸ, ਆਤਮਾ, ਮੌਤ, ਜ਼ਿੰਦਗੀ, ਪਿਆਰ, ਮਾਨਵੀ ਅਸਤਿਤਵ, ਕ੍ਰਾਂਤੀ ਆਦਿ ਸਾਰੇ ਪੱਖਾਂ ਨੂੰ ਠੋਕਰ ਮਾਰੀ ਗਈ ਹੈ। ਉਦਾਸੀ, ਉਦੇਸ਼ਹੀਣਤਾ, ਨਗਰ ਸਭਇਤਾ, ਇਸ ਦੇ ਪਛਾਣ ਚਿਨ੍ਹ ਦਾ ਇਹ ਵਿਰਸੇ ਜਾਂਅਤੀਤ ਨੂੰ ਰੱਦ ਕਰਕੇ ਅਤੇ ਭਵਿੱਖ ਦੀ ਚਿੰਤਾ ਤੋਂ ਬਿਨਾ ਵਰਤਮਾਨ ਨੂੰ ਜਿਉਣ ਨਹੀ ਬਲਕਿ ਭੋਗਣਵਿਚ ਵਿਸ਼ਵਾਸ ਰੱਖਦੀ ਹੈ। ਇਸ ਵਿਚ ਸਾਰੇ ਆਦਰਸ਼ ਹੀ ਗਾਇਬ ਹਨ। ਮਨ, ਸ਼ਰੀਰ, ਲਿੰਗ, ਹੀਣਤਾ ਸਭ ਇਸ ਦੇ ਪ੍ਰੇਰਕ ਬਿੰਦੂ ਹਨ।

**ਡਾ. ਹਰਿਭਜਨ ਸਿੰਘ**

ਡਾ.ਹਰਿਭਜਨ ਨੇ ਕਿਸੇ ਕਾਵਿ ਪ੍ਰਵਿਰਤੀ ਅਧੀਨ ਕਵਿਤਾ ਨਹੀਂ ਲਿਖੀ ਸਗੋਂ ਆਪਣੀ ਕਵਿਤਾ ਰਾਹੀਂ ਭਿੰਨ ਕਾਵਿ ਪ੍ਰਵੁਰਤੀਆਂ ਵਿਚ ਯੋਗਦਾਨ ਪਾਇਆ। 1956 ਵਿਚ ਉਸਦੇ ਪੁਸਤਕ ਲਾਸ਼ਾਂ ਤੋਂ ਸ਼ੁਰੂਆਤ ਕੀਤੀ ਤੇ 2000 ਵਿਚ ਆਪਣੀ ਆਖਰੀ ਪੁਸਤਕ ਮੇਰਾ ਨਾਉਂ ਕਬੀਰ ਤੱਕ ਲਗਭਗ ਅੱਧੀ ਸਦੀ ਕਵਿਤਾ ਲਿਖੀ। ਇਸੇ ਅਰਸੇ ਵਿਚ ਉਸਨੇ ਵਿਭਿੰਨ ਕਾਵਿ ਧਾਰਾਵਾਂ ਨਾਲ ਸਹਿਯੋਗ ਅਤੇ ਸੰਵਾਦ ਸਥਾਪਿਤ ਕੀਤਾ।ਲਾਸ਼ਾਂ ਅਤੇ ਅਧਰੈਣੀ ਰੁਮਾਂਸਵਾਦੀ ਪ੍ਰਗਤੀਵਾਦੀ ਦੇ ਸਮੇਂ ਆਈਆਂ।ਨਾ ਧੁੱਪੇ ਨਾ ਛਾਵੇਂ ਅਤੇ ਸੜਕ ਦੇ ਸਫ਼ੇ ਉੱਤੇ ਪ੍ਰਯੋਗਸ਼ੀਲ ਦਾ ਪ੍ਰਭਾਵ ਰਿਹਾ।ਟੁੱਕੀਆਂ ਜੀਭਾਂ ਵਾਲੇ ਕਾਵਿ ਸੰਗ੍ਰਹਿ ਉੱਤੇ ਉਸ ਸਮੇਂ ਦੀ ਸੰਕਟ ਸਥਿਤੀ ਦਾ ਪ੍ਰਭਾਵ ਹੈ।ਉਸ ਦੀ ਕਾਵਿ ਪ੍ਰਤਿਭਾ ਪ੍ਰਗੀਤਾਂ, ਖੁੱਲ੍ਹੀ ਕਵਿਤਾ, ਲੰਬੀ ਬਿਰਤਾਤਕ ਕਵਿਤਾ ਤੋਂ ਲਾਕੇ ਕਾਵਿ ਨਾਟ ਤੱਕ ਫੈਲੀ ਹੋਈ ਹੈ। ਉਸਦੇ ਪ੍ਰਗੀਤਾਂ ਵਿਚ ਲੋਕ ਗੀਤਾਂ ਵਾਲੀ ਸੰਗੀਤਕ ਪੁੱਠ ਅਤੇ ਆਧੁਨਕ ਕਵਿਤਾਵਾਲੀ ਬੌਧਿਕ ਗਹਿਰਾਈ ਹੈ। ਉਸ ਦੀ ਕਵਿਤਾ ਵਿਚੋਂ-

"ਅੱਧੀ ਰਾਤੀ ਕੰਜਕਾ ਜਾਗੀ

ਮਾਂ ਨੂੰ ਪਈ ਜਗਾਏ।

ਮਾਏ ਨੀ ਮੇਰੇ ਢਿੱਡ ਵਿਚ ਚਾਨਣ

ਮੈਨੂੰ ਪਿਆ ਬੁਲਾਏ।"

ਤਾਰਾ ਸਿੰਘ ਕਾਮਿਲ

ਤਾਰਾ ਸਿੰਘ ਕਾਮਿਲ ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਤੋਂ ਪਿੱਛੋਂ ਆਇਆ ਸ਼ਾਇਰ ਹੈ। ਉਸਨੇ ਪ੍ਰਗਤੀਵਾਦੀ, ਪ੍ਰਯੋਗਸ਼ੀਲ, ਨਕਸਲਵਾੜੀ ਅਤੇ ਪੰਜਾਬ ਸੰਕਟ ਤੇ ਕਵਿਤਾ ਲਿਖੀ। ਪਰ ਉਸ ਦੀ ਆਪਣੀ ਮੂਲ ਸੁਰ ਪ੍ਰਗਤੀਵਾਦੀ ਹੈ। ਇਸ ਦ੍ਰਿਸ਼ਟੀਕੋਣ ਤੋਂ ਉਸਨੇ ਸਿੰਮਦੇ ਪੱਥਰ, ਮੇਘਲੇ, ਅਸੀਂ ਤੁਸੀਂ, ਸੂਰਜ ਦਾ ਲੈਟਰ ਬਾਕਸ, ਕਹਿਕਸ਼ਾਂ, ਸਰਗੋਸ਼ੀਆਂ ਤੇ ਨਾਥ ਬਾਣੀ ਪੁਸਤਕਾਂ ਦੀ ਰਚਨਾ ਕੀਤੀ।

ਕਾਹਨੂੰ ਬਾਲਦੈਂ ਬਨੇਰੇ 'ਤੇ ਮੋਮਬੱਤੀਆਂ

ਲੰਘ ਜਾਣ ਦੇ ਬਾਜ਼ਾਰ 'ਚੋਂ ਹਵਾਵਾਂ ਤੱਤੀਆਂ

ਬੂਹੇ 'ਤੇ ਸ਼ਰਮਿੰਦਗੀ ਦੇ ਦਾਗ਼ ਰਹਿਣ ਦੇ

ਬਦਨਾਮ ਰਾਜਨੀਤੀ ਦੇ ਸੁਰਾਗ਼ ਰਹਿਣ ਦੇ

ਆਉਣ ਵਾਲਿਆਂ ਨੇ ਅੱਜ ਦਾ ਕਸੂਰ ਲੱਭਣਾ

ਇਨ੍ਹਾਂ ਘਰਾਂ ਵਿਚ ਬੁਝੇ ਹੋਏ ਚਿਰਾਗ਼ ਰਹਿਣ ਦੇ

ਕਿੱਥੇ ਜਾਏਂਗਾ? ਦਿਸ਼ਾਵਾਂ ਸਭ ਲਹੂ-ਤੱਤੀਆਂ

ਕਾਹਨੂੰ ਬਾਲਦੈਂ ਬਨੇਰਿਆਂ 'ਤੇ ਮੋਮਬੱਤੀਆਂ

ਸੁੱਚੀ ਰੱਤ ਨਾਲ ਪੋਚੀ ਹੋਈ ਥਾਂ ਰਹਿਣ ਦੇ

ਇਨ੍ਹਾਂ ਕੰਧਾਂ ਉਤੇ ਉਕਰੇ ਹੋਏ ਨਾਂਅ ਰਹਿਣ ਦੇ

ਕੁਝ ਬੇਕਸੂਰ ਚੀਕਾਂ ਵਾਲੇ ਖੇਤ ਰਹਿਣ ਦੇ

ਕੁਝ ਸਾਜ਼ਿਸ਼ਾਂ ਦੇ ਮਾਰੇ ਹੋਏ ਗਿਰਾਂ ਰਹਿਣ ਦੇ

ਐਵੇਂ ਭਾਲ ਨਾ ਖ਼ਿਜ਼ਾਵਾਂ ਵਿਚ ਫੁੱਲ-ਪੱਤੀਆਂ

ਅਜੇ ਬਾਲ ਨਾ ਬਨੇਰਿਆਂ 'ਤੇ ਮੋਮਬੱਤੀਆਂ

ਸੂਹਾ ਬੂਰ ਤਲਵਾਰਾਂ ਉਤੋਂ ਝੜ ਜਾਣ ਦੇ

ਗੁੱਸਾ ਥੋਥਿਆਂ ਵਿਚਾਰਾਂ ਉਤੋਂ ਝੜ ਜਾਣ ਦੇ

ਜਿਹੜੇ ਘਰਾਂ ਉਤੇ ਲਹੂ ਦੇ ਨਿਸ਼ਾਨ ਲਿਖੇ ਨੇ

ਉਹ ਨਿਸ਼ਾਨ ਵੀ ਦੀਵਾਰਾਂ ਉਤੋਂ ਝੜ ਜਾਣ ਦੇ

ਕਾਲੀ ਰੁੱਤ ਨੇ ਸੁਗੰਧਾਂ ਕੁੱਲ ਸਾੜ ਘੱਤੀਆਂ

ਅਜੇ ਬਾਲ ਨਾ ਬਨੇਰਿਆਂ 'ਤੇ ਮੋਮਬੱਤੀਆਂ

ਜਦੋਂ ਗੱਲ ਤੇ ਦਲੀਲ ਬਲਵਾਨ ਨਾ ਰਹੇ

ਉਦੋਂ ਤੇਗ਼ ਤਲਵਾਰ ਵੀ ਮਿਆਨ ਨਾ ਰਹੇ

ਐਸੀ ਵਗੀ ਏ ਹਵਾ ਅਸੀਂ ਅੱਖੀਂ ਦੇਖਿਆ

ਜਿੰਦ ਜਾਨ ਕਹਿਣ ਵਾਲੇ ਜਿੰਦ ਜਾਨ ਨਾ ਰਹੇ

ਨਹੀਂ ਰੁਕੀਆਂ ਹਵਾਵਾਂ ਅਜੇ ਮਾਣ-ਮੱਤੀਆਂ

ਅਜੇ ਬਾਲ ਨਾ ਬਨੇਰਿਆਂ ’ਤੇ ਮੋਮਬੱਤੀਆਂ

ਲੰਘ ਜਾਣ ਦੇ ਬਾਜ਼ਾਰ ’ਚੋਂ ਹਵਾਵਾਂ ਤੱਤੀਆਂ।

**ਸ਼ਿਵ ਕੁਮਾਰ ਬਟਾਲਵੀ**

ਸ਼ਿਵ ਕੁਮਾਰ ਪੰਜਾਬੀ ਦਾ ਗੀਤਕਾਰ ਤੇ ਕਵੀ ਹੈ। ਡਾ. ਹਰਿਭਜਨ ਸਿੰਘ ਅਨੁਸਾਰ ਸ਼ਿਵ ਕਾਵਿ ਵਿਚ ਜੀਵਨ ਦਾ ਬੁਨਿਆਦੀ ਤੱਤ ਬਿਰਹਾ ਹੈ। ਬਿਰਹਾ ਉਸਦੇ ਜੀਵਨ ਵਿਚ ਵਿਆਪਤ ਅਨੁਭਵ ਰੇਖਾ ਹੈ। ਇਹ ਬਿਰਹਾ ਭੋਗੀ ਹੋਈ ਪੀੜ ਵਿਚੋਂ ਪੈਦਾ ਹੋਇਆ ਹੈ। ਉਸਦੇ ਮੇਲ ਨੂੰ ਪ੍ਰਗਟ ਕਰਨ ਵਾਲੇ ਗੀਤ ਵੀ ਅੰਤਿਮ ਰੂਪ ਵਿਚ ਬਿਰਹਾ ਦੀ ਵੇਦਨਾ ਦਾ ਹੀ ਪ੍ਰਭਾਵ ਦਿੰਦੇ ਹਨ।ਉਸਨੇ ਪੀੜਾਂ ਦਾ ਪਰਾਗਾ(1960), ਲਾਜਵੰਤੀ(1961), ਆਟੇ ਦੀਆਂ ਚਿੜੀਆਂ(1962), ਮੈਨੂੰ ਵਿਦਾ ਕਰੋ(1963), ਬਿਰਹਾ ਤੂੰ ਸੁਲਤਾਨ(1964), ਦਰਦਮੰਦਾਂ ਦੀਆਂ ਆਹੀਂ(1964), ਲੂਣਾ(1965), ਮੈਂ ਤੇ ਮੈਂ(1970), ਆਰਤੀ(1971), ਅਲਵਿਦਾ(1974), ਬਿਰਹੜਾ(1975), ਅਸਾਂ ਜੋਬਨ ਰੁੱਤੇ ਮਰਨਾ(1976) ਕਾਵਿ ਸੰਗ੍ਰਹਿ ਪ੍ਰਕਾਸ਼ਿਤ ਕਰਵਾਏ।

**ਸੋਹਣ ਸਿੰਘ ਮੀਸ਼ਾ**

ਮੀਸ਼ਾ ਅਜਿਹਾ ਕਵੀ ਹੈ ਜੋ ਆਪਣੇ ਸਮਕਾਲੀਆਂ ਤੋਂ ਅਣਭਿੱਜ ਵੀ ਨਹੀਂ ਰਹਿੰਦਾ ਅਤੇ ਉਹਨਾ ਵਿਚਸ਼ਾਮਿਲ ਵੀ ਨਹੀਂ ਹੁੰਦਾ। ਮੀਸ਼ਾ ਨੇ ਪ੍ਰਗਤੀਵਾਦੀ ਸੁਰ ਵਾਲੀ ਆਧੁਨਿਕ ਕਵਿਤਾ ਲਿਖੀ। ਇਸ ਕਵਿਤਾ ਦੇ ਲੱਛਣ ਪ੍ਰਯੋਗਸ਼ੀਲ ਲਹਿਰ ਦੀ ਕਵਿਤਾ ਨਾਲ ਮਿਲਦੇ ਹਨ। ਉਸਨੇ ਨਜ਼ਮਾਂ, ਗਜ਼ਲਾਂ, ਅਤੇ ਖੁੱਲ੍ਹੀ ਕਵਿਤਾ ਦੀ ਰਚਨਾ ਕੀਤੀ ਹੈ। ਮੀਸ਼ਾ ਦੀਆਂ ਬਹੁਤੀਆਂ ਕਵਿਤਾਵਾਂ ਪਰੰਪਰਾਗਤ ਪਿਆਰ ਅਤੇ ਅਧੁਨਿਕ ਪਿਆਰ ਸੰਬੰਧਾਂ ਦੇ ਦਵੰਦ ਨੂੰ ਪੇਸ਼ ਕਰਦੀਆਂ ਹਨ। ਇਨ੍ਹਾਂਵਿਚ ਪਿਆਰ ਅਤੇ ਕਾਮ ਆਪਸ ਵਿਚ ਰਲਗੱਡ ਹੋਏ ਪਏ ਹਨ। ਕਵੀ, ਚੀਕ ਬੁਲਬੁਲੀ, ਸ਼ੁਭਇੱਛਾਵਾਂ ਉਸਦੀਆਂ ਪ੍ਰਸਿੱਧ ਕਵਿਤਾਵਾਂ ਹਨ। ਉਸਨੇ ਚੁਰਸਤਾ(1961), ਦਸਤਕ(1966) ਅਤੇ ਕੱਚ ਦੇ ਵਸਤਰ(ਭਾਰਤੀ ਸਾਹਿਤ ਅਕਾਦਮੀ ਜੇਤੂ - 1974) ਪੁਸਤਕਾਂ ਦੀ ਰਚਨਾ ਕੀਤੀ।

"ਕਿਹੋ ਜਿਹਾ ਸਵੇਰਾ ਹੈ

ਨਾ ਤੇਰਾ ਹੈ ਨਾ ਮੇਰਾ ਹੈ।

ਦਿਨ ਦਫ਼ਤਰ ਵਿਚ ਕੱਟਦੇ ਹਾਂ

ਘਰ ਤਾਂ ਰੈਣ ਬਸੇਰਾ ਹੈ।

ਇੱਕੋ ਘਰ ਦੇ ਜੀਆਂ ਦਾ

ਵੱਖਰੋ-ਵੱਖਰਾ ਘੇਰਾ ਹੈ।"

## ਸਾਰ-ਅੰਸ਼:

ਇਸ ਦੌਰ ਵਿਚ ਕਈ ਕਵੀਆਂ ਨੇ ਪ੍ਰਗਤੀਵਾਦੀ ਕਵਿਤਾ ਲਿਖੀ। ਇਨ੍ਹਾਂ ਵਿਚ ਪਿਆਰਾ ਸਿੰਘ ਸਹਿਰਾਈ ਦਾ ਨਾਮ ਪ੍ਰਸਿੱਧ ਹੈ। ਉਸਨੇ ਸਮਾਜਵਾਦੀ ਵਿਚਾਰਧਾਰਾ ਅਧੀਨ ਵਾਰਾਂ ਦੀ ਰਚਨਾ ਕੀਤੀ ਹੈ। ਉਸ ਵਾਂਗ ਹਰਿੰਦਰ ਸਿੰਘ ਰੂਪ ਨੇ ਵੀ ਵਾਰਾਂ ਰਚੀਆਂ ਹਨ।ਸੰਤੋਖ ਸਿੰਘ ਧੀਰ ਦਾ ਨਾਮ ਕਹਾਣੀਆਂ ਵਿਚ ਮਕਬੂਲ ਹੈ ਪਰ ਉਸਨੇ ਪ੍ਰਗਤੀਵਾਦੀ ਕਵਿਤਾਵਾਂ ਦੀ ਰਚਨਾ ਵੀ ਕੀਤੀ। ਇਹਨਾ ਵਿਚ ਧਰਤੀ ਮੰਗਦੀ ਮਹਿਕ ਵੇ, ਪੱਤ ਝੜੇ ਪੁਰਾਣੇ, ਬਿਰਹੜੇ ਬੀਤੇ ਸਮੇਂ ਦੀ ਗੱਲ ਬਣ ਚੁੱਕੀ ਹੈ। ਗੁਰਚਰਨ ਰਾਮਪੁਰੀ ਅਤੇ ਸੁਰਜੀਤ ਰਾਮਪੁਰੀ ਵੀ ਪਿਛਲੇ ਸਮੇਂ ਦੇ ਪ੍ਰਗਤੀਵਾਦੀ ਕਵੀ ਹਨ। ਪਰ ਪ੍ਰਯੋਗਸ਼ੀਲ ਲਹਿਰ ਨੇ ਪ੍ਰਗਤੀਵਾਦ ਨੂੰ ਬੀਤੇ ਸਮੇਂ ਦੀ ਗੱਲ ਬਣਾ ਦਿੱਤਾ ਸੀ। ਦੂਜਾ ਜੁਝਾਰਵਾਦੀ ਕਵੀਆਂ ਨੇ ਵੀ ਪ੍ਰਗਤੀਵਾਦੀ ਕਵੀਆਂ ਨਾਲ ਸਹਿਯੋਗ ਦੀ ਥਾਂ ਸੰਵਾਦ ਰਚਾਇਆ ਸੀ। ਇਸ ਕਰਕੇ ਇਹ ਕਵੀ ਨਾਂ ਪ੍ਰਗਤੀਵਾਦੀਆਂ ਨਾਲ ਤੇ ਨਾ ਹੀ ਜੁਝਾਰਵਾਦੀਆਂ ਨਾਲ ਜੁੜ ਸਕੇ। ਇਹਨਾ ਦੀ ਕਵਿਤਾ ਦਾ ਸਮਾਂ ਪ੍ਰਯੋਗ ਜਾਂ ਕ੍ਰਾਂਤੀਕਾਰੀ ਕਵਿਤਾ ਦਾ ਸਮਾਂ ਸੀ ਪਰ ਇਹਨਾ ਦੀ ਸੁਰ ਪ੍ਰਗਤੀਵਾਦੀ ਸੀ।ਪ੍ਰਭਜੋਤ ਕੌਰ ਅਜਿਹੀ ਹੀ ਇੱਕ ਬੇਹੇ ਪ੍ਰਗਤੀਵਾਦ ਦੀ ਕਵਿਤਰੀ ਹੈ। ਉਸਦੀ ਪਛਾਣ 'ਪੱਬੀ' ਕਾਵਿ ਪੁਸਤਕ ਤੇ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਣ ਤੇ ਬਣੀ। ਮੁੱਢ ਚ ਉਹ ਰੁਮਾਂਟਿਕ ਗੀਤ ਕਵਿਤਾਵਾਂ ਲਿਖਦੀ ਰਹੀ। ਫਿਰ ਪ੍ਰਗਤੀਵਾਦ ਵਲ ਵਧੀ। ਪਰ ਉਸਦੀ ਕਵਿਤਾ ਵਿਚ ਕ੍ਰਾਂਤੀ ਤੇ ਬਾਗੀਪਨ ਦੀ ਘਾਟ ਹੈ। ਉਸਨੇ ਲਟ ਲਟ ਜੋਤ ਜਗੈ, ਪਲਕਾਂ ਉਹਲੇ, ਕਾਫ਼ਲੇ, ਸੁਫ਼ਨੇ ਸੱਧਰਾਂ, ਪੰਖੇਰੂ, ਸ਼ਾਹ ਰਾਹ, ਬਣ ਕਪਾਸ਼ੀ, ਪੱਬੀ, ਖਾੜੀ, ਇਸ਼ਕ ਸ਼ਰਾ ਕੀ ਨਾਤਾ, ਕੁੰਠਤ, ਸ਼ਿੱਦਤ ਅਤੇ ਚਰਮ ਸੀਮਾ ਪੁਸਤਕਾਂ ਦੀ ਰਚਨਾ ਕੀਤੀ।ਵਿਸ਼ਵਨਾਥ ਤਿਵਾੜੀ ਇਹਨਾਂ ਤੋਂ ਵੱਖਰਾ ਆਧੁਨਿਕ ਰੰਗਤ ਵਾਲਾ ਕਵੀ ਹੈ। ਉਸਦੀ ਕਵਿਤਾ ਪ੍ਰਯੋਗਸ਼ੀਲ ਲਹਿਰ ਦੇ ਕਵੀਆਂ ਨਾਲ ਮਿਲਦੀ ਹੈ। ਉਹ ਬਹੁਤ ਸਾਰੀਆਂ ਪੁਸਤਕਾਂ ਜਿਵੇਂ ਯਾਦਾਂ ਚੋਂ ਯਾਦਾਂ, ਤਨ ਦੀ ਚਿਖਾ, ਅੰਕ ਦੀ ਅੰਬੀ, ਚੁੱਪ ਦੀ ਪੈੜ, ਇੱਕਲੇ ਤੋਂ ਇੱਕਲੇ ਦਾ ਸਫ਼ਰ ਦੀ ਰਚਨਾ।

### ਮੁੱਖ/ਕੇਂਦਰੀ ਸ਼ਬਦ:

ਪ੍ਰਯੋਗਸ਼ੀਲ---ਪ੍ਰਯੋਗ ਕਰਨ ਵਾਲੇ

ਪੰਖੇਰੂ---ਪੰਛੀ

ਬਾਗੀ---ਵਿਦਰੋਹੀ

ਮਕਬੂਲ---ਮਸ਼ਹੂਰ

ਬੇਹਾ --- ਪੁਰਾਣਾ

### ਸਵੈ-ਮੁਲਾਂਕਣ:

1 ਧਰਤੀ ਦਾ ਚਿਹਰਾ ਪੁਸਤਕ ਕਿਸ ਦੀ ਹੈ?

ੳ ਸੁਖਪਾਲਵੀਰ ਹਸਰਤ

ਅ ਅਜਾਇਬ ਕਮਲ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਤਾਰਾ ਸਿੰਘ

2 ਭਾਈ ਕਾਨ੍ਹ ਸਿੰਘ ਨਾਭਾ ਦੇ ਕੋਸ਼ ਦਾ ਕੀ ਨਾਂ ਹੈ?

ੳ ਮਹਾਨ ਕੋਸ਼

ਅ ਹਵਾ ਵਿਚ ਲਿਖੇ ਹਰਫ

ੲ ਬਿਰਖ ਅਰਜ਼ ਕਰੇ

ਸ ਹਨੇਰੇ ਵਿਚ ਸੁਲਗਦੀ ਵਰਣਮਾਲਾ

3 ਸੁਰਜੀਤ ਪਾਤਰ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਕਿਹੜਾ ਹੈ?

ੳ ਕੋਲਾਜ

ਅ ਹਵਾ ਵਿਚ ਲਿਖੇ ਹਰਫ

ੲ ਬਿਰਖ ਅਰਜ਼ ਕਰੇ

ਸ ਹਨੇਰੇ ਵਿਚ ਸੁਲਗਦੀ ਵਰਣਮਾਲਾ

4 ਸ਼ਕਤੀ ਨਾਦ ਪੁਸਤਕ ਕਿਸ ਦੀ ਹੈ?

ੳ ਸੁਖਪਾਲਵੀਰ ਹਸਰਤ

ਅ ਅਜਾਇਬ ਕਮਲ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਤਾਰਾ ਸਿੰਘ

5 ਸੁਰਜੀਤ ਪਾਤਰ ਨੂੰ ਕਿਸ ਕਾਵਿ- ਸੰਗ੍ਰਹਿ ਲਈ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਸੀ?

ੳ ਕੋਲਾਜ

ਅ ਹਵਾ ਵਿਚ ਲਿਖੇ ਹਰਫ

ੲ ਬਿਰਖ ਅਰਜ਼ ਕਰੇ

ਸ ਹਨੇਰੇ ਵਿਚ ਸੁਲਗਦੀ ਵਰਣਮਾਲਾ

6 ਕਾਗਜ਼ ਦਾ ਰਾਵਣ ਪੁਸਤਕ ਕਿਸ ਦੀ ਹੈ?

ੳ ਸੁਖਪਾਲਵੀਰ ਹਸਰਤ

ਅ ਅਜਾਇਬ ਕਮਲ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਤਾਰਾ ਸਿੰਘ

7 ਨੂਰ ਦਾ ਸਾਗਰ ਪੁਸਤਕ ਕਿਸ ਦੀ ਹੈ?

ੳ ਸੁਖਪਾਲਵੀਰ ਹਸਰਤ

ਅ ਅਜਾਇਬ ਕਮਲ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਤਾਰਾ ਸਿੰਘ

8 ਸਚ ਕੀ ਬੇਲਾ ਪੁਸਤਕ ਕਿਸ ਦੀ ਹੈ?

ੳ ਸੁਖਪਾਲਵੀਰ ਹਸਰਤ

ਅ ਅਜਾਇਬ ਕਮਲ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਤਾਰਾ ਸਿੰਘ

9 ਕਿਸ ਕਾਵਿ-ਰੂਪ ਨੂੰ ਅੰਗਰੇਜ਼ੀ ਵਿਚ ਫਰੀ ਵਰਸ ਕਿਹਾ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

10 ਪ੍ਰੋ. ਮੋਹਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਨਾ ਧੁੱਪੇ ਨਾ ਛਾਵੇਂ ਪੁਸਤਕ ਕਿਸ ਦੀ ਹੈ?

ੳ ਸੁਖਪਾਲਵੀਰ ਹਸਰਤ

ਅ ਅਜਾਇਬ ਕਮਲ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਹਰਿਭਜਨ ਸਿੰਘ

12 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਲਾਸ਼ਾਂ ਪੁਸਤਕ ਕਿਸ ਦੀ ਹੈ?

ੳ ਸੁਖਪਾਲਵੀਰ ਹਸਰਤ

ਅ ਅਜਾਇਬ ਕਮਲ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਹਰਿਭਜਨ ਸਿੰਘ

14 ਕੂੜ ਰਾਜਾ ਕੂੜ ਪਰਜਾ ਪੁਸਤਕ ਕਿਸ ਦੀ ਹੈ?

ੳ ਸੁਖਪਾਲਵੀਰ ਹਸਰਤ

ਅ ਅਜਾਇਬ ਕਮਲ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਹਰਿਭਜਨ ਸਿੰਘ

15 ਟੁੱਕੀਆਂ ਜੀਭਾਂ ਵਾਲੇ ਪੁਸਤਕ ਕਿਸ ਦੀ ਹੈ?

ੳ ਸੁਖਪਾਲਵੀਰ ਹਸਰਤ

ਅ ਅਜਾਇਬ ਕਮਲ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਹਰਿਭਜਨ ਸਿੰਘ

## ਅਭਿਆਸ ਪ੍ਰਸ਼ਨ

1. ਰੁਮਾਂਸਵਾਦ ਅਤੇ ਨਵਰਹੱਸਵਾਦ ਸਿਧਾਂਤਕ ਪਰਿਪੇਖ ਉਪਰ ਨੋਟ ਲਿਖੋ?
2. ਰੁਮਾਂਸਵਾਦੀ ਕਾਵਿਧਾਰਾ ਦੇ ਸਰੂਪ ਬਾਰੇ ਚਰਚਾ ਕਰੋ।
3. ਨਵ-ਰਹੱਸਵਾਂਦੀ ਕਾਵਿਧਾਰਾ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸਦਾ ਸਰੂਪ ਉਲੀਕੋ
4. ਅਧੁਨਿਕਤਾਵਾਦ ਸਿਧਾਂਤਕ ਪਰਿਪੇਖ ਉਪਰ ਨੋਟ ਲਿਖੋ?
5. ਆਧਨਿਕਤਾਵਾਦੀ ਕਾਵਿਧਾਰਾ ਦੇ ਸਰੂਪ ਬਾਰੇ ਚਰਚਾ ਕਰੋ।
6. ਪ੍ਰਯੋਗਸ਼ੀਲ ਕਾਵਿਧਾਰਾ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸਦਾ ਸਰੂਪ ਉਲੀਕੋ।

## ਸੰਦਰਭ ਪੁਸਤਕਾਂ:


1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.


## ਮਹੱਤਵਪੂਰਨ ਲਿੰਕ

https://www.youtube.com/watch?v=mOJ3xYyrzyg

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ਅ | 4. ੳ | 5.ਸ |
| 6. ੲ | 7. ੳ | 8. ੲ | 9. ਅ | 10. ਅ |
| 11.ਸ | 12. ਸ | 13. ਸ | 14. ੲ | 15. ਸ |

# ਅਧਿਆਇ-9 : ਆਧੁਨਿਕ ਪੰਜਾਬੀ ਕਵਿਤਾ ਦਾ ਪ੍ਰਵਿਰਤੀਮੂਲਕ ਅਧਿਐਨ-2

*Paramjit Singh, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਆਧੁਨਿਕ ਪੰਜਾਬੀ ਕਾਵਿ ਦੀਆਂ ਪਰਵਿਰਤੀਆਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਇਤਿਹਾਸਕ ਪਰਿਪੇਖ ਨੂੰ ਸਮਝਣ ਦੇ ਸਮਰੱਥ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਆਧੁਨਿਕ ਪੰਜਾਬੀ ਕਾਵਿ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਕਵਿਤਾ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਜੁਝਾਰਵਾਦ ਅਤੇ ਨਾਰੀਵਾਦ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਜੁਝਾਰਵਾਦ ਅਤੇ ਨਾਰੀਵਾਦ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਜੁਝਾਰਵਾਦੀ ਅਤੇ ਨਾਰੀਵਾਦੀ ਕਾਵਿਧਾਰਾ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ।

## ਵਿਸ਼ਾ ਵਸਤੂ:

ਆਧੁਨਿਕ ਪੰਜਾਬੀ ਕਾਵਿ ਵਿਚ ਇਤਿਹਾਸਕ ਕਾਲ-ਕ੍ਰਮ ਅਨੁਸਾਰ ਰਹੱਸਵਾਦੀ ਰੁਮਾਂਸਵਾਦੀ ਪ੍ਰਗਤੀਵਾਦੀ ਤੇ ਪ੍ਰਯੋਗਸ਼ੀਲ ਕਾਵਿ-ਧਾਰਾ ਤੋਂ ਬਾਅਦ ਜੁਝਾਰਵਾਦੀ ਕਾਵਿ-ਧਾਰਾ ਦਾ ਸਥਾਨ ਆਉਂਦਾ ਹੈ। ਜੁਝਾਰਵਾਦੀ ਕਾਵਿ-ਧਾਰਾ ਪੰਜਾਬੀ ਦੀ ਅਜਿਹੀ ਕਾਵਿ-ਧਾਰਾ ਹੈ ਜਿਹੜੀ ਸਿੱਧੇ ਤੌਰ 'ਤੇ ਰਾਜਸੀ ਸਥਿਤੀਆਂ ਤੋਂ ਪੈਦਾ ਹੋਈ ਪਰ ਇਸ ਦਾ ਪ੍ਰਭਾਵ ਰਾਜਸੀ ਸਥਿਤੀਆਂ ਦੇ ਬਦਲਣ ਨਾਲ ਖ਼ਤਮ ਨਹੀਂ ਹੋਇਆ। ਇਨ੍ਹਾਂ ਰਾਜਸੀ ਪ੍ਰਸਥਿਤੀਆਂ ਨੇ ਇਸ ਕਾਵਿ-ਧਾਰਾ ਨੂੰ ਸੁਚੇਤ ਰੂਪ ਵਿਚ ਵਿਸ਼ੇਸ਼ ਵਿਚਾਰਧਾਰਾਈ ਆਧਾਰ ਦਿੱਤਾ। ਇਸ ਕਾਵਿ-ਧਾਰਾ ਦੀ ਇਤਿਹਾਸਕ ਸਥਿਤੀ ਅਤੇ ਪ੍ਰਕਿਰਤੀ ਕਰਕੇ ਉਨ੍ਹਾਂ ਇਤਿਹਾਸਕ ਹਾਲਤਾਂ ਨੂੰ ਜਾਣਨਾ ਜ਼ਰੂਰੀ ਹੋ ਜਾਂਦਾ ਹੈ ਜਿਨ੍ਹਾਂ ਵਿਚੋਂ ਇਹ ਪੈਦਾ ਹੋਈ।

ਜੁਝਾਰਵਾਦੀ ਕਾਵਿ-ਧਾਰਾ ਦੇ ਜੇਕਰ ਵਿਸ਼ੇਸ਼ ਸੰਦਰਭਾਂ ਬਾਰੇ ਦੇਖੀਏ ਤਾਂ ਇਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਏਸ਼ੀਆ ਤੇ ਅਫਰੀਕਾ ਵਿਚ ਚੱਲ ਰਹੇ ਲੋਕ ਸੰਘਰਸ਼ਾਂ ਨਾਲ ਵੀ ਸਬੰਧਿਤ ਹਨ। ਹਥਿਆਰਬੰਦ ਰੂਪ ਵਾਲੇ ਇਹ ਘੋਲ ਸਫਲਤਾ ਪ੍ਰਾਪਤ ਕਰਦੇ ਹਨ। ਸੋਵੀਅਤ ਯੂਨੀਅਨ ਇਨ੍ਹਾਂ ਦੇ ਘੋਲ ਦੀ ਹਮਾਇਤ ਕਰਦਾ ਹੈ। ਭਾਰਤ ਵਿਚ ਉਸ ਵੇਲੇ ਅੰਗਰੇਜ਼ਾਂ ਵਿਰੁੱਧ ਰਾਸ਼ਟਰਵਾਦੀ ਲਹਿਰ ਅਧੀਨ ਜਨਤਕ ਅੰਦੋਲਨ ਚੱਲ ਰਹੇ ਸਨ। ਅਜ਼ਾਦ ਭਾਰਤ ਲਈ ਪੰਡਿਤ ਨਹਿਰੂ ਦਾ ਮਿਸ਼ਰਿਤ ਅਰਥ-ਵਿਵਸਥਾ ਦਾ ਸਰੂਪ ਬਦਲਕੇ ਪੂੰਜੀਵਾਦੀ ਬਣਨਾ ਸ਼ੁਰੂ ਹੋ ਗਿਆ। ਇਸ ਵੇਲੇ ਭਾਰਤ ਦੇ ਗੁਆਂਢੀ ਮੁਲਕ ਚੀਨ ਵਿਚ ਸਮਾਜਵਾਦੀ ਇਨਕਲਾਬ ਦੀ ਘਟਨਾ ਨੇ ਭਾਰਤੀ ਕਮਿਊਨਿਸਟਾਂ ਨੂੰ ਵਧੇਰੇ ਪ੍ਰਭਾਵਿਤ ਕੀਤਾ। ਭਾਵੇਂ ਅਜ਼ਾਦੀ ਤੋਂ ਪਹਿਲਾਂ ਵੀ ਭਾਰਤ ਵਿਚ ਕਮਿਊਨਿਸਟ ਵਿਚਾਰਧਾਰਾ ਦੀ ਸਰਗਰਮੀ ਸੀ ਪਰ ਆਜ਼ਾਦ ਭਾਰਤ ਵਿਚ ਕਮਿਊਨਿਸਟਾਂ ਨੇ ਬਾਕਾਇਦਾ ਰਾਜਨੀਤਿਕ ਪਾਰਟੀ ਕਾਇਮ ਕੀਤੀ।

ਰੂਸੀ ਕ੍ਰਾਂਤੀ ਤੋਂ ਹੀ ਕਮਿਊਨਿਸਟ ਵਿਚਾਰਧਾਰਾ ਦਾ ਕੇਂਦਰ ਸੋਵੀਅਤ ਯੂਨੀਅਨ ਰਿਹਾ। ਇਸੇ ਕਰਕੇ ਸੋਵੀਅਤ ਯੂਨੀਅਨ ਵਿਚ ਵਾਪਰੀ ਹਰ ਘਟਨਾ ਨੇ ਦੁਨੀਆਂ ਭਰ ਦੇ ਕਮਿਊਨਿਸਟਾਂ ਨੂੰ ਪ੍ਰਭਾਵਿਤ ਕੀਤਾ। ਇਸੇ ਲਈ ਸੋਵੀਅਤ ਯੂਨੀਅਤ ਦੇ ਨੇਤਾ ਸਟਾਲਿਨ ਦੀ ਮੌਤ ਤੋਂ ਪਿਛੋਂ 1953 ਵਿਚ ਖੁਰਸ਼ਚੇਵ ਨੇ ਕਮਿਊਨਿਸਟ ਲਹਿਰ ਦਾ ਖਾਸਾ ਹੀ ਬਦਲ ਦਿੱਤਾ। ਉਸ ਨੇ ਅੰਤਰਰਾਸ਼ਟਰੀ ਪ੍ਰਸਥਿਤੀਆਂ ਦੇ ਬਦਲ ਜਾਣ ਦੀ ਗੱਲ ਕਰਦਿਆਂ ਸਮਾਜਵਾਦ ਲਈ ਹਥਿਆਰਬੰਦ ਕ੍ਰਾਂਤੀ ਦੀ ਥਾਂ ਸ਼ਾਂਤਮਈ ਤਰੀਕਿਆਂ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ। ਇਸ ਨਾਲ ਕੌਮਾਂਤਰੀ ਕਮਿਊਨਿਸਟ ਲਹਿਰ ਦੋ ਧੜਿਆਂ ਵਿਚ ਵੰਡੀ ਗਈ। ਇਕ ਧੜਾ ਸੋਵੀਅਤ ਕਮਿਊਨਿਸਟ ਪਾਰਟੀ ਦੇ ਸ਼ਾਂਤਮਈ ਤਰੀਕਿਆਂ ਦਾ ਹਾਮੀ ਸੀ ਦੂਜਾ ਧੜਾ ਚੀਨ ਸਮੇਤ ਹੋਰਨਾਂ ਮੁਲਕਾਂ ਦੀਆਂ ਉਨ੍ਹਾਂ ਕਮਿਊਨਿਸਟ ਪਾਰਟੀਆ ਨਾਲ ਸਹਿਮਤ ਸੀ ਜਿਹੜੀਆਂ ਹਥਿਆਰਬੰਦ ਸੰਘਰਸ਼ ਨੂੰ ਮਹੱਤਤਾ ਦਿੰਦੀਆਂ ਸਨ। ਇਸ ਵਾਦ ਵਿਵਾਦ ਵਿਚੋਂ ਖੁਰਸ਼ਚੇਵ ਅਤੇ ਉਸ ਦੇ ਸਾਥੀਆਂ ਨੂੰ 'ਸੋਧਵਾਦੀ' ਆਖਿਆ ਗਿਆ। ਇਸ ਪ੍ਰਕਿਰਿਆ ਦੇ ਅਸਰ ਹੇਠ ਭਾਰਤੀ ਕਮਿਊਨਿਸਟ ਪਾਰਟੀ ਵੀ ਆਈ। ਭਾਰਤੀ ਕਮਿਊਨਿਸਟ ਪਾਰਟੀ ਦੀਆਂ ਇਕੱਤਰਤਾਵਾਂ ਵਿਚ ਇਹ ਵਾਦ ਵਿਵਾਦ ਭਖਦਾ ਰਿਹਾ ਤੇ ਇਸ ਦਾ ਨਿਰਨਾਇਕ ਬਿੰਦੂ 1962 ਵਿਚ ਭਾਰਤ ਅਤੇ ਚੀਨ ਵਿਚਕਾਰ ਹੋਈ ਲੜਾਈ ਬਣ ਗਈ। ਭਾਰਤੀ ਕਮਿਊਨਿਸਟ ਪਾਰਟੀ ਲਈ ਇਹ ਸਮੱਸਿਆ ਪੈਦਾ ਹੋ ਗਈ ਕੇ ਉਹ ਚੀਨ ਨੂੰ ਹਮਲਾਵਰ ਆਖੇ ਜਾਂ ਨਾ। ਸੋਵੀਅਤ ਯੂਨੀਅਨ ਪੱਖੀ ਧੜੇ ਨੇ ਚੀਨ ਨੂੰ ਹਮਲਾਵਰ ਆਖ ਕੇ ਭਾਰਤ ਸਰਕਾਰ ਦੀ ਹਮਾਇਤ ਕੀਤੀ। ਦੂਜੇ ਪਾਸੇ ਕਮਿਊਨਿਸਟ ਪਾਰਟੀ ਦੇ ਇਕ ਧੜੇ ਨੇ ਇਹ ਕਿਹਾ ਕੇ ਇਸ ਲੜਾਈ ਲਈ ਭਾਰਤ ਤੇ ਚੀਨ ਦੋਵੇਂ ਜ਼ਿੰਮੇਵਾਰ ਹਨ। ਜਿਸ ਕਰਕੇ ਇਸ ਧੜੇ ਦੇ ਆਗੂਆਂ ਨੂੰ ਜ਼ੇਲ੍ਹਾਂ ਵਿਚ ਡੱਕ ਦਿੱਤਾ। 1964 ਵਿਚ ਜਦੋਂ ਇਨ੍ਹਾਂ ਨੂੰ ਜ਼ੇਲ੍ਹ ਵਿਚੋਂ ਰਿਹਾਅ ਕੀਤਾ ਗਿਆ ਤਾਂ ਇਨ੍ਹਾਂ ਨੇ ਨਵੀਂ ਪਾਰਟੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਬਣਾ ਲਈ। "ਭਾਵੇਂ ਇਸ ਪਾਰਟੀ ਨੇ ਵੀ ਪਾਰਲੀਮਾਨੀ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਨਹੀਂ ਸੀ ਤਿਆਗਿਆ ਪਰ ਤਿੱਖੇ ਖਾੜਕੂ ਘੋਲਾਂ ਅਤੇ ਹਥਿਆਰਬੰਦ ਇਨਕਲਾਬ ਦੀ ਸਮਰਥਕ ਸੀ। ਫਿਰ ਵੀ ਇਹ ਪੂਰੀ ਤਰ੍ਹਾਂ ਸਪਸ਼ਟ ਨਹੀਂ ਸੀ ਕਿ ਹਥਿਆਰਬੰਦ ਇਨਕਲਾਬੀ ਲਹਿਰ ਕਿਵੇਂ ਤੇ ਕਦੋਂ ਚਲਾਈ ਜਾਵੇਗੀ।"

ਉਸ ਵੇਲੇ ਪੱਛਮੀ ਬੰਗਾਲ ਵਿਚ ਖੇਤ ਮਜ਼ਦੂਰਾਂ ਕਬਾਇਲੀ ਲੋਕਾਂ ਅਤੇ ਛੋਟੇ ਕਿਸਾਨਾਂ ਦਾ ਸੰਘਰਸ਼ ਚੱਲ ਰਿਹਾ ਸੀ ਇਸ ਸੰਘਰਸ਼ ਦਾ ਰੁੱਖ ਹਥਿਆਰਬੰਦ ਢੰਗ ਨਾਲ ਵਿਆਪਕ ਤਬਦੀਲੀ ਅਤੇ ਬਰਾਬਰੀ ਦੀ ਸਮਾਜ ਸਿਰਜਣ ਦਾ ਸੀ। 1964 ਤੋਂ ਲੈ ਕੇ 1966 ਤਕ ਦੇ ਦੋ ਸਾਲ ਇਨ੍ਹਾਂ ਸੰਘਰਸ਼ ਕਰ ਰਹੇ ਲੋਕਾਂ ਨੇ ਆਪਣਾ ਹਥਿਆਰਬੰਦ ਸੰਘਰਸ਼ ਦਾ ਰਾਹ ਸਪਸ਼ਟ ਕਰ ਦਿੱਤਾ ਸੀ। ਇਸ ਸੰਘਰਸ਼ ਦਾ ਵਧੇਰੇ ਪ੍ਰਭਾਵ

ਦਾਰਜੀਲਿੰਗ ਜ਼ਿਲ੍ਹੇ ਵਿਚ ਸੀ। ਇਸ ਖੇਤਰ ਵਿਚ ਸੀ.ਪੀ. ਐਮ. ਦੀ ਜ਼ਿਲ੍ਹਾ ਕਮੇਟੀ ਵਿਚ 1965-1966 ਵਿਚ ਚਾਰੂ ਮਜ਼ੂਮਦਾਰ ਦੀ ਅਗਵਾਈ ਵਿਚ ਇਨ੍ਹਾਂ ਲੋਕਾਂ ਦੀਆਂ ਮੰਗਾਂ ਅਤੇ ਸੰਘਰਸ਼ ਦਾ ਖਾਕਾ ਉਲੀਕਦੇ ਅੱਠ ਦਸਤਾਵੇਜ਼ ਵੰਡੇ। 2 ਫਰਵਰੀ 1967 ਨੂੰ ਸੀ.ਪੀ. ਐਮ. ਦੀ ਭਾਈਵਾਲੀ ਵਾਲੀ ਖੱਬੇ ਫਰੰਟ ਦੀ ਸਰਕਾਰ ਬਣ ਗਈ। ਆਮ ਲੋਕਾਂ ਖਾਸ ਕਰ ਪਹਿਲਾਂ ਤੋਂ ਸੰਘਰਸ਼ ਕਰ ਰਹੇ ਲੋਕਾਂ ਵਿਚ ਇਹ ਆਸ ਬੱਝੀ ਕੇ ਜਗੀਰਦਾਰਾਂ ਤੋਂ ਵਾਧੂ ਜਮੀਨਾਂ ਖੋਹ ਕੇ ਲੋੜਵੰਦਾਂ ਨੂੰ ਦਿੱਤੀਆਂ ਜਾਣਗੀਆਂ ਅਤੇ ਸਾਹੂਕਾਰਾਂ ਦੇ ਕਰਜ਼ੇ ਵਾਪਸ ਨਹੀਂ ਮੋੜੇ ਜਾਣਗੇ। ਇਸ ਸਥਿਤੀ ਵਿਚ ਚਾਰੂ ਮਾਜੂਮਦਾਰ ਅਤੇ ਉਸ ਦੇ ਸਾਥੀ ਹਥਿਆਰਬੰਦ ਸੰਘਰਸ਼ ਕਰਨਾ ਚਾਹੁੰਦੇ ਸਨ ਪਰ "ਸੀ.ਪੀ.ਐਮ. ਦੀ ਭਾਰੂ ਲੀਡਰਸ਼ਿਪ ਇਹ ਸਮਝਦੀ ਸੀ ਕਿ ਹਥਿਆਰਬੰਦ ਸੰਘਰਸ਼ ਨੂੰ ਅਮਲੀ ਰੂਪ 'ਚ ਸ਼ੁਰੂ ਕਰਨ ਲਈ ਅਜੇ 'ਸਹੀ ਸਮਾਂ' ਨਹੀਂ ਹੈ ਭਾਵੇਂ ਕਿ ਇਸ ਦੀ ਤਿਆਰੀ ਲਈ ਉਹ ਪ੍ਰਚਾਰ ਕਰਦੇ ਰਹੇ ਸਨ।" ਪਰ ਚਾਰੂ ਮਾਜੂਮਦਾਰ ਅਤੇ ਉਸ ਦੇ ਸਾਥੀਆਂ ਨੇ ਜਾਗੀਰਦਾਰਾਂ ਤੇ ਸ਼ਾਹੂਕਾਰਾਂ ਵਿਰੁੱਧ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦਿੱਤਾ। ਇਸ ਨਾਲ ਸੀ.ਪੀ ਐਮ. ਵਿਚ ਫੁੱਟ ਪੈ ਗਈ। ਮਾਰਚ 1967 ਵਿਚ ਪਾਰਟੀ ਨੇ ਜਲਦੀ ਹੀ ਦਾਰਜੀਲਿੰਗ ਜ਼ਿਲ੍ਹਾ ਕਮੇਟੀ ਭੰਗ ਕਰਕੇ ਚਾਰੂ ਮਜੂਮਦਾਰ ਤੇ ਕਾਨੂੰ ਸਨਿਆਲ ਸਮੇਤ ਚਾਲੀ ਆਗੂਆਂ ਤੇ ਵਰਕਰਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਜਿਨ੍ਹਾਂ ਨੇ ਚਾਰੂ ਮਾਜੂਮਦਾਰ ਦੀ ਅਗਵਾਈ ਵਿਚ 'ਨਕਸਲਵਾੜੀ ਤੇ ਕ੍ਰਿਸ਼ਕ ਸੰਗਰਾਮ ਸਹਾਇਕ ਸੰਮਤੀ' (ਐਨ.ਕੇ.ਐਸ.ਐਸ.ਐਸ.) ਬਣਾ ਲਈ ਅਤੇ ਸੰਘਰਸ਼ ਸ਼ੁਰੂ ਕਰ ਦਿੱਤਾ। "ਐਨ.ਕੇ.ਐਸ.ਐਸ.ਐਸ ਦੀ ਕਾਇਮੀ ਤੇ ਦਾਰਜੀਲਿੰਗ ਚ ਸਪਸ਼ਟ ਦੁਫੇੜ ਉਭਰ ਆਉਣ ਤੋਂ ਪਿਛੋਂ ਹੋਰ ਵੀ ਕਈ ਨਵੇਂ ਗਰੁੱਪ ਉੱਭਰ ਆਏ ਜਿਹੜੇ ਮਾਓਵਾਦ ਤੋਂ ਪ੍ਰਭਾਵਿਤ ਸਨ ਤੇ ਹਥਿਆਰਬੰਦ ਸੰਘਰਸ਼ ਤੇ ਵਿਅਕਤੀਗਤ ਸਫਾਏ ਦੀ ਲਾਇਨ ਦੇ ਹਾਮੀ ਸਨ। ਇਨ੍ਹਾਂ ਚੋਂ ਕਈ ਤਾਂ ਸੀ.ਪੀ.ਐਮ. ਦੇ ਅੰਦਰੋਂ ਹੀ ਬਣੇ ਜਿਨ੍ਹਾਂ ਨੂੰ ਪਿਛੋਂ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਅਤੇ ਕਈ ਬਿਲਕੁਲ ਨਵੇਂ ਮੈਂਬਰਾਂ 'ਤੇ ਅਧਾਰਿਤ ਸਨ।" ਇਨ੍ਹਾਂ ਹਥਿਆਰਬੰਦ ਗਰੁੱਪਾਂ ਨੇ ਸਰਕਾਰ ਲਈ ਮੁਸ਼ਕਿਲਾਂ ਪੈਦਾ ਕਰ ਦਿੱਤੀਆਂ। '1967 ਵਿਚ ਪੱਛਮੀ ਬੰਗਾਲ ਦੀ ਖੱਬੇ ਪੱਖੀ ਸਰਕਾਰ ਨੇ ਸੰਘਰਸ਼ ਕਰ ਰਹੇ ਆਗੂਆਂ ਨਾਲ ਕਈ ਵਾਰ ਗੱਲਬਾਤ ਕਰਕੇ ਕਿਸੇ ਸਮਝੌਤੇ ਉਪਰ ਪਹੁੰਚਣਾ ਚਾਹਿਆ ਪਰ ਸਰਕਾਰ ਅਤੇ ਇਨਕਲਾਬੀਆਂ ਵਿਚ ਗੱਲਬਾਤ ਹੀ ਨਾ ਹੋ ਸਕੀ। ਇਸ ਪਿਛੋਂ ਸਰਕਾਰ ਨੇ ਆਪਣੇ ਢੰਗ ਨਾਲ 15 ਜੂਨ 1967 ਨੂੰ ਬਾਗੀ ਆਗੂਆਂ ਨੂੰ ਹਥਿਆਰਬੰਦ ਸੰਘਰਸ਼ ਦਾ ਰਾਹ ਛੱਡ ਕੇ ਸਰਕਾਰ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਜਿਸ ਦਾ ਬਾਗੀ ਆਗੂਆਂ ਨੇ ਕੋਈ ਹੰੁਗਾਰਾ ਨਾ ਭਰਿਆ। 22 ਜੂਨ ਨੂੰ ਦੂਜੀ ਅਪੀਲ ਕੀਤੀ ਅਤੇ 27 ਜੂਨ ਨੂੰ ਸਰਕਾਰ ਨੇ ਆਪਣੀ ਅਪੀਲ ਵਿਚ ਬਗਾਵਤ ਕਰ ਰਹੇ ਆਗੂਆਂ ਨੂੰ 4 ਜੁਲਾਈ ਤੱਕ ਆਪਣੀਆਂ ਕਾਰਵਾਈਆਂ ਬੰਦ ਕਰਨ ਦੀ ਚਿਤਾਵਨੀ ਦਿੱਤੀ।'

ਬਗਾਵਤੀ ਆਗੂਆਂ ਦੇ ਨਾ-ਮੰਨਣ ਤੋਂ ਬਾਅਦ ਹਾਲਾਤ ਗੰਭੀਰ ਹੋ ਗਏ। ਇਸ ਬਾਰੇ ਬਲਵੀਰ ਪਰਵਾਨਾ ਨੇ ਲਿਖਿਆ ਹੈ:

4 ਜੁਲਾਈ ਤੋਂ ਪਿੱਛੋਂ ਜਿੱਥੇ ਪੁਲਿਸ ਜਬਰ ਦਾ ਰਾਜ ਹੋ ਗਿਆ ਉਥੇ ਵਿਰੋਧ 'ਚ ਬਗਾਵਤੀ ਕਾਰਵਾਈਆਂ ਵਿਚ ਵੀ ਤੇਜ਼ੀ ਆਈ। ਨਕਸਲਬਾੜੀ ਕਸਬੇ ਦੇ ਬਾਜ਼ਾਰ ਵਿਚ ਜਗੀਰਦਾਰਾਂ ਤੇ ਕਾਂਗਰਸੀਆਂ ਨੇ ਇਕ ਗਰੀਬ ਸੰਥਾਲ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਇਸ ਘਟਨਾ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਪੁਲਿਸ ਜਬਰ ਦੇ ਬਾਵਜੂਦ ਅਨੇਕਾਂ ਰੋਸ ਵਿਖਾਵੇ ਹੋਏ ਜਿਹਨਾਂ 'ਚ 5000 ਤੋਂ 10000 ਤੱਕ ਗਿਣਤੀ ਹੁੰਦੀ ਸੀ। ਜੂਨ 67 ਤੋਂ ਅਗਸਤ 67 ਤੱਕ ਬੁਰਾਗੰਜ ਦਾ ਇਲਾਕਾ 'ਮੁਕਤ ਇਲਾਕਾ' ਰਿਹਾ ਜਿੱਥੇ ਇਨਕਲਾਬੀਆਂ ਦੀ ਮੁਕਾਬਲੇ ਦੀ ਸਰਕਾਰ ਸੀ। ਸਾਰੇ ਜਗੀਰਦਾਰਾਂ ਤੋਂ ਹਥਿਆਰ ਜਮ੍ਹਾਂ ਕਰਵਾ ਲਏ ਗਏਉਨ੍ਹਾਂ ਦੀਆਂ ਜ਼ਮੀਨਾਂ ਵੰਡ ਦਿੱਤੀਆਂ ਤੇ ਸ਼ਾਹੂਕਾਰਾ ਦਾਅਵੇ ਰੱਦ ਕਰ ਦਿੱਤੇ ਗਏ।

ਇਨ੍ਹਾਂ ਬਗਾਵਤੀ ਕਾਰਵਾਈਆਂ ਦਾ ਕੇਂਦਰ ਨਕਸਲਵਾੜੀ ਇਲਾਕਾ ਸੀ ਇਸ ਕਰਕੇ ਇਸ ਦਾ ਨਾਂ ਨਕਸਲਵਾੜੀ ਬਗਾਵਤ ਪੈ ਗਿਆ ਅਤੇ ਹੌਲੀ-ਹੌਲੀ ਇਸ ਦਾ ਪ੍ਰਭਾਵ ਪੱਛਮੀ ਬੰਗਾਲ ਬਿਹਾਰ ਪੰਜਾਬ ਮਹਾਂਰਾਸ਼ਟਰ ਯੂ.ਪੀ. ਜੰਮੂ ਕਸ਼ਮੀਰ ਅਤੇ ਕੇਰਲ ਆਦਿ ਥਾਵਾਂ 'ਤੇ ਵੀ ਪਿਆ। ਇਸ ਲਾਇਨ ਦੇ ਸਮਰਥਕਾਂ ਨੂੰ ਨੈਕਸਲਾਇਟ ਜਾਂ ਨਕਸਲਵਾੜੀ ਕਿਹਾ ਜਾਣ ਲੱਗਾ। ਇਸ ਵੇਲੇ 'ਕੋਆਰਡੀਨੇਸ਼ਨ ਕਮੇਟੀ ਆਫ ਰੈਵੋੋਲੂਸ਼ਨਰੀ' ਬਣੀ ਅਤੇ ਬਾਅਦ ਵਿਚ 22 ਅਪ੍ਰੈਲ 1969 ਨੂੰ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸੀ ਲੈਨਿਨੀ) ਬਣੀ। ...2 ਅਪ੍ਰੈਲ 1970 ਦੇ ਪੀਕਿੰਗ ਰੇਡੀਓ ਦੇ ਇਕ ਪ੍ਰਸਾਰਨ ਅਨੁਸਾਰ ਭਾਰਤ ਵਿਚ 46 ਥਾਵਾਂ ਉਪਰ ਹਥਿਆਰਬੰਦ ਸੰਘਰਸ਼ ਚੱਲ ਰਿਹਾ ਸੀ। ਪੱਛਮੀ ਬੰਗਾਲ ਬਿਹਾਰ ਹਿਮਾਚਲ ਪ੍ਰਦੇਸ ਉਤਰ ਪ੍ਰਦੇਸ ਉੜੀਸਾ ਆਸਾਮ ਤਰੀਪੁਰਾ ਆਂਧਰਾ ਪ੍ਰਦੇਸ ਸਮੇਤ ਪੰਜਾਬ ਦੇ ਹੁਸ਼ਿਆਰਪੁਰ ਜਲੰਧਰ ਬਠਿੰਡਾ ਸੰਗਰੂਰ ਪਟਿਆਲਾ ਤੇ ਰੋਪੜ ਦੇ ਇਲਾਕਿਆਂ ਵਿਚ ਹਥਿਆਰਬੰਦ ਸੰਘਰਸ਼ ਦੀ ਗੱਲ ਕੀਤੀ ਗਈ।

ਪੰਜਾਬ ਭਰ ਵਿਚ 13 ਅਪ੍ਰੈਲ 1968 ਦੀ ਸਵੇਰ ਨੂੰ ਹੇਠ ਲਿਖੀ ਇਬਾਰਤ ਵਾਲਾ ਲਾਲ ਰੰਗ ਵਿਚ ਛਪਿਆ ਵੱਡੇ ਆਕਾਰ ਦਾ ਪਹਿਲਾ ਪੋਸਟਰ ਲਾਇਆ ਗਿਆ।

ਵੀਅਤਨਾਮ ਦਾ ਰਾਹ :

ਨਕਸਲਬਾੜੀ ਦਾ ਰਾਹ : ਸਾਡਾ ਰਾਹ

ਲੋਕਾਂ ਦੀ ਮੁਕਤੀ ਦਾ ਰਾਹ-ਚੋਣਾਂ ਨਹੀਂ

ਇਨਕਲਾਬੀ ਤੇ ਖਾੜਕੂ ਜੱਦੋਜਹਿਦਾਂ ਹਨ

ਵੱਲੋਂ :

ਮਾਰਕਸਵਾਦੀ ਪਾਰਟੀ ਦੇ ਇਨਕਲਾਬੀਆਂ

ਦੀ ਤਾਲਮੇਲ ਕਮੇਟੀ ਦੀ ਤਿਆਰੀ ਕਮੇਟੀ ਪੰਜਾਬ

ਬਲਵੀਰ ਪਰਵਾਨਾ ਅਨੁਸਾਰ : "ਇਸ ਪੋਸਟਰ ਦੇ ਲੱਗੇ ਹੋਣ ਨੇ ਪੁਲੀਸ ਪ੍ਰਸ਼ਾਸਨ ਦੇ ਨਾਲ-ਨਾਲ ਰਾਜਸੀ ਲੋਕਾਂ ਨੂੰ ਵੀ ਅਚੰਭੇ ਵਿਚ ਪਾ ਦਿੱਤਾ ਕਿਉਂਕਿ ਅਜੇ ਤੱਕ ਇਹ ਕਿਸੇ ਦੀ ਵੀ ਸਮਝ ਦਾ ਹਿੱਸਾ ਨਹੀਂ ਸੀ ਬਣਿਆ ਕਿ ਪੰਜਾਬ 'ਚ ਵੀ ਨਕਸਲਬਾੜੀ ਵਿਚਾਰਾਂ ਵਾਲੇ ਜਥੇਬੰਦਕ ਤੌਰ 'ਤੇ ਏਡੇ ਤਕੜੇ ਹੋ ਸਕਦੇ ਹਨ। ਉਂਜ ਜੇਡੀ ਵੱਡੀ ਇਹ ਕਾਰਵਾਈ ਸੀ ਉਹ ਹੈ ਵੀ ਭੁਲੇਖਾਪਾਊ ਹੀ ਸੀ।" ਇਹੋ ਜਿਹੀਆਂ ਕਾਰਵਾਈਆਂ ਕੁਝ ਕਵਿਤਾਵਾਂ ਦਾ ਆਧਾਰ ਵੀ ਬਣਦੀਆਂ ਹਨ। ਨਕਸਲਬਾੜੀ ਲਹਿਰ ਮੁੱਖ ਤੌਰ 'ਤੇ ਮਾਓ ਦੇ ਇਸ ਨਾਅਰੇ ਨੂੰ ਆਧਾਰ ਬਣਾ ਕੇ ਚੱਲਦੀ ਹੈ ਕਿ 'ਰਾਜਸੀ ਸੱਤਾ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ'।

ਇਸਦੇ ਨਾਲ ਹੀ ਇਸ ਸਥਿਤੀ ਦਾ ਧੁਰਾ ਨਕਸਲਬਾੜੀ ਲਹਿਰ ਦੇ ਨਾਅਰਿਆਂ ਵਿਚ ਦੇਖਿਆ ਜਾ ਸਕਦਾ ਹੈ। ਜੋ ਨਾਅਰੇ ਹੇਠ ਲਿਖੇ ਹਨ:

1. ਪਿੰਡਾਂ ਵਿਚ ਕਿਸਾਨ ਕਮੇਟੀਆਂ ਦੀ ਸੱਤਾ ਕਾਇਮ ਕਰਨਾ।

2. ਸਮੁੱਚੀ ਕਿਸਾਨੀ ਨੂੰ ਹਥਿਆਰਬੰਦ ਤੇ ਜਥੇਬੰਦ ਕਰਨਾ ਤੇ ਰਵਾਇਤੀ ਹਥਿਆਰਾਂ ਦੀ ਵਰਤੋਂ ਕਰਨਾ।

3. ਜ਼ਮੀਨ ਦਾ ਪੁਨਰ ਬਟਵਾਰਾ ਕਰਨਾ।

4. ਜਮਾਤੀ ਦੁਸ਼ਮਣਾਂ ਦਾ ਸਫ਼ਾਇਆ ਕਰਨਾ।

5. ਗੁਰੀਲਾ ਦਸਤੇ ਤਿਆਰ ਕਰਨੇ ਅਤੇ ਲੋਕਮੁਕਤੀ ਫ਼ੌਜ ਕਾਇਮ ਕਰਨੀ।

ਇਸ ਬਗ਼ਾਵਤ ਨੇ ਪੰਜਾਬ ਦੇ ਰਾਜਸੀ ਦ੍ਰਿਸ਼ ਨੂੰ ਵੀ ਪ੍ਰਭਾਵਿਤ ਕੀਤਾ। 1968 ਦੇ ਆਰੰਭ ਵਿਚ ਪੰਜਾਬ ਵਿਚ ਨਕਸਲਬਾੜੀ ਲਹਿਰ ਭੜਕ ਉੱਠੀ। ਭਾਵੇਂ ਇਸ ਲਹਿਰ ਦਾ ਸਥਾਪਤੀ ਵੱਲੋਂ ਛੇਤੀ ਵੱਡੇ ਪੱਧਰ 'ਤੇ ਦਮਨ ਕਰ ਦਿੱਤਾ ਗਿਆ ਪਰ ਇਹ ਲਹਿਰ ਨਾਲ ਜੁੜੇ ਆਗੂਆਂ ਤੇ ਕਾਰਕੁੰਨਾਂ ਦੇ ਕਤਲ 1979 ਤਕ ਚਲਦੇ ਰਹੇ ਅਤੇ ਇਸ ਲਹਿਰ ਨਾਲ ਸਬੰਧਿਤ ਸਾਹਿਤਕਾਰਾਂ ਤੇ ਚਿੰਤਕਾਂ ਦੇ ਕਤਲ ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਵੀ ਹੁੰਦੇ ਰਹੇ ਭਾਵੇਂ ਕੁਝ ਕਤਲਾਂ ਦਾ ਕਾਰਨ ਪੰਜਾਬ ਸੰਕਟ ਵੀ ਬਣਦਾ ਹੈ। ਰਾਜਸੀ ਖੇਤਰ ਦੀ ਥਾਂ ਇਸ ਲਹਿਰ ਨੇ ਸਾਹਿਤਕਾਰਾਂ ਖਾਸਕਰ ਕਵਿਤਾ ਦੇ ਖੇਤਰ ਵਿਚ ਵਡੇਰਾ ਪ੍ਰਭਾਵ ਪਾਇਆ।

ਸਾਹਿਤਕ ਤੌਰ 'ਤੇ ਪੰਜਾਬੀ ਵਿਚ ਨਾਬਰ ਸੁਰ ਵਾਲੇ ਸਾਹਿਤ ਦੀ ਕਦੇ ਵੀ ਅਣਹੋਂਦ ਨਹੀਂ ਰਹੀ। ਨਾਬਰੀ ਦੀ ਸੁਰ ਮੱਧਕਾਲੀ ਕਾਵਿ ਦੀਆਂ ਸਾਰੀਆਂ ਧਾਰਾਵਾਂ ਵਿਚ ਵੀ ਰਹੀ ਹੈ ਪ੍ਰਾਚੀਨ ਧਾਰਮਿਕ ਕਾਵਿ ਤੋਂ ਬਾਅਦ ਮੱਧਕਾਲ ਵਿਚ ਸਾਹਿਤ ਅੰਦਰ ਵਿਦਰੋਹੀ ਅੰਸ਼ ਮਿਲਣੇ ਸ਼ੁਰੂ ਹੋ ਜਾਂਦੇ ਹਨ। ਮੱਧਕਾਲੀ ਸਾਹਿਤ ਵਿਚ ਜਦੋਂ ਸੰਤਾਂ, ਭਗਤਾਂ, ਗੁਰੂਆਂ, ਸੂਫ਼ੀਆਂ ਆਦਿ ਨੂੰ ਸਮਾਜ ਵਿਚ ਪ੍ਰਚਲਿਤ ਕਰਮ ਕਾਂਡਾਂ, ਊਚ-ਨੀਚ, ਛੂਆ-ਛੂਤ, ਆਦਿ ਬੁਰਾਈਆਂ ਵਿਰੁੱਧ ਵਿਦਰੋਹੀ-ਕਾਵਿ ਰਚਿਆ। ਭਗਤੀ-ਕਾਵਿ ਵਿਚੋਂ ਭਗਤ ਕਬੀਰ ਤੇ ਭਗਤ ਰਵਿਦਾਸ, ਸੂਫ਼ੀ-ਕਾਵਿ ਵਿਚੋਂ ਬੁੱਲੇ ਸ਼ਾਹ, ਕਿੱਸਾ-ਕਾਵਿ ਵਿਚੋਂ ਵਾਰਿਸ ਤੇ ਪੀਲੂ, ਬੀਰ-ਕਾਵਿ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਕਾਵਿਕ ਵਿਦਰੋਹ ਸਿਖਰ 'ਤੇ ਸੀ ਖਾਸਕਰ ਚੰਡੀ ਦੀ ਵਾਰ ਅਤੇ ਜ਼ਫ਼ਰਨਾਮਾ। ਆਧੁਨਿਕ ਕਾਲ ਵਿਚ ਗ਼ਦਰ ਕਾਵਿ ਵਿਚ ਵੀ ਨਾਬਰੀ ਦੀ ਸੁਰੀ ਰਹੀ ਹੈ। ਇਥੋਂ ਤਕ ਕਿ ਗ਼ਦਰ ਕਾਵਿ ਵਿਚ ਹਥਿਆਰਬੰਦ ਸੰਘਰਸ਼ ਦੀ ਗੱਲ ਮਿਲ ਜਾਂਦੀ ਹੈ ਪਰ ਜੁਝਾਰਵਾਦੀ ਕਾਵਿ-ਧਾਰਾ ਦਾ ਇਸ ਪੱਖੋਂ ਵਿਸ਼ੇਸ਼ ਸਥਾਨ ਹੈ ਕਿ ਇਹ ਮੁੱਖ ਤੌਰ 'ਤੇ ਆਪਣੇ ਵਿਚਾਰਧਾਰਕ ਆਧਾਰ ਕਾਰਨ ਹਥਿਆਰਬੰਦ ਸੰਘਰਸ਼ ਨੂੰ ਪਹਿਲ ਦਿੰਦੀ ਹੈ। ਜੁਝਾਰਵਾਦੀ ਕਾਵਿ-ਧਾਰਾ ਤੋਂ ਤੁਰੰਤ ਪਹਿਲਾਂ ਪੰਜਾਬੀ ਵਿਚ ਪ੍ਰਗਤੀਵਾਦੀ ਤੇ ਪ੍ਰਯੋਗਸ਼ੀਲ ਕਾਵਿ-ਧਾਰਾਵਾਂ ਪ੍ਰਚੱਲਿਤ ਹੋ ਚੁੱਕੀਆਂ ਸਨ ਤੇ ਕਿਸੇ ਨਾ ਕਿਸੇ ਪੱਧਰ 'ਤੇ ਕਾਰਜਸ਼ੀਲ ਵੀ ਸਨ। ਪ੍ਰਗਤੀਵਾਦੀ ਕਾਵਿ-ਧਾਰਾ ਦਾ ਆਧਾਰ 1936 ਦੀ ਲਖਨਊ ਕਾਨਫ਼ਰੰਸ ਬਣੀ ਸੀ ਤੇ

ਆਜ਼ਾਦੀ ਤੋਂ ਬਾਅਦ ਇਹ ਖੜੋਤ ਦਾ ਸ਼ਿਕਾਰ ਬਣ ਰਹੀ ਸੀ ਤੇ ਪ੍ਰਯੋਗਸ਼ੀਲ ਕਾਵਿ-ਧਾਰਾ ਦਾ ਕੋਈ ਸਮਾਜਿਕ ਸਮੂਹਿਕਤਾ ਵਾਲਾ ਆਧਾਰ ਨਹੀਂ ਸੀ। ਇਸੇ ਸੰਦਰਭ ਵਿਚ ਡਾ. ਰਾਜਿੰਦਰ ਪਾਲ ਸਿੰਘ ਨੇ ਲਿਖਿਆ ਹੈ:

ਕਮਿਊਨਿਸਟ ਸਿਆਸਤ ਦੀ ਨਿਸ਼ਕ੍ਰਿਆਸ਼ੀਲਤਾ ਪ੍ਰਗਤੀਵਾਦੀ ਸਾਹਿਤ ਨੂੰ ਵੀ ਜੜ੍ਹ ਕਰਨ ਲੱਗੀ। ਪੰਜਾਬੀ ਸਾਹਿਤ ਵਿਚ ਇਸੇ ਸਮੇਂ ਪ੍ਰਯੋਗਸ਼ੀਲ ਲਹਿਰ ਨੇ ਪ੍ਰਗਤੀਵਾਦੀ ਸਾਹਿਤ ਦੀ ਜਮੂਦਤਾ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਪਰ ਆਪਣੀਆਂ ਮੱਧ-ਸ੍ਰੇਣਿਕ ਸੇਵਾਵਾਂ ਕਾਰਨ ਇਹ ਵਿਅਕਤੀਗਤ ਲਹਿਰ ਬਹੁਤੀ ਪ੍ਰਵਾਨਗੀ ਹਾਸਲ ਨਾ ਕਰ ਸਕੀ। ਪ੍ਰਗਤੀਵਾਦੀ ਸਾਹਿਤ ਦੀ ਅਸਲ ਜਮੂਦ ਨੂੰ ਨਕਸਲਬਾੜੀ ਲਹਿਰ ਦੇ ਸਾਹਿਤ ਨੇ ਤੋੜਿਆ... ਜਿਸ ਵਿਚ ਮੁੱਖ ਰੂਪ ਵਿਚ ਹਥਿਆਰਬੰਦ ਇਨਕਲਾਬ ਦੀ ਗੱਲ ਕੀਤੀ ਜਾਂਦੀ ਹੈ।

ਅਸਲ ਵਿਚ ਇਕ ਤਰ੍ਹਾਂ ਨਾਲ ਇਹ ਜੁਝਾਰਵਾਦੀ ਕਾਵਿ-ਧਾਰਾ ਸਿੱਧੇ ਤੌਰ 'ਤੇ ਨਕਸਲਬਾੜੀ ਲਹਿਰ ਵਿਚ ਕਿਸੇ ਨਾ ਕਿਸੇ ਪੱਧਰ 'ਤੇ ਸਰਗਰਮ ਕਾਰਕੁੰਨਾਂ ਜਾਂ ਹਮਦਰਦਾਂ ਵਲੋਂ ਸ਼ੁਰੂ ਕੀਤੀ ਗਈ ਸੀ। ਇਸ ਧਾਰਨਾ ਦੀ ਇਤਿਹਾਸਕ ਗਵਾਹੀ ਦਿੰਦਾ ਹੋਇਆ ਅਮਰਜੀਤ ਚੰਦਨ ਲਿਖਦਾ ਹੈ ਕਿ 1968 ਦੇ ਸ਼ੁਰੂ ਵਿਚ ਮੈਂ ਜਲੰਧਰ ਚੰੜੀਗੜ੍ਹ ਤੇ ਪਟਿਆਲੇ ਦੇ ਕਾਮਰੇਡਾਂ ਨਾਲ ਰਲ ਕੇ ਪੰਜਾਬੀ ਦਾ ਪਹਿਲਾ ਸਾਹਿਤਕ ਅੰਡਰਗਰਾਊਂਡ ਪਰਚਾ 'ਦਸਤਾਵੇਜ਼' ਸ਼ੁਰੂ ਕੀਤਾ। ਇਸਦੇ ਕੁਲ ਸੱਤ ਅੰਕ ਛਪੇ। ਕੁਝ ਸਾਈਕਲੋਸਟਾਇਲ ਤੇ ਕੁਝ ਛਾਪੇਖਾਨੇ ਵਿਚ। ਕੁਝ ਰਚਨਾਵਾਂ ਅਸਲੀ ਨਾਵਾਂ ਥੱਲੇ ਛਪਦੀਆਂ ਸਨ ਤੇ ਕੁਝ ਫਰਜ਼ੀ ਨਾਵਾਂ ਹੇਠ। ਪੰਜਾਬੀ ਸਾਹਿਤ ਵਿਚ ਜੁਝਾਰੂ ਜਾਂ ਇਨਕਲਾਬੀ ਕਵਿਤਾ ਦਾ ਮੁੱਢ ਇਸੇ ਪਰਚੇ ਨਾਲ ਬੱਝਾ। ਪਾਸ਼ ਸੰਤ ਰਾਮ ਉਦਾਸੀ ਦਰਸ਼ਨ ਖਟਕੜ ਸਭ ਤੋਂ ਪਹਿਲਾਂ ਇਸੇ ਪਰਚੇ ਵਿਚ ਛਪ ਕੇ ਚਰਚਾ ਦਾ ਮਰਕਜ਼ ਬਣੇ ਸਨ। ਪਾਸ਼ ਦੇ ਪਿੰਡ ਤਲਵੰਡੀ ਸਲੇਮ ਅੰਡਰਗਰਾਊਂਡ ਕਾਮਰੇਡ ਬੂਝਾ ਸਿੰਘ ਦਰਸ਼ਨ ਖਟਕੜ ਰਵਿੰਦਰ ਇਕਬਾਲ ਤੇ ਹੋਰਾਂ ਦਾ ਇੱਕ ਤਰ੍ਹਾਂ ਅੱਡਾ ਬਣ ਗਿਆ ਸੀ। ਪਾਸ਼ ਨੇ ਆਪਣੇ ਖੂਹ 'ਤੇ ਭੋਰਾ ਪੁੱਟਿਆ ਹੋਇਆ ਸੀ ਜਿਸ ਵਿਚ ਮਾਓ ਤੇ ਹੋ ਚੀ ਮਿੰਨ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਇਸ ਧਾਰਨਾ ਤੋਂ ਇਹ ਵੀ ਸਪਸ਼ਟ ਹੰੁਦਾ ਹੈ ਕਿ ਜੁਝਾਰੂ ਸਾਹਿਤ ਵਿਚ ਮੁਖ ਸਾਹਿਤ ਰੂਪ ਕਵਿਤਾ ਹੀ ਸੀ। ਇਸ ਧਾਰਨਾ ਨਾਲ ਇਹ ਵੀ ਸਪਸ਼ਟ ਹੁੰਦਾ ਹੈ ਕਿ ਕਵਿਤਾ ਹੀ ਅਜਿਹਾ ਸਾਹਿਤ ਰੂਪ ਹੈ ਜੋ ਕਿਸੇ ਲਹਿਰ ਦੀਆਂ ਭਾਵਨਾਵਾਂ ਨੂੰ ਲਹਿਰ ਦੇ ਨਾਲ-ਨਾਲ ਪੇਸ਼ ਕਰਨ ਅਤੇ ਪ੍ਰਭਾਵਿਤ ਕਰਨ ਦੇ ਸਮਰੱਥ ਹੈ।

**ਪਾਸ਼**

ਪਾਸ਼ ਨੂੰ ਜੁਝਾਰੂ ਵਿਰੋਧੀ ਕਵਿਤਾ ਦੀ ਮੁੱਖ ਸੁਰ ਆਖਿਆ ਜਾ ਸਕਦਾ ਹੈ।ਉਸ ਦੀ ਕਵਿਤਾ ਵਿਚ ਵਿਸ਼ੇ ਅਤੇ ਰੂਪ ਪੱਖੋਂ ਵਿਦਰੋਹ ਹੈ।ਇਕ ਵਿਦਵਾਨ ਦੇ ਸ਼ਬਦਾਂ ਵਿਚ"ਪਾਸ਼ ਦੀ ਕਵਿਤਾ ਪੁਰਾਤਨ ਪਰੰਪਰਾ ਤੇ ਸਮਾਜਿਕ ਪ੍ਰਬੰਧ ਵਿਰੁੱਧ ਹੀ ਵਿਦਰੋਹ ਨਹੀਂ ਸੀ।ਇਹ ਕਵਿਤਾ ਦੇ ਪੁਰਾਣੇ ਰਵਾਇਤੀ ਮਾਪਦੰਡਾਂ ਤੇ ਕਾਵਿ ਰੂਪਾਂ ਵਿਰੁੱਧ ਵੀ ਵਿਦਰੋਹ ਸੀ।ਇਸੇ ਲਈ ਪਾਸ਼ ਨੇ ਆਪਣੇ ਵਿਚਾਰਾਂ ਨੂੰ ਪੂਰੀ ਸ਼ਿੱਦਤ ਨਾਲ ਬਿਆਨ ਲਈ ਨਵੇਂ ਕਾਵਿ ਰੂਪ ਦੀ ਵਰਤੋਂ ਕੀਤੀ।"

ਆਪਣੀ ਕਵਿਤਾ ਵਿਚ ਪਾਸ਼ ਨੇ ਨੇਤਾਵਾਂ ਉਪਰ ਸਿੱਧੀ ਚੋਟ ਕੀਤੀ ਅਤੇ ਕਿਹਾ ਕਿ ਉਹ ਆਪਣਾ ਸਮਾਜਿਕ ਕਰਤੱਵ ਠੀਕ ਤਰ੍ਹਾਂ ਨਾ ਨਿਭਾ ਕੇ ਲੋਕਾਂ ਨਾਲ ਧਰੋਹ ਕਰਦੇ ਹਨ।ਇਹ ਲਿਖਦਾ:

ਤੁਸੀਂ ਕਿੱਕਰਾਂ ਦੇ ਢੀਮਾ ਹੋ

ਜਾਂ ਟੁੱਟਿਆ ਹੋਇਆ ਟੋਕਰਾ

ਜੋ ਕੁਝ ਵੀ ਚੁੱਕਣ ਤੋਂ ਅਸਮਰਥ ਹੈ

**ਲਾਲ ਸਿੰਘ ਦਿਲ**

ਲਾਲ ਸਿੰਘ ਦਿਲ ਉਹ ਕਵੀ ਹੈ,ਜੋ ਨਿਸੰਗ ਹੋ ਕੇ ਸਮਾਜ ਦੇ ਠੇਕੇਦਾਰ ਨੂੰ ਵੰਗਾਰਦਾ ਹੈ ਅਤੇ ਸਪਸ਼ਟ ਤੌਰ 'ਤੇ ਕਹਿੰਦਾ ਹੈ ਕਿ ਸਮਾਜ ਠੀਕ ਤਰਾਂ ਨਹੀਂ ਚੱਲ ਰਿਹਾ ਅਤੇ ਲੋਕਾਂ ਦੀਆਂ ਆਸ਼ਾਵਾਂ ਠੀਕ ਤਰਾਂ ਨਾਲ ਪੂਰੀਆਂ ਨਹੀਂ ਹੋ ਰਹੀਆਂ।ਉਹ ਇਨਕਲਾਬੀ ਸੁਰ ਵਿਚ ਕਹਿੰਦਾ ਹੈ ਕਿ ਕੇਵਲ ਸ਼ਬਦਾਂ ਨਾਲ ਕੁਝ ਨਹੀਂ ਬਣਨਾ,ਕੁਝ ਕਰਨ ਦੀ ਲੋੜ ਜਰੂਰੀ ਹੈ:

ਸ਼ਬਦ ਤਾਂ ਕਹੇ ਜਾ ਚੁਕੇ ਹਨ

ਸਾਥੋਂ ਵੀ ਪਹਿਲਾਂ ਦੇ ਅਤੇ ਅ ਸਾਥੋਂ ਵੀ ਬਹੁਤ ਬਾਅਦ ਦੇ।

**ਦਰਸ਼ਨ ਖਟਕੜ**

ਦਰਸ਼ਨ ਖਟਕੜ ਇੱਕ ਹੋਰ ਜੁਝਾਰੂ ਕਵੀ ਹੈ ਜਿਸ ਨੇ ਆਪਣੀ ਕਵਿਤਾ ਅੰਦਰ ਰਲੀ ਰੋਸ ਦੀ ਸੁਰ ਨੂੰ ਪੂਰੀ ਤਾਕਤ ਨਾਲ ਉਭਾਰਿਆ ਹੈ।ਉਹ ਇੱਕ ਤਾਂ ਕਹਿੰਦਾ ਹੈ:

ਯਾਰ ਸਾਡੇ ਦੀਪ ਸਿੰਘ

ਆਪਣਾ ਕੁਝ ਵੀ ਵੰਡਿਆ ਨਹੀਂ

ਜਾਂਚ ਤਾਂ ਦਸ ਸੀਸ ਤਲੀ'ਤੇ ਕਿਵੇਂ ਟਿਕਦਾ ਹੈ।

**ਹਰਭਜਨ ਹਲਵਾਰਵੀ**

ਹਰਭਜਨ ਹਲਵਾਰਵੀ ਵੀ ਅਜਿਹਾ ਕਵੀ ਹੈ,ਜਿਸ ਦੀ ਕਵਿਤਾ ਅੰਦਰ ਭਾਰੀ ਰੋਸ ਹੈ ਅਤੇ ਜੋ ਸਮਾਜਿਕ ਕਦਰਾਂ ਤੋਂ ਕਿਸੇ ਤਰਾਂ ਵੀ ਸੰਤੁਸ਼ਟ ਨਹੀਂ।ਉਹ ਸਮਾਜ ਅੰਦਰ ਭਾਰੀ ਪਰਿਵਰਤਨ ਚਾਹੁੰਦਾ ਹੈ।ਉਹ ਇੰਨੇ ਜ਼ੋਰਾਂ ਨਾਲ ਗੱਲ ਕਰਦਾ ਹੈ ਕਿ ਸੁਣਨ ਵਾਲੇ ਨੂੰ ਪਤਾ ਹੈ ਕਿ ਇਸ ਕਵੀ ਦੀ ਕਵਿਤਾ ਅੰਦਰ ਵਿਦਰੋਹ ਦੀ ਇੰਨੀ ਜ਼ਿਆਦਾ ਭਾਵਨਾ ਕਿਸ ਤਰਾਂ ਆ ਗਈ।ਉਹ ਲਿਖਦਾ ਹੈ:

ਉਹ ਜੰਮਣਾ ਵੀ ਕਾਹਦਾ ਜੰਮਣਾ

ਉਹ ਜੀਣਾ ਵੀ ਕੀ ਜੀਣਾ

ਜੇ ਨਾ ਖਾਵੇ ਲਹੂ ਉਬਾਲਾ

ਜੇ ਨਾ ਬੋਲੇ ਫਰਕੇ।

**ਸੰਤ ਰਾਮ ਉਦਾਸੀ**

ਸੰਤ ਰਾਮ ਉਦਾਸੀ ਇਸੇ ਕਾਲ ਦਾ ਇੱਕ ਹੋਰ ਕਵੀ ਹੈ,ਜਿਸ ਦੀ ਕਵਿਤਾ ਉਪਰ ਨਸਲਵਾਦੀ ਲਹਿਰ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ।ਉਸ ਦੇ ਪ੍ਰਮੁਖ ਸੰਗ੍ਰਹਿ ਹਨ-

'ਲਹੂ ਭਿੱਜੇ ਬੋਲ,ਸੈਸ਼ਨਾਂ ਅਤੇ ਚੌਨੁਕਰੀਆਂ ਸੀਖਾਂ।

ਉਸ ਦੀ ਨਾਇਕਾ ਵਿਆਹ ਸਮੇਂ ਦਾਜ ਦੀ ਥਾਂ ਤਲਵਾਰ ਦੀ ਮੰਗ ਕਰਦੀ ਹੈ:

"ਇਕ ਤਲਵਾਰ ਮੇਰੀ ਡੋਲੀ ਵਿਚ ਰੱਖ ਦਿਉ,

ਹੋਰ ਵੀਰੋ ਦਿਓ ਨਾ ਵੇ ਦਾਜ

ਸਾਡੇ ਵੱਲ ਕੈਰੀ ਅੱਖ ਝਾਕ ਨਾ ਵੇਖ ਸਕੇ

ਸਾਡਾ ਰਸਮੀ ਤੇ ਵਹਿਮੀ ਇਹ ਸਮਾਜ।"

**ਕਰਤਾਰ ਕੈਂਥ**

ਕਰਤਾਰ ਕੈਂਥ ਵੀ ਆਪਣੀ ਕਵਿਤਾ ਵਿਚ ਆਪਣੀ ਕਵਿਤਾ ਵਿਚ ਆਪਣੀ ਗੱਲ ਉੱਚੇ ਸੁਰ ਵਿਚ ਆਖਦਾ ਹੈ।ਉਹ ਬੁਝੇ ਦਿਲਾਂ ਵਾਂਗ ਰੇਲਾਂ ਦੀ ਪਟੜੀ ਉੱਤੇ ਸਿਰ ਰੱਖ ਕੇ ਮਰਨ ਦਾ ਹਾਮੀ ਨਹੀਂ,ਸਗੋਂ ਲਾਲ ਕਿੱਲੇ ਉਤੇ 'ਲਾਲ ਫਰੇਰਾ'ਸਟੇਟ ਦੀ ਤਾਕਤ ਪ੍ਰਾਪਤ ਕਰਨ ਦਾ ਇਛੁੱਕ ਹੈ:

"ਮੈਂ ਤਾਂ ਸੀਸ ਤਲੀ ਤੇ ਧਰ ਕੇ

ਲੜਨਾ ਸਿਖਿਆ ਹੈ

ਦੀਪ ਸਿੰਘ ਤੋਂ

ਤੇ

ਮੇਰੀ ਮੰਜ਼ਲ ਡਰੇਨ ਜਾਂ ਪੁਲ ਜਾਂ ਰੇਲ ਦੀ ਪਟੜੀ ਨਹੀਂ

ਮੇਰੀ ਮੰਜ਼ਲ ਲਾਲ ਕਿਲਾ ਹੈ।

ਨਾਰੀਵਾਦ ਬਾਰੇ ਚਰਚਾ ਕਰਨ ਵੇਲੇ ਇਕ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਕੀ ਕਾਰਨ ਸੀ ਜਿਸ ਕਰਕੇ ਨਾਰੀਵਾਦੀ ਚਿੰਤਨ ਦੀ ਉਤਪਤੀ ਹੋਈ? ਇਸ ਦਾ ਉਤਰ ਇਹ ਬਣਦਾ ਹੈ ਕਿ ਸਿਰਫ ਮਨੁੱਖ ਹੀ ਇਤਿਹਾਸਕ ਤੇ ਪਦਾਰਥਕ ਸਥਿਤੀਆਂ ਦੀ ਪੈਦਾਵਾਰ ਨਹੀਂ ਹੰੁਦਾ ਬਲਕਿ ਚਿੰਤਨ ਤੇ ਵਿਚਾਰਧਾਰਾ ਵੀ ਇਤਿਹਾਸਕ ਤੇ ਪਦਾਰਥਕ ਸਥਿਤੀਆਂ ਦੀ ਪੈਦਾਵਾਰ ਹੁੰਦੇ ਹਨ। ਮਨੁੱਖੀ ਸਭਿਅਤਾ ਦੇ ਆਰੰਭ ਤੋਂ ਲੈ ਕੇ ਹੁਣ ਤੱਕ ਔਰਤ ਦੀ ਸਥਿਤੀ ਪਰਿਵਰਤਨਸ਼ੀਲ ਰਹੀ ਹੈ। ਇਹ ਸਥਿਤੀ ਪੈਦਾਵਾਰ ਦੇ ਸਾਧਨਾਂ ਅਤੇ ਸਮਾਜਿਕ ਪ੍ਰਬੰਧ ਅਨੁਸਾਰ ਤਬਦੀਲ ਹੁੰਦੀ ਰਹੀ ਹੈ। ਸਭਿਅਤਾ ਦੇ ਮੁਢਲੇ ਪੜਾਵਾਂ ਵਿਚ ਮਾਤਰੀ ਪ੍ਰਧਾਨ ਸਮਾਜ ਤੋਂ ਲੈ ਕੇ ਪਿਤਰ ਪ੍ਰਧਾਨ ਸਮਾਜ ਤੱਕ ਬਹੁਤ ਕੁਝ ਉਥਲ-ਪੁਥਲ ਹੋਇਆ। ਸਮਾਜਿਕ ਚੇਤੰਨਤਾ ਵਧਣ ਨਾਲ ਔਰਤ ਦੀ ਸਥਿਤੀ ਵਿਚ ਕੁਝ ਸੁਧਾਰ ਆਉਣੇ ਸ਼ੁਰੂ ਹੋਏ। ਇਹ ਚੇਤੰਨਤਾ ਜਦੋਂ ਔਰਤ ਨਾਲ ਜੁੜੇ ਸਰੋਕਾਰਾਂ ਦੁਆਲੇ ਕੇਂਦਰਿਤ ਹੋਣੀ ਸ਼ੁਰੂ ਹੋਈ ਤਾਂ ਇਸ ਨੂੰ 'ਨਾਰੀਵਾਦ' ਕਰਕੇ ਜਾਣਿਆ ਜਾਣ ਲੱਗਾ ਭਾਵੇਂ ਕਿ ਇਹ ਚੇਤਨਾ ਇਤਿਹਾਸ ਦੇ ਕਿਸੇ ਵੀ ਪੜਾਅ 'ਤੇ ਮਨਫ਼ੀ ਨਹੀਂ ਰਹੀ।

ਵੈਸਟਰਨ ਇੰਗਲਿਸ਼ ਡਿਕਸ਼ਨਰੀ ਅਨੁਸਾਰ :

ਫੈਮੀਨਿਜ਼ਮ (Feminism) ਸ਼ਬਦ ਅੰਗਰੇਜ਼ੀ ਵਿਚ ਫਰੈਂਚ ਰਾਹੀਂ ਆਇਆ। ਫਰੈਂਚ ਵਿਚ ਲਾਤੀਨੀ ਸ਼ਬਦ (Feminine + ism) ਤੋਂ ਮਿਲ ਕੇ ਬਣਿਆ ਹੈ। ਜੋ ਪੰਜਾਬੀ ਵਿਚ ਨਾਰੀਵਾਦੀ ਦਾ ਸਮਾਨਾਰਥੀ ਹੈ। ਨਾਰੀਵਾਦ ਦਾ ਅਰਥ ਲਿੰਗ ਦੇ ਆਧਾਰ ਤੇ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਸਮਾਨਤਾ ਤੋਂ ਹੈ।

ਆਕਸਫੋਰਡ ਅੰਗਰੇਜ਼ੀ ਕੋਸ਼ ਅਨੁਸਾਰ:

ਨਾਰੀਵਾਦ ਔਰਤਾਂ ਦੇ ਦਾਅਵੇ ਅਤੇ ਪ੍ਰਾਪਤੀਆਂ ਦੇ ਵਿਸਥਾਰ ਨੂੰ ਸਥਾਪਤ ਕਰਕੇ ਔਰਤਾਂ ਦੇ ਸਿਧਾਂਤ ਬਾਰੇ ਰਾਏ ਨੂੰ ਸਮਰਥਨ ਦੇਣਾ ਹੈ।

ਨਾਰੀਵਾਦ ਦੇ ਇਤਿਹਾਸ ਦੇ ਮੁੱਖ ਤੌਰ 'ਤੇ ਤਿੰਨ ਪੜਾਅ ਮੰਨੇ ਗਏ ਹਨ। ਇਨ੍ਹਾਂ ਪੜਾਵਾਂ ਵਿਚੋਂ ਨਾਰੀ-ਚੇਤਨਾ ਦਾ ਪੜਾਅ-ਦਰ-ਪੜਾਅ ਵਿਕਾਸ ਵੇਖਿਆ ਜਾ ਸਕਦਾ ਹੈ। ਡਾ. ਚਰਨਜੀਤ ਕੌਰ ਨੇ ਇਨ੍ਹਾਂ ਪੜਾਵਾਂ ਦੀ ਪਛਾਣ ਕੰਮ ਕਰਨ ਦੇ ਢੰਗ ਅਤੇ ਖੇਤਰ ਅਨੁਸਾਰ ਇਸ ਪ੍ਰਕਾਰ ਕੀਤੀ ਹੈ:

1. ਔਰਤਾਂ ਨੇ ਆਪਣੇ ਆਪ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਕੀਤੀ। ਇਸ ਪੜਾਅ 'ਤੇ ਔਰਤਾਂ ਨੇ ਆਪਣੀਆਂ ਉਨ੍ਹਾਂ ਮੁਸ਼ਕਿਲਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜੋ ਸਿਧੇ ਤੌਰ 'ਤੇ ਸਿਰਫ਼ ਮਰਦ ਵਲੋਂ ਕੀਤੇ ਜਾਂਦੇ ਜ਼ੁਲਮਾਂ ਕਾਰਣ ਸੀ। ਜਿਵੇਂ ਮਰਦ ਵਲੋਂ ਔਰਤ ਨੂੰ ਕੁੱਟਣਾ ਮਾਰਨਾ।

2. ਔਰਤ ਨੇ ਮਰਦ ਦੇ ਬਰਾਬਰ ਅਧਿਕਾਰਾਂ ਦੀ ਮੰਗ ਕਰਨੀ ਸ਼ੁਰੂ ਕੀਤੀ।

3. ਔਰਤਾਂ ਪ੍ਰਤੀ ਸਮਾਜਿਕ ਪ੍ਰਤੀਮਾਨਾਂ ਨੂੰ ਬਦਲਣ ਸਬੰਧੀ ਸੀ। ਉਹ ਸਭ ਪ੍ਰਤੀਮਾਨ ਜਿਨ੍ਹਾਂ ਕਾਰਨ ਔਰਤ ਦੀ ਸਥਿਤੀ ਦੁਜੈਲੀ ਸੀ।

ਡਾ. ਚਰਨਜੀਤ ਕੌਰ ਅਨੁਸਾਰ: "ਨਾਰੀਵਾਦ ਦੀ ਆਧੁਨਿਕ ਸੰਕਲਪਨਾ ਵਿਚ ਤਿੰਨ ਪ੍ਰਧਾਨ ਤੱਤ ਹਨ:

ਪਹਿਲਾ ਤੱਤ : ਦੋਹਾਂ ਲਿੰਗਾਂ ਵਿਚ ਬਰਾਬਰਤਾ ਪਰ ਇਸ ਬਰਾਬਰਤਾ ਨੂੰ ਲਿੰਗ ਦੀ ਪੂਰਵ ਪ੍ਰਚੱਲਤ ਦਰਜਾਬੰਦੀ ਦੇ ਵਿਰੋਧ ਵਿਚ ਰੱਖ ਕੇ ਸਮਝਣਾ ਵਧੇਰੇ ਸੌਖਾ ਹੈ। ਬਰਾਬਰਤਾ ਤੋਂ ਭਾਵ ਸਮਾਨਤਾ ਨਹੀਂ ਹੈ।

ਦੂਜਾ ਤੱਤ : ਔਰਤ ਦੀ ਮੌਜੂਦਾ ਸਥਿਤੀ ਨੂੰ ਸਮਾਜਿਕ ਘਾੜਤ ਮੰਨਣਾ ਕਿਉਂਕਿ ਜੇ ਸਥਿਤੀ ਨੂੰ ਕੁਦਰਤ ਜਾਂ ਰੱਬੋਂ ਠੋਸੀ ਸਮਝਿਆ ਜਾਵੇ ਤਾਂ ਨਾਰੀਵਾਦ ਦਾ ਆਧਾਰ ਹੀ ਖੁਰ ਜਾਂਦਾ ਹੈ।

ਤੀਜਾ ਤੱਤ : ਔਰਤ ਦਾ ਆਪਣੇ ਆਪ ਨੂੰ ਇਕ ਸਮਾਜਿਕ ਸਮੂਹ ਵਜੋਂ ਮਹਿਸੂਸ ਕਰਨਾ ਵੀ ਸ਼ਾਮਿਲ ਹੈ। ਇਸ ਪ੍ਰਕਾਰ ਨਾਰੀਵਾਦ ਉਸ ਵਿਚਾਰ ਨੂੰ ਕਿਹਾ ਜਾ ਸਕਦਾ ਹੈ ਜਿਹੜੀ ਔਰਤਾਂ ਨਾਲ ਸਬੰਧਿਤ ਹੋਵੇ।"

ਅਸਲ ਵਿਚ ਨਾਰੀਵਾਦੀ ਵਿਚਾਰਧਾਰਾ ਅਨੁਸਾਰ ਨਾਰੀ ਦੇ ਨਾਰੀਤਵ 'ਤੇ ਫੋਕਸ ਕੀਤਾ ਗਿਆ ਹੈ। ਇਸ ਢੰਗ ਨੂੰ ਸਭਿਆਚਾਰਕ ਕ੍ਰਾਂਤੀ ਨਾਲ ਜੋੜ ਕੇ ਵੀ ਦੇਖਿਆ ਜਾ ਸਕਦਾ ਹੈ ਕਿਉਂਕਿ ਕਿਸੇ ਸਮਾਜਿਕ ਸਮੂਹ ਦੀ ਸਥਿਤੀ ਦਾ ਸਬੰਧ ਸਭਿਆਚਾਰਕ ਸਥਿਤੀ ਨਾਲ ਪੱਕੀ ਤਰ੍ਹਾਂ ਜੁੜਿਆ ਹੁੰਦਾ ਹੈ। ਇਸੇ ਲਈ ਸੁਲਾਮਿਥ ਦੇ ਹਵਾਲੇ ਨਾਲ ਪ੍ਰਭਾ ਖੇਤਾਨ ਨੇ ਲਿਖਿਆ ਹੈ: "ਕੇਵਲ ਆਰਥਿਕ ਤੇ ਰਾਜਨੀਤਕ ਸੰਸਥਾਵਾਂ ਵਿਚ ਸੁਧਾਰ ਕਰਨ ਨਾਲ ਹੀ ਇਸਤਰੀ ਨੂੰ ਦਲਨ ਤੋਂ ਮੁਕਤੀ ਨਹੀਂ ਮਿਲੇਗੀ। ਜ਼ਰੂਰਤ ਹੈ ਕਿ ਇਸਤਰੀਕਰਨ ਦੀ ਇਸ ਯੌਨਵਾਦੀ ਵਿਵਸਥਾ ਨੂੰ ਬਦਲਿਆ ਜਾਏ।" ਇਸ ਦਾ ਸਬੰਧ ਔਰਤ ਦੀ ਮਾਨਸਿਕਤਾ ਨਾਲ ਬਹੁਤ ਗੂੜ੍ਹਾ ਹੈ। "ਇਸਤਰੀ ਮਨ ਦੇ ਵਿਸ਼ਲੇਸ਼ਣ ਤੋਂ ਬਾਅਦ ਮਨੋਵਿਸ਼ਲੇਸ਼ਕ ਨਾਰੀਵਾਦਣਾਂ ਨੂੰ ਇਹ ਸਮਝ ਆਈ ਕਿ ਕਿਸੇ ਵੀ ਵਿਅਕਤੀ ਦੀ ਪਛਾਣ ਉਸਦੇ ਅਚੇਤਨ ਮਨ ਦੀ ਸਥਾਈ ਬਣਤਰ 'ਤੇ ਨਿਰਭਰ ਕਰਦੀ ਹੈ ਜੋ ਜੀਵਨ ਦੇ ਆਰੰਭਕ ਤਿੰਨ ਸਾਲਾਂ ਵਿਚ ਹੀ ਠੋਸ ਆਕਾਰ ਗ੍ਰਹਿਣ ਕਰ ਲੈਂਦੀ ਹੈ। ਜਦੋਂ ਤਕ ਔਰਤਾਂ ਆਪਣੇ ਮਾਨਸਿਕ ਜਗਤ ਦਾ ਪੂਰਾ ਵਿਸ਼ਲੇਸ਼ਣ ਨਹੀਂ ਕਰ ਲੈਂਦੀਆਂ ਤੇ ਨਾਰੀਤਵ ਦੀਆਂ ਠੋਸ ਭੂਮਿਕਾਵਾਂ ਨੂੰ ਜੜ੍ਹੋਂ ਨਹੀਂ ਨਕਾਰਦੀਆਂ ਉਨ੍ਹਾਂ ਦੀ ਸਥਿਤੀ ਇਸੇ ਤਰ੍ਹਾਂ ਤਰਸਯੋਗ ਹੀ ਰਹੇਗੀ।"

ਪ੍ਰਭਾ ਖੇਤਾਨ ਸੱਤਾ ਤੇ ਨਾਰੀਵਾਦ ਦੇ ਸਬੰਧਾਂ ਬਾਰੇ ਲਿਖਦੀ ਹੈ: "ਜਿਥੋਂ ਤਕ ਸੱਤਾ ਦੇ ਵਿਸ਼ਲੇਸ਼ਣ ਦਾ ਸਵਾਲ ਹੈ ਉਥੇ ਮੈਂ ਦੋ ਗੱਲਾਂ 'ਤੇ ਜ਼ੋਰ ਦੇਣਾ ਚਾਹਾਂਗੀ। ਇਕ ਤਾਂ ਨਾਰੀਵਾਦ ਕੇਂਦਰੀ ਸੱਤਾ ਵਿਚ ਨਿਰਸੰਦੇਹ ਇਸਤਰੀਆਂ ਦੀ ਪੂਰੀ ਹਿੱਸੇਦਾਰੀ ਚਾਹੇਗਾ ਅਤੇ ਦੂਸਰੇ ਉਹ ਸੱਤਾ ਦਾ ਇਸਤਰੀਕਰਨ ਵੀ ਚਾਹੇਗਾ ਯਾਨਿ ਸੱਤਾ ਵਿਚ ਉਸ ਮੁੱਲ-ਵਿਧਾਨ ਨੂੰ ਸ਼ਾਮਲ ਕਰਨਾ ਚਾਹੇਗਾ ਜਿਸ ਨਾਲ ਇਸਤਰੀ ਨੂੰ ਸੁਵਿਧਾ ਮਿਲੇ।" "ਨਾਰੀਵਾਦ ਹੁਣ ਵੀ ਇਸਤਰੀ ਦੀ ਪਛਾਣ ਕਾਇਮ ਕਰਨ ਵਾਲੀ ਇਤਿਹਾਸਕ ਪ੍ਰਗਤੀ ਵਿਚ ਵਿਸ਼ਵਾਸ ਰੱਖਦਾ ਹੈ।...ਨਾਰੀਵਾਦੀ ਪ੍ਰਵਚਨ ਦਾ ਆਧਾਰ ਉਹ ਵਿਚਾਰਧਾਰਾ ਹੋਣੀ ਚਾਹੀਦੀ ਹੈ ਜੋ ਸੱਤਾ ਦੇ ਜਨਤੰਤਰਕ ਸਬੰਧਾਂ ਨੂੰ ਲੈ ਕੇ ਚਲੇ ਜੋ ਨਾ ਕੇਵਲ ਇਤਿਹਾਸ ਸਗੋਂ ਜਾਤੀ ਸਿਮਰਤੀ ਨੂੰ ਮੁੜ ਪਰਿਭਾਸ਼ਿਤ ਕਰੇ ਤੇ ਅਜਿਹਾ ਵਿਸ਼ਵ ਦ੍ਰਿਸ਼ਟੀਕੋਣ ਅਪਣਾਏ ਜੋ ਮੌਤ ਤੋਂ ਬਾਅਦ ਵੀ ਜੀਵਨ ਦੀ ਆਸ ਨਾ ਛੱਡੇ।"

ਇਸ ਸਮੇਂ ਦੌਰਾਨ ਦੁਨੀਆਂ ਭਰ ਵਿਚ ਨਾਰੀਵਾਦੀ ਚਿੰਤਨ ਹੋਇਆ ਔਰਤਾਂ ਦੇ ਹੱਕਾਂ ਦੀ ਰਾਖੀ ਤੇ ਪੈਰਵੀ ਕਰਨ ਵਾਲੇ ਸੰਗਠਨ ਬਣੇ। ਕਲਾ ਦੇ ਖੇਤਰ ਵਿਚ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹੋਇਆ। ਆਧੁਨਿਕ ਪੰਜਾਬੀ ਕਾਵਿ ਵਿਚ ਨਾਰੀ ਸਥਿਤੀ ਨੂੰ ਸਭ ਤੋਂ ਪਹਿਲਾਂ ਗਹਿਰਾਈ ਨਾਲ ਪੇਸ਼ ਕਰਨ ਦਾ ਸਿਹਰਾ ਅੰਮ੍ਰਿਤਾ ਪ੍ਰੀਤਮ ਨੂੰ ਜਾਂਦਾ ਹੈ। ਉਸ ਦੀ ਪ੍ਰਤੀਨਿਧ ਕਵਿਤਾ 'ਅੰਨਦਾਤਾ' ਹੈ। ਇਸ ਕਵਿਤਾ ਦਾ ਰਚਨਕਾਲ ਪ੍ਰਗਤੀਵਾਦ ਦਾ ਕਾਲ ਹੈ। ਇਸ ਲਈ ਇਸ ਕਵਿਤਾ ਵਿਚ ਦੋ ਧਿਰਾਂ ਹਨ - ਅੰਨਦਾਤਾ ਤੇ ਕਾਮਾ। ਕਵਿਤਾ ਵਿਚ ਕਾਮੇ ਦੀ ਧੀ ਰਾਹੀਂ ਸਥਿਤੀ ਦੀ ਪੇਸ਼ਕਾਰੀ ਕੀਤੀ ਜਾ ਰਹੀ ਹੈ ਤੇ ਸਿੱਧੇ ਤੌਰ 'ਤੇ ਇਹ ਕਵਿਤਾ ਜਮਾਤੀ ਸੰਘਰਸ਼ ਅਧੀਨ ਪੇਸ਼ ਹੋ ਰਹੀ ਹੈ ਪਰ ਅਸਿੱਧੇ ਤੌਰ 'ਤੇ ਜਮਾਤੀ ਵੰਡ ਤੋਂ ਅਗਾਂਹ ਜਾ ਕੇ ਔਰਤ ਦੀ ਸਥਿਤੀ 'ਤੇ ਵੀ ਫੋਕਸ ਕਰਦੀ ਹੈ। 'ਅੰਨਦਾਤਾ' ਕਵਿਤਾ ਦੀਆਂ ਸਤਰਾਂ ਵਾਚਣਯੋਗ ਹਨ:

ਅੰਨਦਾਤਾ!

ਮੇਰੀ ਜੀਭ 'ਤੇ ਤੇਰਾ ਲੂਣ ਏ

ਤੇਰਾ ਨਾਂ- ਮੇਰੇ ਬਾਪ ਦਿਆਂ ਹੋਠਾਂ 'ਤੇ

ਤੇ ਮੇਰੇ ਇਸ ਬੁੱਤ ਵਿਚ ਮੇਰੇ ਬਾਪ ਦਾ ਖ਼ੂਨ ਏ।

... ... ... ... ... ... ... ...

ਅੰਨਦਾਤਾ

ਮੈਂ ਚੰਮ ਦੀ ਗੁੱਡੀ ਖੇਡ ਲੈ ਖਿਡਾ ਲੈ

ਤੇਰੇ ਸਾਹਵੇਂ ਖੜ੍ਹੀ ਹਾਂ ਅਹਿ ਵਰਤਣ ਦੀ ਸ਼ੈ

ਜਿਵੇਂ ਚਾਹੇਂ ਵਰਤ ਲੈ!

ਨਾਰੀਵਾਦੀ ਪੰਜਾਬੀ ਕਾਵਿ ਵਿਚ 'ਘਰ' ਦਾ ਚਿੰਨ੍ਹ ਵਿਸ਼ੇਸ਼ ਅਰਥ ਗ੍ਰਹਿਣ ਕਰਦਾ ਹੈ। ਆਮ ਕਰਕੇ ਘਰ, ਕੈਦ ਦਾ ਚਿੰਨ੍ਹ ਬਣ ਕੇ ਨਾਰੀਵਾਦੀ ਕਵਿਤਾ ਵਿਚ ਪੇਸ਼ ਹੁੰਦਾ ਹੈ। ਪਿੱਤਰੀ ਸੱਤਾ ਦਾ ਸਭ ਤੋਂ ਮੁਢਲਾ ਕੇਂਦਰ ਘਰ ਹੀ ਹੈ ਜਿਥੇ ਔਰਤ ਦਾ ਆਪਣੀ ਹੋਂਦ ਲਈ ਮੁਢਲਾ ਸੰਘਰਸ਼ ਸ਼ੁਰੂ ਹੁੰਦਾ ਹੈ। ਇਸ ਲਈ ਪੰਜਾਬੀ ਕਵਿਤਰੀਆਂ 'ਘਰ' ਦੇ ਚਿੰਨ੍ਹ ਦਾ ਵਿਸਫੋਟ ਕਰਦੀਆਂ ਹਨ। ਮਨੋਵਿਗਿਆਨਕ ਤੌਰ 'ਤੇ ਪਿਤਰੀ ਪ੍ਰਬੰਧ ਵਾਲੇ ਘਰ ਅੰਦਰ ਹੋਈ ਔਰਤ ਦੀ ਸਖ਼ਸ਼ੀਅਤ ਦੀ ਉਸਾਰੀ ਉਸ ਦੇ ਵਰਤਮਾਨ ਅਤੇ ਭਵਿੱਖ ਦਾ ਫ਼ੈਸਲਾ ਕਰਦੀ ਹੈ ਤੇ ਇਸੇ ਲਈ ਕਵਿਤਰੀਆਂ ਇਸ ਵਰਤਾਰੇ ਦਾ ਸੁਚੇਤ ਪੱਧਰ 'ਤੇ ਵਿਸਫੋਟ ਕਰਦੀਆਂ ਹਨ।

ਮੇਰੇ ਨਾਮ ਨਾਲ

ਜਿੰਨੇ ਮਰਜ਼ੀ ਇਲਜ਼ਾਮ ਜੋੜ ਦੇਵੋ

ਪਰ ਮਨ ਨੂੰ ਸੱਚ ਦੀ ਮੋਹਰ ਲਾਉਣ ਜੋਗੀ

ਕਬਰ ਜਿੰਨੀ ਕੁ ਜਗ੍ਹਾ ਜ਼ਰੂਰ ਦੇ ਦੇਣਾ

ਕਿਉਂਕਿ 'ਘਰ' ਸ਼ਬਦ

ਕਬਰਨਾਮਾ ਦੇ ਅਰਥ ਵਿਚ

ਬਦਲ ਚੁੱਕਾ ਹੈ

ਡਾ. ਜਸਬੀਰ ਕੇਸਰ ਨੇ ਵੀ ਲਿਖਿਆ ਹੈ: "ਨਾਰੀਵਾਦੀ ਚੇਤਨਾ ਤੇ ਨਾਰੀਵਾਦੀ ਅੰਦੋਲਨਾਂ ਤੋਂ ਕਿਤੇ ਪਹਿਲਾਂ ਜੁਗਾਂ-ਜੁਗਾਂਤਰਾਂ ਤੋਂ ਔਰਤ ਨੇ ਆਪਣੀ ਰਚਨਾਤਮਕ ਸ਼ਕਤੀ ਸੁਹਜ ਚੇਤਨਾ ਸਹਿਣਸ਼ੀਲਤਾ ਤੇ ਸੰਘਰਸ਼ ਨਾਲ ਇਸ ਧਰਤੀ ਨੂੰ ਸੰਵਾਰਿਆ ਸਜਾਇਆ ਹੈ। ਧਰਤੀ ਦੇ ਸਿਰ ਔਰਤ ਦਾ ਬਹੁਤ ਕਰਜ਼ਾ ਹੈ ਪਰ ਸਾਡਾ ਰਾਜ ਸਾਡਾ ਸਮਾਜ ਅਜੇ ਤਕ ਔਰਤ ਨੂੰ ਦੋ ਕਦਮ ਸੁਰੱਖਿਅਤ ਧਰਤੀ ਦੇਣ ਤੋਂ ਵੀ ਇਨਕਾਰੀ ਜਾਪਦਾ ਹੈ।" ਇਸ ਦੇ ਬਾਵਜੂਦ ਕੁਝ ਕਵਿਤਾਵਾਂ ਐਸੀਆਂ ਵੀ ਹਨ ਜਿਹੜੀਆਂ ਇਸ ਸੰਭਾਵਨਾ ਨੂੰ ਪੇਸ਼ ਕਰਦੀਆਂ ਹਨ ਕਿ ਘਰ ਸਿਰਫ਼ ਸਰਾਪ ਨਹੀਂ ਹੁੰਦਾ ਵਰ ਵੀ ਹੰੁਦਾ ਹੈ।

ਅੱਜ ਮੈਂ ਆਪਣੇ ਘਰ ਦਾ

ਨੰਬਰ ਮਿਟਾਇਆ ਹੈ

ਗਲੀ ਦੇ ਮੱਥੇ 'ਤੇ ਲੱਗਾ

ਗਲੀ ਦਾ ਨਾਉਂ ਹਟਾਇਆ ਹੈ

ਤੇ ਹਰ ਸੜਕ ਦੀ ਦਿਸ਼ਾ ਦਾ ਨਾਉਂ

ਪੂੰਝ ਦਿੱਤਾ ਹੈ...

ਪਰ ਜੇ ਤੁਸਾਂ ਮੈਨੂੰ ਜ਼ਰੂਰ ਲੱਭਣਾ ਹੈ

ਤਾਂ ਹਰ ਦੇਸ਼ ਦੇ ਹਰ ਸ਼ਹਿਰ ਦੀ

ਹਰ ਗਲੀ ਦਾ ਬੂਹਾ ਠਕੋਰੋ

ਇਕ ਸਰਾਪ ਹੈ ਇਕ ਵਰ ਹੈ

ਤੇ ਜਿਥੇ ਵੀ ਸੁਤੰਤਰ ਰੂਹ ਦੀ ਝਲਕ ਪਵੇ

ਸਮਝਣਾ ਉਹ ਮੇਰਾ ਘਰ ਹੈ...

ਵਿਚਾਰਧਾਰਕ ਤੌਰ 'ਤੇ ਉਪਰੋਕਤ ਕਵਿਤਾ ਪਿੱਤਰੀ ਸੱਤਾ ਦੀ ਤਾਨਾਸ਼ਾਹੀ ਨੂੰ ਨਕਾਰਦੀ ਹੈ। ਅਸਲ ਵਿਚ ਇਹ ਉਸ ਪੂਰੇ ਮਰਦਾਵੇਂ ਪ੍ਰਬੰਧ ਨੂੰ ਨਕਾਰਦੀ ਹੈ ਜਿਹੜਾ ਘਰ 'ਤੇ ਨੰਬਰ ਤੋਂ ਲੈ ਕੇ ਗਲੀ ਦੇ ਨਾਂ ਤੋਂ ਹੁੰਦਾ ਹੋਇਆ ਹਰ ਸੜਕ ਦੀ ਦਿਸ਼ਾ ਤੱਕ ਫੈਲਿਆ ਹੋਇਆ ਹੈ ਤੇ ਜੇ ਸੁਤੰਤਰ ਰੂਹ ਦੀ ਸੰਭਾਵਨਾ ਵੀ ਹੈ ਤਾਂ ਉਹ ਵੀ ਏਥੇ ਹੀ ਹੋਵੇਗੀ। ਇਸ ਲਈ ਕਵਿਤਰੀ ਕੋਈ ਆਦਰਸ਼ ਨਹੀਂ ਸਿਰਜਦੀ।

ਮਨੁੱਖੀ ਜ਼ਿੰਦਗੀ ਵਿਚ ਕਾਮ ਸਬੰਧਾਂ ਦੀ ਬੜੀ ਮਹੱਤਤਾ ਹੈ ਖ਼ਾਸਕਰ ਰਿਸ਼ਤਿਆਂ ਦੇ ਨਿਰਧਾਰਨ ਵਿਚ ਪਰ ਮਰਦ ਪ੍ਰਧਾਨ ਸਮਾਜ ਦੀ ਮਰਦਾਵੀਂ ਰੁਚੀ ਕਾਰਨ ਔਰਤ ਨੂੰ ਬਹੁਤ ਕਸ਼ਟ ਸਹਿਣਾ ਪੈਂਦਾ ਹੈ। ਇਕ ਤਰ੍ਹਾਂ ਔਰਤ ਨੂੰ ਭੋਗ ਦੀ ਵਸਤੂ ਹੀ ਸਮਝਿਆ ਜਾਂਦਾ ਹੈ। ਇਸ ਲਈ ਔਰਤ-ਮਰਦ ਕਾਮ-ਸਬੰਧ ਨਾਰੀਵਾਦ ਦਾ ਮਹੱਤਵਪੂਰਨ ਪਹਿਲੂ ਹੈ। ਮਰਦ ਦੀ ਇਹ ਸਰਦਾਰੀ ਦੀ ਸਭ ਤੋਂ ਵੱਡੀ ਸਮਾਜਿਕ ਸੰਸਥਾ ਪਰਿਵਾਰ ਹੈ ਤੇ ਪਰਿਵਾਰ ਵਿਚ ਮਰਦ ਦਾ ਸਭ ਤੋਂ ਕਰੂਰ ਰੂਪ ਅਕਸਰ ਪਤੀ ਦੇ ਰੂਪ ਵਿਚ ਔਰਤ ਸਾਹਮਣੇ ਆਉਂਦਾ ਹੈ। ਏਂਗਲਜ਼ ਵੀ ਲਿਖਦਾ ਹੈ: " ਘਰ ਵਿਚ ਮਰਦ ਦੀ ਪ੍ਰਧਾਨਤਾ ਹੋ ਜਾਣ ਨਾਲ ਇਸਤਰੀ ਦਾ ਦਰਜਾ ਨੀਵਾਂ ਹੋ ਗਿਆ। ਉਹ ਬੱਚੇ ਪੈਦਾ ਕਰਨ ਅਤੇ ਮਰਦ ਦੀ ਵਾਸ਼ਨਾ ਨੂੰ ਪੂਰਾ ਕਰਨ ਦਾ ਮਹਿਜ਼ ਸਾਧਨ ਮਾਤਰ ਬਣ ਗਈ।" ਇਸ ਦੀਆਂ ਮਿਸਾਲਾਂ ਹੇਠ ਲਿਖੀਆਂ ਕਵਿਤਾਵਾਂ ਵਿਚ ਵੇਖੀਆਂ ਜਾ ਸਕਦੀਆਂ ਹਨ:

ਮੈਂ ਤੇਰੀ ਸੇਜ 'ਤੇ ਜਦ ਪੈਰ ਧਰਿਆ ਸੀ

ਮੈਂ ਇਕ ਨਹੀਂ ਸਾਂ- ਦੋ ਸਾਂ

ਇਕ ਸਾਲਮ ਵਿਆਹੀ

ਤੇ ਇਕ ਸਾਲਮ ਕੁਆਰੀ

ਸੋ ਤੇਰੇ ਭੋਗ ਦੀ ਖ਼ਾਤਿਰ

ਮੈਂ ਉਸ ਕੁਆਰੀ ਨੂੰ ਕਤਲ ਕਰਨਾ ਸੀ

ਮੈਂ ਕਤਲ ਕੀਤਾ ਸੀ

ਇਹ ਕਤਲ

ਜੋ ਕਾਨੂੰਨਨ ਜਾਇਜ਼ ਹੁੰਦੇ ਹਨ

ਸਿਰਫ ਉਨ੍ਹਾਂ ਦੀ ਜ਼ਿੱਲਤ ਨਜਾਇਜ਼ ਹੁੰਦੀ ਹੈ

ਤੇ ਮੈਂ ਉਸ ਜ਼ਿੱਲਤ ਦਾ ਜ਼ਹਿਰ ਪੀਤਾ ਸੀ...

ਰਾਤ ਖ਼ਾਵਿੰਦ ਦੀ ਖੁਸ਼ੀ ਲਈ

ਮੈਂ ਆਪਣੀ ਲਾਸ਼ ਚੁੱਕ

ਉਹਦੇ ਨਾਲ ਲਿਟਾਇਆ

ਤੇ ਆਪ

ਬਾਹਰ ਖ਼ਾਮੋਸ਼ ਖਲੋ ਕੇ ਰੁੱਖਾਂ ਗਲ ਲਗ

ਰੋਂਦੀ ਰਹੀ ਰੋਂਦੀ ਰਹੀ।

ਮੇਰੇ ਮੁਲਕ 'ਚ

ਬੇਸ਼ੁਮਾਰ ਵਿਧਵਾਵਾਂ ਮਿਲਣਗੀਆਂ

ਜਿਨ੍ਹਾਂ ਦੇ ਪਤੀ ਜਿਉਂਦੇ ਨੇ

ਮਨੁੱਖ ਦੀ ਇਕ ਸੰਰਚਨਾ ਸਮਾਜਿਕ ਹੁੰਦੀ ਹੈ ਤੇ ਇਕ ਜੀਵ-ਵਿਗਿਆਨਕ। ਵਿਗਿਆਨਕ ਚੇਤਨਾ ਦੀ ਘਾਟ ਹੋਣ ਕਰਕੇ ਬਹੁ-ਗਿਣਤੀ ਮਰਦ ਜੀਵ-ਵਿਗਿਆਨਕ ਸੰਰਚਨਾ ਨੂੰ ਨਹੀਂ ਸਮਝਦੇ। ਇਸ ਸੰਰਚਨਾ ਵਿਚ ਔਰਤ ਦੀਆਂ ਵਿਸ਼ੇਸ਼ ਸਰੀਰਕ ਲੋੜਾਂ/ਕਾਮਨਾਵਾਂ/ਉਤਪਾਦਨ ਸਮਰੱਥਾ/ਜਨਣ ਪੀੜ ਆਦਿ ਬਹੁਤ ਕੁਝ ਆਉਂਦਾ ਹੈ। ਮਰਦ ਦੀ ਇਸੇ ਨਾਸਮਝੀ ਬਾਰੇ ਮਨਜੀਤ ਟਿਵਾਣਾ ਲਿਖਦੀ ਹੈ:

ਤੂੰ ਤਾਂ ਇਕ ਜਨਮ ਤੋਂ ਮੇਰੇ ਨਾਲ ਹੈਂ

ਹੈਰਾਨੀ ਦੀ ਗੱਲ ਤਾਂ ਇਹ ਹੈ

ਕਿ ਮੇਰੇ ਦੁੱਖਾਂ ਦਾ ਤੇਰੇ ਤੱਕ

ਜ਼ਰਾ ਵੀ ਸੇਕ ਨਹੀਂ ਪਹੁੰਚਿਆ

ਤੂੰ ਬੰਦਾ ਹੈਂ ਯਾ ਨਹੀਂ?

ਸੱਤਾ ਦੇ ਕੇਂਦਰ ਵਿਚ ਪਿਤਰੀ ਸੋਚ ਰਹਿਣ ਕਰਕੇ ਔਰਤ ਦੀਆਂ ਸਮੱਸਿਆਵਾਂ ਨੂੰ ਸਹੀ ਢੰਗ ਨਾਲ ਸਮਝਿਆ ਨਹੀਂ ਗਿਆ। ਸਭਿਅਤਾ ਦੇ ਵਿਕਾਸ ਦੇ ਵਡੇਰੇ ਹਿੱਸੇ ਦੇ ਵਿਚਾਰਧਾਰਕ ਪ੍ਰਵਚਨਾਂ ਉਪਰ ਮਰਦ ਦੀ ਗਰਿਫ਼ਤ ਹੋਣ ਕਰਕੇ ਔਰਤ ਤੇ ਮਰਦ ਦੀ ਸਥਿਤੀ ਦਾ ਵਖਰੇਵਾਂ ਵਧਦਾ ਹੀ ਗਿਆ। ਇਹ ਵਖਰੇਵਾਂ ਐਸਾ ਹੈ ਕਿ ਜਿਸ ਵਿਚ ਮਰਦ ਦਾ ਦਾਬਾ ਹੈ। ਇਸੇ ਦਾਬੇ ਵਿਚੋਂ ਵਿਚਾਰਧਾਰਕ ਤਣਾਉ ਪੈਦਾ ਹੁੰਦਾ ਹੈ। ਇਸੇ ਸੰਦਰਭ ਵਿਚ ਹੇਠ ਲਿਖੀਆਂ ਕਾਵਿ-ਸਤਰਾਂ ਵੀ ਵੇਖੀਆਂ ਜਾ ਸਕਦੀਆਂ ਹਨ:

ਔਰਤ ਮਰਦ ਅੰਦਰ ਡੁੱਬਣਾ ਨਹੀਂ ਚਾਹੁੰਦੀ

ਸਮੋਣਾ ਚਾਹੁੰਦੀ ਹੈ

ਡੁੱਬਣ ਅਤੇ ਸਮੋਣ ਦੀ ਗੱਲ

ਬੰਦੇ ਨੂੰ ਕਦੋਂ ਸਮਝ ਆਵੇਗੀ।

ਉਹਨੇ ਧਰਤੀ 'ਚ ਬੀਜ ਬੀਜਿਆ ਤੇ ਪੁੱਛਿਆ

ਧਰਤੀ ਦੀ ਕੁੱਖ ਬਲਵਾਨ ਹੈ ਜਾਂ ਮੈਂ

ਤੇ ਬੀਜ ਦੇ ਰੰਗ ਦੇ ਕਰਮ ਦਾ ਨਾਂ ਪੁੱਛਿਆ

ਧਰਤੀ ਦੇ ਬੁੱਲ੍ਹਾਂ 'ਤੇ ਬੋਲ ਨਹੀਂ ਸੀ

ਹੱਥਾਂ 'ਚ ਵਰਦਾਨ ਸੀ

ਵਰਦਾਨ

ਜੋ ਸਾਹਵੇ ਉਹਦੇ ਸਵਾਲੀਆ ਸੀ।

ਮੈਂ ਤੈਨੂੰ ਥੀਵਿਆ

ਮੈਂ ਤੈਨੂੰ ਭੋਗਿਆ

ਮੈਂ ਤੈਨੂੰ ਧਿਆਇਆ

ਪਰ ਸੱਚ ਦੱਸੀਂ-

ਕਦੇ ਤੂੰ ਏਨੇ ਅਨੁਭਵਾਂ 'ਚੋਂ ਲੰਘਿਆ?

## ਸਾਰ-ਅੰਸ਼:

ਸਾਹਿਤਕ ਤੌਰ 'ਤੇ ਪੰਜਾਬੀ ਵਿਚ ਨਾਬਰ ਸੁਰ ਵਾਲੇ ਸਾਹਿਤ ਦੀ ਕਦੇ ਵੀ ਅਣਹੋਂਦ ਨਹੀਂ ਰਹੀ। ਨਾਬਰੀ ਦੀ ਸੁਰ ਮੱਧਕਾਲੀ ਕਾਵਿ ਦੀਆਂ ਸਾਰੀਆਂ ਧਾਰਾਵਾਂ ਵਿਚ ਵੀ ਰਹੀ ਹੈ ਪ੍ਰਾਚੀਨ ਧਾਰਮਿਕ ਕਾਵਿ ਤੋਂ ਬਾਅਦ ਮੱਧਕਾਲ ਵਿਚ ਸਾਹਿਤ ਅੰਦਰ ਵਿਦਰੋਹੀ ਅੰਸ਼ ਮਿਲਣੇ ਸ਼ੁਰੂ ਹੋ ਜਾਂਦੇ ਹਨ। ਮੱਧਕਾਲੀ ਸਾਹਿਤ ਵਿਚ ਜਦੋਂ ਸੰਤਾਂ, ਭਗਤਾਂ, ਗੁਰੂਆਂ, ਸੂਫ਼ੀਆਂ ਆਦਿ ਨੂੰ ਸਮਾਜ ਵਿਚ ਪ੍ਰਚਲਿਤ ਕਰਮ ਕਾਂਡਾਂ, ਊਚ-ਨੀਚ, ਛੂਆ-ਛੂਤ, ਆਦਿ ਬੁਰਾਈਆਂ ਵਿਰੁੱਧ ਵਿਦਰੋਹੀ-ਕਾਵਿ ਰਚਿਆ। ਭਗਤੀ-ਕਾਵਿ ਵਿਚੋਂ ਭਗਤ ਕਬੀਰ ਤੇ ਭਗਤ ਰਵਿਦਾਸ, ਸੂਫ਼ੀ-ਕਾਵਿ ਵਿਚੋਂ ਬੁੱਲੇ ਸ਼ਾਹ, ਕਿੱਸਾ-ਕਾਵਿ ਵਿਚੋਂ ਵਾਰਿਸ ਤੇ ਪੀਲੂ, ਬੀਰ-ਕਾਵਿ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਕਾਵਿਕ ਵਿਦਰੋਹ ਸਿਖਰ 'ਤੇ ਸੀ ਖਾਸਕਰ ਚੰਡੀ ਦੀ ਵਾਰ ਅਤੇ ਜ਼ਫ਼ਰਨਾਮਾ। ਆਧੁਨਿਕ ਕਾਲ ਵਿਚ ਗ਼ਦਰ ਕਾਵਿ ਵਿਚ ਵੀ ਨਾਬਰੀ ਦੀ ਸੁਰੀ ਰਹੀ ਹੈ। ਇਥੋਂ ਤਕ ਕਿ ਗ਼ਦਰ ਕਾਵਿ ਵਿਚ ਹਥਿਆਰਬੰਦ ਸੰਘਰਸ਼ ਦੀ ਗੱਲ ਮਿਲ ਜਾਂਦੀ ਹੈ ਪਰ ਜੁਝਾਰਵਾਦੀ ਕਾਵਿ-ਧਾਰਾ ਦਾ ਇਸ ਪੱਖੋਂ ਵਿਸ਼ੇਸ਼ ਸਥਾਨ ਹੈ ਕਿ ਇਹ ਮੁੱਖ ਤੌਰ 'ਤੇ ਆਪਣੇ ਵਿਚਾਰਧਾਰਕ ਆਧਾਰ ਕਾਰਨ ਹਥਿਆਰਬੰਦ ਸੰਘਰਸ਼ ਨੂੰ ਪਹਿਲ ਦਿੰਦੀ ਹੈ। ਜੁਝਾਰਵਾਦੀ ਕਾਵਿ-ਧਾਰਾ ਤੋਂ ਤੁਰੰਤ ਪਹਿਲਾਂ ਪੰਜਾਬੀ ਵਿਚ ਪ੍ਰਗਤੀਵਾਦੀ ਤੇ ਪ੍ਰਯੋਗਸ਼ੀਲ ਕਾਵਿ-ਧਾਰਾਵਾਂ ਪ੍ਰਚੱਲਿਤ ਹੋ ਚੁੱਕੀਆਂ ਸਨ ਤੇ ਕਿਸੇ ਨਾ ਕਿਸੇ ਪੱਧਰ 'ਤੇ ਕਾਰਜਸ਼ੀਲ ਵੀ ਸਨ। ਪ੍ਰਗਤੀਵਾਦੀ ਕਾਵਿ-ਧਾਰਾ ਦਾ ਆਧਾਰ 1936 ਦੀ ਲਖਨਊ ਕਾਨਫ਼ਰੰਸ ਬਣੀ ਸੀ ਤੇ ਆਜ਼ਾਦੀ ਤੋਂ ਬਾਅਦ ਇਹ ਖੜੋਤ ਦਾ ਸ਼ਿਕਾਰ ਬਣ ਰਹੀ ਸੀ ਤੇ ਪ੍ਰਯੋਗਸ਼ੀਲ ਕਾਵਿ-ਧਾਰਾ ਦਾ ਕੋਈ ਸਮਾਜਿਕ ਸਮੂਹਿਕਤਾ ਵਾਲਾ ਆਧਾਰ ਨਹੀਂ ਸੀ।

## ਮੁੱਖ/ਕੇਂਦਰੀ ਸ਼ਬਦ:

ਜੁਝਾਰੂ---ਵਿਦਰੋਹੀ

ਨਾਬਰ---ਅਣਖੀ

ਗਦਰੀ---ਇਨਕਲਾਬੀ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1 ਦੋਹਾਂ ਲਿੰਗਾਂ ਵਿਚ ਬਰਾਬਰਤਾ ਪਰ ਇਸ ਬਰਾਬਰਤਾ ਨੂੰ ਲਿੰਗ ਦੀ ਪੂਰਵ ਪ੍ਰਚੱਲਤ ਦਰਜਾਬੰਦੀ ਦੇ ਵਿਰੋਧ ਵਿਚ ਰੱਖ ਕੇ ਸਮਝਣਾ ਵਧੇਰੇ ਸੌਖਾ ਹੈ। ਬਰਾਬਰਤਾ ਤੋਂ ਭਾਵ ਸਮਾਨਤਾ ਨਹੀਂ ਹੈ।

ਉਪਰੋਕਤ ਧਾਰਨਾ ਨਾਰੀਵਾਦ ਦੇ ਕਿਹੜੇ ਤੱਤ ਨਾਲ ਸਬੰਧਿਤ ਹੈ?

ੳ ਪਹਿਲੇ ਤੱਤ ਨਾਲ

ਅ ਦੂਜੇ ਤੱਤ ਨਾਲ

ੲ ਤੀਜੇ ਤੱਤ ਨਾਲ

ਸ ਉਪਰੋਕਤ ਕੋਈ ਨਹੀਂ

2 ਜੁਝਾਰਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

3 ਔਰਤ ਦੀ ਮੌਜੂਦਾ ਸਥਿਤੀ ਨੂੰ ਸਮਾਜਿਕ ਘਾੜਤ ਮੰਨਣਾ ਕਿਉਂਕਿ ਜੇ ਸਥਿਤੀ ਨੂੰ ਕੁਦਰਤ ਜਾਂ ਰੱਬੋਂ ਠੋਸੀ ਸਮਝਿਆ ਜਾਵੇ ਤਾਂ ਨਾਰੀਵਾਦ ਦਾ ਆਧਾਰ ਹੀ ਖੁਰ ਜਾਂਦਾ ਹੈ।

ਉਪਰੋਕਤ ਧਾਰਨਾ ਨਾਰੀਵਾਦ ਦੇ ਕਿਹੜੇ ਤੱਤ ਨਾਲ ਸਬੰਧਿਤ ਹੈ?

ੳ ਪਹਿਲੇ ਤੱਤ ਨਾਲ

ਅ ਦੂਜੇ ਤੱਤ ਨਾਲ

ੲ ਤੀਜੇ ਤੱਤ ਨਾਲ

ਸ ਉਪਰੋਕਤ ਕੋਈ ਨਹੀਂ

4 ਪ੍ਰਯੋਗਸ਼ੀਲ ਧਾਰਾ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਭਾਈ ਵੀਰ ਸਿੰਘ

5 ਕਿਸ ਦੇ ਅਰਥ ਹਨ ' ਮੋਤੀਆਂ ਨੂੰ ਇਕ ਧਾਗੇ ਵਿਚ ਪਰੋਣਾ'?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

6 ਪ੍ਰੋ. ਪੂਰਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

7 ਰਹੱਸਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

8 ਜਵਾਨ ਪੰਜਾਬ ਦੇ ਰਚਨਾ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

9 ਕਿਸ ਕਾਵਿ-ਰੂਪ ਨੂੰ ਅੰਗਰੇਜ਼ੀ ਵਿਚ ਫਰੀ ਵਰਸ ਕਿਹਾ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

10 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਔਰਤ ਦਾ ਆਪਣੇ ਆਪ ਨੂੰ ਇਕ ਸਮਾਜਿਕ ਸਮੂਹ ਵਜੋਂ ਮਹਿਸੂਸ ਕਰਨਾ ਵੀ ਸ਼ਾਮਿਲ ਹੈ। ਇਸ ਪ੍ਰਕਾਰ ਨਾਰੀਵਾਦ ਉਸ ਵਿਚਾਰ ਨੂੰ ਕਿਹਾ ਜਾ ਸਕਦਾ ਹੈ ਜਿਹੜੀ ਔਰਤਾਂ ਨਾਲ ਸਬੰਧਿਤ ਹੋਵੇ।"

ਉਪਰੋਕਤ ਧਾਰਨਾ ਨਾਰੀਵਾਦ ਦੇ ਕਿਹੜੇ ਤੱਤ ਨਾਲ ਸਬੰਧਿਤ ਹੈ?

ੳ ਪਹਿਲੇ ਤੱਤ ਨਾਲ

ਅ ਦੂਜੇ ਤੱਤ ਨਾਲ

ੲ ਤੀਜੇ ਤੱਤ ਨਾਲ

ਸ ਉਪਰੋਕਤ ਕੋਈ ਨਹੀਂ

12 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਨਾਰੀਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਅੰਮ੍ਰਿਤਾ ਪ੍ਰੀਤਮ

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

## ਅਭਿਆਸ ਪ੍ਰਸ਼ਨ

1. ਜੁਝਾਰਵਾਦੀ ਕਾਵਿਧਾਰਾ ਦੇ ਸਿਧਾਂਤਕ ਪਰਿਪੇਖ ਉਪਰ ਨੋਟ ਲਿਖੋ?
2. ਜੁਝਾਰਵਾਦ ਦਾ ਅਰਥ ਦੱਸਦਿਆਂ ਇਸਦੇ ਸਰੂਪ ਬਾਰੇ ਚਰਚਾ ਕਰੋ।
3. ਨਾਰੀਵਾਦ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸਦਾ ਸਰੂਪ ਉਲੀਕੋ।

## ਸੰਦਰਭ ਪੁਸਤਕਾਂ:


1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.


## ਮਹੱਤਵਪੂਰਨ ਲਿੰਕ

https://www.youtube.com/watch?v=mOJ3xYyrzyg

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ੲ | 4. ਅ | 5. ੳ |
| 6. ੲ | 7. ਸ | 8. ਸ | 9. ੲ | 10. ਅ |
| 11.ੲ | 12. ਸ | 13. ੳ | 14. ੳ | 15. ਸ |

# ਅਧਿਆਇ-9 : ਖੁੱਲ੍ਹੇ ਮੈਦਾਨ ਪੁਸਤਕ ਦਾ ਅਧਿਐਨ

*Paramjit Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਮਹੱਤਵ ਤੋਂ ਜਾਣੂ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੀ ਸਮਝ ਦੇ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪ੍ਰੋ. ਪੂਰਨ ਸਿੰਘ ਅਤੇ ਉਸਦੀ ਪੁਸਤਕ ਖੁੱਲ੍ਹੇ ਮੈਦਾਨ ਬਾਰੇ ਜਾਣਕਾਰੀ ਦੇਣਾ ਹੈ। ਇਹ ਪਾਠ ਪ੍ਰੋ. ਪੂਰਨ ਸਿੰਘ ਅਤੇ ਉਸਦੀ ਕਵਿਤਾ ਬਾਰੇ ਬਹੁਪੱਖੀ ਅਤੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ***ਖੁਲ੍ਹੇ ਮੈਦਾਨ*** ਪੰਜਾਬੀ ਦੇ ਉਘੇ ਕਵੀ ਪ੍ਰੋ. ਪੂਰਨ ਸਿੰਘ (1881-1931) ਦਾ ਪਹਿਲਾ ਕਾਵਿ-ਸੰਗ੍ਰਹਿ ਹੈ। ਇਸ ਦੇ ਪਹਿਲੇ ਭਾਗ ਦੀ ਪਹਿਲੀ ਲੰਮੀ ਕਵਿਤਾ *ਪੂਰਨ ਨਾਥ ਜੋਗੀ* ਪਹਿਲੀ ਪੰਜਾਬੀ ਖੁੱਲ੍ਹੀ ਕਵਿਤਾ ਹੈ।

ਇਸ ਕਾਵਿ ਸੰਗ੍ਰਹਿ ਵਿੱਚ ਪੰਜ ਭਾਗ ਹਨ:

1. ਪੂਰਨ ਨਾਥ ਜੋਗੀ
2. ਝਨਾਂ ਦੀਆਂ ਲਹਿਰਾਂ
3. ਦੇਸ਼ ਪਿਆਰ ਪੰਜਾਬ ਮੇਰਾ
4. ਮੈਂ ਤੇ ਉਹ
5. ਜੰਗਲੀ ਫੁੱਲ

## ਵਿਸ਼ਾ ਵਸਤੂ:

ਪੂਰਨ ਸਿੰਘ ( 1881– 1931 ) : ਆਧੁਨਿਕ ਪੰਜਾਬੀ ਸਾਹਿਤ ਦੇ ਇਸ ਵਿਲੱਖਣ ਕਵੀ ਦਾ ਜਨਮ 17 ਫਰਵਰੀ 1881 ਵਿੱਚ ਪਾਕਿਸਤਾਨ ਦੇ ਐਬਟਾਬਾਦ ਜ਼ਿਲ੍ਹੇ ਦੇ ਇੱਕ ਪਿੰਡ ਸਲਹੱਡ ਵਿਖੇ ਹੋਇਆ । ਪਿਤਾ ਸਰਕਾਰੀ ਨੌਕਰੀ ਕਰਦੇ ਸਨ । ਮਾਤਾ ਪਰਮਾ ਦੇਵੀ ਧਾਰਮਿਕ ਵਿਚਾਰਾਂ ਵਾਲੀ ਸੁੱਘੜ ਤੇ ਸੁਸ਼ੀਲ ਔਰਤ ਸੀ । ਸਥਾਨਿਕ ਪਿੰਡ ਤੋਂ ਪ੍ਰਾਇਮਰੀ ਸਿੱਖਿਆ ਹਾਸਲ ਕਰਨ ਉਪਰੰਤ ਉਸ ਨੇ ਰਾਵਲਪਿੰਡੀ ਦੇ ਮਿਸ਼ਨ ਸਕੂਲ ਤੋਂ ਮੈਟ੍ਰਿਕ ਦੀ ਪਰੀਖਿਆ ਪਾਸ ਕਰ ਕੇ ਡੀ.ਏ.ਵੀ. ਕਾਲਜ ਵਿੱਚ ਦਾਖ਼ਲਾ ਲਿਆ । ਪੂਰਨ ਸਿੰਘ ਬੀ.ਏ. ਦੀ ਪੜ੍ਹਾਈ ਦੌਰਾਨ ਹੀ ਭਗਤ ਗੋਕਲ ਚੰਦ ਤੋਂ ਵਜ਼ੀਫ਼ਾ ਪ੍ਰਾਪਤ ਕਰ ਕੇ ਜਪਾਨ ਵਿੱਚ ਉਚੇਰੀ ਪੜ੍ਹਾਈ ਕਰਨ ਲਈ ਗਿਆ । 1903 ਵਿੱਚ ਉਸ ਨੇ ਟੋਕੀਓ ਯੂਨੀਵਰਸਿਟੀ ਦੇ ਫਾਰਮਾਸਿਊਟੀਕਲ ਕੈਮਿਸਟਰੀ ਦੇ ਵਿਦਿਆਰਥੀ ਵਜੋਂ ਪ੍ਰਯੋਗਿਕ ਰਸਾਇਣ- ਵਿਗਿਆਨ ਦੀ ਡਿਗਰੀ ਪ੍ਰਾਪਤ ਕੀਤੀ । ਜਪਾਨ ਵਿੱਚ ਰਹਿੰਦਿਆਂ ਉਸ ਨੇ ਬੁੱਧ ਮੱਤ ਦਾ ਪ੍ਰਭਾਵ ਗ੍ਰਹਿਣ ਕੀਤਾ । 1903 ਵਿੱਚ ਸੁਆਮੀ ਰਾਮ ਤੀਰਥ ਦੇ ਸੰਪਰਕ ਵਿੱਚ ਆਇਆ ਤੇ ਸੰਨਿਆਸੀ ਬਣ ਗਿਆ ।

ਬਾਲ ਵਿਸ਼ਵਕੋਸ਼ ਦੇ ਵਿਸਤਾਰਤ ਇੰਦਰਾਜ ਅਨੁਸਾਰ ਜਪਾਨ ਤੋਂ ਵਾਪਸ ਭਾਰਤ ਪਰਤਣ ਉਪਰੰਤ ਪੂਰਨ ਸਿੰਘ ਨੇ ਕਲਕੱਤੇ ਰਹਿ ਕੇ ਕ੍ਰਾਂਤੀਕਾਰੀਆਂ ਨਾਲ ਮਿਲ ਕੇ ਭਾਰਤ ਦੀ ਅਜ਼ਾਦੀ ਦੇ ਸੰਗਰਾਮ ਵਿੱਚ ਭੂਮਿਕਾ ਨਿਭਾਈ । ਬ੍ਰਿਟਿਸ਼ ਸਰਕਾਰ ਵਿਰੁੱਧ ਜੋਸ਼ੀਲੀਆਂ ਤਕਰੀਰਾਂ ਦੇਣ ਕਰ ਕੇ ਉਸ ਨੂੰ ਗਰਿਫ਼ਤਾਰ ਕੀਤਾ ਗਿਆ ਪਰ ਜਲਦੀ ਹੀ ਛੱਡ ਦਿੱਤਾ ਗਿਆ । 1907 ਵਿੱਚ ਉਸ ਨੇ ਫਾਰੈਸਟ ਰਿਸਰਚ ਇੰਸਟੀਚਿਊਟ ਦੇਹਰਾਦੂਨ ਵਿੱਚ ਨੌਕਰੀ ਕੀਤੀ । 1913 ਵਿੱਚ ਸਿੱਖ ਵਿੱਦਿਅਕ ਕਾਨਫਰੰਸ ਸਿਆਲਕੋਟ ਵਿੱਚ ਉਸ ਦਾ ਮੇਲ ਭਾਈ ਵੀਰ ਸਿੰਘ ਨਾਲ ਹੋਇਆ । ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਗੁਰਮਤਿ ਵਿਚਾਰਧਾਰਾ ਬਾਰੇ ਚਿੰਤਨ ਕੀਤਾ ਅਤੇ ਉਸੇ ਤੋਂ ਉਸ ਨੂੰ ਪੰਜਾਬੀ ਵਿੱਚ ਲਿਖਣ ਲਈ ਪ੍ਰੇਰਨਾ ਮਿਲੀ । ਪੂਰਨ ਸਿੰਘ ਨੇ ਅੰਗਰੇਜ਼ੀ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿੱਚ ਰਚਨਾ ਕੀਤੀ ।

ਪੰਜਾਬੀ ਰਚਨਾਵਾਂ ਦੇ ਅੰਤਰਗਤ ਪੰਜਾਬੀ ਵਿੱਚ ਖੁਲ੍ਹੇ ਮੈਦਾਨ , ਖੁਲ੍ਹੇ ਘੁੰਡ , ਖੁਲ੍ਹੇ ਅਸਮਾਨੀ ਰੰਗ ਉਸ ਦੇ ਕਾਵਿ- ਸੰਗ੍ਰਹਿ ਹਨ ਅਤੇ ਖੁਲ੍ਹੇ ਲੇਖ ਨਿਬੰਧ-ਸੰਗ੍ਰਹਿ ਹੈ । ਪ੍ਰੀਤ , ਚੁਪ ਪ੍ਰੀਤ ( ਨਾਵਲ ) ਅਤੇ ਅਬਚੱਲੀ ਜੋਤ , ਕਲਾ ਤੇ ਕਲਾਧਾਰੀ ਦੀ ਪੂਜਾ , ਬੌਣੇ ਬੂਟੇ , ਸੋਹਣੀ , ਮੌਲਾ ਸ਼ਾਹ ਤੇ ਮੋਇਆਂ ਦੀ ਜਾਗ ਉਸ ਦੀਆਂ ਅਨੁਵਾਦਿਤ ਪੁਸਤਕਾਂ ਹਨ । ਪ੍ਰੋ. ਪੂਰਨ ਸਿੰਘ ਨੇ ਅੰਗਰੇਜ਼ੀ ਵਿੱਚ ਵੀ ਕਾਫ਼ੀ ਸਾਹਿਤ ਰਚਿਆ । Sisters of the Spinning Wheel , Unstrung Beads , An Afternoon with Self , At His Feet , Seven Baskets of Prose Poems , Bride of the Sky , Burning Candle and Temple Tupils ਉਸ ਦੇ ਕਾਵਿ-ਸੰਗ੍ਰਹਿ ਹਨ- The Spirit of Oriental Poetry ( ਸਾਹਿਤ ਸਮਾਲੋਚਨਾ ) ਅਤੇ The Story of Swami Rama , The Book of Ten Masters , Spirit Born People , Spirit of the Sikh ( Vol.III ) , Waltwhitman and the Sikh Inspiration ਉਸ ਦੁਆਰਾ ਰਚਿਤ ਜੀਵਨੀਆਂ ਹਨ ।

ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਤੋਂ ਇਲਾਵਾ ਪੂਰਨ ਸਿੰਘ ਨੇ ਹਿੰਦੀ ਵਿੱਚ ਨਿਬੰਧ ਲਿਖੇ , ਜੋ ਸਰਸਵਤੀ ਪਤ੍ਰਿਕਾ ਵਿੱਚ ਛਪੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਹਨਾਂ ਹਿੰਦੀ ਨਿਬੰਧਾਂ ਦਾ ਕੰਨਿਆਦਾਨ ਤੇ ਹੋਰ ਲੇਖ ਨਾਂ ਹੇਠ ਪੰਜਾਬੀ ਵਿੱਚ ਅਨੁਵਾਦ ਕਰ ਕੇ ਪੁਸਤਕ ਰੂਪ ਵਿੱਚ ਛਾਪਿਆ। ਇਸ ਤੋਂ ਇਲਾਵਾ ਉਸ ਨੇ ਭਾਈ ਵੀਰ ਸਿੰਘ ਦੀਆਂ ਚੋਣਵੀਆਂ ਕਵਿਤਾਵਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਵੀ ਕੀਤਾ। ਉਸ ਨੇ ਸਾਈਮਨ ਕਮਿਸ਼ਨ ਦੇ ਨਾਂ ਇੱਕ ਚਿੱਠੀ ਵੀ ਲਿਖੀ।

ਪੂਰਨ ਸਿੰਘ ਖੁੱਲ੍ਹ ਤੇ ਮਸਤੀ , ਵੇਗ ਤੇ ਜਜ਼ਬਾ , ਸੁਹਪਣ ਤੇ ਸੁਹਜ ਅਤੇ ਮਾਨਵਤਾ ਤੇ ਸਾਂਝੀਵਾਲਤਾ ਦਾ ਕਵੀ ਸੀ। ਉਸ ਦੀ ਕਵਿਤਾ ਛੰਦਾਬੰਦੀ ਦੀ ਕੈਦ ਤੋਂ ਮੁਕਤ ਹੈ , ਉਸ ਨੇ ਸੈਲਾਨੀ ਛੰਦ ਨੂੰ ਆਪਣੇ ਵਿਚਾਰਾਂ ਦਾ ਵਾਹਣ ਬਣਾਇਆ। ਉਸ ਦੀ ਕਵਿਤਾ ਵਿੱਚ ਰਾਗ , ਲੈਅ , ਨਿਰੰਤਰ ਚਾਲ , ਮਿਠਾਸ ਤੇ ਵਲਵਲਾ ਸਭ ਇੱਕੋ ਥਾਂ ਮਿਲਦੇ ਹਨ। ਉਸ ਦੀ ਕਵਿਤਾ ਦਾ ਮੁੱਖ ਸੁਰ ਪਹਿਲਾਂ ਪਹਿਲ ਰੁਮਾਂਟਿਕ ਫਿਰ ਬੌਧਿਕ ਤੇ ਰਹੱਸਵਾਦੀ ਹੈ। ਮਹਿੰਦਰ ਸਿੰਘ ਰੰਧਾਵਾ ਅਨੁਸਾਰ ਉਸ ਦੀ ਕਵਿਤਾ ਵਿੱਚ ' ਪੰਜਾਬੀ ਦੇ ਮੈਦਾਨਾਂ ਦੀ ਖੁੱਲ੍ਹ , ਸਰ੍ਹੋਂ ਦੇ ਖੇਤਾਂ ਦੀ ਸੁਗੰਧ ਅਤੇ ਪੰਜਾਂ ਦਰਿਆਵਾਂ ਦੇ ਬੇ-ਪ੍ਰਵਾਹ ਵਹਿਣ ਦੀ ਮਸਤੀ ਹੈ'। ਨਵੀਨ ਪੱਛਮੀ ਸੱਭਿਅਤਾ ਤੋਂ ਮੂੰਹ ਮੋੜ ਕੇ ਉਸ ਨੇ ਸਾਦਗੀ ਤੇ ਸਧਾਰਨਤਾ ਨੂੰ ਸਲਾਹਿਆ ਹੈ। ਸੱਭਿਅਤਾ ਦੀਆਂ ਜਕੜਨਾਂ ਤੋਂ ਬਚਣ ਲਈ ਉਹ ਪਸ਼ੂ ਥੀਣ ਨੂੰ ਲੋਚਦਾ। ਪੂਰਨ ਸਿੰਘ ਦੀਆਂ ਸਤਰਾਂ ਹਨ :

ਮੁੜ ਮੁੜ ਲੋਚਾਂ ਪਸ਼ੂ ਥੀਣ ਨੂੰ।

ਮੈਂ ਆਦਮੀ ਬਣ ਬਣ ਥਕਿਆ।

( ਖੁਲ੍ਹੇ ਮੈਦਾਨ )

ਪੂਰਨ ਸਿੰਘ ਇੱਕ ਅਲਬੇਲਾ , ਖ਼ੁੱਦਦਾਰ ਅਤੇ ਆਤਮ- ਵਿਸ਼ਵਾਸੀ ਵਿਅਕਤੀ ਸੀ। ਕਿਸੇ ਦੀ ਅਧੀਨਗੀ ਸਹਿਣ ਕਰਨੀ , ਉਸ ਲਈ ਔਖੀ ਸੀ। ਜੀਵਨ ਵਿੱਚ ਉਸ ਨੇ ਆਪਣੀ ਮਾਂ , ਸੁਆਮੀ ਰਾਮ ਤੀਰਥ ਅਤੇ ਭਾਈ ਵੀਰ ਸਿੰਘ ਦਾ ਪ੍ਰਭਾਵ ਗ੍ਰਹਿਣ ਕੀਤਾ। ਉਸ ਨੇ ਜਪਾਨੀ ਤੇ ਬੋਧੀ ਜੀਵਨ ਵਿਧੀ , ਪੱਛਮੀ ਸਾਹਿਤ ਅਤੇ ਗੁਰਮਤਿ ਦਾ ਪ੍ਰਭਾਵ ਗ੍ਰਹਿਣ ਕਰਦਿਆਂ ਜੀਵਨ ਵਿੱਚ ਜਾਤੀ ਭੇਦ- ਭਾਵ , ਧਾਰਮਿਕ ਸੰਕੀਰਨਤਾ ਅਤੇ ਆਪਣੇ ਪਰਾਏ ਦੇ ਭੇਦ-ਭਾਵ ਤੋਂ ਉਪਰ ਉੱਠ ਕੇ ਸਾਰਾ ਜੀਵਨ ਇੱਕ ਵਿਸ਼ਵ ਮਨੁੱਖ ਬਣ ਕੇ ਜੀਵਿਆ। ਉਸ ਦੀ ਸ਼ਖ਼ਸੀਅਤ ਤੇ ਰਚਨਾ ਦੋਵੇਂ ਵਿਲੱਖਣ ਹਨ। 1930 ਵਿੱਚ ਤਪਦਿਕ ਦੇ ਰੋਗ ਦਾ ਸ਼ਿਕਾਰ ਹੋਣ ਕਾਰਨ 31 ਮਾਰਚ 1931 ਨੂੰ ਦੇਹਰਾਦੂਨ ਵਿਖੇ ਪੂਰਨ ਸਿੰਘ ਦਾ ਦਿਹਾਂਤ ਹੋ ਗਿਆ।

ਪੰਜਾਬੀ ਨੌਜਵਾਨਾਂ ਦੇ ਚਰਿੱਤਰ ਦੀ ਵਿਲੱਖਣਤਾ ਨੂੰ ਪ੍ਰੋ. ਪੂਰਨ ਸਿੰਘ ਨੇ ਵਿਸ਼ੇਸ਼ ਛੋਹਾਂ ਨਾਲ ਉਘਾੜਿਆ ਹੈ। ਉਸ ਅਨੁਸਾਰ ਪੰਜਾਬੀ ਪਿਆਰ ਦੇ ਪੁਤਲੇ ਹਨ ਪਰ ਕਿਸੇ ਦੀ ਟੈਂ ਮੰਨਣ ਨੂੰ ਵੀਤਿਆਰ ਨਹੀਂ। ਪੰਜਾਬ ਦੇ ਅਲਬੇਲੇ ਨੌਜਵਾਨਾ ਨੂੰ ਵੇਖ ਕੇ ਉਸਦੇ ਦਿਲ ਵਿਚ ਸਰੂਰ ਭਰਜਾਂਦਾ ਹੈ। ਖੁੱਲ੍ਹੇ-ਡੁੱਲ੍ਹੇ ਪੰਜਾਬੀ ਨੌਜਵਾਨਾਂ ਦੇ ਸੁਭਾਅ ਉਸਨੂੰ ਆਪਣੇ ਵੱਲ ਖਿੱਚਦੇ ਲੈਂਦੇ ਹਨ।

ਇਹ ਬੇਪ੍ਰਵਾਹ ਪੰਜਾਬ ਦੇ
ਮੌਤ ਨੂੰ ਮਖੌਲਾਂ ਕਰਨ
ਮਰਨ ਥੀਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗੁਲਾਮੀ
ਜਾਨ ਕੋਹ ਵਾਰ ਦਿੰਦੇ :
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰਦੇ
ਅੱਖੜਖਾਂਦ ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ
ਆਜ਼ਾਦ ਕੀਤੇ ਇਹ ਬੰਦੇ
ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ

ਪੂਰਨ ਸਿੰਘ ਸ਼ਬਦਾਂ ਦਾ ਜਾਦੂਗਰ ਹੈ, ਉਹ ਪਿਆਰ ਦੇ ਪੁਤਲੇ ਤੇ ਆਜ਼ਾਦ ਤਬੀਅਤ ਦੇ ਪੰਜਾਬੀਆਂਨੂੰ ਰਾਂਝੇ ਦੇ ਛੋਟੇ ਵੱਡੇ ਭਰਾ ਦਸਦਾ ਹੈ ਜਿਸ ਨੂੰ ਬਾਲ ਨਾਥ ਜੋਗ ਦੇ ਕੇ ਪਛਤਾਇਆ ਸੀ।ਸੋਹਣੀ ਦਾ ਬੁੱਤ ਉਸਨੂੰ ਪੰਜਾਬ ਦਾ ਕੌਮੀ ਨਿਸ਼ਾਨ ਪ੍ਰਤੀਤ ਹੁੰਦਾ ਹੈ। ਹੀਰ-ਰਾਂਝੇ ਨਾਲਆਪਣੇ ਮੋਹ ਨੂੰ ਉਹ ਇਸ ਤਰ੍ਹਾਂ ਅਭਿਵਿਅਕਤ ਕਰਦਾ ਹੈ :

ਆ ਵੀਰਾ ਰਾਂਝਿਆ
ਆ ਭੈਣੇ ਹੀਰੇ
ਸਾਨੂੰ ਛੋੜ ਨਾ ਜਾਵੋ,
ਬਿਨ ਤੁਸਾਂ ਅਸੀਂ ਸੱਖਣੇ।

ਪੰਜਾਬ ਦਾ ਟੈਗੋਰ ਪੂਰਨ ਸਿੰਘ ਪੰਜਾਬ ਦੀ ਹਰ ਚੀਜ਼ ਨਾਲ ਮੋਹ ਰੱਖਦਾ ਹੈ। 'ਖੁੱਲ੍ਹੇ ਮੈਦਾਨ' ਕਾਵਿ-ਸੰਗ੍ਰਹਿਦੇ ਤੀਜੇ ਭਾਗ ਦੀਆਂ ਕਵਿਤਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਉਸਦਾ ਪੰਜਾਬ 'ਗੁਰਾਂ' ਦੇ ਨਾਮ' ਤੇ ਜਿਉਂਦਾ ਹੈ ਅਤੇ ਪੰਜਾਬ ਦੇ ਦਰਿਆ ਉਸਨੂੰ 'ਜਾਪੁ ਸਾਹਿਬ' ਗਾਉਂਦੇ ਪ੍ਰਤੀਤਹੁੰਦੇ ਹਨ। ਪੰਜਾਬ ਦੇ ਸਮੁੱਚੇ ਦਰਿਆਵਾਂ ਦੇ ਪ੍ਰਭਾਵ ਬਾਰੇ ਲਿਖਣ ਵਾਲਾ ਉਹ ਇਕੋ ਇਕਕਵੀ ਹੈ। ਸ਼ਾਇਦ ਇਸ ਲਈ ਉਸ ਨੂੰ ਪੰਜਾਬ ਦਾ ਛੇਵਾਂ ਦਰਿਆ ਕਿਹਾ ਜਾਂਦਾ ਹੈ।

ਰਾਵੀ ਸੁਹਣੀ ਪਈ ਵਗਦੀ।
ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਝਨਾ 'ਵਾਜਾਂ ਮਾਰਦੀ,
ਮੈਨੂੰ ਜੇਹਲਮ ਪਿਆਰਦਾ
ਅਟਕਾਂ ਦੀ ਲਹਿਰਾਂ ਦੀ ਠਾਠ
ਮੇਰੇ ਬੂਹੇ 'ਤੇ ਵੱਜਦੀ।

ਪੁਰਾਣੇ ਪੰਜਾਬ ਨੂੰ ਅਵਾਜ਼ਾਂ

ਉਹ ਪੁਰਾਣਾ ਅਦਬ ਤੇ ਹਿਰਸ ਨਾਂਹ !

ਉਹ ਪ੍ਰੀਤ ਦੀਆਂ ਪੀਡੀਆਂ ਗੰਢਾਂ ।

ਉਹ ਕੁੜੀਆਂ ਦੇ ਚਾਅ, ਤ੍ਰਿੰਞਣਾਂ ਦੇ ਗਾਵਨ ਕਿੱਥੇ,

ਉਹ ਸ਼ਰੀਕਾਂ ਦੀ ਆਬ ਵਾਲੀ ਗੱਲ ਸਾਰੀ ਗਈ ਆਈ,

ਉਹ ਖ਼ਾਤਰਾਂ ਤੇ ਸੇਵਾਵਾਂ, ਕੁਰਬਾਨੀਆਂ ਤੇ ਜਰਨੇ, ਜਿਗਰੇ ਤੇ ਹੌਂਸਲੇ,

ਉਹ ਰੋਟੀਆਂ ਤੇ ਮਹਿਫ਼ਲਾਂ, ਉਹ ਡੂੰਘੀ ਡੂੰਘੀ ਸ਼ਰਮਾਂ, ਸ਼ਰਾਫ਼ਤਾਂ,

ਉਹ ਕਿੱਥੇ ?

ਇਕ ਪੜ੍ਹੇ ਨੌਜਵਾਨ ਨੂੰ ਮੈਂ ਪੁੱਛਿਆ,

ਉਹ ਸਾਡੇ ਅਨਪੜ੍ਹਾਂ ਦਾ ਪੁਰਾਣਾ, ਗਠੀਲਾ, ਅਣਟੁੱਟ ਜਿਹਾ ਭਾਈਚਾਰਾ ਕਿੱਥੇ ?

ਹਿਤ ਕਿੱਥੇ ? ਪਿਆਰ ਕਿੱਥੇ ? ਉਹ ਸਾਡਾ ਹੱਸ ਬੋਲਣਾ ਗੁਆਚ ਗਿਆ ਕਿੱਥੇ ?

ਦਿਲ, ਜ਼ੋਰ, ਮਿੱਠਤ ਕਿੱਥੇ ? ਉਹ ਬਾਹਾਂ ਦਾ ਮਾਣ, ਜ਼ੋਰ ਸਾਰਾ ?

ਸੱਸਾਂ ਦੇ ਉਹ ਸਮੁੰਦਰਾਂ ਵਰਗੇ ਦਿਲ ਕਿੱਥੇ ?

ਨੂੰਹਾਂ, ਧੀਆਂ ਦੀ ਉਹ ਲਿਹਾਜ਼ ਦੀ ਸਭਿਅਤਾ,

ਜਵਾਈਆਂ ਦੀ ਪੁਰਾਣੀ ਮੋਤੀਆਂ ਵਰਗੀ ਆਬ ਕਿੱਥੇ ?

ਸਜ-ਵਿਆਹੀਆਂ ਦਾ ਉਹ ਆਦਰ, ਭਾ, ਸ਼ਿੰਗਾਰ ਤੇ ਸੰਭਾਰ ਕਿੱਥੇ,

ਲਾਡ ਤੇ ਮੁਰਾਦਾਂ ?

ਸਾਲੂ ਕਿੱਥੇ, ਬਾਗ਼ ਤੇ ਫੁਲਕਾਰੀਆਂ,

ਉਹ ਮਹਿੰਦੀ ਦਾ ਰੰਗ ਸੁਹਾਗ ਦਾ,

ਉਹ ਹੱਥ ਪੈਰ ਰੰਗੇ, ਉਹ ਤਿੱਲੇਦਾਰ ਜੁੱਤੀਆਂ।

ਭਰਾਵਾ ! ਇਹ ਪੁਰਾਣੀ ਬੁੱਢੀ ਜਿਹੀ ਸਾਡੀ ਸਭਿਅਤਾ,

ਦਰਿਆਵਾਂ ਝਨਾਵਾਂ ਦੇ ਫੇਰ ਵਾਲੀ, ਦੂਰੋਂ ਆਈ, ਦੂਰ ਜਾਂਦੀ ;

ਬਿਰਾਦਰੀਆਂ ਮਿਲ ਮਿਲ ਜੀਣਾ ਕਿੱਥੇ ?

ਉਹ ਸਦੀਆਂ ਦੀ ਬੋਹੜ ਕਿਸ ਵੱਢੀ ,

ਉਹ ਪੁਰਾਣਾ ਪਿੱਪਲ ਕਿੱਥੇ ਉੱਡ ਗਿਆ ?

ਹਵਾ ਆਈ, ਝੱਖੜ ਆਇਆ ਉਹ ਕਿਸ ਗੇਰਿਆ ?

ਉਹ ਜੰਗਲ ਜ਼ਰੂਰ ਸੀ, ਪੁਰਾਣਾ ਦਦ-ਕੱਢਿਆ, ਗੰਭੀਰ ਸੀ,

ਮੰਨਿਆਂ ਭਾਂਤ ਭਾਂਤ ਬੋਲੀਆਂ ਤੇ ਖ਼ਿਆਲ ਸੀ, ਅਸੀਂ ਅਨਜਾਣ ਸੀ,

ਇਕੋ ਜਿਹੇ ਸਿੱਧੇ ਸਾਦੇ, ਕੰਮ ਕਰਨ ਵਾਲੇ ਹੱਡ ਸੀ,

ਤੇ ਇਕ ਅੱਧ ਖ਼ਿਆਲ ਕੋਈ ਸੁਣਿਆਂ, ਮੰਨਿਆਂ ਅਸਾਂ ਲਈ ਬੱਸ ਸੀ,

ਉਸੇ ਵਿਚ ਬਹਿੰਦੇ, ਉੱਠਦੇ, ਜੀਂਦੇ, ਜਾਗਦੇ, ਉਹੋ, ਇਕ ਖ਼ਿਆਲ

ਸਾਡੀ ਜੰਦ ਜਾਨ ਸੀ।

ਵਪਾਰ ਅਸੀਂ ਕਰਦੇ ਸੀ ਸੁੱਚਾ ਸੁਥਰਾ,

ਕਾਹਲੀ ਵਿਚ ਅਮੀਰ ਹੋਣ ਨੂੰ ਨਿੰਦਦੇ,

ਇਕ ਰੱਬੀ ਜੋੜ ਮੇਲ ਜਾਣ ਕੁੱਲ ਦੁਨੀਆਂ ਦੀ ਸੇਵਾ ਕਰਦੇ

ਇਹ ਚਾਂਦੀ ਦੀਆਂ ਠੀਕਰਾਂ ਕਦੀ ਨਾਂਹ ਸਾਡਾ ਰੱਬ ਸੀ।

ਵਲਾਇਤਾਂ ਜਾਂਦੇ, ਕਾਬਲ, ਕੰਧਾਰ, ਬੁਖ਼ਾਰੇ,
ਸਫ਼ਰ ਝਾਗਦੇ, ਜਫ਼ਰ ਜਾਲਦੇ, ਸਫ਼ਰ ਸਾਡਾ ਦਿਨ ਰਾਤ ਸੀ,
ਸੁਹਣੇ ਉਨਰਾਂ ਦੇ ਕੰਮ ਬਣੇ ਦੇਸ ਆਪਣੇ ਨੂੰ ਆਉਣ ਦੇ।
ਪਹਿਨਣ ਵਾਲਿਆਂ ਤੇ ਬਣਾਨ ਵਾਲਿਆਂ, ਦੋਹਾਂ ਦੇ ਸ਼ਗਨ ਮਨਾਂਦੇ ;
ਦੋਏ ਧਿਰਾਂ ਜੀਣ, ਵਧਣ ਤੇ ਥੀਣ, ਅਸੀਂ ਰੋਟੀਆਂ ਪਏ ਖਾਂਵਦੇ,
ਲੱਦੇ ਜਾਂਦੇ ਲੱਦੇ ਆਉਂਦੇ, ਕਿਹਾ ਸੁਹਣਾ ਉਹ ਵਪਾਰ ਸੀ ?

ਸੁਹਣਿਆਂ ! ਤੂੰ ਦੱਸ ਨਾ, ਉਹ ਵੇਲੇ ਕਿਉਂ ਲੱਦ ਗਏ ?
ਵਹਿਮ ਸਨ ਸਾਡੇ ਠੀਕ, ਪਰ ਤੁਸਾਡੇ ਕੀ ਘੱਟ ਹਨ ?
ਨਾਮ ਬਦਲੇ, ਰੂਪ ਬਦਲੇ, ਤੱਕੇ ਨੀਝ ਲਾ, ਹੈਨ ਸਭ ਉਹੋ ਜਿਹੇ
ਵਹਿਮ ਅੱਜ ਵੀ ?
ਆਦਮੀ ਦੀ ਪੂਜਾ ਛੱਡੀ, ਮੰਨਿਆਂ ਗੁਨਾਹ ਸੀ,
ਪਰ ਠੀਕਰੀਆਂ ਦੀ ਪੂਜਾ ਅੱਜ ਦੀ ਕਥਾਈਂ ਦਾ ਪੁੰਨ ਹੈ ?
ਸੇਵਾ ਕਰਨੀ, ਮਜੂਰੀ-ਮੰਗਣੀ ਨਾਂਹ ; ਕੁਝ ਜਹਲ ਸੀ ;
ਪਰ ਮੁਰਦਿਆਂ ਦੇ ਜੇਬੇ ਫੋਲਣੇ ਖਾਣ ਪੀਣ ਨੂੰ, ਕਿਹੜਾ ਇਲਮ ਹੈ ?
ਅਸੀਂ ਗ਼ਰੀਬ ਸਾਂ, ਸੰਤੋਖ ਸਾਡਾ ਕਾਤਲ ਜ਼ਹਿਰ ਸੀ,
ਕੂੜਾ ਪਾਪ ਕਰ ਅਮੀਰ ਹੋਣਾ, ਵਿਹੁਲਾ ਵਿਹੁਲਾ, ਇਹ ਬੇਸਬਰੀ ਕਦ
ਅੰਮ੍ਰਿਤ ਬਣੀ ਸੀ ?

ਸੁਹਣਿਆਂ ! ਦੱਸ ਨਾ, ਉਹ ਵੇਲੇ ਕਿਧਰੇ ਲੰਘ ਗਏ ?
ਉਹ ਪਿੱਪਲਾਂ ਦੇ ਪੱਤਿਆਂ ਦੀ ਝੂਮ ਝੂਮ,
ਜਿਹੜੀ ਸਾਡੇ ਗੁੰਗੇ ਦਿਲਾਂ ਨੂੰ ਵਲੂੰਦਰਦੀ ਸੀ ;
ਉਹ ਖੜਕਦੇ ਕਿਉਂ ਨਿੰਮੋਝੂਣ ਹੋ ਅੱਜ,
ਕੋਈ ਨਾਚ ਉਨ੍ਹਾਂ ਦਾ ਨਾਂਹ ਹੁਣ ਦੇਖਣੇ ਆਉਂਦਾ,
ਕੀ ਅੰਦਰ ਦੀ ਖ਼ੁਸ਼ੀ ਸਾਰੀ ਮਰ ਗਈ ?
ਭੱਠ ਪਈ ਅੱਜ ਦੀ ਸੱਭਿਅਤਾ,
ਜਿਹੜੀ ਦੌੜਦੀ, ਹਫਦੀ, ਦੌੜ ਦੌੜ ਆਰਾਮ ਚਾਹੇ ਲੈਣਾ ;

ਇਕੋ ਵਾਰੀ, ਇਕੋ ਦਿਨ ਦੋਹਾਂ ਹੱਥਾਂ ਨਾਲ।

ਅੰਬਾਂ ਦੇ ਬੂਰ ਪਏ ਕਿਰਦੇ ਬੇਵੱਸ ਹੋ,

ਕੋਈ ਸੁਹਣੀਆਂ ਪੀਂਘਾਂ ਹੁਣ ਨਾ ਝੂਟਦੀਆਂ,

ਇਹ ਕੀ ਹੈ ਮੁਰਦਿਹਾਣ ਜਿਹੀ ?

ਉਹ ਹੁਣ ਪੁਰਾਣੇ ਵਿਆਹ ਦੇ ਰੰਗ ਨਹੀਂ, ਢੰਗ ਨਹੀਂ,

ਕੁਝ ਉਧਲਣ ਉਧਾਲਣ ਜਿਹਾ ਬਸ ਲੱਗਦਾ।

ਉਹ ਜੰਞਾਂ ਕਿੱਥੇ ? ਉਹ ਵਿਹਲ, ਉਹ ਖੁੱਲ੍ਹ, ਉਹ ਚਾਅ,

ਦੱਸੋ ਨਾ ਕਿੱਥੇ ਟੁਰ ਗਿਆ ਸਾਰਾ ?

ਉਹ ਸ਼ਗਨ ਮਨਾਵਣੇ,

ਉਹ ਢੋਲਕੀਆਂ ਦੇ ਗੀਤ ਜਿਹੜੇ ਰਾਤ ਦੀ ਰਗ ਰਗ ਛੇੜਦੇ,

ਉਹ ਕੁੜੀਆਂ ਕੰਵਾਰੀਆਂ ਦੇ ਮਨ ਦੇ ਚਾਅ ਦੇ ਟੱਪੇ,

ਨਿੱਕੇ ਨਿੱਕੇ ਕੋਇਲਾਂ ਦੀਆਂ ਭਾਂਤ ਭਾਂਤ ਬੋਲੀਆਂ ;

ਉਹ ਰਾਗ ਨਵੇਂ ਨਵੇਂ, ਸੱਜਰੇ, ਸਿੱਜੇ ਸਿੱਜੇ, ਭਿੱਜੇ ਭਿੱਜੇ, ਰੂਹਾਂ ਵਿਚ

ਜਿਹੜੇ ਨਿਕਲਦੇ,

ਉਹ ਘੋੜੀਆਂ, ਉਹ ਸੁਹਾਗ,

ਉਹ ਦੋ ਦੋ ਗੱਲਾਂ ਤੇ ਹਾਸੇ,

ਉਹ ਮਖ਼ੌਲੀ ਤਬੀਅਤਾਂ ਖੁਸ਼ੀ ਭਰਨ ਵਾਲੀਆਂ,

ਉਹ ਦਾਤੇ, ਉਹ ਭੰਡਾਰੀ : ਉਹ ਜਾਂਞੀ, ਉਹ ਮਾਂਞੀ ;

ਉਹ ਜੰਞਾਂ ਜਗਮਗ ਕਿੱਥੇ, ਕੇਸਰ ਦੀਆ ਰੰਗੀਆਂ ?

ਉਹ ਲਾੜੇ ਦਾ ਘੋੜੀ 'ਤੇ ਚੜ੍ਹਨਾ,

ਉਹ ਭੈਣਾਂ ਲਾੜੇ ਦੀਆਂ ਦਾ ਗਾ ਗਾ, ਵਾਗਾਂ ਦਾ ਗੁੰਦਣਾਂ,

ਉਹ ਘੋੜੀ ਚਿੱਟੀ ਦਾ ਨਾਜ਼ ਤੇ ਚਾਅ ਵਿਚ

ਲਾੜੇ ਨੂੰ ਚੱਕ ਮੋਢੇ ਖ਼ੁਸ਼ੀ ਥੀਣਾਂ,

ਉਹਦੇ ਗਲ ਦੀਆਂ ਗਾਨੀਆਂ ਦਾ ਭੈਣਾਂ ਨਾਲ ਰਲ ਮਿਲ ਗਾਵਣਾ।

ਉਹ ਨੇਜ਼ੇ-ਬਾਜ਼ੀਆਂ ਵਿਆਹਾਂ 'ਤੇ,

ਉਹ ਰੰਗ ਬਰੰਗ ਦੀਆਂ ਚੋਚਲਾਂ,

ਉਹ ਖੇਡਾਂ ਉਹ ਕੌਡੀਆਂ, ਉਹ ਖੁੱਲ੍ਹੇ ਖੇਤਾਂ ਵਿਚ ਦੌੜਾਂ ਖ਼ੁਸ਼ੀ ਦੀਆਂ।

ਉਹ ਦਰਿਆਵਾਂ ਦਾ ਨਹਾਣ ਜਾਣਾ ਢੋਲਕੀਆਂ ਵੱਜਦੇ,

ਉਹ ਸੈਂਚੀਆਂ ਉਹ ਕੁਸ਼ਤੀਆਂ ਅਖਾੜੇ ਤੇ ਕਬੱਡੀਆਂ।

ਸਭ ਜੀਣ ਦਾ ਚਾਅ ਹੋਣ ਦਾ ਮਾਣ, ਥੀਂਣ ਦਾ ਨਸ਼ਾ ਕਿੱਥੇ ?

ਉਹ ਪਿਆਰੀ ਬਸੰਤ ਦੀਆਂ ਫੁੱਲਾਂ ਦੀਆਂ ਹੋਲੀਆਂ,

ਬਾਗ਼, ਬਾਗ਼, ਭਰ ਪਿਚਕਾਰੀਆਂ, ਰੂਪਾਂ ਦਾ ਖੇਡਣਾ।

ਉਹ ਲੋਹੜੀਆਂ ਦੀ ਲੱਕੜਾਂ ਦੀ ਮੰਗ ਬੂਹੇ ਬੂਹੇ,

ਉਹ ਕੁੜੀਆਂ ਦਾ ਜੁੜਨਾ ਅੱਗ ਦੇ ਚੁਫੇਰੇ ਤੇ ਗਿੱਧੇ ਪਾ ਪਾ ਗਾਉਣਾ।

ਵਹਿਮ ਜੇ ਉੱਡੇ ਤਾਂ ਉੱਡੇ ਸਦਕੇ,

ਵਹਿਮਾਂ ਦਾ ਉੱਡਣਾ ਜ਼ਰੂਰ ਸੀ,

ਪਰ ਸਾਡੀਆਂ ਸਾਰੀਆਂ ਖ਼ੁਸ਼ੀਆਂ ਨਾਲੇ ਗਈਆਂ,

ਜਿੰਦ ਕਿੱਥੇ ਟੁਰ ਗਈ, ਨਾਲੇ ਰੂਹ ਕਿੱਥੇ ਟੁਰ ਗਿਆ ?

ਔਖਾ ਹੋ ਜਿੰਦਾਂ ਫਸਈਆਂ ਨੂੰ ਕੱਢਣਾ ;

ਕੰਡੇ ਨਾਲੋਂ ਫੁੱਲ ਨੂੰ ਤੋੜਨਾ, ਫੁੱਲ ਨੂੰ ਮਾਰਨਾ ਹੈ।

ਦੱਸ ਨਾ, ਇਹ ਕੀ ਹੋਇਆ ?

ਕਿਸ ਲਈ ਸਭ ਕੁਝ ਖੋਇਆ ?

ਦਵਾਈ ਖਾ ਮਰੀਜ਼ ਹੀ ਮੋਇਆ, ਸਾਡੇ ਹੱਥ ਕੀ ਆਇਆ ?

ਦਿਲ ਸਾਡੇ ਸੱਖਣੇ, ਲਾਟ ਬੁਝ ਗਈ ਹੈ।

੮. ਪੰਜਾਬ ਨੂੰ ਕੂਕਾਂ ਮੈਂ

ਆ ਪੰਜਾਬ-ਪਿਆਰ ਤੂੰ ਮੁੜ ਆ !

ਆ ਸਿੱਖ-ਪੰਜਾਬ ਤੂੰ ਘਰ ਆ !

ਤੇਰੇ ਤੂਤ ਦਿਸਣ ਮੁੜ ਸਾਵੇ,

ਮੁੜ ਆਵਣ ਬੂਟਿਆ ਨਾਲ ਤੇਰੀਆਂ ਦੋਸਤੀਆਂ।

ਤੇਰੇ ਪਿੱਪਲਾਂ ਹੇਠ ਹੋਣ ਮੁੜ ਮੇਲੇ,

ਤੇਰੇ ਅੰਬਾਂ 'ਤੇ ਪੀਂਘਾਂ ਉੱਲਰਦੀਆਂ।

ਕੁੜੀਆਂ, ਨੱਢੇ ਮੁੜ ਖੇਡਣ ਅੜੱਕ ਹੋ ਕੇ,

ਰਲ ਮਿਲ ਉਨ੍ਹਾਂ ਚੰਨੇ ਦੀਆਂ ਚਾਨਣੀਆਂ,

ਕਿਰਕਿਲੀਆਂ ਪਾਣ ਰਲ ਮਿਲ ਕੇ, ਖੇਡਣ ਛੁਪਣ ਲੁਕੀਆਂ।

ਉਹੋ ਰਾਤਾਂ ਮੁੜ ਆਵਣ, ਨਿਰਵੈਰ, ਨਿਰਦਵੈਖ, ਪਵਿੱਤਰ, ਅਬੋਝ, ਬਾਇਲਮ,

ਨਿਸ਼ਪਾਪ ਸੁਹਣੀਆਂ ਸਵਾਦਲੀਆਂ ;

ਉਹੋ ਗਿੱਧੇ ਉਹ ਧੂੜਾਂ ਦਾ ਉਠਾਉਣਾ ਰਲ ਮਿਲ,

ਉੱਪਰ ਚੰਨ, ਹੇਠ ਚੰਨੀਆਂ, ਬੰਨੇ ਤੇ ਬੰਨੀਆਂ,

ਨੱਚ ਨੱਚ, ਧਮ ਧਮ, ਥੰਮ ਥੰਮ, ਆਖ਼ਰ ਆਵਨ ਮੁੜ ਉਹੋ।

ਖਿੱਚਾਂ ਖਿਲੀਆਂ ਪੁਰਾਣੀਆਂ।

ਤ੍ਰਿੰਞਣਾਂ ਵਿਚ ਮੁੜ ਗਾਣ ਕੁੜੀਆਂ,

ਆਪੋ ਜਿਹੀਆਂ ਸਭ ਇਕ ਥਾਂ ਇਕੱਠੀਆਂ,

ਇਕ ਚਾਹ ਵਾਲੀਆਂ, ਦਿਲਾਂ ਦੇ ਭੇਤ ਸਾਂਝੇ ਵਾਲੀਆਂ,

ਤੇ ਮੁੜ ਬਾਗ਼ ਗੂੰਜਣ ਇਨ੍ਹਾਂ ਕੋਇਲਾਂ ਦੀਆਂ ਤੀਖਣ ਬੋਲੀਆਂ,

ਤੇ ਤੋਤਿਆਂ ਪਿੱਛੇ ਨੱਸਣ, ਤਾੜੀ ਮਾਰਦੀਆਂ ਉਨ੍ਹਾਂ ਨੂੰ ਟਹਿਣੀ ਟਹਿਣੀ

ਉਡਾਂਵਦੀਆਂ।

ਸੁਹਣੀਆਂ ਛਾਤੀਆਂ ਮੁੜ ਉਭਰਨ, ਧੜਕਣ, ਕੰਬਣ, ਉਨ੍ਹਾਂ ਗੁਝੇ ਪਿਆਰਾਂ ਅਣਦੱਸਿਆਂ।

ਕੰਧਾਂ ਸਾਰੀਆਂ ਢਾਹਵੋ ਹੁਣ, ਬੂਹੇ ਸਾਰੇ ਖੋਹਲ ਦੇਵੋ,

ਮਿਲੋ ਬਸੰਤ ਨੂੰ ਪਾ ਪਾ ਜੱਫੀਆਂ।

ਬੋਲਣਾ ਤਾਂ ਘੱਟ ਹੋਵੇ, ਨੱਸਣਾ ਹੱਦੋਂ ਵੱਧ ਹੋਵੇ

ਭਾਅ ਹੋਣ, ਚਾਅ ਹੋਣ, ਮੁੜ ਉਹੋ ਪੁਰਾਣੇ,

ਖੁੱਲ੍ਹ ਹੋਵੇ, ਡੁੱਲ੍ਹ ਹੋਵੇ,

ਇਕ ਦੂਜੇ ਪਿੱਛੇ ਮਰਨਾ,

ਘਰ, ਘਰ ਇਕੱਠ ਹੋਵੇ,

ਉਹੋ ਪੁਰਾਣੀਆਂ ਮਿੱਲਤਾਂ,

ਗਹਿਮ ਗਹਿਮ ਹੋਵੇ, ਚਹਿਲ ਬਹਿਲ, ਗੁਰੂ ਦੀਆਂ ਬਰਕਤਾਂ।

ਸੁਹਾਗ, ਭਾਗ, ਜਰਨਾ, ਨਿਵ ਚੱਲਣਾ, ਉਹੋ ਪੁਰਾਣੀ ਧਾਰਣਾ।

ਦੁੱਧ ਦਹੀਂ ਅਮਿੱਤ ਹੋਣ,

ਸਭ ਕੱਜ ਕੱਜ, ਢੱਕ ਢੱਕ, ਰੱਖਣਾ।

ਮਰਨ ਜੀਣ ਸਭ ਸਾਂਝੇ ਹੋਣ,

ਦਰਦ ਜੀਅ ਦਾ ਹੋਵੇ ਦਿਲ ਵਿਚ,

ਦਰਦ, ਦੁੱਖ ਸਭ ਕਿਸੇ ਦੇ, ਹੋਣ ਆਪਣੇ ;

ਜਾਤ ਪਾਤ ਛੱਡਣਾ।

ਦਿਲ ਦਰਿਆ ਹੋਣ ਰੱਬ ਦੀ ਜੋਤ ਵਾਲੇ,

ਰੱਬ ਵਾਲੀ ਦਇਆ ਹੋਵੇ, ਰੱਬ ਵਰਗਾ ਬਖ਼ਸ਼ਣਾ

ਭੁੱਲ ਚੁਕ ਬੁਰਦ ਦਰਿਆ ਸਭ ਦੀ,

ਰੱਬ ਪਾਸੋਂ ਡਰਨਾ,

ਸਭ ਦੇ ਕਰਮ ਖੋਟੇ ਖਰੇ, ਜਾਣ ਆਪਣੇ।

ਭੁੱਲਣਾ, ਬਖ਼ਸ਼ਣਾ, ਯਾਦ ਕਰਨਾ ਰੱਬ ਦੀਆਂ ਮਿਹਰਾਂ।

ਕੋਈ ਨਾ ਹਿਸਾਬ ਹੋਵੇ,

ਪਿਆਰ ਹੀ ਪਿਆਰ ਚੱਖਣਾ,

ਰੂਪ ਹੀ ਰੂਪ ਤੱਕਣਾ,

ਸੁਗੰਧੀ ਜਿਹੀ ਲਖਣਾ ਹਰ ਥਾਂ ਉੱਚੀ,

ਉੱਚੀ ਸਦਾ ਹੋਵੇ ; ਪਿਆਰ-ਗਗਨਾ ਉੱਡਣਾ।

ਧੀ ਭੈਣ ਦਾ ਆਦਰ ਹੋਵੇ,

ਨਾਲ ਮੁਹੱਬਤਾਂ ਪਾਲਣਾ।

ਬੱਚੇ ਬੱਚੀ ਦੀ ਗ਼ੌਰ ਹੋਵੇ,

ਗੁਰਾਂ ਵਾਲੇ ਸਾਂਚੇ ਢਾਲਣਾ।

ਦਿਨ ਦਿਨ, ਰਾਤ ਰਾਤ, ਜਾਗ ਜਾਗ,

'ਅਗੇ' ਉੱਪਰ ਆਪਾ ਗਾਲਣਾ।

ਨੈਣਾਂ ਵਿਚ ਜਲ ਹੋਵੇ, ਸਦਾ ਸੇਜਲ ਜਿਹੀ,

ਹੱਸ ਮਿਲਣਾ, ਮਿਲਾਉਣਾ ।

ਦਿਲ ਵਿਚ ਦਰਦ ਹੋਵੇ,

ਇਕ ਪੀੜ ਜਿਹੀ ਵਿਚ ਜੀਵਣਾ ।

ਲਹਿਰਾਂ ਵਾਂਗ ਗੁੱਛੇ ਹੋਈਏ,

ਤੇ ਲਹਿਰਾਂ ਵਾਂਗ ਆਵੀਏ ;

ਮਿਲੀਏ, ਲੜੀਏ, ਪਛਾੜੀਏ,

ਉਠੀਏ, ਜਿੱਤੀਏ, ਹਾਰੀਏ, ਘੁਲੀਏ, ਲਤਾੜੀਏ,

ਪਰ ਘੜੀ ਘੜੀ, ਸਦਾ ਸਦਾ, ਪਾਣੀ ਪਾਣੀ ਹੋਵੀਏ,

ਮੁੜ ਆਪੇ ਵਿਚ ਪਿਆਰ ਪਿਆਰ, ਠੰਢ ਠੰਢ ਢੋਵੀਏ,

ਇਕ ਦੂਜੇ ਦੇ ਬਾਲ ਵਿਚ ।

ਆ ! ਪੰਜਾਬ, ਤੂੰ ਮੁੜ ਆ ! ਖਿੜੇ ਖਿੜੇ ਮੱਥੇ ਲਾ,

ਕਰੋੜਾਂ ਪੰਜਾਬ ਆ ! ਇਕ ਆ, ਹਜ਼ਾਰ ਆ ।

ਦਿਲ ਦੇ ਵਿਚਕਾਰ ਆ ! ਰੂਹ ਦੀ ਖੁੱਲ੍ਹੀ ਟੰਕਾਰ ਆ ।

ਭੌਰਿਆਂ ਦੀ ਗੁੰਜਾਰ ਆ ! ਫੁੱਲਾਂ ਦੀ ਗੁਲਜ਼ਾਰ ਆ ।

ਧੁਰ ਦੀ ਫੰਕਾਰ ਆ ! ਆ ਪਿਆਰ ਪੰਜਾਬ ਸਦਕੇ,

ਤੂੰ ਮੁੜ, ਫਿਰ ਆ ।

੯. ਸੋਹਣੀ ਦਾ ਬੁੱਤ

੧

ਆ-ਪਿਆਰ- ਪੰਜਾਬ ਤੂੰ ਮੁੜ ਆ ।

ਸੋਹਣੀ ਜਿਹੀ ਮੁੜ ਕੱਢ ਇਕ ਹੋਰ ਤੂੰ ।

ਕਰੀ ਬੁਖ਼ਾਰੇ ਦੇ ਦੇਸ ਦੇ ਮੁੜ ਚਾਕਰ,

ਪਿਆਰ ਆਪਣੇ ਦਾ ਮੁੜ ਇਕ ਵਾਰੀ ਮੁੱਲ ਦੱਸੀਂ ।

ਸਲਤਨਤਾਂ ਨੂੰ ਤੂੰ ਵਾਰ ਦੱਸ ਪਿਆਰ ਦੀ ਛਣਕਾਰ ਤੂੰ ।

ਦੁਨੀਆਂ ਦੀਆਂ ਵਡਿਆਈਆਂ ਸਾੜ ਤੂੰ,

ਸਾਦੇ ਮਿਲਦੇ ਸੁਹਣੇ ਸ਼ਿੰਗਾਰ ਤੂੰ ।

ਦੀਨ ਨੂੰ ਵੀ ਤੂੰ ਸੁੱਟ ਪਰੇ, ਦਇਆ ਪਿਆਰ ਵਾਲੀ ਧਾਰ ਤੂੰ।

ਆਪਾ ਮੁੜ ਮੁੜ ਵਾਰ ਤੂੰ,

ਨੰਗਾ ਹੋ ਤੂੰ ਕੰਗਾਲ ਭਾਵੇਂ,

ਭਰੋਸਾ ਰੱਖ ਤੂੰ ਮੁੜ ਓਸ ਪਿਆਰ ਤੂੰ।

ਲੁਟਾ ਗੱਜ ਵੱਜ ਕੇ ਘਰ ਬਾਰ ਤੂੰ।

ਹਾਰ, ਜਾਣ ਜਾਣ ਤੂੰ,

ਸੋਹਣੀ ਮੁੜ ਆਈ ਤੇਰੀ, ਦੇਖ ਛਾਣ ਛਾਣ ਤੂੰ।

ਮੁੜ ਆ ! ਪਿਆਰ-ਪੰਜਾਬ ਤੂੰ,

ਤੇਰੀ ਗਲੀ ਮੁੜ ਆਏ ਕੋਈ ਡਾਢੇ ਬਨਜਾਰੇ ਪਿਆਰ ਦੇ।

ਸੋਹਣੀ ਤੇਰੀ ਨੂੰ ਦੇਖਣ ਉਹ ਗਲੀ ਗਲੀ ਪੁਕਾਰਦੇ,

ਬਿਨ ਦੇਖੇ ਤੇਰੀ ਸੋਹਣੀ, ਉਨ੍ਹਾਂ ਦਾ ਹਾਲ ਹੁਣੇ ਹੁਣੇ ਹੀ ਮਹੀਂਵਾਲ ਵਾਲਾ,

ਕੰਢੀ ਝਨਾਂ 'ਤੇ ਮੁੜ ਉਹ ਫੇਰੇ ਪਾਂਦੇ,

ਤੇਰੇ ਮੁੜ ਆਉਣ ਦੀ ਆਸ ਵਿਚ।

ਕੱਢ ਮੁੜ ਤੂੰ ਜੀਂਦਾ, ਜਾਗਦਾ, ਹਿੱਲਦਾ, ਚਲਦਾ, ਬੋਲਦਾ,

ਬੁੱਤ ਉਸੇ ਪਿਆਰ ਦਾ,

ਦੱਸ ਮੁੜ ਤੂੰ ਝਲਕਾ ਓਸ ਗੁਜਰਾਤ ਦਾ

ਆਪਣੇ ਬੁੱਤਖ਼ਾਨੇ ਨੂੰ ਤੂੰ ਹੁਣ।

ਹੱਭ ਕਿਸੇ ਨੂੰ ਪਿਆਰ ਦੇ ਦੇ ਸੱਦਿਆ,

ਸਭ ਆਣ ਵੱਸੇ ਇੱਥੇ, ਚੀਨ, ਈਰਾਨ ਥੀਂ,

ਸਭ ਨੂੰ ਪਿਆਰਿਆ ਤੇ ਬਖਸ਼ਿਆ,

ਅੰਮ੍ਰਿਤ ਉਹ ਰੂਪ ਵਾਲੇ ਪਿਲਾ ਪਿਲਾ ਕੇ।

ਸੋਹਣੀ-ਬੁੱਤ ਤੇਰਾ ਕੌਮੀ ਨਿਸ਼ਾਨ ਹੈ,

ਅਸਾਂ ਲੀਰਾਂ ਤੇ ਚੀਥੜਿਆਂ ਦੇ ਵਹਿਮਾਂ ਨੂੰ ਕਦ ਸਲਾਮ ਕਰਨਾ ?

ਸੋਹਣੀ ਮੁੜ ਕੱਢ ਤੂੰ, ਦੱਸ ਖਾਂ ਇਕ ਵਾਰੀ,

ਤੇ ਦੇਖ ਮੁੜ ਤੂੰ ਸਾਡੀ ਫਿਰ ਆਈ ਸ਼ਾਨ ਨੂੰ ।

ਧੌਣ ਨੀਵੀਂ ਸਾਡੀ,

ਦਿਲ ਵਿਚ,

ਮਹੀਂ ਮੁੜ ਚਾਰਾਂਗੇ ਤੇਰੀਆਂ,

ਭਾਵੇਂ ਪਾਤਸ਼ਾਹਾਂ ਦੇ ਪੁੱਤ ਅਸੀਂ,

ਫਿਰਾਂਗੇ ਬੇਲਿਆਂ ਤੇਰਿਆਂ ਵਿਚ,

ਵਾਜਾਂ ਮਾਰਦੇ ਉਸੇ ਕਲਗੀਆਂ ਵਾਲੇ ਸਰਦਾਰ ਨੂੰ ਅਸੀਂ ।

ਧੂੜ ਬੇਸ਼ਕ ਪਵੇ ਮੂੰਹ 'ਤੇ,

ਪਾਣੀ ਵੱਗੇ ਬੇਸ਼ਕ ਫਟੀ ਜੁੱਤੀ ਮੇਰੀ ਵਿਚ,

ਪਰ ਤਾਰੇ ਲਟਕਣਗੇ ਮੇਰੇ ਸਿਰ ਵਿਚ,

ਇਕ ਮਿੱਠੀ ਸਦਾ ਦੀ ਲੋਅ ਮੈਨੂੰ ਦੇਂਵਦੇ ।

ਸੁਹਣੇ ਉੱਚੇ ਪਿਆਰ ਵਿਚ ਆ,

ਸੰਭਾਲਈਏ ਮੁੜ ਪੁਰਾਣੀਆਂ ਕਮਾਈਆਂ ਨੂੰ,

ਦਿਲ ਭੇਟ ਕਰੀਏ, ਮੁੜ ਤੇਰੀਆਂ ਜਾਈਆਂ ਨੂੰ ।

ਆਣ ਇੱਥੇ ਤੇਰੇ ਸੋਹਣੀ-ਬੁੱਤ ਨੂੰ ਜਿਹੜਾ ਨਾਂਹ ਪੂਜੇ,

ਵੱਡਾ ਕਾਫ਼ਰ ਉਹ, ਭਾਵੇਂ ਮੁਸਲਮਾਨ ਹੋਵੇ,

ਗਵਾਹੀ ਦਿਵਾਸਾਂ ਮੈਂ ਉਹਨੂੰ ਹਜ਼ਰਤ ਬੱਕਮਾਲ ਦੀ ।

ਇਉਂ ਬਣ ਤਣ ਕੇ ਨਿਕਲ ਮੁੜ ਤੂੰ,

ਚਾਰ ਚਾਰ ਸੂਰਜਾਂ ਅੱਠ ਅੱਠ ਚੰਨਾਂ ਨਾਲ ਜੜਿਆ,

ਉਹ ਜੰਗਲਾਂ ਤੇ ਬਾਗ਼ਾਂ ਤੇ ਬੇਲਿਆਂ ਦਿਆ ਮਾਲਕਾ

ਸੋਹਣੀ ਤੇ ਹੀਰ ਜਿਹੀਆਂ ਦਿਆ ਖ਼ਾਲਕਾ ।

ਤੇਰੇ ਦਰਸ਼ਨਾਂ ਨੂੰ ਜਹਾਨ ਆਉਣਾ,

ਤੂੰ ਸਾਨੂੰ ਛੱਡ ਕੇ ਕਿਹੜੇ ਰਾਹ ਗਿਆ ?

ਮੁੜ ਆ ! ਪੰਜਾਬ ਤੂੰ ਮੁੜ ਆ,

ਤੇਰੇ ਰੂਪ ਪਿਆਰ ਨੂੰ ਉਡੀਕਦੇ ਮੁਲਕ ਸਾਰੇ,

ਤੇਰੇ ਵੱਖਰੇਪਨ, ਤੇਰੇ ਅੱਥਰੇਪਨ ਦੀ ਚਾਹ ਹਾਰੇ ।

ਤੂੰ ਦੌੜਦਾ ਦੌੜਦਾ ਆਈਂ ਪਿਆਰਾ ।

ਹਨੇਰਾ ਘੁੱਪ ਸਾਰਾ ਤੂੰ ਹਟਾਈਂ ਪਿਆਰਾ ।

ਕਰੀਂ ਸੁਥਰਾ ਪਿੜ ਪਿਆਰਾਂ ਵਾਲਾ,

ਵੱਜਣ ਮੁੜ ਦਿਲ ਦੀਆਂ ਢੁੰਬਕ ਢੇਰੀਆਂ ।

ਗਗਨਾਂ ਦੀ ਡਾਚੀ 'ਤੇ ਚੜ੍ਹ ਆ ਪਿਆਰਾ ।

ਟੱਲੀਆਂ ਤੇ ਡਾਚੀ ਦੇ ਗਲ ਲਟਕਦੀਆਂ ।

ਆ ਟੱਲੀਆਂ ਦੇ ਰੰਗ ਵਿਚ ਗਾਉਂਦਾ ।

ਆ ਚਾਨਣੀ ਦੀ ਨੀਲੀ ਘੋੜੀ 'ਚੜ੍ਹ ਆ,

ਸੁਹਣਿਆਂ ! ਰਵਾਲ ਨਾਲ ਚਲਦੀ ਤੁਰੀ ਤੇਰੀ ।

ਆ, ਇਕ ਇਕਬਾਲ ਦਾ ਰੂਪ ਤੂੰ ।

ਆ, ਤਾਰੇ ਖਿਲਾਰਦਾ, ਅੱਧੀ ਅੱਧੀ ਰਾਤ ਨੂੰ ।

ਬੂਹੇ ਠਕੋਰ ਸਾਡੇ ਮੁੜ ਤੂੰ, ਆ, ਵਾਜਾਂ ਮਾਰਦਾ ।

## ਸਾਰ-ਅੰਸ਼:

ਪ੍ਰੋ: ਪੂਰਨ ਸਿੰਘ ਨੇ ਪੰਜਾਬੀ ਸਾਹਿਤ ਨੂੰ ਬਹੁਤ ਕੁਝ ਨਵਾਂ ਅਤੇ ਵਿਲੱਖਣ ਪ੍ਰਦਾਨ ਕੀਤਾ। ਉਹ ਤੀਖਣ ਸੰਵੇਦਨਾ ਨਾਲ ਵਰੋਸਾਇਆ ਸੀ ਜਿਸ ਵਿੱਚ ਪੱਛਮੀ ਸਾਹਿਤਕ ਚੇਤਨਾ ਔਰੀਅੰਟਲ ਰਹੱਸਵਾਦ ਅਤੇ ਧਾਰਮਕ ਜੋਸ਼ ਨਾਲ ਅਜਬ ਤਰ੍ਹਾਂ ਨਾਲ ਇੱਕਮਿੱਕ ਮਿਲਦਾ ਹੈ। ਪੂਰਨ ਸਿੰਘ ਦੇ ਅੰਦਾਜ਼ੇ ਬਿਆਨ ਦੀ ਵਿਲੱਖਣਤਾ ਉਸਦੇ ਹਰ ਨਿਬੰਧ ਅਤੇ ਕਵਿਤਾ ਦੇ ਹਰੇਕ ਸ਼ਬਦ, ਵਾਕ ਅਤੇ ਪੈਰੇ ਵਿਚੋਂ ਝਲਕਾਰੇ ਮਾਰਦੀ ਹੈ।ਪੰਜਾਬੀ,ਹਿੰਦੀ ਤੋਂ ਇਲਾਵਾ ਉਸਨੇ ਆਪਣੀ ਕਾਫੀ ਰਚਨਾ ਅੰਗਰੇਜ਼ੀ ਵਿੱਚ ਕੀਤੀ ਹੈ। ਪੰਜਾਬੀ ਵਿੱਚ ਉਸਦੇ ਦੋ ਕਾਵਿ ਸੰਗ੍ਰਹਿ 'ਖੁੱਲ੍ਹੇ-ਮੈਦਾਨ' ਅਤੇ 'ਖੁੱਲ੍ਹੇ-ਘੁੰਡ' ਮਿਲਦੇ ਹਨ। ਇਸ ਤੋਂ ਇਲਾਵਾ ਉਸਦੀਆਂ ਕਵਿਤਾਵਾਂ ਦਾ ਸੰਪਾਦਨ ਡਾ. ਮਹਿੰਦਰ ਸਿੰਘ ਰੰਧਾਵਾ ਵੱਲੋਂ 'ਪੂਰਨ ਸਿੰਘ: ਜੀਵਨ ਅਤੇ ਕਵਿਤਾ' ਨਾਂ ਹੇਠ ਵੀ ਕੀਤਾ ਗਿਆ ਹੈ। ਇਸ ਵਿੱਚ ਡਾ. ਰੰਧਾਵਾ ਨੇ ਪੂਰਨ ਸਿੰਘ ਦੀ ਕਵਿਤਾ ਨੂੰ 'ਖੁੱਲ੍ਹੇ ਰੰਗ ਅਸਮਾਨੀ ਭਾਗ-॥', 'ਬਾਰ ਦੇ ਰੰਗ' ਅਤੇ 'ਬਲਦੇ ਦੀਵੇ' ਸਿਰਲੇਖ ਦੇ ਕੇ ਛਾਪਿਆ ਹੈ। ਉਸਦੀ ਨਿਬੰਧਾਂ ਦੀ ਪੁਸਤਕ 'ਖੁੱਲ੍ਹੇ ਲੇਖ' ਪੂਰਨ ਸਿੰਘ ਦੀ ਸੁਤੰਤਰ ਲੇਖਣੀ ਤੇ ਆਜ਼ਾਦ ਸ਼ੈਲੀ ਦੀ ਪ੍ਰਤੀਕ ਕਹੀ ਜਾ ਸਕਦੀ ਹੈ।

ਪੰਜਾਬੀ ਖੁੱਲ੍ਹੀ ਕਵਿਤਾ ਦਾ ਆਗਾਜ ਪ੍ਰੋ. ਪੂਰਨ ਸਿੰਘ ਦੁਆਰਾ ਵਾਲਟ ਵਿਟਮੈਨ ਦੀ ਕਵਿਤਾ ਦੀ ਪੁਸਤਕ ਘਾਹ ਦੀਆਂ ਪੱਤੀਆਂ ਤੋਂ ਪ੍ਰਭਾਵਿਤ ਹੋ ਕੇ ਕੀਤਾ ਜਾਂਦਾ ਹੈ। 1923 'ਚ ਪ੍ਰਕਾਸ਼ਿਤ ਹੋਈ ਉਹਨਾਂ ਦੀ ਪੁਸਤਕ 'ਖੁੱਲ੍ਹੇ ਮੈਦਾਨ' ਪੰਜਾਬੀ ਖੁੱਲ੍ਹੀ ਕਵਿਤਾ ਦੀ ਪਹਿਲੀ ਪੁਸਤਕ ਹੈ। 'ਪੂਰਨ ਨਾਥ ਜੋਗੀ' ਉਹਨਾਂ ਦੁਆਰਾ ਲਿਖੀ ਪਹਿਲੀ ਪੰਜਾਬੀ ਖੁੱਲ੍ਹੀ ਕਵਿਤਾ ਹੈ।

## ਮੁੱਖ/ਕੇਂਦਰੀ ਸ਼ਬਦ:

ਰਚਨਾਤਮਕ---ਰਚਨਾ ਦਾ ਕਾਰਜ

ਪ੍ਰੋਯਜਨ---ਮੰਤਵ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1 ਪ੍ਰੋ. ਪੂਰਨ ਸਿੰਘ ਦਾ ਜਨਮ ਕਦੋਂ ਹੋਇਆ?

ੳ 1881

ਅ 1871

ੲ 1861

ਸ 1891

2 ਪ੍ਰੋ. ਪੂਰਨ ਸਿੰਘ ਦੀ ਮੌਤ ਕਦੋਂ ਹੋਈ?

ੳ 1931

ਅ 1921

ੲ 1911

ਸ 1941

3 ਪ੍ਰੋ. ਪੂਰਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਰੁਮਾਂਸਵਾਦ

ੲ ਜੁਝਾਰਵਾਦ

ਸ ਪਰਵਾਸ

4 ਪ੍ਰਯੋਗਸ਼ੀਲ ਧਾਰਾ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਭਾਈ ਵੀਰ ਸਿੰਘ

5 ਕਿਸ ਦੇ ਅਰਥ ਹਨ ‘ ਮੋਤੀਆਂ ਨੂੰ ਇਕ ਧਾਗੇ ਵਿਚ ਪਰੋਣਾ’?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

6 ਪ੍ਰੋ. ਪੂਰਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

7 ਰਹੱਸਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

8 ਜਵਾਨ ਪੰਜਾਬ ਦੇ ਰਚਨਾ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

9 ਕਿਸ ਕਾਵਿ-ਰੂਪ ਨੂੰ ਅੰਗਰੇਜ਼ੀ ਵਿਚ ਫਰੀ ਵਰਸ ਕਿਹਾ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

10 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਕੂਕਾਂ ਪੰਜਾਬ ਨੂੰ ਕਿਸ ਦੀ ਕਵਿਤਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

12 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਨਾਰੀਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਅੰਮ੍ਰਿਤਾ ਪ੍ਰੀਤਮ

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

## ਅਭਿਆਸ ਪ੍ਰਸ਼ਨ

1. ਪ੍ਰੋ. ਪੂਰਨ ਸਿੰਘ ਦੇ ਜੀਵਨ ਉਪਰ ਨੋਟ ਲਿਖੋ?
2. ਖੁੱਲ੍ਹੇ ਮੈਦਾਨ ਪੁਸਤਕ ਦੇ ਵਿਸ਼ਾਗਤ ਪੱਖ ਬਾਰੇ ਚਰਚਾ ਕਰੋ।
3. ਖੁੱਲ੍ਹੇ ਮੈਦਾਨ ਪੁਸਤਕ ਦੇ ਕਲਾਗਤ ਪੱਖ ਬਾਰੇ ਚਰਚਾ ਕਰੋ।
4. ਪ੍ਰੋ ਪੂਰਨ ਸਿੰਘ ਦੀ ਖੁੱਲ੍ਹੀ ਕਵਿਤਾ ਬਾਰੇ ਵਿਚਾਰ ਦਿਓ।
5. ਪ੍ਰੋ. ਪੂਰਨ ਸਿੰਘ ਦੇ ਬਿੰਬ ਵਿਧਾਨ ਬਾਰੇ ਚਰਚਾ ਕਰੋ।

## ਸੰਦਰਭ ਪੁਸਤਕਾਂ:

1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.

6.

## ਮਹੱਤਵਪੂਰਨ ਲਿੰਕ

https://www.punjabi-kavita.com/ProfessorPuranSingh.php

ਉੱਤਰਮਾਲਾ

| | | | | |
|---|---|---|---|---|
| 1. ੳ | 2. ੳ | 3. ਅ | 4. ੲ | 5. ੲ |
| 6. ਅ | 7. ਸ | 8. ਸ | 9. ਅ | 10. ਅ |
| 11.ੲ | 12. ਸ | 13. ੳ | 14. ਅ | 15. ੳ |

# ਅਧਿਆਇ-10 : ਮੇਰੀ ਚੋਣਵੀਂ ਕਵਿਤਾ ਪੁਸਤਕ ਦਾ ਅਧਿਐਨ

*Paramjit Singh, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਮਹੱਤਵ ਤੋਂ ਜਾਣੂ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੀ ਸਮਝ ਦੇ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪ੍ਰੋ. ਮੋਹਨ ਸਿੰਘ ਅਤੇ ਉਸਦੀ ਪੁਸਤਕ ਮੇਰੀ ਚੋਣਵੀਂ ਕਵਿਤਾ ਬਾਰੇ ਜਾਣਕਾਰੀ ਦੇਣਾ ਹੈ। ਇਹ ਪਾਠ ਪ੍ਰੋ. ਮੋਹਨ ਸਿੰਘ ਅਤੇ ਉਸਦੀ ਕਵਿਤਾ ਬਾਰੇ ਬਹੁਪੱਖੀ ਅਤੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ।

## ਵਿਸ਼ਾ ਵਸਤੂ:

ਪੰਜਾਬੀ ਕਵਿਤਾ ਦੇ ਯੁੱਗ ਕਵੀ ਪ੍ਰੋ. ਮੋਹਨ ਸਿੰਘ ਆਪਣੇ ਸਮੇਂ ਦੀ ਸੰਸਥਾ ਸਨ। ਉਨ੍ਹਾਂ ਦੇ ਸਮਕਾਲੀ ਪ੍ਰੀਤਮ ਸਿੰਘ ਸਫੀਰ, ਬਾਵਾ ਬਲਵੰਤ, ਅੰਮ੍ਰਿਤਾ ਪ੍ਰੀਤਮ, ਸੰਤ ਸਿੰਘ ਸੇਖੋਂ ਵਰਗੇ ਉਸਦੀ ਕਵਿਤਾ ਦਾ ਲੋਹਾ ਮੰਨਦੇ ਸਨ, ਉਨ੍ਹਾਂ ਦੇ ਨਾਲ ਤੁਰਦਿਆਂ ਮਾਣ ਮਹਿਸੂਸ ਕਰਦੇ ਸਨ। ਉਨ੍ਹਾਂ ਦੇ ਪਿੱਛੋਂ ਆਉਣ ਵਾਲੇ ਲੇਖਕ ਕਰਤਾਰ ਸਿੰਘ ਦੁੱਗਲ, ਹਰਿਭਜਨ ਸਿੰਘ ਤੇ ਕੁਲਵੰਤ ਸਿੰਘ ਵਿਰਕ ਉਨ੍ਹਾਂ ਦੇ ਹੁਨਰ ਦੇ ਪ੍ਰਸੰਸਕ ਸਨ। ਮੋਹਨ ਸਿੰਘ ਨਾਲ ਪੰਜਾਬੀ ਕਵਿਤਾ ਇੱਕ ਨਵੇਂ ਯੁੱਗ ਵਿਚ ਪ੍ਰਵੇਸ਼ ਹੁੰਦੀ ਹੈ।

ਪ੍ਰੋ. ਮੋਹਨ ਸਿੰਘ ਦਾ ਜਨਮ 20 ਅਕਤੂਬਰ 1905 ਨੂੰ ਹੋਤੀ ਮਰਦਾਨ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਡਾ. ਜੋਧ ਸਿੰਘ ਅਤੇ ਮਾਤਾ ਸ੍ਰੀਮਤੀ ਭਗਵੰਤੀ ਸਨ। ਉਨ੍ਹਾਂ ਦਾ ਜੱਦੀ ਪਿੰਡ ਧਮਿਆਲ ਸੀ। ਉਨ੍ਹਾਂ ਵਿਚ ਕਾਵਿ-ਪ੍ਰਤਿਭਾ ਬਚਪਨ ਤੋਂ ਹੀ ਸੀ। ਉਨ੍ਹਾਂ ਨੇ ਆਪਣੀ ਪਹਿਲੀ ਕਵਿਤਾ 'ਸਾਡਾ ਗੁਰੂ ਤੇ ਗੁਰੂ ਦਾ ਬਾਗ਼ ਸਾਡਾ' ਅਧਵਾਲ ਵਿਖੇ ਹੋਏ ਕਵੀ ਦਰਬਾਰ ਲਈ ਲਿਖੀ। ਇਸ ਕਵੀ ਦਰਬਾਰ ਵਿਚ ਉਨ੍ਹਾਂ ਨੂੰ ਪਹਿਲਾ ਇਨਾਮ ਮਿਲਿਆ।

ਪ੍ਰੋ. ਮੋਹਨ ਸਿੰਘ ਦੀ ਕਾਵਿ-ਪ੍ਰਤਿਭਾ ਨੂੰ ਉਨ੍ਹਾਂ ਦੀ ਪਤਨੀ ਬਸੰਤ ਕੌਰ ਦੀ ਮੌਤ ਨਾਲ ਵੀ ਜੋੜ ਕੇ ਵੇਖਿਆ ਜਾਂਦਾ ਹੈ ਕਿ ਉਨ੍ਹਾਂ ਦੀ ਪਿਆਰੀ ਪਤਨੀ ਦੀ ਮੌਤ ਨੇ ਉਨ੍ਹਾਂ ਦੀ ਕਾਵਿ-ਪ੍ਰਤਿਭਾ ਨੂੰ ਹੋਰ ਤੀਖਣ ਕਰ ਦਿੱਤਾ। ਉਨ੍ਹਾਂ ਨੇ ਖ਼ੁਦ ਲਿਖਿਆ ਹੈ-

ਮੋਹਨ! ਕਿੰਜ ਬਣਦਾ ਤੂੰ ਸ਼ਾਇਰ

ਜੇ ਕਰ ਮੈਂ ਨਾ ਮਰਦੀ।

ਪ੍ਰੋ. ਮੋਹਨ ਸਿੰਘ ਨੇ ਜਦੋਂ ਕਾਵਿ-ਸਫ਼ਰ ਸ਼ੁਰੂ ਕੀਤਾ, ਉਸ ਸਮੇਂ ਉਨ੍ਹਾਂ ਸਾਹਮਣੇ ਦੋ ਧਿਰਾਂ ਸਨ-ਧਾਰਮਿਕ ਪੁਨਰ ਜਾਗ੍ਰਿਤੀ ਤੇ ਕੌਮੀ ਮੁਕਤੀ ਅੰਦੋਲਨ। ਮੁਢਲੇ ਤੌਰ 'ਤੇ ਪ੍ਰੋ. ਮੋਹਨ ਸਿੰਘ ਨੇ ਧਾਰਮਿਕ ਰੰਗਤ ਵਾਲੀਆਂ ਜ਼ਿਆਦਾਤਰ ਅਤੀਤਮੁਖੀ ਕਵਿਤਾਵਾਂ ਲਿਖੀਆਂ। ਆਪਣੇ ਸਮਕਾਲੀ ਸਾਹਿਤਕਾਰਾਂ, ਉਚੇਰੀ-ਸਿੱਖਿਆ ਤੇ ਪੱਛਮੀ ਸਾਹਿਤ ਦੇ ਅਧਿਐਨ ਨੇ ਉਨ੍ਹਾਂ ਨੂੰ ਤਿੰਨ ਪੱਖੀ ਬਣਾ ਦਿੱਤਾ-ਕਲਾਸੀਕਲ, ਰੁਮਾਂਟਿਕ ਤੇ ਆਧੁਨਿਕ।

ਜੇਕਰ ਪ੍ਰੋ. ਮੋਹਨ ਸਿੰਘ ਦੇ ਸਾਹਿਤਕ ਖੇਤਰ ਵਿਚ ਪਾਏ ਯੋਗਦਾਨ ਦਾ ਜ਼ਿਕਰ ਕਰੀਏ ਤਾਂ ਉਨ੍ਹਾਂ ਦੇ ਦਸ ਕਾਵਿ-ਸੰਗ੍ਰਹਿ, ਇਕ ਮਹਾਂਕਾਵਿ, ਇਕ ਕਹਾਣੀ ਸੰਗ੍ਰਹਿ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਦਸ ਪੁਸਤਕਾਂ ਦਾ ਅਨੁਵਾਦ ਕੀਤਾ ਅਤੇ ਤਿੰਨ ਪੁਸਤਕਾਂ ਦਾ ਸੰਕਲਨ ਤੇ ਸੰਪਾਦਨ ਵੀ ਕੀਤਾ। ਉਹ ਲੰਮਾ ਸਮਾਂ ਪੰਜ ਦਰਿਆ ਨਾਮੀ ਸਾਹਿਤਕ ਰਸਾਲਾ ਵੀ ਕੱਢਦੇ ਰਹੇ।

'ਅਧਵਾਟੇ' ਤੇ 'ਕੱਚ ਸੱਚ' ਵਿਚ ਉਹ ਅੰਤਰਮੁਖੀ ਹੋ ਗਏ ਅਤੇ ਉਨ੍ਹਾਂ 'ਤੇ ਪ੍ਰਗਤੀਵਾਦੀ ਲਹਿਰ ਦਾ ਪ੍ਰਭਾਵ ਸੀ। 'ਆਵਾਜ਼ਾਂ', 'ਵੱਡਾ-ਵੇਲਾ' ਅਤੇ 'ਜੈ ਮੀਰ' ਵਿਚ ਉਨ੍ਹਾਂ ਦਾ ਪ੍ਰਗਤੀਵਾਦੀ ਸਿਖਰ ਹੈ। ਡਾ. ਰਾਜਿੰਦਰ ਪਾਲ ਸਿੰਘ ਅਨੁਸਾਰ "ਮੋਹਨ ਸਿੰਘ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਚਾਹੇ ਪ੍ਰਗਤੀਵਾਦੀ ਕਵਿਤਾ ਰਚੇ ਅਤੇ ਚਾਹੇ ਉਹ ਦੇਸ਼ ਪਿਆਰ ਦੀ ਕਵਿਤਾ ਰਚੇ, ਇਸਤਰੀ ਦੇ ਸਰੀਰਕ ਅਨੁਭਵ ਨੂੰ ਹਰ ਹਾਲਤ ਵਿਚ ਪੇਸ਼ ਕਰਦਾ ਹੈ।"[1] ਉਨ੍ਹਾਂ ਨੇ ਆਪਣੀ ਕਵਿਤਾ 'ਤਾਜ ਮਹਿਲ' ਵਿਚ ਲਿਖਿਆ:-

ਕੀ ਉਹ ਹੁਸਨ ਹੁਸਨ ਹੈ ਸੱਚਮੁਚ

ਯਾ ਉਂਜੇ ਹੈ ਛਲਦਾ

ਲੱਖ ਗਰੀਬਾਂ ਮਜ਼ਦੂਰਾਂ ਦੇ

ਹੰਝੂਆਂ ਤੇ ਜੋ ਪਲਦਾ?

'ਜੰਦਰੇ' ਅਤੇ 'ਬੂਹੇ' ਕਾਵਿ-ਸੰਗ੍ਰਹਿ ਪ੍ਰੋ. ਮੋਹਨ ਸਿੰਘ ਦੇ ਪ੍ਰੌੜ ਅਨੁਭਵ ਦੀਆਂ ਰਚਨਾਵਾਂ ਹਨ। ਇਨ੍ਹਾਂ ਵਿਚ ਉਨ੍ਹਾਂ ਦਾ ਜੀਵਨ ਦਰਸ਼ਨ ਦ੍ਰਿਸ਼ਟੀਗੋਚਰ ਹੁੰਦਾ ਹੈ। ਉਨ੍ਹਾਂ ਨੇ ਕੁਝ ਗ਼ਜ਼ਲਾਂ ਤੇ ਰੁਬਾਈਆਂ ਵੀ ਲਿਖੀਆਂ। ਡਾ. ਦੀਵਾਨ ਸਿੰਘ ਨੇ ਉਨ੍ਹਾਂ ਨੂੰ 'ਪੁਲਾੜ ਯੁੱਗ ਦਾ ਗ਼ਜ਼ਲਕਾਰ'[2] ਆਖਿਆ।

ਪ੍ਰੋ. ਮੋਹਨ ਸਿੰਘ ਨੇ ਉਰਦੂ ਦੀ ਮੁਨਸੀ ਫਾਜ਼ਿਲ ਅਤੇ ਫ਼ਾਰਸੀ ਦੀ ਐਮ.ਏ. ਕੀਤੀ ਹੋਈ ਸੀ। 1933 ਵਿਚ ਮੋਹਨ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਫ਼ਾਰਸੀ ਦਾ ਪ੍ਰੋਫ਼ੈਸਰ ਲੱਗ ਗਏ ਪਰ ਕੁਝ ਸਮੇਂ ਬਾਅਦ ਕਾਲਜ ਦੀ ਨੌਕਰੀ ਛੱਡ ਕੇ ਉਨ੍ਹਾਂ ਨੇ 'ਪੰਜ ਦਰਿਆ' ਨਾਮੀਂ ਮਾਸਿਕ ਪੱਤਰ 1939 ਵਿਚ ਜਾਰੀ ਕੀਤਾ। ਦੇਸ਼ ਦੀ ਵੰਡ ਨੇ ਮੋਹਨ ਸਿੰਘ ਨੂੰ ਇਕ ਤਰ੍ਹਾਂ ਨਾਲ ਕੱਖੋਂ ਹੌਲਾ ਕਰ ਦਿੱਤਾ ਸੀ। ਮੱਝਾਂ ਪਾਲ ਕੇ ਉਨ੍ਹਾਂ ਦਾ ਦੁੱਧ ਵੇਚਣਾ, ਤਾਂਗਾ ਖਰੀਦ ਕੇ ਕਿਸੇ ਤੋਂ ਚਲਵਾਉਣਾ ਤੇ ਰੈਸਟੋਰੈਂਟ ਖੋਲ੍ਹਣਾ ਉਨ੍ਹਾਂ ਦੀ ਜ਼ਿੰਦਗੀ ਦੇ ਤਲਖ, ਤਜ਼ਰਬਿਆਂ ਭਰੇ ਦਿਨ ਸਨ ਤੇ ਹਿੰਦ ਪਬਲਿਸ਼ਰਜ਼ ਨਾਂ ਦੀ ਪ੍ਰਕਾਸ਼ਨ ਸੰਸਥਾ ਖੋਲ੍ਹਣਾ ਇਸੇ ਲੜੀ ਦਾ ਹਿੱਸਾ ਸੀ। ਪਿੱਛੋਂ ਡਾ. ਮਹਿੰਦਰ ਸਿੰਘ ਰੰਧਾਵਾ ਨੇ ਪੰਜਾਬ ਦਾ ਵਿਕਾਸ ਗਵਰਨਰ ਹੁੰਦਿਆਂ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਅੰਬੀ ਦਾ ਬੂਟਾ' ਦੀ ਫ਼ਿਲਮ ਬਣਵਾਈ ਸੀ ਅਤੇ ਡਾ. ਰੰਧਾਵਾ ਨੇ ਹੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਉਪ-ਕੁਲਪਤੀ ਬਣਨ ਮਗਰੋਂ ਇਸੇ ਯੂਨੀਵਰਸਿਟੀ ਵਿਚ ਪ੍ਰੋ. ਮੋਹਨ ਸਿੰਘ ਨੂੰ ਭਾਸ਼ਾ ਤੇ ਸਭਿਆਚਾਰ ਵਿਭਾਗ ਦਾ ਪ੍ਰੋਫ਼ੈਸਰ ਐਮਰੀਟਸ ਲਗਾਇਆ।

ਇਸ ਤੋਂ ਇਲਾਵਾ ਪ੍ਰੋ. ਮੋਹਨ ਸਿੰਘ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਸਕੱਤਰ ਤੇ ਫੇਰ ਇਸੇ ਸਭਾ ਦਾ ਪ੍ਰਧਾਨ ਅਤੇ ਕੇਂਦਰੀ ਸਾਹਿਤ ਅਕਾਦਮੀ ਦੀ ਪੰਜਾਬੀ ਸਲਾਹਕਾਰ ਕਮੇਟੀ ਦੇ ਕਨਵੀਨਰ ਵੀ ਰਹੇ। ਪ੍ਰੋ. ਮੋਹਨ ਸਿੰਘ ਨੂੰ ਭਾਰਤੀ ਅਕਾਦਮੀ ਵੱਲੋਂ 'ਵੱਡਾ-ਵੇਲਾ' ਤੇ ਕੇਂਦਰੀ ਪੁਰਸਕਾਰ ਦਿੱਤਾ ਗਿਆ। ਇਸੇ ਅਕਾਦਮੀ ਵੱਲੋਂ ਆਨਰੇਰੀ ਫੈਲੋਸ਼ਿਪ ਅਤੇ ਪੰਜਾਬੀ ਅਕਾਦਮੀ ਲੁਧਿਆਣਾ ਵੱਲੋਂ ਫੈਲੋਸ਼ਿਪ ਦਿੱਤੀ ਗਈ। ਉਨ੍ਹਾਂ ਨੂੰ ਕਾਵਿ-ਸੰਗ੍ਰਹਿ 'ਜੈ ਮੀਰ' ਲਈ ਸੋਵੀਅਤ ਲੈਂਡ ਨਹਿਰੂ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਪ੍ਰੋ. ਮੋਹਨ ਸਿੰਘ ਦਾ ਸਮਕਾਲ ਰਾਜਸੀ ਤੇ ਸਾਹਿਤਕ ਪੱਖ ਤੋਂ ਬਹੁਤ ਮਹੱਤਵਪੂਰਨ ਸੀ। 1908 ਵਿਚ ਚੀਫ਼ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਨੇ ਸਰਵ-ਹਿੰਦ ਵਿਦਿਅਕ ਕਾਨਫਰੰਸਾਂ ਦੀ ਲੜੀ ਸ਼ੁਰੂ ਕੀਤੀ ਜਿਸ ਵਿਚ ਪਹਿਲੀ ਰਾਤ ਕੀਰਤਨ ਦਰਬਾਰ ਹੁੰਦਾ ਸੀ ਅਤੇ ਦੂਜੀ ਰਾਤ ਕਵੀ ਦਰਬਾਰ ਹੁੰਦਾ ਸੀ। ਇਨ੍ਹਾਂ ਕਵੀ ਦਰਬਾਰਾਂ ਨੇ ਪ੍ਰੋ. ਮੋਹਨ ਸਿੰਘ ਦੀ ਕਵਿਤਾ ਨੂੰ ਵਿਗਸਣ ਦਾ ਮੌਕਾ ਦਿੱਤਾ। ਇਹ ਸਮਾਂ ਭਾਰਤ ਦੀ ਆਜ਼ਾਦੀ ਲਈ ਤੇਜ਼ ਹੋ ਰਹੇ ਸੰਘਰਸ਼ਾਂ ਦਾ ਸੀ । ਇਸ ਵੇਲੇ ਵਿਸ਼ਵ ਵਿਚ ਡਾਕਟਰ ਮੈਰੀ ਕਿਊਰੀ ਵਰਗੇ ਵਿਗਿਆਨੀ, ਪਿਕਾਸੋ ਵਰਗੇ ਚਿੱਤਰਕਾਰ, ਪਾਬਲੋ ਨੇਰੂਦਾ ਵਰਗੇ ਕਵੀ, ਬਰਤੋਲਤ ਬਰੈਖ਼ਤ ਵਰਗੇ ਸਾਹਿਤਕਾਰ ਅਮਨ-ਸ਼ਾਂਤੀ ਦਾ ਸੁਨੇਹਾ ਦੇ ਰਹੇ ਸਨ ਅਤੇ ਸਮਾਜਵਾਦੀ ਵਿਚਾਰਧਾਰਾ ਅਧੀਨ ਸਿਰਜਣਾ ਕਰ ਰਹੇ ਸਨ। ਇਨ੍ਹਾਂ ਉਦਮਾਂ ਨੇ ਪੂਰੇ ਵਿਸ਼ਵ ਨੂੰ ਪ੍ਰਭਾਵਿਤ ਕੀਤਾ। ਇਹ ਪ੍ਰਭਾਵ ਪ੍ਰੋ. ਮੋਹਨ ਸਿੰਘ 'ਤੇ ਵੀ ਪਿਆ। ਇਸ ਪ੍ਰਭਾਵ ਦਾ ਇਕ ਹੋਰ ਕਾਰਨ 1936 ਦੀ ਲਖਨਊ ਵਿਖੇ ਪ੍ਰਗਤੀਸ਼ੀਲ ਲੇਖਕਾਂ ਦੇ ਇਕੱਠ ਵੀ ਸੀ। ਇਹ ਉਹ ਦੌਰ ਸੀ ਜਦੋਂ ਪਹਿਲੇ ਮਹਾਂ-ਯੁੱਧ ਦੀ ਤਬਾਹੀ ਤੋਂ ਬਾਅਦ ਦੂਜੇ ਮਹਾਂ-ਯੁੱਧ ਦੇ ਆਸਾਰ ਬਣ ਰਹੇ ਸਨ ਪਰ ਦੁਨੀਆਂ ਦੇ ਵਧੇਰੇ ਮੁਲਕ ਸੋਵੀਅਤ ਯੂਨੀਅਨ ਨੂੰ ਆਪਣਾ ਰਾਹ ਦਸੇਰਾ ਮੰਨ ਰਹੇ ਸਨ, ਖ਼ਾਸਕਰ ਉਹ ਮੁਲਕ ਜੋ ਅੰਗਰੇਜ਼ਾਂ ਦੇ ਗੁਲਾਮ ਸਨ। ਪ੍ਰੋ. ਮੋਹਨ ਸਿੰਘ 3 ਮਈ 1978 ਨੂੰ ਇਸ 'ਰਾਤ-ਦਿਵਸ ਦੇ ਗੇੜਿਆਂ' ਤੋਂ ਬਹੁਤ ਦੂਰ ਚਲਿਆ ਗਏ। ਪੰਜਾਬੀ ਸਾਹਿਤ ਦੀ ਝੋਲੀ ਪਾਏ ਬਹੁਮੁੱਲੇ ਸਾਹਿਤ ਲਈ ਉਨ੍ਹਾਂ ਨੂੰ ਸਦਾ ਯਾਦ ਕੀਤਾ ਜਾਂਦਾ ਰਹੇਗਾ।

ਡਾ. ਸੁਖਦੇਵ ਸਿੰਘ ਲਿਖਦੇ ਹਨ ਕਿ ਮੋਹਨ ਸਿੰਘ ਇਸ਼ਕ ਦਾ ਕਵੀ ਹੈ ਜਾਂ ਕ੍ਰਾਂਤੀ ਦਾ? ਇਹ ਫ਼ੈਸਲਾ ਤਾਂ ਉਹ ਖ਼ੁਦ ਵੀ ਨਹੀਂ ਕਰ ਸਕਿਆ। ਉਸ ਅੰਦਰਲਾ ਚੇਤੰਨ ਬੁੱਧੀਜੀਵੀ ਤੇ ਬਾਗ਼ੀ ਕਵੀ ਤਾਉਮਰ ਆਸ਼ਿਕਾਨਾ ਮਿਜ਼ਾਜ ਵਾਲੇ ਕਵੀ ਦੀ ਤਾਬਿਆ 'ਚ ਰਹੇ। ਉਹ ਆਪਣੇ ਯੁੱਗ ਦੇ ਰਾਜਸੀ ਆਰਥਿਕ, ਸਮਾਜਿਕ ਤੇ ਨੈਤਿਕ ਮਸਲਿਆਂ ਨੂੰ ਇਸ਼ਕ ਦੇ ਮੁਹਾਵਰੇ ਰਾਹੀਂ ਹੀ ਜ਼ੁਬਾਨ ਦਿੰਦਾ ਰਿਹਾ। ਆਪਣੇ ਆਪ ਨੂੰ 'ਵਾਰਿਸ਼ ਸ਼ਾਹ ਦੇ ਰੰਗ ਵਿਚ ਗਾਉਣ ਵਾਲਾ' ਕਵੀ ਕਹਿਣ ਵਾਲੇ ਮੋਹਨ ਸਿੰਘ 'ਮਾਹਰ' ਦੀ ਕਵਿਤਾ ਇਸ਼ਕ ਦੇ ਰਾਹੋਂ ਨਹੀਂ ਸੀ ਆਈ। ਗੁਰਦੁਆਰਾ ਸੁਧਾਰ ਲਹਿਰ ਦੇ ਦਿਨਾਂ 'ਚ (1921-22) ਹੁੱਬੇ-ਵਤਨੀ ਦਾ ਡੰਗਿਆ ਉਹ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦੇ ਪਿੰਡ ਅਧਵਾਲ (ਪੋਠੋਹਾਰ) 'ਚ ਹੋਣ ਵਾਲੀ ਸਿੱਖ ਕਾਨਫਰੰਸ ਵਿਚ ਹਾਜ਼ਰ ਹੋਇਆ। ਕਾਨਫਰੰਸ 'ਚ ਹੋਣ ਵਾਲੇ ਕਵੀ ਦਰਬਾਰ ਲਈ ਸਮੱਸਿਆ ਦਿੱਤੀ ਗਈ ਸੀ- 'ਸਾਡਾ ਗੁਰੂ ਤੇ ਗੁਰੂ ਕਾ ਬਾਗ਼ ਸਾਡਾ।' ਲੈਰੀ ਉਮਰ ਦੇ ਗਭਰੇਟ ਮੋਹਨ ਸਿੰਘ ਨੇ ਆਪਣੀ ਨਜ਼ਮ ਨਾਲ ਵੱਡੇ ਪੰਥਕ ਇਕੱਠ ਨੂੰ ਕੀਲ ਲਿਆ। ਉਸ ਦੀ ਝੋਲੀ ਪਹਿਲਾ ਇਨਾਮ ਪਿਆ ਤੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਵਿਚ ਇਹ ਨਜ਼ਮ ਮੰਚ ਤੋਂ ਦੁਬਾਰਾ ਸੁਣੀ ਗਈ। ਖ਼ੁਦ ਮੋਹਨ ਸਿੰਘ ਇਸ ਪੜਾਅ ਨੂੰ 'ਧਰਮ-ਭਗਤੀ' ਤੇ 'ਦੇਸ਼-ਭਗਤੀ' ਦੇ ਸਾਂਝੇ ਜਜ਼ਬੇ ਦਾ ਦੌਰ ਕਹਿੰਦਾ ਹੈ।

ਆਪਣੇ ਆਪ ਨੂੰ 'ਰੰਗ ਰੰਗੀਲਾ ਸ਼ਾਇਰ' ਤੇ ਜ਼ਿੰਦਗੀ ਦੇ ਸਾਰੇ ਰਸਾਂ-ਕਸਾਂ ਦਾ ਪੁਤਲਾ (ਸੱਤੇ ਰੰਗ ਪਸਿੰਦ) ਕਹਿਣ ਵਾਲੇ ਮੋਹਨ ਸਿੰਘ ਦਾ ਜਨਮ ਸਰਹੱਦੀ ਸੂਬੇ ਦੇ ਪਿੰਡ ਮਰਦਾਨ ਵਿਖੇ ਡਾ. ਜੋਧ ਸਿੰਘ ਤੇ ਸ੍ਰੀਮਤੀ ਭਾਗਵੰਤੀ ਦੇ ਘਰ 20 ਅਕਤੂਬਰ 1905 ਨੂੰ ਹੋਇਆ। ਉਸ ਦਾ ਜੱਦੀ ਪਿੰਡ ਧਮਿਆਲ ਹੈ। ਕਰਤਾਰ ਸਿੰਘ ਦੁੱਗਲ, ਸਵਿੰਦਰ ਸਿੰਘ ਉਪਲ, ਹਰਨਾਮ ਸਿੰਘ ਸ਼ਾਨ ਅਤੇ ਹਰਚਰਨ ਸਿੰਘ ਸੋਬਤੀ ਆਦਿ ਲੇਖਕ ਇਸੇ ਪੋਠੋਹਾਰੀ ਪਿੰਡ ਦੇ ਜਾਏ ਸਨ। ਵੇਗ ਮੱਤੇ ਸ਼ਾਇਰ ਮੋਹਨ ਸਿੰਘ ਨੂੰ ਧਾਰਮਿਕ ਰੀਤ ਮਰਯਾਦਾਵਾਂ ਦੇ ਬੰਧਨ, ਕਠੋਰ ਨੈਤਿਕ ਵਰਜਣਾਵਾਂ, ਬਸਤੀਵਾਦ ਦੀ ਗ਼ੁਲਾਮੀ ਅਤੇ ਆਰਥਿਕ-ਸਮਾਜਿਕ ਨਾਬਰਾਬਰੀ ਵਾਲਾ ਪੂੰਜੀਵਾਦੀ ਪ੍ਰਬੰਧ ਪ੍ਰਵਾਨ ਨਹੀਂ। ਜ਼ਿੰਦਗੀ ਦੇ ਸਭ ਰੰਗਾਂ ਨੂੰ ਪੂਰੀ ਸ਼ਿੱਦਤ ਤੇ ਬੇਬਾਕੀ ਨਾਲ ਮਾਣਨ ਦੇ ਚਾਹਵਾਨ ਮੋਹਨ ਸਿੰਘ ਨੂੰ ਨਾ ਧਰਮ-ਨਸਲ ਦੀ ਦਿੱਤੀ ਪਛਾਣ

ਮਨਜ਼ੂਰ ਸੀ, ਨਾ ਨੈਤਿਕ ਬੰਧਨਾਂ 'ਚ ਮਨ ਮਾਰ ਕੇ ਜੀਣਾ। ਆਪਣੀ ਪਲੇਠੀ ਕਿਤਾਬੜੀ 'ਚਾਰ ਹੰਝੂ' ਵਿਚ ਹੀ ਉਸ ਨੇ 'ਲਾਈਲੱਗ ਮੋਮਨ' ਹੋਣ ਨਾਲੋਂ 'ਖੋਜੀ ਕਾਫ਼ਰ' ਬਣਨ ਦੀ ਤਾਂਘ ਦਾ ਪ੍ਰਗਟਾਵਾ ਕੀਤਾ ਸੀ। ਉਸ ਅੰਦਰਲੇ ਆਜ਼ਾਦ ਖ਼ਿਆਲ ਤੇ ਬੁੱਤਸ਼ਿਕਨ ਕਵੀ ਨੂੰ ਧਰਤੀ-ਅੰਬਰ ਦਾ ਕਾਫ਼ੀਆ ਵੀ ਤੰਗ ਲੱਗਦਾ ਸੀ। ਇਸੇ ਲਈ ਉਹ ਰੱਬ ਦੀ ਸਿਰਜੀ ਦੁਨੀਆ 'ਭੰਨ ਕੇ ਘੜਨ' ਦੇ ਦਾਹੀਏ ਕਰਦਾ ਹੈ: 'ਅਸਾਂ ਤੇ ਲਾ ਪਿਆਰ-ਖੰਭ ਉਡਣਾ/ ਸਾਨੂੰ ਕੀ ਇਸ ਧਰਤ-ਅੰਬਰ ਵਲਣਾ।' (ਅੱਧਵਾਟੇ) ਜਾਂ 'ਬਿਸ਼ੱਕ ਸਾਨੂੰ ਵੀ ਰੱਬ, ਸੁਰਗਾਂ ਵਿਚੋਂ ਕੱਢ ਦੇਵੇ/ ਪਰ ਉਸ ਦੀ ਦੁਨੀਆਂ ਨੂੰ ਭੰਨ ਕੇ ਘੜਨ ਨੂੰ ਜੀ ਕਰਦਾ'। (ਬੂਹੇ)

ਮੋਹਨ ਸਿੰਘ ਦੇ ਯੁੱਗ ਦਾ ਮੁੱਖ ਦਵੰਦ ਧਰਮ ਕੇਂਦਰਿਤ ਚੇਤਨਾ ਅਤੇ ਤਾਰਕਿਕ ਵਿਗਿਆਨਕ ਦ੍ਰਿਸ਼ਟੀ ਵਿਚਲਾ ਤਣਾਓ ਸੀ। ਮੋਹਨ ਸਿੰਘ ਦਾ ਕਾਵਿ-ਪਾਤਰ ਆਪਣੇ ਆਪ ਨੂੰ ਰੱਬ ਦਾ ਸ਼ਰੀਕ ਸਮਝਦਾ ਹੈ। 'ਸਾਡੇ ਖੂਹ 'ਤੇ ਵਸਦਾ ਰੱਬ ਨੀ' ਦੀ ਧੁਨ ਅਲਾਪਣ ਵਾਲਾ ਮੋਹਨ ਸਿੰਘ ਪ੍ਰਗਤੀਵਾਦੀ ਲਹਿਰ ਦੇ ਦੂਜੇ ਕਵੀਆਂ- ਪਿਆਰਾ ਸਿੰਘ ਸਹਿਰਾਈ, ਸੰਤੋਖ ਸਿੰਘ ਧੀਰ ਆਦਿ ਵਾਂਗ ਸਿੱਖ ਧਰਮ ਦੇ ਉਦਾਰਵਾਦੀ, ਮਾਨਵਵਾਦੀ ਤੇ ਜੁਝਾਰੂ ਵਿਰਸੇ ਤੋਂ ਪ੍ਰੇਰਨਾ ਲੈਂਦਾ ਹੈ। ਉਹ ਆਪਣੀਆਂ ਕਵਿਤਾਵਾਂ- 'ਸਿੱਖੀ' (ਸਾਵੇ ਪੱਤਰ), 'ਨਾਨਕੀ ਦਾ ਗੀਤ' (ਕਸੁੰਭੜਾ), 'ਰਾਣੀ ਸਾਹਿਬ ਕੌਰ' (ਕਸੁੰਭੜਾ), 'ਨਾਨਕ ਨੂੰ' (ਕੱਚ ਸੱਚ), 'ਵਡ-ਕਹਾ', 'ਗੋਬਿੰਦ ਗੁਰੂ' ਅਤੇ 'ਨਾਨਕਾਇਣ' ਵਿਚ ਸਿੱਖ ਧਰਮ ਦੇ ਉਸਾਰੂ, ਲੋਕ-ਪੱਖੀ ਵਿਰਸੇ ਤੇ ਜੁਝਾਰੂ ਨਾਇਕਾਂ ਨੂੰ ਅਕੀਦਤ ਪੇਸ਼ ਕਰਦਾ ਹੈ। ਉਸ ਦੀ ਕਵਿਤਾ ਵਿਚਲੇ ਪਾਤਰ ਦਾ ਵਿਰੋਧ ਧਰਮ ਨਾਲ ਨਹੀਂ, ਧਰਮ ਦੇ ਸੰਪ੍ਰਦਾਇਕ ਖਾਸੇ ਤੇ ਕਰਮਕਾਂਡੀ ਨਿਭਾਅ ਨਾਲ ਹੈ। ਆਧੁਨਿਕ ਤਰਜ਼ ਦੀ ਸਿੱਖਿਆ, ਵਿਗਿਆਨਕ ਚੇਤਨਾ, ਪ੍ਰਗਤੀਵਾਦੀ ਸਾਹਿਤਕ ਲਹਿਰ ਦੇ ਪ੍ਰਭਾਵ ਅਤੇ ਦੌਰ ਦੀ ਫ਼ਿਜ਼ਾ ਕਰਕੇ 'ਅਧਵਾਟੇ' ਤਕ ਪਹੁੰਚਦਿਆਂ ਮੋਹਨ ਸਿੰਘ ਇਕ ਪਾਸੇ ਧਰਮ ਦੀ ਕਰਮਕਾਂਡੀ ਰੀਤ ਮਰਿਆਦਾ ਦੀ ਨਿਰਾਰਥਕਤਾ ਉਪਰ ਚੋਟ ਕਰਨ ਲਈ 'ਸਤਿਸੰਗ' (ਅਧਵਾਟੇ) ਵਰਗੀਆਂ ਕਵਿਤਾਵਾਂ ਲਿਖਦਾ ਹੈ ਅਤੇ ਦੂਜੇ ਧਰਮ ਦੇ ਜਮਾਤੀ ਚਰਿੱਤਰ ਨੂੰ ਉਜਾਗਰ ਕਰਨ ਲਈ 'ਨਵੇਂ' ਅਤੇ 'ਨਿੱਕੇ ਰੱਬ' ਦੀ ਸਿਰਜਣਾ ਦਾ ਐਲਾਨ ਕਰਦਾ ਹੈ। 'ਮੈਨੂੰ ਤਾਂ ਜੇ ਰੱਬ ਵੀ ਆਖੇ, ਆ ਮੇਰੇ ਵਿੱਚ ਰਲ ਜਾ/ ਕਦੇ ਨਾ ਰਲਾਂ, ਅੱਡ ਹੀ ਖੱਲਾਂ' ਦੀ ਸੱਦ ਲਾਉਣ ਵਾਲਾ ਮੋਹਨ ਸਿੰਘ ਧਰਮ ਕੇਂਦਰਿਤ ਚੇਤਨਾ ਦਾ ਵਿਰੋਧ ਦੋ ਗੱਲਾਂ ਕਰਕੇ ਕਰਦਾ ਹੈ, ਇਕ ਤਾਂ ਇਹ ਕਿ ਧਰਮ-ਚੇਤਨਾ ਸਮਾਜਿਕ ਜੀਵਨ ਵਿਚ ਮਨੁੱਖ ਦੀ ਭੂਮਿਕਾ ਨੂੰ ਹੀ ਸਵੀਕਾਰ ਨਹੀਂ ਕਰਦੀ ਤੇ ਮਨੁੱਖ ਨੂੰ ਹੋਣੀ ਦੇ ਹੱਥਾਂ ਦਾ ਪੁਤਲਾ ਬਣਾਉਂਦੀ ਹੈ; ਦੂਜਾ ਦੁਨੀਆਂ ਨੂੰ ਅਬਦਲ ਜਾਂ ਮਨੁੱਖੀ ਜੀਵਨ ਨੂੰ ਗਤੀਹੀਣ ਮੰਨ ਕੇ ਧਰਮ-ਚੇਤਨਾ ਸਥਾਪਤੀ ਦੀਆਂ ਜੜ੍ਹਾਂ ਪੱਕੀਆਂ ਕਰਦੀ ਹੈ। ਜਮਾਤੀ ਸੰਘਰਸ਼ ਵਿਚ 'ਵੱਡਾ ਰੱਬ' ਜਾਂ 'ਵੱਡਿਆਂ ਦਾ ਰੱਬ' ਕਿਰਤੀਆਂ-ਕਾਮਿਆਂ ਦੀ ਸਾਰ ਨਹੀਂ ਲੈਂਦਾ। ਮੋਹਨ ਸਿੰਘ ਦੀ ਕਵਿਤਾ ਵਿਚ ਦੋਵੇਂ ਰੰਗ ਹਨ; ਧਰਮ ਦੇ ਲੋਕ-ਵਿਰੋਧੀ, ਸਥਾਪਤੀ ਪੱਖੀ ਰੋਲ ਦਾ ਖੰਡਨ ਵੀ ਅਤੇ ਸਿੱਖ ਧਰਮ ਦੀ ਮਾਨਵਵਾਦੀ ਤੇ ਲੋਕ-ਪੱਖੀ ਪਰੰਪਰਾ ਦਾ ਜਸ-ਗਾਣ ਵੀ। ਜਿਵੇਂ:

* ਕਦਮ ਕਦਮ ਦੀਆਂ ਬੇਇਨਸਾਫ਼ੀਆਂ,

ਨਿੱਕੇ ਵੱਡੇ ਵਿਰੋਧ ਹਜ਼ਾਰਾਂ

ਜਿੰਦ ਕਰਨ ਜਦ ਤਾਰਾਂ-ਤਾਰਾਂ

ਤੇ ਵੱਡਾ ਰੱਬ ਲਏ ਨਾ ਸਾਰਾਂ

ਨਿੱਕਾ ਰੱਬ ਕੋਈ ਚੁਣਨਾ ਪੈਂਦਾ

ਨਿੱਕਾ ਦੇਵ ਕੋਈ ਘੜਨਾ ਪੈਂਦਾ। (ਅੱਧਵਾਟੇ)

* ਜਦ ਵੀ ਛੱਤ ਯਕੀਨ ਦੀ ਡਿੱਗਣ 'ਤੇ ਆਈ

ਦਿੱਤਾ ਕਰਮ-ਸਿਧਾਂਤੀਆਂ ਕਰਮਾਂ ਦਾ ਠੁੰਮ੍ਹਣਾ

ਸੱਪ ਮਾਰਨ ਦਾ ਵੱਲ ਨਾ ਧਰਮਾਂ ਨੇ ਦੱਸਿਆ

ਸਗੋਂ ਸਿਖਾਇਆ ਮੂੰਹ ਸਦਾ ਸੱਪਾਂ ਦਾ ਚੁੰਮਣਾ।

(ਵੱਡਾ ਵੇਲਾ)

ਸਿੱਖ ਪਿਛੋਕੜ ਹੋਣ ਕਰਕੇ ਕਵੀ ਮੋਹਨ ਸਿੰਘ ਦੇ ਅਵਚੇਤਨ ਉਪਰ ਸਿੱਖ ਲਹਿਰ ਦੇ ਇਨਕਲਾਬੀ ਵਿਰਸੇ ਦਾ ਪ੍ਰਭਾਵ ਬਹੁਤ ਗਹਿਰਾ ਰਿਹਾ ਹੈ; 'ਨਾਨਕਾਇਣ' ਦੀ ਸਿਰਜਣਾ ਤੋਂ ਪਹਿਲਾਂ ਵੀ ਉਸ ਨੇ ਇਹ ਸੱਦ ਲਾਈ ਸੀ:

ਮੈਂ ਨਹੀਂ ਧਰਮ ਤੋਂ ਹਟਾਂਦਾ

ਤੈਨੂੰ ਧਰਮ ਜੇ ਸਿਖਾਂਦਾ

ਮੋਹਨ ਸਿੰਘ ਵੱਲੋਂ ਅਮਰਜੀਤ ਚੰਦਨ ਨੂੰ ਲਿਖਿਆ ਖ਼ਤ।

ਕਰਤਵ ਦਸਵੇਂ ਗੁਰਾਂ ਦਾ

ਸਭ ਕੁਝ ਅਣਖ ਤੋਂ ਲੁਟਾਣਾ। (ਕਸੁੰਭੜਾ)

ਕਵੀ ਮੋਹਨ ਸਿੰਘ ਵਿਚਲਾ ਕੋਮਲ-ਭਾਵੀ ਪ੍ਰੇਮੀ ਤੇ ਰਾਜਸੀ ਤੌਰ 'ਤੇ ਚੇਤੰਨ ਬੁੱਧੀਜੀਵੀ ਉਮਰ ਇਕ ਦੂਜੇ ਨਾਲ ਭਿੜਦੇ ਰਹੇ। ਉਸ ਦਾ 'ਆਜ਼ਾਦ ਮਾਣ ਮੱਤਾ ਦਿਲ, ਇਸ਼ਕ 'ਚ ਕੀਤੇ ਕੌਲਾਂ ਦਾ ਪਾਬੰਦ' ਵੀ ਰਿਹਾ ਅਤੇ ਉਹ ਰਾਜਸੀ ਕਾਰਕੁੰਨ ਵਜੋਂ ਸਮਾਜਿਕ ਸੰਘਰਸ਼ ਦੇ ਅਮਲ ਵਿਚ ਕਵਿਤਾ ਦੇ ਮੋਰਚੇ ਉਪਰ ਵੀ ਡਟਿਆ ਰਿਹਾ। ਉਸ ਨੇ ਆਪਣੇ ਭਾਵਨਾ-ਸੰਸਾਰ ਦੀਆਂ ਤੀਬਰ ਅੰਤਰ ਪ੍ਰੇਰਣਾਵਾਂ ਕਰਕੇ ਵੀ ਕਵਿਤਾ ਲਿਖੀ ਅਤੇ ਆਪਣੇ ਯੁੱਗ ਦੀਆਂ ਅਹਿਮ ਸਿਆਸੀ-ਸਮਾਜਿਕ ਹਲਚਲਾਂ ਨੂੰ ਹੁੰਗਾਰਾ ਵੀ ਕਵਿਤਾ ਰਾਹੀਂ ਹੀ ਭਰਿਆ। ਉਸ ਦੀ ਨਿੱਜੀ ਜ਼ਿੰਦਗੀ ਦੇ ਦੋ ਵੱਡੇ ਹਾਦਸੇ ਉਮਰ ਭਰ ਉਸ ਦੀ ਰਚਨਾਕਾਰੀ ਦੇ ਪ੍ਰੇਰਣਾ ਸਰੋਤ ਬਣੇ ਰਹੇ- ਪਤਨੀ ਬਸੰਤ ਦੀ ਮੌਤ ਅਤੇ ਦੇਸ਼ ਦਾ ਬਟਵਾਰਾ। ਬੇਵਕਤੀ ਮੌਤ ਕਾਰਨ ਜ਼ਿੰਦਗੀ 'ਚੋਂ ਗ਼ੈਰਹਾਜ਼ਰ ਹੋਈ ਬਸੰਤ ਨੇ ਮੋਹਨ ਸਿੰਘ ਦੇ ਮਨੋ-ਸੰਸਾਰ ਵਿਚ ਪੱਕਾ ਟਿਕਾਣਾ ਕਰ ਲਿਆ। ਮੋਹਨ ਸਿੰਘ ਦੇ ਅਵਚੇਤਨ ਵਿਚ ਔਰਤ ਪ੍ਰਤੀ ਖਿੱਚ ਦੀ ਗੰਢ ਏਨੀ ਪੀਢੀ ਹੈ ਕਿ 'ਚਾਰ ਹੰਝੂ' ਦੀਆਂ ਰੁਮਾਨੀ ਕਵਿਤਾਵਾਂ ਤੋਂ ਲੈ ਕੇ 'ਬੂਹੇ' ਕਾਵਿ ਸੰਗ੍ਰਹਿ ਤਕ ਅਨੇਕਾਂ ਕਵਿਤਾਵਾਂ ਵਿਚ ਉਹ ਔਰਤ (ਬਸੰਤ) ਦੀ ਸਿਮਰਤੀ ਨਾਲ ਜੁੜਿਆ ਰਿਹਾ। ਉਹ ਰੱਬ ਪ੍ਰਕਿਰਤੀ, ਇਸ਼ਕ, ਯੁੱਧ ਅਤੇ ਇਨਕਲਾਬ ਜਿਹੇ ਮਸਲਿਆਂ ਨੂੰ ਪ੍ਰਭਾਸ਼ਿਤ ਵੀ ਔਰਤ ਦੇ ਬਿੰਬ ਰਾਹੀਂ ਕਰਦਾ ਹੈ। 'ਅਨਾਰਕਲੀ' ਤੇ 'ਨੂਰ ਜਹਾਂ' ਵਰਗੀਆਂ ਮੁੱਢਲੇ ਦੌਰ ਦੀਆਂ ਕਵਿਤਾਵਾਂ ਵਿਚ ਉਹ ਇਸ਼ਕ ਨੂੰ 'ਪਾਕਿ ਕੁਰਾਨ' ਤੇ ਆਸ਼ਕਾਂ ਦੇ ਮਕਬਰੇ ਨੂੰ 'ਮੱਕੇ ਮਦੀਨੇ' ਜਿਹੀਆਂ ਇਬਾਦਤਗਾਹਾਂ ਦਾ ਰੁਤਬਾ ਦਿੰਦਾ ਹੈ। ਪ੍ਰਗਤੀਵਾਦੀ ਲਹਿਰ ਦੇ ਪ੍ਰਭਾਵ ਤੇ ਰਾਜਸੀ ਦਬਾਵਾਂ ਕਾਰਨ ਉਹ 'ਕੱਚ ਸੱਚ' (1950) ਦੀ ਸ਼ਾਇਰੀ ਤੱਕ ਪੁੱਜਦਿਆਂ- 'ਕਿਸੇ ਵਡੇਰੇ ਤਲਖ਼ ਨਸ਼ੇ' ਤੇ 'ਚੋੜੇ ਗਗਨਾਂ 'ਚ ਉਡਾਰੀ' ਦੀ ਤਾਂਘ ਵੱਸ ਇਸ਼ਕ ਦੇ ਮੂੰਹ-ਜ਼ੋਰ ਜਜ਼ਬੇ ਨੂੰ 'ਕੱਚ' ਹੋਣ ਦਾ ਫ਼ਤਵਾ ਦਿੰਦਾ ਹੈ। ਇਨਕਲਾਬ ਦੇ ਜੋਸ਼ ਵਿਚ ਉਸ ਨੇ ਇਸ਼ਕ ਜਾਂ ਮੁਹੱਬਤ ਵਰਗੇ ਮੂਲ ਮਾਨਵੀ ਜਜ਼ਬੇ ਨੂੰ ਨਕਾਰਣ ਦੀ ਰੱਟ ਲਾਈ:

* ਪਰ ਹੁਣ ਜੁਲਫ਼ਾਂ ਦੀ ਛਾਂ ਥੱਲੇ,

ਪਿਆਰੀ ਨੀਂਦਰ ਆਉਂਦੀ ਨਾ।

ਨਿੱਜੀ ਪਿਆਰ ਦੇ ਠੇਕੇ ਉਤੇ,

ਰੂਹ ਮੇਰੀ ਨਸ਼ਿਆਉਂਦੀ ਨਾ। (ਆਵਾਜ਼ਾਂ)

* ਨੈਣਾਂ ਨੂੰ ਅਸਾਂ ਕਿਹਾ ਮਸ਼ਾਲਾਂ,

ਹੋਠਾਂ ਨੂੰ ਸ਼ੱਕਰ ਖੰਡ ਓ ਯਾਰ।

ਜ਼ੁਲਫਾਂ ਨੂੰ ਅਸਾਂ ਬੱਦਲ ਬੰਨ੍ਹਿਆ

ਮੂੰਹ ਨੂੰ ਬੰਨ੍ਹਿਆ ਚੰਦ ਓ ਯਾਰ

ਗਾ ਗਾ ਹੁਸਨ ਇਸ਼ਕ ਦੇ ਸੋਹਿਲੇ

ਗਈ ਜਵਾਨੀ ਹੰਢ ਓ ਯਾਰ। (ਵੱਡਾ ਵੇਲਾ)

ਪਰ ਹਕੀਕਤ ਇਹ ਹੈ ਕਿ ਮੋਹਨ ਸਿੰਘ ਅੰਦਰਲਾ 'ਸੁੱਤਾ ਇਸ਼ਕ ਬਲੀ' ਮੁੜ ਮੁੜ ਜਾਗਦਾ ਰਿਹਾ ਤੇ ਉਸ ਦੇ ਅਵਚੇਤਨ ਵਿਚ ਬਸੰਤ ਦੀ ਮੁਹੱਬਤ ਨਾਨ੍ਹਾ ਰੂਪ ਧਾਰ ਕੇ ਦਸਤਕ ਦਿੰਦੀ ਰਹੀ। 'ਵਿਚ ਰੰਗ ਦੇ ਦੇਵੀ ਹੈ ਨਾਰ ਸਾਡੀ, ਵਿਚ ਜੰਗ ਦੇ ਦੇਵੀ ਕਟਾਰ ਸਾਡੀ' (ਸਾਵੇ ਪੱਤਰ) ਦਾ ਦਾਅਵਾ ਕਰਨ ਵਾਲੇ ਮੋਹਨ ਸਿੰਘ ਦੇ ਅਵਚੇਤਨ ਅਤੇ ਉਸ ਦੀ ਕਵਿਤਾ ਦੇ ਚਿੱਤ-ਮਿਤਰੇ ਸੰਸਾਰ ਔਰਤ ਦੇਵੀ ਵੀ ਹੈ, ਸਖੀ ਵੀ, ਚੰਡੀ ਵੀ, ਆਸਥਾ ਦਾ ਮੁਜੱਸਮਾ ਅਤੇ ਕਿਰਤੀ-ਕਾਮਿਆਂ ਦੀ ਮੁਕਤੀ ਦਾ ਮਸੀਹਾ ਵੀ। ਪ੍ਰਮਾਣ ਵਜੋਂ ਉਸ ਦੀਆਂ ਔਰਤ ਦੀ ਸਿਮਰਤੀ ਅਤੇ ਉਸ ਦੇ ਵੱਖ ਵੱਖ ਬਲਕਾਰੀ ਰੂਪਾਂ ਨਾਲ ਜੁੜੀਆਂ ਕਵਿਤਾਵਾਂ- 'ਬਸੰਤ', ਛੱਤੋ ਦੀ ਬੇਰੀ', 'ਸੈਦਾ ਤੇ ਸਬਜ਼ਾਂ', 'ਕੁੜੀ ਪੋਠੋਹਾਰ ਦੀ', 'ਖਾਨਗਾਹੀਂ ਦੀਵਾ ਬਾਲਦੀਏ', 'ਰਾਣੀ ਸਾਹਿਬ ਕੌਰ', 'ਮੰਗਤੀ', 'ਮੰਗਲੀ', 'ਰੋਜ਼ਨਬਰਗ' ਅਤੇ 'ਜੱਟੀਆਂ ਦਾ ਗੀਤ' ਆਦਿ ਪੜ੍ਹੀਆਂ ਜਾ ਸਕਦੀਆਂ ਹਨ।

**ਚੋਣਵੀਂ ਕਵਿਤਾ**

1. ਸਾਵੇ ਪੱਤਰ

ਅਸੀਂ ਨਿਮਾਣੇ ਸਾਵੇ ਪੱਤਰ,
ਸਾਨੂੰ ਕੌਣ ਖ਼ਿਆਲੇ।
ਦੋ ਦਿਨ ਛਾਂ ਫੁੱਲਾਂ ਦੀ ਸੁੱਤੇ,
ਜਾਗੇ ਸਾਡੇ ਤਾਲੇ।
ਸੋਹਣੇ ਦੇ ਗੁਲਦਸਤੇ ਖ਼ਾਤਰ,
ਜਾਣ ਜਦੋਂ ਉਹ ਲੱਗੇ,
ਖਾ ਕੇ ਤਰਸ ਅਸਾਂ ਉਤੇ ਵੀ,
ਲੈ ਗਏ ਸਾਨੂੰ ਨਾਲੇ।

2. ਰੱਬ

ਰੱਬ ਇੱਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖ-ਧੰਦਾ।
ਖੋਲ੍ਹਣ ਲੱਗਿਆਂ ਪੇਚ ਏਸ ਦੇ
ਕਾਫ਼ਰ ਹੋ ਜਾਏ ਬੰਦਾ।
ਕਾਫ਼ਰ ਹੋਣੋ ਡਰ ਕੇ ਜੀਵੇਂ
ਖੋਜੋਂ ਮੂਲ ਨਾ ਖੁੰਝੀ
ਲਾਈਲੱਗ ਮੋਮਨ ਦੇ ਕੋਲੋਂ
ਖੋਜੀ ਕਾਫ਼ਰ ਚੰਗਾ।

ਤੇਰੀ ਖੋਜ ਵਿਚ ਅਕਲ ਦੇ ਖੰਭ ਝੜ ਗਏ
ਤੇਰੀ ਭਾਲ ਵਿਚ ਥੋਥਾ ਖ਼ਿਆਲ ਹੋਇਆ।
ਲੱਖਾਂ ਉਂਗਲਾਂ ਗੁੰਝਲਾਂ ਖੋਲ੍ਹ ਥੱਕੀਆਂ,
ਤੇਰੀ ਜ਼ੁਲਫ਼ ਦਾ ਸਿੱਧਾ ਨਾ ਵਾਲ ਹੋਇਆ।
ਘਿੱਗੀ ਬੱਝ ਗਈ ਸੰਖਾਂ ਦੀ ਰੋ-ਰੋ ਕੇ,
ਪਿੱਟ-ਪਿੱਟ ਕੇ ਚੂਰ ਘੜਿਆਲ ਹੋਇਆ।
ਚੀਕ-ਚੀਕ ਕੇ ਕਲਮ ਦੀ ਜੀਭ ਪਾਟੀ,
ਅਜੇ ਹੱਲ ਨਾ ਤੇਰਾ ਸਵਾਲ ਹੋਇਆ।
ਤੇਰੀ ਸਿਕ ਕੋਈ ਸੱਜਰੀ ਸਿਕ ਤਾਂ ਨਹੀਂ,
ਇਹ ਚਰੋਕਣੀ ਗਲੇ ਦਾ ਹਾਰ ਹੋਈ।
ਇਹ ਉਦੋਕਣੀ ਜਦੋਂ ਦਾ ਬੁੱਤ ਬਣਿਆ,
ਨਾਲ ਦਿਲ ਦੀ ਮਿੱਟੀ ਤਿਆਰ ਹੋਈ।1।

ਤੇਰੇ ਹਿਜਰ ਵਿਚ ਕਿਸੇ ਨੇ ਕੰਨ ਪਾੜੇ
ਅਤੇ ਕਿਸੇ ਨੇ ਜਟਾਂ ਵਧਾਈਆਂ ਨੇ ।
ਬੂਹੇ ਮਾਰ ਕੇ ਕਿਸੇ ਨੇ ਚਿਲੇ ਕੱਟੇ,
ਕਿਸੇ ਰੜੇ 'ਤੇ ਰਾਤਾਂ ਲੰਘਾਈਆਂ ਨੇ ।
ਕੋਈ ਲਮਕਿਆ ਖੂਹ ਦੇ ਵਿਚ ਪੁੱਠਾ,
ਅਤੇ ਕਿਸੇ ਨੇ ਧੂਣੀਆਂ ਤਾਈਆਂ ਨੇ ।
ਤੇਰੇ ਆਸ਼ਕਾਂ ਨੇ ਲੱਖਾਂ ਜਤਨ ਕੀਤੇ,
ਪਰ ਤੂੰ ਮੂੰਹ ਤੋਂ ਜ਼ੁਲਫ਼ਾਂ ਨਾ ਚਾਈਆਂ ਨੇ ।
ਤੇਰੀ ਸਿੱਕ ਦੇ ਕਈ ਤਿਹਾਏ ਮਰ ਗਏ,
ਅਜੇ ਤੀਕ ਨਾ ਵਸਲ ਦਾ ਜੁਗ ਲੱਭਾ ।
ਲੱਖਾਂ ਸੱਸੀਆਂ ਮਰ ਗਈਆਂ ਥਲਾਂ ਅੰਦਰ,
ਤੇਰੀ ਡਾਚੀ ਦਾ ਅਜੇ ਨਾ ਖੁਰਾ ਲੱਭਾ ।2।

ਕਿਸੇ ਫੁੱਲ-ਕੁਰਾਨ ਦਾ ਪਾਠ ਕੀਤਾ,
ਕਿਸੇ ਦਿਲ ਦਾ ਪੱਤਰਾ ਖੋਲ੍ਹਿਆ ਵੇ ।
ਕਿਸੇ ਨੈਣਾਂ ਦੇ ਸਾਗਰ ਹੰਗਾਲ ਮਾਰੇ,
ਕਿਸੇ ਹਿੱਕ ਦਾ ਖੂੰਜਾ ਫਰੋਲਿਆ ਵੇ ।
ਕਿਸੇ ਗੱਲ੍ਹਾਂ ਦੇ ਦੀਵੇ ਦੀ ਲੋਅ ਥੱਲੇ,
ਤੈਨੂੰ ਜ਼ੁਲਫ਼ਾਂ ਦੀ ਰਾਤ ਵਿਚ ਟੋਲਿਆ ਵੇ ।
ਰੋ ਰੋ ਕੇ ਦੁਨੀਆਂ ਨੇ ਰਾਹ ਪਾਏ,
ਪਰ ਤੂੰ ਹੱਸ ਕੇ ਅਜੇ ਨਾ ਬੋਲਿਆ ਵੇ ।
ਦੀਦੇ ਕੁਲੰਜ ਮਾਰੇ ਤੇਰੇ ਆਸ਼ਿਕਾਂ ਨੇ,
ਅਜੇ ਅੱਥਰੂ ਤੈਨੂੰ ਨਾ ਪੋਹੇ ਕੋਈ ।
ਤੇਰੀ ਸੌਂਹ, ਕੁਝ ਰੋਣ ਦਾ ਮਜ਼ਾ ਹੀ ਨਹੀਂ,
ਪੂੰਝਣ ਵਾਲਾ ਜੇ ਕੋਲ ਨਾ ਹੋਏ ਕੋਈ ।3।

ਤੇਰੀ ਮਾਂਗ ਦੀ ਸੜਕ ਤੇ ਪਿਆ ਜਿਹੜਾ,
ਉਸ ਨੂੰ ਹੀਲਿਆਂ ਨਾਲ ਪਰਤਾਇਆ ਤੂੰ ।
ਹਿਰਸਾਂ, ਦੌਲਤਾਂ, ਹੁਸਨਾਂ, ਹਕੂਮਤਾਂ ਦਾ,
ਉਹਦੇ ਰਾਹ ਵਿਚ ਚੋਗਾ ਖਿੰਡਾਇਆ ਤੂੰ ।

ਕਿਸੇ ਕੈਸ ਨੂੰ ਲੱਗਾ ਜੇ ਇਸ਼ਕ ਤੇਰਾ,
ਉਸ ਨੂੰ ਲੇਲੀ ਦਾ ਲੇਲਾ ਬਣਾਇਆ ਤੂੰ ।
ਕਿਸੇ ਰਾਂਝੇ ਨੂੰ ਚੜ੍ਹਿਆ ਜੇ ਚਾ ਤੇਰਾ,
ਉਸ ਨੂੰ ਹੀਰ ਦੀ ਸੇਜੇ ਸਵਾਇਆ ਤੂੰ ।
ਸਾਡੇ ਹੰਝੂਆਂ ਕੀਤਾ ਨਾ ਨਰਮ ਤੈਨੂੰ,
ਸਾਡੀ ਆਹ ਨੇ ਕੀਤਾ ਨਾ ਛੇਕ ਤੈਨੂੰ ।
ਅਸੀਂ ਸੜ ਗਏ ਵਿਛੋੜੇ ਦੀ ਅੱਗ ਅੰਦਰ,
ਲਾਗੇ ਵਸਦਿਆਂ ਆਇਆ ਨਾ ਸੇਕ ਤੈਨੂੰ ।4।

ਕਿਸੇ ਛੰਨਾ ਬਣਾਇਆ ਜੇ ਖੋਪਰੀ ਦਾ,
ਤੂੰ ਬੁੱਲ੍ਹੀਆਂ ਨਾਲ ਛੁਹਾਈਆਂ ਨਾ ।
ਕਿਸੇ ਦਿਲ ਦਾ ਰਾਂਗਲਾ ਪਲੰਘ ਡਾਹਿਆ,
ਤੇਰੇ ਨਾਜ਼ ਨੂੰ ਨੀਂਦਰਾਂ ਆਈਆਂ ਨਾ ।
ਕਿਸੇ ਜੁੱਤੀਆਂ ਸੀਤੀਆਂ ਚੰਮ ਦੀਆਂ,
ਤੇਰੀ ਬੇ-ਪਰਵਾਹੀ ਨੇ ਪਾਈਆਂ ਨਾ ।
ਰਗੜ-ਰਗੜ ਕੇ ਮੱਥੇ ਚਟਾਕ ਪੈ ਗਏ,
ਅਜੇ ਰਹਿਮਤਾਂ ਤੇਰੀਆਂ ਛਾਈਆਂ ਨਾ ।
ਮਾਰ ਸੁੱਟਿਆ ਤੇਰਿਆਂ ਰੋਸਿਆਂ ਨੇ,
ਫੂਕ ਸੁੱਟਿਆ ਬੇ-ਪਰਵਾਹੀ ਤੇਰੀ ।
ਲੈ ਕੇ ਜਾਨ ਤੂੰ ਅਜੇ ਨਾ ਘੁੰਡ ਚਾਇਆ,
ਖ਼ਬਰੇ ਹੋਰ ਕੀ ਏ ਮੂੰਹ ਵਿਖਾਈ ਤੇਰੀ ।5।

ਜੇ ਤੂੰ ਮੂੰਹ ਤੋਂ ਜ਼ੁਲਫ਼ਾਂ ਹਟਾ ਦੇਵੇਂ,
ਬਿਟ ਬਿਟ ਤੱਕਦਾ ਕੁਲ ਸੰਸਾਰ ਰਹਿ ਜਾਏ ।
ਰਹਿ ਜਾਏ ਭਾਈ ਦੇ ਹੱਥ ਵਿਚ ਸੰਖ ਫੜਿਆ,
ਬਾਂਗ ਮੁੱਲਾਂ ਦੇ ਸੰਘ ਵਿਚਕਾਰ ਰਹਿ ਜਾਏ ।
ਪੰਡਤ ਹੁਰਾਂ ਦਾ ਰਹਿ ਜਾਏ ਸੰਧੂਰ ਘੁਲਿਆ,
ਜਾਮ ਸੂਫ਼ੀ ਦਾ ਹੋਇਆ ਤਿਆਰ ਰਹਿ ਜਾਏ ।
ਕਲਮ ਢਹਿ ਪਏ ਹੱਥੋਂ ਫ਼ਿਲਾਸਫ਼ਰ ਦੀ,
ਮੁਨਕਿਰ ਤੱਕਦਾ ਤੇਰੀ ਨੁਹਾਰ ਰਹਿ ਜਾਏ ।
ਇਕ ਘੜੀ ਜੇ ਖੁਲ੍ਹਾ ਦੀਦਾਰ ਦੇ ਦਏਂ,

ਸਾਡਾ ਨਿੱਤ ਦਾ ਰੇੜਕਾ ਚੁੱਕ ਜਾਵੇ।

ਤੇਰੀ ਜ਼ੁਲਫ਼ ਦਾ ਸਾਂਝਾ ਪਿਆਰ ਹੋਵੇ,

ਝਗੜਾ ਮੰਦਰ ਮਸੀਤ ਦਾ ਮੁੱਕ ਜਾਵੇ।6।

3. ਗੁਲੇਲੀ

ਅੱਜ ਮੈਂ ਤੱਕਿਆ ਅੱਖਾਂ ਨਾਲ,

ਵਿਚ ਗੋਦੜੀ ਲੁਕਿਆ ਲਾਲ।

ਸਿਰ ਦੇ ਉਤੇ ਫਟਾ ਪਰੋਲਾ,

ਠਿੱਬੀ ਜੁੱਤੀ ਗੰਢਿਆ ਝੋਲਾ।

ਛਿੱਜੇ ਕਪੜੇ ਹੋਏ ਲੰਗਾਰੇ,

ਵਿਚੋਂ ਪਿੰਡਾ ਲਿਸ਼ਕਾਂ ਮਾਰੇ।

ਹੁਸਨ ਨਾ ਜਾਵੇ ਰੱਖਿਆ ਤਾੜ,

ਨਿਕਲ ਆਉਂਦਾ ਕਪੜੇ ਪਾੜ!

ਨਹੀਂ ਇਹ ਅੰਗਰ, ਨਹੀਂ ਲੰਗਾਰੇ

ਇਹ ਤਾਂ ਫੱਟ ਨਸੀਬਾਂ ਮਾਰੇ।

ਯਾ ਫਿਰ ਲੁੱਟਣ ਮਾਰਨ ਡਾਕੇ,

ਵੜੀ ਗ਼ਰੀਬੀ ਸੰਨ੍ਹਾਂ ਲਾ ਕੇ।

ਹੁਸਨ ਓਸ ਦਾ ਮੈਂ ਕੀ ਆਖਾਂ,

ਤੱਕਣ ਨਾਲ ਪੈਂਦੀਆਂ ਲਾਸਾਂ।

ਧੌਣ ਗੋਰੀ ਦੀ ਐਸੀ ਫੱਬੇ,

ਆਉਂਦਾ ਜਾਂਦਾ ਸਾਹ ਪਿਆ ਲੱਭੇ।

ਗੋਰਾ ਗਲ, ਗੁਲੀਆਂ ਦੀ ਗਾਨੀ,

ਇਕ ਥਾਂ ਵਸਦੇ ਅੱਗ ਤੇ ਪਾਣੀ।

ਨੈਣ ਗੋਰੀ ਦੇ ਬਾਤਾਂ ਪਾਵਣ,

ਮਸਤੀ ਦੇ ਸਾਗਰ ਛਲਕਾਵਣ,

ਯਾ ਇਹ ਬੰਦ ਓਸ ਨੇ ਕੀਤੇ,

ਕੁੱਜਿਆਂ ਵਿਚ ਦਰਿਆ ਹੁਸਨ ਦੇ।

ਵਾਲ, ਦੁਪਹਿਰੇ ਰਾਤਾਂ ਪਈਆਂ,

ਤੱਕ ਤੱਕ ਕੁੱਤੇ ਲੈਂਦੇ ਝਈਆਂ।

ਮੋਹਨ, ਖਿਝ ਨਾ ਇਹਨਾਂ ਉਤੇ,

ਸਦਾ ਰਾਤ ਨੂੰ ਭੌਂਕਣ ਕੁੱਤੇ ।

ਵਾਹ ਗ਼ਰੀਬੀ ਵਾਰੇ ਤੇਰੇ !

ਵਸਦੇ ਰਹਿਣ ਚੁਬਾਰੇ ਤੇਰੇ !

(ਗੁਲੇਲੀ ਯਾ ਗੁਲੇਲਿਆਣੀਆਂ ਉਹ ਹਨ ਜੋ ਸੂਈਆਂ, ਕੰਧੂਈਆਂ,

ਚਰਖੇ ਦੀਆਂ ਚਰਮਖਾਂ ਵੇਚਦੀਆਂ ਹਨ ।)

੫. ਕਵਿਤਾ

ਅਪਣੀ ਜ਼ਾਤ ਵਿਖਾਲਣ ਬਦਲੇ

ਰੱਬ ਨੇ ਹੁਸਨ ਬਣਾਇਆ ।

ਵੇਖ ਹੁਸਨ ਦੇ ਤਿੱਖੇ ਜਲਵੇ,

ਜ਼ੋਰ ਇਸ਼ਕ ਨੇ ਪਾਇਆ ।

ਫੁਰਿਆ ਜਦੋਂ ਇਸ਼ਕ ਦਾ ਜਾਦੂ,

ਦਿਲ ਵਿਚ ਕੁੱਦੀ ਮਸਤੀ ।

ਇਹ ਮਸਤੀ ਜਦ ਬੋਲ ਉਠੀ,

ਤਾਂ ਹੜ੍ਹ ਕਵਿਤਾ ਦਾ ਆਇਆ ।

5. ਜੰਗਲ ਦਾ ਫੁੱਲ

ਜੂਨ ਬੰਦੇ ਦੀ ਚੰਗੀ ਹੋਸੀ,

ਐਪਰ ਮੈਂ ਪਛਤਾਂਦਾ ।

ਚੰਗਾ ਹੁੰਦਾ ਜੇ ਰੱਬ ਮੈਨੂੰ,

ਜੰਗਲੀ ਫੁੱਲ ਬਣਾਂਦਾ ।

ਦੂਰ ਦੁਰੇਡੇ ਪਾਪਾਂ ਕੋਲੋਂ

ਕਿਸੇ ਜੂਹ ਦੇ ਖੂੰਜੇ,

ਚੁਪ ਚੁਪੀਤਾ ਉਗਦਾ, ਫੁਲਦਾ,

ਹਸਦਾ ਤੇ ਮਰ ਜਾਂਦਾ ।

6. ਖੂਹ ਦੀ ਗਾਧੀ ਉੱਤੇ

ਇਹ ਗਾਧੀ ਬਣੀ ਨਵਾਰੀ,

ਅੱਗੇ ਵਗਦਾ ਬਲਦ ਹਜ਼ਾਰੀ

ਕਰ ਇਸ ਉੱਤੇ ਅਸਵਾਰੀ,
ਭੁੱਲ ਜਾਵਣ ਦੋਵੇਂ ਜੱਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ ।

ਇੱਥੇ ਘੱਮ ਘੱਮ ਵਗਣ ਹਵਾਵਾਂ,
ਅਤੇ ਘੁਮਰੀਆਂ ਘੁਮਰੀਆਂ ਛਾਵਾਂ,
ਨੀ ਮੈਂ ਅੱਗ ਸੁਰਗਾਂ ਨੂੰ ਲਾਵਾਂ,
ਜਦ ਪਏ ਇਥਾਈਂ ਲੱਭ ਨੀ ।
ਸਾਡੇ ਖੂਹ 'ਤੇ ਵੱਸਦਾ ਰੱਬ ਨੀ ।

ਮੈਂ ਥਾਂ ਥਾਂ ਟੁੱਭੀ ਲਾਈ,
ਨਾ ਮੈਲ ਕਿਸੇ ਵੀ ਲਾਹੀ,
ਸ਼ਾਬਾ ਅਉਲੂ ਦੇ ਆਈ,
ਜਿਸ ਮੈਲ ਵੰਜਾਈ ਸਭ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ ।

ਸੁਣ ਠਕ ਠਕ, ਰੀਂ, ਰੀਂ, ਵਾਂ ਵਾਂ,
ਮੈਂ ਉੱਡ ਉੱਡ ਉਥੇ ਜਾਵਾਂ,
ਜਿਥੇ ਅਪੜੇ ਟਾਵਾਂ ਟਾਵਾਂ,
ਤੇ ਬਿਰਤੀ ਜਾਵੇ ਲੱਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ ।

ਜਦ ਮੋੜੇ ਦਿਹੁੰ ਮੁਹਾਰਾਂ
ਕੁੜੀਆਂ ਚਿੜੀਆਂ, ਮੁਟਿਆਰਾਂ,
ਬੰਨ੍ਹ ਬੰਨ੍ਹ ਕੇ ਆਵਣ ਡਾਰਾਂ,
ਜਿਉਂ ਕਰ ਮੂਣਾਂ ਦੇ ਵਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ ।

ਉਹ ਟੋਕਾਂ ਕਰਦੀਆਂ ਆਵਣ,
ਕਦੀ ਗੁਟਕਣ ਤੇ ਕਦੀ ਗਾਵਣ,
ਪਏ ਨੱਕ ਵਿਚ ਲੌਂਗ ਸੁਹਾਵਣ,

ਤੇ ਝਿਲਮਿਲ ਕਰਦੇ ਨਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ ।

ਥੱਲੇ ਏਨੂੰ ਜੜੇ ਸਤਾਰੇ,
ਉੱਤੇ ਤਿੰਨ ਤਿੰਨ ਘੜੇ ਉਸਾਰੇ,
ਪਿਆ ਲੱਕ ਖਾਵੇ ਲਚਕਾਰੇ,
ਉਹ ਫਿਰ ਵੀ ਲਾਣ ਨਾ ਪੱਬ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ ।

ਦਿਹੁੰ-ਲੱਥੇ ਖੋਲ੍ਹਾਂ ਢੱਗੇ,
ਚੜ੍ਹ ਪੈਣ ਸਤਾਰੇ ਬੱਗੇ,
ਨਾ ਹਿੰਗ ਫ਼ਟਕੜੀ ਲੱਗੇ,
ਖ਼ੁਦ ਦੀਵੇ ਪੈਂਦੇ ਜਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ ।

ਮੈਂ ਪੱਧਰੇ ਮੰਜਾ ਡਾਹਵਾਂ,
ਕਰ ਨਿੱਸਲੀਆਂ ਪੈ ਜਾਵਾਂ,
ਝੁਲ ਪੈਣ ਪੁਰੇ ਦੀਆਂ 'ਵਾਵਾਂ,
ਤੇ ਅੱਖ ਜਾਏ ਫਿਰ ਲੱਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ ।

## ਸਾਰ-ਅੰਸ਼:

ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਦੇ ਵਿਸ਼ਾਲ ਚਿੱਤਰਪਟ 'ਤੇ ਮੋਹਨ ਸਿੰਘ ਖਾਸੀ ਬੁਲੰਦ ਸੁਰ ਵਾਲਾ ਸ਼ਾਇਰ ਹੈ; ਰੌਸ਼ਨ-ਜ਼ਿਹਨ, ਇਸ਼ਕ-ਰੱਤੇ, ਮੂੰਹ-ਜ਼ੋਰ ਜਜ਼ਬੇ ਤੇ ਵੱਡੇ ਪਨਹੇ ਵਾਲਾ ਰਚਨਾਕਾਰ। ਸੁਚੇਤ ਤੌਰ 'ਤੇ ਹਵਾ ਦੇ ਉਲਟ ਰੁਖ਼ ਵਗਣ ਵਾਲੇ ਕਵੀ ਮੋਹਨ ਸਿੰਘ ਨੇ 'ਧਰਮ', ਰਾਜਸੀ-ਪ੍ਰਬੰਧ, ਸਮਾਜ-ਸਭਿਆਚਾਰਕ ਸੰਸਥਾਵਾਂ ਤੇ ਨੈਤਿਕ ਮਰਿਯਾਦਾ ਦੇ ਬੰਧਨਾਂ ਤੇ ਵਰਜਣਾਵਾਂ ਨੂੰ ਨਕਾਰ ਕੇ ਗੱਜ-ਵੱਜ ਕੇ ਜੀਣ-ਥੀਣ ਦੀ ਵਕਾਲਤ ਕੀਤੀ। ਉਸ ਦੀ ਕਵਿਤਾ ਵਿਚਲੀ ਸਵੈਮਾਣ ਨਾਲ ਜੀਣ ਦੀ ਤਾਂਘ ਉਸ ਦੀ ਆਪਣੀ ਰੀਝ ਹੀ ਨਹੀਂ, ਇਹ ਬਸਤੀਵਾਦ ਤੇ ਪੂੰਜੀਵਾਦੀ ਪ੍ਰਬੰਧਾਂ ਦੀ ਰਾਜਸੀ ਗ਼ੁਲਾਮੀ ਭੋਗਦੇ ਪੰਜਾਬੀ ਭਾਈਚਾਰੇ ਦੀ ਰਾਜਸੀ ਉਮੰਗ ਸੀ। ਸ਼ਾਇਦ ਇਸੇ ਲਈ ਕਵੀ ਮੋਹਨ ਸਿੰਘ ਦੀ ਸ਼ਾਇਰੀ ਅੱਧੀ ਸਦੀ ਬੀਤ ਜਾਣ ਬਾਅਦ ਵੀ ਪੰਜਾਬੀ ਭਾਈਚਾਰੇ ਦੇ ਸਿਰ ਚੜ੍ਹ ਬੋਲਦੀ ਹੈ। ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਚੋਬਰਾਂ, ਗਲ ਫੰਦਿਆਂ 'ਚ ਲਟਕਦੇ ਕਿਸਾਨਾਂ ਤੇ ਚਿੱਟੀਆਂ ਚੁੰਨੀਆਂ 'ਚ ਹੁਬਕੀ ਰੋਂਦੀਆਂ ਪੰਜਾਬਣਾਂ ਨੂੰ ਲਾਹੌਰ ਨਾਲ ਖਹਿ ਕੇ ਵਗਦੀ ਉਦਾਸ ਰਾਵੀ ਪੁੱਛਦੀ ਹੈ ਕਿ ਧਮਿਆਲੀ ਜਾਤਕ ਮੋਹਨ ਸਿੰਘ ਕਿੱਥੇ ਹੈ, ਜਿਸ ਨੇ ਰਾਵੀ ਤੇ ਦੰਦਾਸੇ ਮਲਦੀਆਂ ਲਾਹੌਰਨਾਂ ਦੇ ਮੱਦਮਤੇ ਹੁਸਨ ਵਿਚੋਂ ਪੰਜਾਬੀ ਰਹਿਤਲ ਦੀ ਮੜ੍ਹਕ ਨੂੰ ਨਿਹਾਰਿਆ ਸੀ:

ਸੱਕ ਮਲਦੀਆਂ ਰਾਵੀ ਦੇ ਪੱਤਣਾਂ ਨੂੰ
ਅੱਗ ਲਾਉਣ ਲਾਹੌਰਨਾਂ ਨੇ ਚੱਲੀਆਂ ਨੇ।

**<u>ਮੁੱਖ/ਕੇਂਦਰੀ ਸ਼ਬਦ:</u>**

ਰਚਨਾਤਮਕ---ਰਚਨਾ ਦਾ ਕਾਰਜ

ਪ੍ਰੋਯਜਨ---ਮੰਤਵ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

**ਸਵੈ-ਮੁਲਾਂਕਣ:**

1 ਪ੍ਰੋ. ਮੋਹਨ ਸਿੰਘ ਦਾ ਜਨਮ ਕਦੋਂ ਹੋਇਆ?

ੳ 1905

ਅ 1906

ੲ 1907

ਸ 1908

2 ਪ੍ਰੋ. ਮੋਹਨ ਸਿੰਘ ਦੀ ਮੌਤ ਕਦੋਂ ਹੋਈ?

ੳ 1978

ਅ 1979

ੲ 1980

ਸ 1981

3 ਪ੍ਰੋ. ਮੋਹਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

4 ਯੁੱਗ ਕਵੀ ਵਜੋਂ ਕਿਸ ਨੂੰ ਜਾਣਿਆਂ ਜਾਂਦਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਭਾਈ ਵੀਰ ਸਿੰਘ

5 ਕਿਸ ਦੇ ਅਰਥ ਹਨ ' ਮੋਤੀਆਂ ਨੂੰ ਇਕ ਧਾਗੇ ਵਿਚ ਪਰੋਣਾ'?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

6 ਪ੍ਰੋ. ਪੂਰਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

7 ਰਹੱਸਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

8 ਜਵਾਨ ਪੰਜਾਬ ਦੇ ਰਚਨਾ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਸਾਨਟ

ੲ ਨਜ਼ਮ

ਸ ਖੁੱਲੀ ਕਵਿਤਾ

9 ਕਿਸ ਕਾਵਿ-ਰੂਪ ਨੂੰ ਅੰਗਰੇਜ਼ੀ ਵਿਚ ਫਰੀ ਵਰਸ ਕਿਹਾ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

10 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਕੂਕਾਂ ਪੰਜਾਬ ਨੂੰ ਕਿਸ ਦੀ ਕਵਿਤਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

12 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਮੋਹਨ ਸਿੰਘ ਕਿਹੜਾ ਰਸਾਲਾ ਕੱਢਦਾ ਸੀ?

ੳ ਪੰਜ ਦਰਿਆ

ਅ ਨਾਗਮਣੀ

ੲ ਖਾਲਸਾ ਸਮਾਚਾਰ

ਸ ਉਪਰੋਕਤ ਕੋਈ ਨਹੀਂ

## ਅਭਿਆਸ ਪ੍ਰਸ਼ਨ

1. ਪ੍ਰੋ. ਮੋਹਨ ਸਿੰਘ ਦੇ ਜੀਵਨ ਉਪਰ ਨੋਟ ਲਿਖੋ?
2. ਮੇਰੀ ਚੋਣਵੀਂ ਕਵਿਤਾ ਪੁਸਤਕ ਦੇ ਵਿਸ਼ਾਗਤ ਪੱਖ ਬਾਰੇ ਚਰਚਾ ਕਰੋ।
3. ਮੇਰੀ ਚੋਣਵੀਂ ਕਵਿਤਾ ਪੁਸਤਕ ਦੇ ਕਲਾਗਤ ਪੱਖ ਬਾਰੇ ਚਰਚਾ ਕਰੋ।

## ਸੰਦਰਭ ਪੁਸਤਕਾਂ:


1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.
6. ਪਰਮਜੀਤ ਸਿੰਘ ਕੱਟੂ, ਵਿਦਰੋਹੀ ਕਾਵਿ (ਪਾਸ਼, ਉਦਾਸੀ, ਮਕੁਤੀਬੋਧ ਤੇ ਨੇਰੂਦਾ ਦੇ ਸੰਦਰਭ ਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012.


## ਮਹੱਤਵਪੂਰਨ ਲਿੰਕ

https://www.punjabi-kavita.com/ProfessorMohanSingh.php

ਉੱਤਰਮਾਲਾ

| | | | | |
|---|---|---|---|---|
| 1. ੳ | 2. ੳ | 3. ਅ | 4. ਅ | 5. ੲ |
| 6. ਅ | 7. ਸ | 8. ਸ | 9. ਅ | 10. ਅ |
| 11.ੲ | 12. ਸ | 13. ੳ | 14. ਅ | 15. ੳ |

# ਅਧਿਆਇ-12 : ਸਾਡੇ ਸਮਿਆਂ ਵਿਚ ਪੁਸਤਕ ਦਾ ਅਧਿਐਨ

*Paramjit Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਮਹੱਤਵ ਤੋਂ ਜਾਣੂ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੀ ਸਮਝ ਦੇ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪਾਸ਼ ਅਤੇ ਉਸਦੀ ਪੁਸਤਕ ਸਾਡੇ ਸਮਿਆਂ ਵਿਚ ਬਾਰੇ ਜਾਣਕਾਰੀ ਦੇਣਾ ਹੈ। ਇਹ ਪਾਠ ਪਾਸ਼ ਅਤੇ ਉਸਦੀ ਕਵਿਤਾ ਬਾਰੇ ਬਹੁਪੱਖੀ ਅਤੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ।

## ਵਿਸ਼ਾ ਵਸਤੂ:

ਪਾਸ਼ ਆਧੁਨਿਕ ਪੰਜਾਬੀ ਕਾਵਿ ਦਾ ਸਮਰੱਥਾਵਾਨ, ਚਿੰਤਨਸ਼ੀਲ ਤੇ ਮਕਬੂਲ ਕਵੀ ਹੋਇਆ ਹੈ। ਪਾਸ਼ ਦੀ ਵਿਲੱਖਣ ਕਾਵਿਕ ਪ੍ਰਤਿਭਾ ਕਰਕੇ ਉਸਦੀਆਂ ਕਵਿਤਾਵਾਂ ਨਿੱਤ ਨਵੇਂ ਅਰਥ ਸਿਰਜਦੀਆਂ, ਨਵੀਆਂ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਦੀਆਂ ਹੋਈਆਂ ਦੇਸ਼/ਕਾਲ ਤੋਂ ਪਾਰ ਜਾਣ ਦੀ ਸਮਰੱਥਾ ਰੱਖਦੀਆਂ ਹਨ। ਪਾਸ਼ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨਾਲ ਖਹਿ ਕੇ ਲੰਘਦਾ ਰਿਹਾ, ਹਾਲਤਾਂ ਨਾਲ ਜੂਝਦਾ ਰਿਹਾ, ਸਮੇਂ ਨਾਲ ਲੜਦਾ ਰਿਹਾ, ਝੱਖੜਾਂ-ਹਨੇਰੀਆਂ ਵਿਚ ਵੀ ਚੌਰਾਹੇ ਦੀਵਾ ਬਾਲਣ ਦਾ ਹੌਸਲਾ ਰੱਖਦਾ ਰਿਹਾ। ਇਹੀ ਸਾਰਾ ਜੀਵਨ ਅਨੁਭਵ/ਦ੍ਰਿਸ਼ਟੀ ਉਸਦੀ ਕਵਿਤਾ 'ਚ ਢਲਦੀ ਰਹੀ, ਜਿਸ ਕਰਕੇ ਉਸਦੀ ਕਵਿਤਾ ਵਿਲੱਖਣ, ਮੌਲਿਕ ਤੇ ਸੱਜਰਾ ਮੁਹਾਂਦਰਾ ਰੱਖਦੀ ਹੈ।

9 ਸਤੰਬਰ 1950 ਨੂੰ ਜਲੰਧਰ ਜਿਲ੍ਹੇ ਦੇ ਪਿੰਡ ਤਲਵੰਡੀ ਸਲੇਮ ਵਿਖੇ ਇਕ ਬਾਲਕ ਦਾ ਜਨਮ ਹੋਇਆ। ਜਿਸਦਾ ਪਰਿਵਾਰ ਨੇ ਨਾਂ ਰੱਖਿਆ - ਅਵਤਾਰ ਸਿੰਘ ਸੰਧੂ। ਜਿਸਦੇ ਪਿਤਾ ਦਾ ਨਾਂ ਸੋਹਣ ਸਿੰਘ ਸੰਧੂ ਅਤੇ ਮਾਤਾ ਦਾ ਨਾਂ ਨਸੀਬ ਕੌਰ ਸੀ। ਅਵਤਾਰ ਹੋਰੀਂ ਚਾਰ ਭੈਣ-ਭਰਾ ਸਨ। ਅਵਤਾਰ ਆਪਣੇ ਭਰਾ ਓਂਕਾਰ ਸਿੰਘ ਤੋਂ ਛੋਟਾ ਅਤੇ ਦੋਹਾਂ ਭੈਣਾਂ, ਰਜਿੰਦਰ ਤੇ ਪਰਮਿੰਦਰ ਤੋਂ ਵੱਡਾ ਸੀ। ਇਹੀ ਅਵਤਾਰ ਸਿੰਘ ਸੰਧੂ ਪੰਜਾਬੀ ਦਾ ਸਿਰਕੱਢ ਕਵੀ ਪਾਸ਼ ਸੀ।

ਪਾਸ਼ ਦਾ ਪਿਤਾ ਸੋਹਣ ਸਿੰਘ ਸੰਧੂ ਤਿੰਨ ਭੈਣਾਂ ਦਾ ਇਕੱਲਾ ਭਰਾ ਸੀ। ਸੋਹਣ ਸਿੰਘ ਸੰਧੂ ਕਰੀਬ ਸਾਢੇ ਨੌਂ ਏਕੜ ਜ਼ਮੀਨ ਦਾ ਮਾਲਕ ਸੀ ਪਰ ਤਿੰਨ ਭੈਣਾਂ ਦੇ ਭਰਾ ਲਈ ਇਹ ਜ਼ਮੀਨ ਕਾਫੀ ਨਹੀਂ ਸੀ ਸ਼ਾਇਦ ਇਸੇ ਕਰਕੇ ਉਹ ਫੌਜ ਵਿਚ ਭਰਤੀ ਹੋ ਗਿਆ। ਜੋ ਬਾਅਦ ਵਿਚ ਮੇਜਰ ਦੇ ਆਹੁਦੇ ਤੋਂ ਸੇਵਾ-ਮੁਕਤ ਹੋਇਆ। ਫੌਜ ਵਿਚ ਵੱਖ-ਵੱਖ ਥਾਵਾਂ ਦੀ ਬਦਲੀ ਹੋਣ ਕਾਰਨ ਸੋਹਣ ਸਿੰਘ ਸੰਧੂ ਬਹੁਤਾ ਚਿਰ ਆਪਣੇ ਬੱਚਿਆਂ ਕੋਲ ਨਹੀਂ ਸੀ ਰਹਿ ਸਕਦਾ। ਬੱਚਿਆਂ ਦਾ ਬਚਪਨ ਮਾਂ ਦੀ ਨਿਗਰਾਨੀ ਹੇਠ ਹੀ ਬੀਤਿਆ।

ਪਾਸ਼ ਦੇ ਘਰ ਦੀ ਪਰਿਵਾਰਿਕ ਹਾਲਤ ਨਾ ਬਹੁਤੀ ਗਰੀਬੀ ਵਾਲੀ ਸੀ ਤੇ ਨਾ ਬਹੁਤੀ ਅਮੀਰੀ ਵਾਲੀ ਸੀ। ਪਰਿਵਾਰ ਦੇ ਗੁਜ਼ਾਰੇ ਲਈ ਇਕ ਪਾਸੇ ਪਾਸ਼ ਦੇ ਪਿਤਾ ਦੀ ਤਨਖਾਹ ਸੀ ਅਤੇ ਦੂਜੇ ਪਾਸੇ ਜ਼ਮੀਨ ਦੇ ਹਿੱਸੇ-ਠੇਕੇ ਦੀ ਆਮਦਨ ਸੀ। ਪਾਸ਼ ਦੇ ਬਚਪਨ ਸਮੇਂ ਮਕਾਨ ਵੀ ਕੱਚਾ ਹੀ ਸੀ ਜੋ "ਮਈ 1982" 'ਚ ਜਾ ਕੇ ਪੱਕਾ ਬਣਿਆ।

ਬਚਪਨ ਤੋਂ ਹੀ ਪਾਸ਼ ਸੰਵੇਦਨਸ਼ੀਲ ਬੱਚਾ ਸੀ। ਛੇ ਸਾਲ ਦੀ ਉਮਰ ਵਿਚ ਉਸਨੂੰ ਗੁਆਂਢੀ ਪਿੰਡ ਖੀਵਾ ਵਿਖੇ ਪੜ੍ਹਨ ਲਾ ਦਿੱਤਾ। ਜਿਥੋਂ ਪਾਸ਼ ਨੇ 1964 ਵਿਚ ਅੱਠਵੀਂ ਦੀ ਪ੍ਰੀਖਿਆ ਪਾਸ ਕਰ ਲਈ। ਪਾਸ਼ ਨੇ ਆਜ਼ਾਦਾਨਾ ਸੁਭਾਅ ਕਾਰਨ ਨੌਵੀਂ ਕਲਾਸ ਵਿਚ ਦਾਖਲ ਹੋਣ ਦੀ ਥਾਂ ਕਪੂਰਥਲੇ ਖੁੱਲ੍ਹੇ ਤਕਨੀਕੀ ਸਕੂਲ ਵਿਚ ਦਾਖਲਾ ਲੈ ਲਿਆ। ਜਿਸ ਤੋਂ ਇਕ ਵਾਰ ਤਾਂ ਇਹ ਵੀ ਜਾਪਦਾ ਹੈ ਕਿ ਜਿਵੇਂ ਪਾਸ਼ ਰੋਜ਼ਗਾਰ ਪ੍ਰਤੀ ਚੇਤੰਨ ਹੋਵੇ। ਪਰ ਪਾਸ਼ ਨੇ ਡਿਪਲੋਮਾ ਪਾਸ ਨਹੀਂ ਕੀਤਾ ਅਤੇ ਉਸਦੀ "ਖੱਬੇ ਪੱਖੀ ਰਾਜਨੀਤਿਕ ਕਾਰਕੁਨਾਂ ਨਾਲ ਮੇਲ-ਜੋਲ ਦੀ ਸ਼ੁਰੂਆਤ" ਹੋ ਗਈ। ਤੇ ਜਿਵੇਂ ਪਾਸ਼ ਦੀ ਜ਼ਿੰਦਗੀ ਨੇ ਆਪਣਾ ਰੁਖ਼ ਹੀ ਬਦਲ ਲਿਆ, ਜੋ ਪਹਿਲਾਂ ਆਮ ਮੁੰਡਿਆਂ ਵਰਗਾ ਸੀ:

ਮੁੰਡਿਓ, ਮੈਂ ਵੀ ਕਦੇ ਤੁਹਾਡੇ ਵਰਗਾ ਸਾਂ

ਨਿੱਕੀਆਂ ਨਿੱਕੀਆਂ ਚੋਰੀਆਂ ਕਰਦਾ ਹੋਇਆ ਵੀ ਚੋਰ ਨਹੀਂ ਸਾਂ

ਗੱਲ ਗੱਲ 'ਤੇ ਪੱਜ ਲਾਉਂਦਾ ਸਾਂ, ਪਰ ਮੈਂ ਝੂਠਾ ਨਹੀਂ ਸਾਂ

ਨੰਗਾ ਨਹੀਂ ਸਮਝਿਆ ਜਾਂਦਾ ਸਾਂ, ਭਾਵੇਂ ਨਿੱਤ ਕੱਪੜੇ ਲੰਗਾਰ ਪਰਤਦਾ

ਬੁੜੀ ਪੁੰਨਾ ਦਾ ਵਿੰਗਾ ਚਰਖੇ ਦਾ ਤੱਕਲਾ ਸਦਾ ਈ ਮੇਰੇ ਸਿਰ ਲੱਗਦਾ

ਪਰ ਥਾਣੇ ਦੀਆਂ ਕਿਤਾਬਾਂ ਵਿਚ ਮੇਰਾ ਨਾਮ ਨਾ ਚੜ੍ਹਦਾ,

....

ਗੱਲ ਕੀ, ਇਨ ਬਿਨ ਤੁਹਾਡੇ ਵਰਗਾ ਸਾਂ (ਸੰਪੂਰਨ ਪਾਸ਼-ਕਾਵਿ/126)

1967 ਵਿਚ ਪਾਸ਼ ਬਾਰਡਰ ਸਕਿਓਰਿਟੀ ਫੋਰਸ ਵਿਚ ਭਰਤੀ ਹੋ ਗਿਆ ਪਰ ਤਿੰਨ ਮਹੀਨਿਆਂ 'ਚ ਹੀ ਇਹ ਨੌਕਰੀ ਛੱਡ ਆਇਆ। ਜਲੰਧਰ ਛਾਉਣੀ ਵਿਖੇ ਜੈਨ ਹਾਈ ਸਕੂਲ ਤੋਂ ਨੌਵੀਂ ਜਮਾਤ ਪਾਸ ਕੀਤੀ। ਇਥੇ ਪਾਸ਼ ਦਾ ਇਕ 'ਪ੍ਰਵੇਸ਼' ਨਾਮ ਦੀ ਅਧਿਆਪਕਾ ਨਾਲ ਆਦਰਸ਼ਕ ਮੋਹ ਹੋ ਗਿਆ ਤੇ ਉਸ ਨੇ ਆਪਣਾ ਉਪਨਾਮ 'ਪਾਸ਼' ਵੀ ਇਸੇ ਅਧਿਆਪਕਾ ਦੇ ਨਾਮ ਦੇ ਪਹਿਲੇ ਤੇ ਆਖ਼ਰੀ ਅੱਖਰ ਨੂੰ ਜੋੜ ਕੇ ਬਣਾਇਆ। 'ਪਾਸ਼' ਸ਼ਬਦ ਫਾਰਸੀ ਭਾਸ਼ਾ ਦਾ ਹੈ ਅਤੇ ਇਸਦੇ ਅਰਥ 'ਛਿੜਕਣ ਵਾਲੇ' ਜਾਂ 'ਫੈਲਾਉਣ ਵਾਲੇ' ਹਨ। ਇਸ ਤੋਂ ਇਲਾਵਾ "ਸ਼ੋਲੋਖੋਵ ਦੇ ਉਪਨਿਆਸ 'ਤੇ ਡਾਨ ਵਹਿੰਦਾ ਰਿਹਾ' ਦੇ ਨਾਇਕ ਪਾਸ਼ਾ ਨਾਲ ਲੋਹੜੇ ਦਾ ਲਗਾਵ ਅਨੁਭਵ ਕਰਕੇ ਉਸਨੇ ਆਪਣਾ ਨਾਮ ਅਵਤਾਰ ਸਿੰਘ ਸੰਧੂ ਤਾਂ ਬਿਲਕੁਲ ਅਲੋਪ ਹੀ ਕਰ ਲਿਆ ਸੀ।"

1968 ਵਿਚ ਨਕਸਲਬਾੜੀ ਲਹਿਰ ਪੰਜਾਬ ਵਿਚ ਜ਼ੋਰ ਫੜਨ ਲੱਗੀ। ਇਸ ਸਮੇਂ ਪਾਸ਼ ਦੀ ਉਮਰ 18 ਸਾਲ ਸੀ ਅਤੇ ਉਸਦਾ ਨਾਂ ਇਸ ਲਹਿਰ ਨਾਲ ਜੁੜ ਗਿਆ ਜਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਪਾਸ਼ ਨਕਸਲਬਾੜੀ ਲਹਿਰ ਵਿਚ ਸ਼ਾਮਿਲ ਹੋ ਗਿਆ। ਉਸਦੇ ਤੱਤੇ ਖ਼ੂਨ 'ਚੋਂ ਉਬਲਦੀ ਕਵਿਤਾ ਪੈਦਾ ਹੋਈ ਜੋ ਕਵਿਤਾ ਆਪਣੇ ਸੀਨੇ ਅੰਦਰ ਕ੍ਰਾਂਤੀ ਦੀ ਤੜਪ/ਤਾਂਘ, ਸਮਾਜਿਕ ਬਰਾਬਰੀ ਦੀ ਇੱਛੁਕ ਅਤੇ ਲੋਟੂ ਸਮਾਜ ਦਾ ਤੀਬਰ ਵਿਰੋਧ ਕਰਦੀ। ਸਾਹਿਤਕ ਗਤੀਵਿਧੀਆਂ ਦੇ ਨਾਲ-ਨਾਲ ਪਾਸ਼ ਰਾਜਸੀ ਗਤੀਵਿਧੀਆਂ ਵਿਚ ਵੀ ਸਰਗਰਮ ਹੋ ਗਿਆ ਸੀ। ਭਾਵੇਂ ਪਾਸ਼ ਦੀ ਕਿਸੇ ਡਾਇਰੀ, ਚਿੱਠੀ, ਮੁਲਾਕਾਤ 'ਚੋਂ ਉਸਦੇ ਹਥਿਆਰਬੰਦ ਹੋਣ ਦੀ ਪੁਸ਼ਟੀ ਨਹੀਂ ਹੁੰਦੀ ਪਰ ਫਿਰ ਵੀ "ਨਕੋਦਰ ਵਿੱਚ ਇਕ ਭੱਠਾ ਮਾਲਕ ਮੱਲ੍ਹਾ ਦੇ ਕਤਲ ਉਪਰੰਤ 10 ਮਈ, 1970 ਨੂੰ ਪਾਸ਼ ਨੂੰ ਗਰਿਫ਼ਤਾਰ ਕਰ ਲਿਆ ਗਿਆ" ਤੇ ਅਗਲੇ ਸਾਲ ਸਤੰਬਰ ਵਿਚ ਉਸਦੀ ਰਿਹਾਈ ਸੰਭਵ ਹੋ ਸਕੀ। ਇਸ ਤੋਂ ਬਾਅਦ ਉਹ ਨਕਸਲਬਾੜੀ ਲਹਿਰ ਨਾਲ ਜੁੜੀਆਂ ਸਾਹਿਤਕ ਅਤੇ ਰਾਜਸੀ ਗਤੀਵਿਧੀਆਂ ਵਿਚ ਸਰਗਰਮ ਰਿਹਾ। 1970 ਵਿਚ ਛਪਿਆ ਪਾਸ਼ ਦਾ ਪਹਿਲਾ ਕਾਵਿ-ਸੰਗ੍ਰਹਿ 'ਲੋਹ-ਕਥਾ' ਨਿਰਸੰਦੇਹ ਉਸਦੀਆਂ ਨਕਸਲਬਾੜੀ ਲਹਿਰ ਨਾਲ ਜੁੜੀਆਂ ਗਤੀਵਿਧੀਆਂ ਦਾ ਹੀ ਸਾਹਿਤਕ ਸਿੱਟਾ ਸੀ।

ਨਕਸਲਬਾੜੀ ਲਹਿਰ ਨਾਲ ਜੁੜਨ ਦਾ ਭਾਵ ਸੀ ਮਾਰਕਸਵਾਦ ਨਾਲ ਸਹਿਮਤ ਹੋਣਾ ਜਾਂ ਮਾਰਕਸਵਾਦ ਤੋਂ ਪ੍ਰਭਾਵਿਤ ਹੋਣਾ। ਉਸ ਵੇਲੇ ਰੂਸ ਅਤੇ ਚੀਨ ਦਾ ਸਮਾਜਵਾਦੀ ਇਨਕਲਾਬ ਦੁਨੀਆਂ ਨੂੰ ਪ੍ਰੇਰਿਤ ਅਤੇ ਪ੍ਰਭਾਵਿਤ ਕਰ ਰਿਹਾ ਸੀ। ਇਸੇ ਲਈ ਪਾਸ਼ ਮਾਰਕਸਵਾਦੀ ਵਿਚਾਰਧਾਰਾ ਦਾ ਚਿੰਤਨ/ਮੰਥਨ ਕਰਦਾ ਹੋਇਆ ਇਸਨੂੰ ਆਪਦੀ ਕਵਿਤਾ ਦਾ ਧੁਰਾ ਬਣਾਉਂਦਾ ਹੈ।

ਪਾਸ਼ ਦੀ ਜ਼ਿੰਦਗੀ ਦਾ 1972 ਤੋਂ 1975 ਤੱਕ ਦਾ ਸਮਾਂ ਸਾਹਿਤਕ/ਰਾਜਸੀ ਗਤੀਵਿਧੀਆਂ ਨਾਲ ਭਰਿਆ ਹੋਇਆ ਸੀ। 1972 ਵਿਚ ਪਾਸ਼ ਨੇ 'ਸਿਆੜ' ਨਾਂ ਦਾ ਪਰਚਾ ਕੱਢਣਾ ਸ਼ੁਰੂ ਕੀਤਾ। ਇਸੇ ਵੇਲੇ ਉਸਨੂੰ ਮੋਗਾ-ਕਾਂਡ ਵਿਚ ਗਰਿਫ਼ਤਾਰ ਕਰ ਲਿਆ ਗਿਆ। 1973 ਵਿਚ 'ਸਿਆੜ' ਪਰਚਾ ਬੰਦ ਹੋ ਗਿਆ ਅਤੇ ਪਾਸ਼ ਦੀ ਦੂਜੀ ਕਾਵਿ-ਪੁਸਤਕ 'ਉਡਦੇ ਬਾਜਾਂ ਮਗਰ' ਛਪੀ। ਮਈ 1974 ਵਿਚ ਹੋਈ ਰੇਲਵੇ ਹੜਤਾਲ ਦੌਰਾਨ ਪਾਸ਼ ਦੀ ਗਰਿਫ਼ਤਾਰੀ ਹੋਈ। ਰਿਹਾਅ ਹੋ ਕੇ 'ਹੇਮ ਜਯੋਤੀ' ਦੀ ਸੰਪਾਦਕੀ ਕੀਤੀ। ਕੁਝ ਸਮਾਂ ਦੇਸ-ਪ੍ਰਦੇਸ (ਲੰਡਨ) ਦਾ ਪੱਤਰ-ਪ੍ਰੇਰਕ ਰਿਹਾ ਅਤੇ ਇਸੇ ਸਮੇਂ ਪਾਸ਼ ਨੇ "ਮਿਲਖਾ ਸਿੰਘ ਐਥਲੀਟ ਦੀ ਸਵੈ-ਜੀਵਨੀ 'ਫਲਾਇੰਗ ਸਿੱਖ' ਲਿਖ ਕੇ ਦਿੱਤੀ।"

ਪਾਸ਼ ਇਕ ਕਵੀ, ਨਕਸਲੀ ਕਾਰਕੁੰਨ ਤੋਂ ਇਲਾਵਾ ਆਮ ਆਦਮੀ ਵਾਂਗ ਜ਼ਿੰਦਗੀ ਨੂੰ ਵਿਸ਼ੇਸ਼ ਰੂਪ ਵਿਚ ਮਾਣਦਾ ਸੀ। ਫ਼ਰਕ ਸਿਰਫ਼ ਏਨਾ ਹੈ ਕਿ ਉਸਦਾ ਜ਼ਿੰਦਗੀ ਪ੍ਰਤੀ ਖ਼ਾਸ ਦ੍ਰਿਸ਼ਟੀਕੋਣ ਸੀ। ਪਾਸ਼ ਆਪਣਾ, ਆਪਣੇ ਆਲੇ-ਦੁਆਲੇ ਦਾ ਸਦਾ ਵਿਸ਼ਲੇਸ਼ਣ ਕਰਦਾ ਰਹਿੰਦਾ ਸੀ। ਜਿਸਦਾ ਪਤਾ ਸਾਨੂੰ ਉਸਦੀਆਂ ਚਿੱਠੀਆਂ ਅਤੇ ਡਾਇਰੀ ਤੋਂ ਲਗਦਾ ਹੈ। ਉਸ ਨੇ 3 ਜਨਵਰੀ 1974 ਨੂੰ ਆਪਣੀ ਡਾਇਰੀ 'ਚ ਲਿਖਿਆ ਸੀ:

ਕਈ ਵਾਰ ਮੈਂ ਬਹੁਤ ਚੜ੍ਹਦੀਆਂ ਕਲਾਂ ਵਿੱਚ ਹੁੰਦਾ ਹਾਂ ਤੇ ਕਦੇ ਬਿਲਕੁਲ ਥੱਲੇ ਲੱਗਿਆ ਮਹਿਸੂਸ ਕਰਦਾ ਹਾਂ। ਮੇਰੀ ਕਵਿਤਾ ਕਦੇ ਵੀ ਚੁੱਪ ਨਹੀਂ ਹੋਈ। ਅੱਜ ਰਾਤ ਬਹੁਤ ਹੁਸੀਨ ਸੀ। ਰਾਤ ਭਰ ਰਾਤ ਨਾਲ ਗੱਲਾਂ ਕੀਤੀਆਂ। ਧਰਤੀ ਦੀ ਵਿਸ਼ਾਲ ਸੇਜ਼ ਉਤੇ ਤਰੇਲ ਨੂੰ ਨਾਲ ਲੈ ਕੇ ਸੁੱਤੀ ਪਈ ਕਣਕ ਨਾਲ਼। ਚਾਨਣੀ ਨਾਲ ਰਸੀ ਪਈ ਟੋਕ ਕੇ ਢੇਰਾਂ ਨਾਲ਼। ਚੁੱਪ ਚਾਪ ਅਨਾਥ ਖੜ੍ਹੇ ਗੱਡਿਆਂ ਨਾਲ਼। ਨਿੱਘ ਅਤੇ ਠੰਡ ਵਿਚਕਾਰ ਸਰਹੱਦ ਬਣੀਆਂ ਛੰਨਾਂ ਨਾਲ਼। ਸੁਖਾਵੀ ਭਾਅ ਮਾਰਦੀ ਰੇਤ ਨਾਲ਼। ਆਰਾਮ ਦੀ ਨੀਂਦ ਕਬਰਾਂ ਹੇਠ ਸੁੱਤੇ ਪਏ ਬਜ਼ੁਰਗਾਂ ਨਾਲ਼।

ਡਾਇਰੀ ਦੇ ਉਪਰੋਕਤ ਪੰਨੇ ਅਨੁਸਾਰ ਪਾਸ਼ ਨੇ ਜਿਨ੍ਹਾਂ ਨਾਲ ਵੀ ਰਾਤ ਭਰ ਗੱਲਾਂ ਕੀਤੀਆਂ, ਉਸ ਤੋਂ ਪਤਾ ਲਗਦਾ ਹੈ ਪਾਸ਼ ਹਰ ਪਹਿਲੂ ਹਰ ਪਲ ਨਾਲ ਸੰਵਾਦ ਰਚਾਉਂਦਾ ਹੈ, ਜ਼ਿੰਦਗੀ ਦਾ ਨਿੱਘ ਤਲਾਸ਼ਦਾ ਹੈ। ਪ੍ਰਕਿਰਤੀ ਨਾਲ ਪਾਸ਼ ਦਾ ਸੰਵਾਦ ਉਸਦੀ ਜ਼ਮਾਨੇ ਨਾਲੋਂ ਵੱਖਰੇ ਹੋਣ ਦਾ ਵੀ ਸਬੂਤ ਹੈ। ਪਾਸ਼ ਦੇ ਖਤਾਂ ਅਤੇ ਡਾਇਰੀ ਵਿਚੋਂ ਇਹ ਗੱਲ ਉਭਰਦੀ ਹੈ ਕਿ ਜਿਥੇ ਉਹ ਆਪਣੇ ਸਾਥੀਆਂ ਨਾਲ ਬਹਿਸਾਂ/ਸੰਵਾਦ/ਮੁਲਾਕਾਤਾਂ ਕਰਦਾ ਰਿਹਾ ਓਥੇ ਉਹ ਆਪਣੇ ਸਮਕਾਲੀਆਂ ਨੂੰ ਚਿੱਠੀਆਂ ਰਾਹੀਂ ਮੁਖਾਤਿਬ ਹੁੰਦਾ ਰਹਿੰਦਾ ਸੀ। ਪਾਸ਼ ਨੇ ਆਪਣੇ ਸਮਕਾਲੀ ਕਵੀ ਸੁਰਜੀਤ ਪਾਤਰ ਨੂੰ ਇਕ ਚਿੱਠੀ ਵਿਚ ਲਿਖਿਆ ਸੀ:

ਮੈਂ ਅੱਜ ਤਕ ਦੀ ਸਾਰੀ ਸਭਿਆਚਾਰਕ ਤੇ ਖਾਸਕਰ ਸਦਾਚਾਰਕ ਪ੍ਰਗਤੀ ਨੂੰ ਇਨਸਾਨੀ ਪ੍ਰਗਤੀ ਨਹੀਂ ਮੰਨਦਾ। ਨਿੱਜੀ ਜਾਇਦਾਦ ਦੇ ਜਨਮ ਤੋਂ ਲੈ ਕੇ ਸਭ ਕੁਝ ਕਾਬਜ਼ ਜਮਾਤਾਂ ਲਈ ਅਤੇ ਉਨ੍ਹਾਂ ਦੇ ਹਿਤ ਵਿੱਚ ਵਿਕਸਤ ਹੋਇਆ ਹੈ। ਆਮ ਆਦਮੀ ਨੇ ਟੋਟਲ ਵੈਲਿਊਜ਼ ਨੂੰ ਸਿਰਫ਼ ਸਵੀਕਾਰਿਆ ਹੈ ਪੈਦਾ ਨਹੀਂ ਕੀਤਾ। ਏਥੋਂ ਤਕ ਕਿ ਚੀਜ਼ਾਂ ਨੂੰ ਮਹਿਸੂਸ ਕਰਨ ਦੇ ਢੰਗ ਵੀ ਅਸੀਂ ਲੁਟੇਰੀਆਂ ਜਮਾਤਾਂ ਤੋਂ ਲਏ ਹਨ। ਮਾਰਕਸਵਾਦੀ ਸੁਹਜ ਪ੍ਰਣਾਲੀ ਦੀ ਨਾ ਅਜੇ ਕੋਈ ਖਾਸ ਉਮਰ ਹੈ ਤੇ ਨਾ ਖਾਸ ਪ੍ਰਾਪਤੀ। ਸਗੋਂ ਇਹਦੇ ਆਸਾਰ ਵੀ ਭਲੀ ਭਾਂਤ ਨਿਸ਼ਚਿਤ ਨਹੀਂ ਹੋਏ ਹਨ। ਪਲੈਖਾਨੋਵ ਤੇ ਲੂਨਾਚਾਰਸਕੀ ਨੇ ਸੁਹਜ ਦੇ ਮਾਮਲੇ ਵਿੱਚ ਲੁਟੇਰੀ ਜਮਾਤ ਦੇ ਸਿਰਫ ਸਿਆਸੀ ਪ੍ਰਭਾਵਾਂ ਨੂੰ ਤੋੜਨ ਲਈ ਜ਼ੋਰ ਲਾਇਆ ਹੈ। ਉਨ੍ਹਾਂ ਨੇ ਸੁਹਜ ਨੂੰ ਇਤਿਹਾਸਕ ਪਰਸਪੈਕਟਿਵ ਅਤੇ ਪ੍ਰਾਸਿਸ ਵਿੱਚ ਨਹੀਂ ਪਰਖਿਆ ਅਤੇ ਲੂਕਾਚ ਨੇ ਬਿਲਕੁਲ ਆਧੁਨਿਕ ਕਾਲ ਤੋਂ ਆਪਣਾ ਕੰਮ ਸ਼ੁਰੂ ਕਰ ਲਿਆ ਹੈ, ਉਹ ਇਤਿਹਾਸ ਵੱਲ ਕੇਵਲ ਉਦੋਂ ਜਾਂਦਾ ਹੈ, ਜਦ ਉਸ ਤੋਂ ਬਿਨਾਂ ਸਰਦਾ ਹੀ ਨਹੀਂ ... ਲੈਨਿਨ ਤੇ ਮਾਉ ਸਭਿਆਚਾਰ ਤਕ ਵੀ ਬਹੁਤਾ ਕਰਕੇ ਸਿਆਸੀ ਸਭਿਆਚਾਰ ਤੱਕ ਹੀ ਰਹਿ ਜਾਂਦੇ ਹਨ। ਸੋ ਇਹ ਹੈ ਸਾਡੀ ਹਾਲਤ। ਸ਼ੋਸ਼ਤ ਵਰਗ ਦਾ ਬਰੀਕ ਤੇ ਮੌਲਿਕ ਆਤਮਿਕ ਜੀਵਨ ਕਿਹੜੀਆਂ ਨੀਹਾਂ ਉੱਤੇ ਉਸਰੇਗਾ ਇਹ ਕੇਵਲ ਚਿੰਤਕ ਹੀ ਨਹੀਂ ਦੱਸ ਸਕਦੇ। ਅਨੇਕਾਂ ਮੇਰੇ ਵਰਗੇ ਲਟਬੌਰਿਆਂ ਨੂੰ ਪ੍ਰਯੋਗਸ਼ਾਲਾ ਦਾ ਮਾਲ ਬਣਨਾ ਪਵੇਗਾ ਜਿਵੇਂ ਚੰਦ ਉੱਤੇ ਪਹਿਲਾਂ ਚੂਹੇ ਭੇਜੇ ਜਾਂਦੇ ਸਨ।

ਚਿੱਠੀ ਰਾਹੀਂ ਉਪਰੋਕਤ ਸੰਵਾਦ ਤੋਂ ਸਪੱਸ਼ਟ ਹੋ ਜਾਂਦਾ ਹੈ ਪਾਸ਼ ਨੇ ਜ਼ਿੰਦਗੀ ਨੂੰ/ਸਮਾਜ ਨੂੰ ਸਮਝਣ ਲਈ ਵਿਸ਼ੇਸ਼ ਅਧਿਐਨ ਕੀਤਾ ਹੋਇਆ ਸੀ। ਇਸੇ ਲਈ ਉਹ ਨਾ ਸਿਰਫ਼ ਮਾਰਕਸਵਾਦੀ ਸੁਹਜ ਪ੍ਰਣਾਲੀ, ਪਲੈਖਾਨੋਵ, ਲੂਨਾਚਾਰਸਕੀ, ਲੂਕਾਚ, ਲੈਨਿਨ ਅਤੇ ਮਾਓ ਦੇ ਵਿਚਾਰਾਂ ਨੂੰ ਪੇਸ਼ ਕਰਦਾ ਹੈ ਬਲਕਿ ਉਹਨਾਂ ਬਾਰੇ ਆਪਣੀ ਵਿਸ਼ਲੇਸ਼ਣੀ ਰਾਇ ਵੀ ਦਿੰਦਾ ਹੈ। ਜਦੋਂ ਪਾਸ਼ ਇਹ ਲਿਖਦਾ ਹੈ ਕਿ "ਮਾਰਕਸਵਾਦੀ ਸੁਹਜ ਪ੍ਰਣਾਲੀ ਦੀ ਨਾ ਅਜੇ ਕੋਈ ਖਾਸ ਉਮਰ ਹੈ ਨਾ ਖਾਸ ਪ੍ਰਾਪਤੀ" ਤਾਂ ਉਹ ਮਾਰਕਸਵਾਦ ਦੀਆਂ ਖਾਮੀਆਂ ਵੱਲ ਸੰਕੇਤ ਕਰ ਰਿਹਾ ਸੀ ਤੇ ਇਥੇ ਉਹ ਕਿਸੇ ਸਨਾਤਨੀ ਕਾਮਰੇਡ ਤੋਂ ਅਗਾਂਹ ਸਮੇਂ ਨਾਲ ਸੰਵਾਦ ਕਰਦਾ ਨਵਾਂ ਰੈਡੀਕਲ ਕਾਮਰੇਡ ਹੈ ਜਿਸਨੇ ਬਾਅਦ 'ਚ 'ਕਾਮਰੇਡ ਨਾਲ ਗੱਲਬਾਤ' ਕਵਿਤਾ ਵਿਚ ਅਜਿਹੀ ਕਿਸਮ ਦਾ ਭਾਰਤੀ/ਪੰਜਾਬੀ ਕਮਿਊਨਿਸਟ ਲਹਿਰ ਦੇ ਪ੍ਰਸੰਗ ਵਿਚ ਮਹੱਤਵਪੂਰਨ ਵਿਸ਼ਲੇਸ਼ਣ ਕੀਤਾ।

ਪਾਸ਼ ਦੀ ਜ਼ਿੰਦਗੀ ਦਾ ਦਿਲਚਸਪ ਪਹਿਲੂ ਇਹ ਵੀ ਹੈ ਕਿ ਜਦੋਂ ਉਸਦਾ ਨਾਂ ਨਕਸਲੀ ਲਹਿਰ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਸੀ। ਉਹ ਕਈ ਵਾਰ ਗਰਿਫ਼ਤਾਰ ਹੋ ਚੁੱਕਿਆ ਸੀ, ਉਸੇ ਵੇਲੇ ਉਸਦਾ ਇਕ ਕੁੜੀ ਨਾਲ ਪਿਆਰ ਚਲ ਰਿਹਾ ਸੀ, ਭਾਵੇਂ ਕਿ ਕਿਸੇ ਵੀ ਲਿਖਤ ਜਾਂ ਕਵਿਤਾ ਵਿਚ ਉਸ ਕੁੜੀ ਦਾ ਨਾਮ ਨਹੀਂ ਆਉਂਦਾ। ਪਰ ਕਈ ਕਵਿਤਾਵਾਂ ਵਿਚ ਜ਼ਿਕਰ ਜ਼ਰੂਰ ਆਉਂਦਾ ਹੈ; ਖਾਸਕਰ ਪਾਸ਼ ਦੀ ਕਵਿਤਾ "ਮੈਂ ਹੁਣ ਵਿਦਾ ਹੁੰਦਾ ਹਾਂ" ਪਿਆਰ ਅਨੁਭਵ ਦੀ ਹੀ ਕਵਿਤਾ ਹੈ। ਇਸ ਕਵਿਤਾ ਵਿਚੋਂ ਪਾਸ਼ ਦੇ ਪਿਆਰ ਦੀਆਂ ਮਹੀਨ ਪਰਤਾਂ ਨੂੰ ਪਰਤ ਦਰ ਪਰਤ ਫਰੋਲਿਆ ਜਾ ਸਕਦਾ ਹੈ। ਪਰ ਪਾਸ਼ "ਪਿੰਡ ਦੇ ਮੁੰਡਿਆਂ ਜਿਹਾ ਨਹੀਂ ਸੀ ਰਿਹਾ", ਇਸ ਲਈ ਪਾਸ਼ ਅਤੇ ਉਸਦੀ ਮਹਿਬੂਬ ਦੀ ਮਾਨਸਿਕ ਵਿੱਥ ਵਧਣ ਲੱਗੀ, ਜਿਸਦੇ ਬਾਰੇ ਪਾਸ਼ ਆਪਣੀ ਡਾਇਰੀ ਵਿਚ ਲਿਖਦਾ ਹੈ:

ਜ਼ਰਾ ਸੋਚਿਆ ਜਾਵੇ ਤਾਂ ਪਿਛਲੇ ਤਿੰਨ ਸਾਲਾਂ ਵਿਚ ਇਸ ਕੁੜੀ ਨੇ ਇਕ ਵੀ ਅਜੇਹੀ ਗੱਲ ਨਹੀਂ ਕੀਤੀ ਜਿਸ ਦਾ ਸੰਬੰਧ ਅਕਲ ਨਾਲ ਹੋਵੇ। ਨਾ ਸ਼ਾਇਦ ਮੈਨੂੰ ਹੀ ਅਜੇਹੀ ਗੱਲ ਤੋਰਨ ਦਾ ਮੌਕਾ ਦਿੱਤਾ ਹੈ। ਕਈ ਵਾਰੀ ਮੈਂ ਮੱਲੋਜ਼ੋਰੀ ਵੀ ਹੁੰਗਾਰਾ ਲੈਣ ਦੇ ਯਤਨ ਕੀਤੇ ਤਾਂ ਉਸਦੇ ਉੱਤਰ ਨਾਂਹ-ਮੁਖੀ ਰਹੇ ਜਿਵੇਂ ਹਾਲੇ ਕੁਝ ਦਿਨ ਪਹਿਲਾਂ ਹੀ ਉਸਨੇ ਕਿਹਾ ਸੀ - ਮੈਨੂੰ ਦੇਸ਼ ਬਾਰੇ ਕੁਝ ਨਹੀ ਪਤਾ ਕਿ ਇਹ ਕੀ ਹੁੰਦਾ ਹੈ ਜਾਂ ਅੱਗੇ ਇਕ ਵਾਰ ਦਰਸਾਇਆ ਸੀ ਕਿ ਲੋਕ ਜੋ ਕੁਝ ਮੰਨਦੇ ਹਨ ਸਹੀ ਹੀ ਹੁੰਦਾ ਹੈ। ਉਸਦੀਆਂ ਵੱਡੀਆਂ ਗੱਲਾਂ ਇਹੋ ਹਨ - ਤੁਹਾਡੇ ਵਾਲ ਬਹੁਤ ਸੁਹਣੇ ਹਨ?... ਕਿਸੇ ਨੂੰ ਪਤਾ ਤਾਂ ਨਹੀਂ ਲੱਗ ਗਿਆ?

ਆਪਣੀ ਮਹਿਬੂਬ ਕੁੜੀ ਬਾਰੇ ਉਪਰੋਕਤ ਗੱਲਾਂ ਕਹਿਣ ਦੇ ਕਾਰਨ ਪਾਸ਼ ਦੀ ਲਹਿਰ ਨਾਲ ਪ੍ਰਤੀਬੱਧਤਾ ਅਤੇ ਕਠੋਰ ਸਮਾਜਿਕ ਬੰਧਨ ਹੋਣਗੇ। ਇਸੇ ਕਰਕੇ ਉਹ ਆਪਣੀ ਇਕ ਕਵਿਤਾ ਵਿਚ ਵੀ ਲਿਖਦਾ ਹੈ:

ਤੇਰੀ ਮੇਰੇ ਵਿਹੜੇ ਵਿਚ ਬੱਚੇ ਖਿਡਾ ਸਕਣ ਦੀ ਖ਼ਾਹਿਸ਼ ਨੂੰ

ਤੇ ਯੁੱਧ ਦੀ ਸਮੁੱਚਤਾ ਨੂੰ

ਇਕੋ ਕਤਾਰ ਵਿਚ ਖੜਾ ਕਰਨਾ ਮੇਰੇ ਲਈ ਸੰਭਵ ਨਹੀਂ ਹੋਇਆ

ਤੇ ਮੈਂ ਹੁਣ ਵਿਦਾ ਹੁੰਦਾ ਹਾਂ।          (ਸੰਪੂਰਨ ਪਾਸ਼-ਕਾਵਿ/131)

....................

1976 ਵਿਚ ਇਕ ਵਾਰ ਫਿਰ ਪਾਸ਼ ਨੇ ਪੜ੍ਹਾਈ ਸ਼ੁਰੂ ਕਰ ਦਿੱਤੀ। ਉਸਨੇ ਦਸਵੀਂ ਅਤੇ ਗਿਆਨੀ ਦੀ ਪ੍ਰੀਖਿਆ ਪਾਸ ਕਰ ਲਈ। ਈਵਨਿੰਗ ਕਾਲਜ ਜਲੰਧਰ ਤੋਂ ਬੀ.ਏ. ਭਾਗ - ਪਹਿਲਾ ਵੀ ਪਾਸ ਕਰ ਲਈ। 1978 ਵਿਚ ਪਾਸ਼ ਨੇ ਜੇ.ਬੀ.ਟੀ. ਜੰਡਿਆਲੇ ਸ਼ੁਰੂ ਕੀਤੀ ਪਰ ਪਾਸ ਕੀਤੀ ਸੇਖੂਪੁਰੇ (ਕਪੂਰਥਲਾ) ਤੋਂ। ਇਨ੍ਹੀਂ ਦਿਨੀਂ ਪਾਸ਼ ਦੀ ਉਮਰ 28 ਸਾਲ ਹੋ ਗਈ ਸੀ ਤੇ ਪੰਜਾਬ 'ਚ ਵਿਆਹ ਲਗਭਗ ਇਸ ਉਮਰ ਤੱਕ ਤਾਂ ਹੋ ਜਾਂਦਾ ਸੀ। ਪਾਸ਼ ਕੋਲ ਦੋ ਬਦਲ ਸਨ ਵਿਆਹ ਕਰਵਾਉਣ ਦੇ, ਇੱਕ ਤਾਂ ਉਹ ਵਿਆਹ ਉਸ ਨਾਲ ਕਰਵਾਉਂਦਾ ਜਿਸ ਨੂੰ ਉਹ ਪਿਆਰ ਕਰਦਾ ਸੀ ਜਾਂ ਉਹ ਸਮਾਜਿਕ ਬੰਧਨਾਂ 'ਚ ਰਹਿੰਦਾ ਹੋਇਆ ਪਰਿਵਾਰ ਦੀ ਮਰਜ਼ੀ ਨਾਲ ਵਿਆਹ ਕਰਵਾਉਂਦਾ। ਪਾਸ਼ ਨੇ ਆਪਣੇ ਪਹਿਲੇ ਕਾਵਿ-ਸੰਗ੍ਰਹਿ ਵਿਚ ਅਜਿਹੇ ਹੀ ਫੈਸਲੇ ਬਾਰੇ 'ਵੇਲਾ ਆ ਗਿਆ' ਕਵਿਤਾ 'ਚ ਲਿਖਿਆ ਸੀ..

ਵਕਤ ਆ ਗਿਆ ਹੈ

ਕਿ ਹੁਣ ਉਸ ਕੁੜੀ ਨੂੰ,

ਜੋ ਮਸ਼ੂਕਾ ਬਣਨ ਤੋਂ ਪਹਿਲਾਂ

ਪਤਨੀ ਬਣ ਗਈ, ਭੈਣ ਕਹਿ ਦੇਈਏ     (ਸੰਪੂਰਨ ਪਾਸ਼-ਕਾਵਿ/55)

....................

ਪਰ ਇਸ ਸਮੇਂ ਪਾਸ਼ ਦਾ ਨਾਂ ਵੀ ਉਹ ਲੋਕਾਂ 'ਚ ਸ਼ਾਮਿਲ ਹੋ ਜਾਂਦਾ ਹੈ ਜੋ 'ਸਿਰਫ ਜਿੱਤ ਨਹੀਂ ਸਕੇ'। ਭਾਵ ਪਾਸ਼ ਆਪਣੇ ਪਿਤਾ ਨੂੰ ਲਿਖੀ ਚਿੱਠੀ ਵਿਚ ਸਪੱਸ਼ਟ ਕਹਿ ਦਿੰਦਾ ਹੈ:

ਤੇ ਹੁਣ ਮੈਂ ਆਪਣੇ ਮਿਲਣ ਗਿਲਣ ਨੂੰ ਛੱਡ ਦਿੱਤਾ ਹੈ। ਇਸ ਫੈਸਲੇ ਬਾਰੇ ਉਸ ਕੁੜੀ ਨੂੰ ਵੀ ਜਾਣੂ ਕਰਾ ਦਿੱਤਾ ਹੈ। ਵਿਚਾਰੀ ਕੁਝ ਦਿਨ ਔਖੀ ਤਾਂ ਬਹੁਤ ਹੋਵੇਗੀ ਤੇ ਸ਼ਾਇਦ ਕਈ ਸਾਲ ਵੀ - ਪਰ ਹੌਲੀ ਹੌਲੀ ਸਭ ਠੀਕ ਹੋ ਜਾਵੇਗਾ।

ਇਸ ਚਿੱਠੀ ਤੋਂ ਪਤਾ ਲਗਦਾ ਹੈ ਕਿ ਪਾਸ਼ ਉਸ ਕੁੜੀ ਨੂੰ ਬੇਹੱਦ ਪਿਆਰ ਕਰਦਾ ਸੀ। ਉਹਨਾਂ ਦੇ ਮਿਲਣ ਗਿਲਣ ਨੂੰ ਛੱਡ' ਦੇਣ ਪਿੱਛੇ ਸਮਾਜਿਕ ਬੰਧਨਾਂ ਦਾ ਕਾਰਨ ਝਲਕਦਾ ਹੈ। 'ਵਿਚਾਰੀ ਕੁਝ ਦਿਨ ਔਖੀ ਤਾਂ ਬਹੁਤ ਹੋਵੇਗੀ ਤੇ ਸ਼ਾਇਦ ਕਈ ਸਾਲ ਵੀ -' ਵਾਲੀ ਹੀ ਗੱਲ ਨਹੀਂ ਔਖਾ ਤਾਂ ਪਾਸ਼ ਵੀ ਬਹੁਤ ਹੋਇਆ ਹੋਵੇਗਾ। ਪਾਸ਼ ਦਾ ਪਿਤਾ ਜਾਣਦਾ ਸੀ ਕਿ ਉਹ 'ਜਿੱਤ ਨਹੀਂ ਸਕਿਆ'। ਜਿਸ ਬਾਰੇ ਉਹ ਪਾਸ਼ ਨਾਲ ਇੱਕ ਚਿੱਠੀ ਵਿੱਚ ਅਫਸੋਸ ਵੀ ਕਰਦਾ ਹੈ।

ਜ਼ਿੰਦਗੀ ਦਾ ਇਹ ਤਲਖ਼ ਅਨੁਭਵ ਪਾਸ਼ ਦੀ ਕਵਿਤਾ ਵਿਚ ਵੀ ਢਲਦਾ ਹੈ ਜਦੋਂ ਉਹ ਲਿਖਦਾ ਹੈ:

ਤੂੰ ਭੁੱਲ ਜਾਵੀਂ

ਮੈਂ ਤੈਨੂੰ ਕਿਸ ਤਰ੍ਹਾਂ ਛਿੰਮਣਾਂ ਦੇ ਅੰਦਰ ਪਾਲ ਕੇ ਜਵਾਨ ਕੀਤਾ

ਕਿ ਮੇਰੀਆਂ ਨਜ਼ਰਾਂ ਨੇ ਹੀ ਕੀ ਕੁਝ ਨਹੀਂ ਕੀਤਾ

ਤੇਰੇ ਨਕਸ਼ਾਂ ਦੀ ਧਾਰ ਬੰਨ੍ਹਣ ਵਿਚ,

ਕਿ ਮੇਰੇ ਚੁੰਮਣਾਂ ਨੇ ਕਿੰਨਾ ਖ਼ੂਬਸੂਰਤ ਕਰ ਦਿੱਤਾ ਤੇਰਾ ਚਿਹਰਾ

ਕਿ ਮੇਰੀਆਂ ਜੱਫੀਆਂ ਨੇ

ਤੇਰਾ ਮੋਮ ਵਰਗਾ ਪਿੰਡਾ ਕਿੰਜ ਸਾਂਚੇ 'ਚ ਢਾਲ਼ਿਆ

ਤੂੰ ਇਹ ਸਾਰਾ ਈ ਕੁਝ ਭੁੱਲ ਜਾਵੀਂ ਮੇਰੀ ਦੋਸਤ

ਸਿਵਾ ਇਸ ਤੋਂ

ਕਿ ਮੈਨੂੰ ਜੀਣ ਦੀ ਬਹੁਤ ਲੋਚਾ ਸੀ

ਕਿ ਮੈਂ ਗਲੇ ਤੀਕਰ ਜ਼ਿੰਦਗੀ ਵਿਚ ਡੁੱਬਣਾ ਚਾਹੁੰਦਾ ਸਾਂ,

ਮੇਰੇ ਵੀ ਹਿੱਸੇ ਦਾ ਜੀਅ ਲੈਣਾ ਮੇਰੀ ਦੋਸਤ,

ਮੇਰੇ ਵੀ ਹਿੱਸੇ ਦਾ ਜੀਅ ਲੈਣਾ।            (ਸੰਪੂਰਨ ਪਾਸ਼-ਕਾਵਿ/133)

....................

ਜੂਨ 1978 ਨੂੰ ਪਾਸ਼ ਦਾ ਵਿਆਹ ਮਾਪਿਆਂ ਦੀ ਮਰਜ਼ੀ ਅਤੇ ਸਮਾਜਿਕ ਬੰਧਨਾਂ ਅਨੁਸਾਰ ਰਾਜਵਿੰਦਰ ਕੌਰ ਸੰਧੂ ਨਾਂ ਦੀ ਕੁੜੀ ਨਾਲ ਹੋ ਜਾਂਦਾ ਹੈ। ਵਿਆਹ ਬਾਰੇ ਉਹ ਇੱਕ ਚਿੱਠੀ ਵਿਚ ਲਿਖਦਾ ਹੈ:

ਮੈਂ ਤਾਂ ਇਸ ਵਿਆਹ ਨਾਲ ਨਾ ਬਹੁਤਾ ਦੁਖੀ ਹੀ ਹਾਂ, ਨਾ ਉਦਾਸ, ਨਾ ਬਹੁਤਾ ਖੁਸ਼। ਮੈਂ ਤਾਂ ਸਭ ਕੁਝ ਹੀ ਵਾਹਿਗੁਰੂ ਤੇ ਛੱਡ ਦਿੱਤਾ ਸੀ ਪਰ ਤਾਂ ਵੀ (ਰਾਜਵਿੰਦਰ) ਚੰਗੀ ਹੈ, ਦੇਖਣ ਪਾਖਣ ਨੂੰ ਉਮਰ ਦੀ ਨਿਆਣੀ ਹੈ ਅਤੇ ਮੱਲੋਜ਼ੋਰੀ ਸਿਆਣਪਾਂ, ਜਿੰਮੇਵਾਰੀਆਂ ਦਿਖਾਉਣ ਦੀ ਨਕਲੀ ਕੋਸ਼ਿਸ਼ ਕਰੀ ਜਾ ਰਹੀ ਹੈ। (ਚਿੱਠੀਆਂ, ਪੰਨਾ, 147)

ਇਨ੍ਹੀਂ ਦਿਨੀਂ ਸਤੰਬਰ 1979 ਨੂੰ ਪਾਸ਼ ਦਾ ਤੀਜਾ ਤੇ ਆਖ਼ਰੀ ਕਾਵਿ-ਸੰਗ੍ਰਹਿ 'ਸਾਡੇ ਸਮਿਆਂ ਵਿਚ' ਛਪਦਾ ਹੈ। (ਜਿਸ ਬਾਰੇ ਹੋਰ ਚਰਚਾ 'ਰਚਨਾ' ਵਾਲੇ ਭਾਗ ਵਿਚ ਕੀਤਾ ਗਿਆ ਹੈ)। ਗ੍ਰਹਿਸਥੀ ਜੀਵਨ ਦੀ ਗੱਡੀ ਨੂੰ ਤੋਰਨ ਲਈ ਪਾਸ਼ ਨੇ 1979 ਵਿਚ ਗੁਆਂਢੀ ਪਿੰਡ ਉੱਗੀ ਵਿਖੇ ਗੁਰੂ ਨਾਨਕ ਨੈਸ਼ਨਲ ਮਾਡਲ ਸਕੂਲ ਖੋਲ੍ਹ ਲਿਆ ਅਤੇ ਇਸੇ ਸਾਲ ਉਸਨੇ ਹੱਥ ਲਿਖਤ ਪਰਚਾ 'ਹਾਕ' ਕੱਢਣਾ ਸ਼ੁਰੂ ਕੀਤਾ। ਪਰ ਪਾਸ਼ ਪੰਜਾਬ ਦੇ ਵਿਗੜ ਰਹੇ ਮਾਹੌਲ ਅਤੇ ਪ੍ਰਤੀਕੂਲ ਸਥਿਤੀਆਂ ਕਾਰਨ ਨਾ ਸਕੂਲ ਹੀ ਚਲਾ ਸਕਿਆ ਅਤੇ ਨਾ 'ਹਾਕ' ਪਰਚੇ ਨੂੰ ਲਗਾਤਾਰ ਕੱਢ ਸਕਿਆ।

ਨਕਸਲਬਾੜੀ ਲਹਿਰ ਦੇ ਪੰਜਾਬ ਵਿਚੋਂ ਬਿਖਰਨ ਅਤੇ ਵਿਚਾਰਧਾਰਕ ਵਖਰੇਵਿਆਂ/ਵਿਰੋਧਾਂ ਵਾਲੀ ਲਹਿਰ (ਖਾਲਿਸਤਾਨੀ ਲਹਿਰ) ਦੇ ਪੰਜਾਬ ਵਿਚ ਜ਼ੋਰ ਫੜ੍ਹਨ ਨੇ ਪਾਸ਼ ਦੀਆਂ ਮੁਸ਼ਕਿਲਾਂ 'ਚ ਵਾਧਾ ਕਰ ਦਿੱਤਾ। ਇਸੇ ਵੇਲੇ 19 ਜਨਵਰੀ 1982 ਨੂੰ ਪਾਸ਼ ਦੇ ਘਰ ਧੀ ਵਿੰਕਲ ਦਾ ਜਨਮ ਹੋਇਆ, ਜਿਸ ਨੇ ਪਾਸ਼ ਦੀਆਂ ਜਿੰਮੇਵਾਰੀਆਂ ਨੂੰ ਵਧਾ ਦਿੱਤਾ। ਅਜਿਹੇ ਮਾਹੌਲ ਵਿਚ ਪਾਸ਼ ਆਪਣੇ ਆਪ ਨੂੰ ਅਸੁਰੱਖਿਅਤ ਸਮਝਦਾ ਸੀ। ਪਰ ਫਿਰ ਵੀ ਉਸਨੇ ਜ਼ਿੰਦਗੀ ਦਾ ਸਾਹਮਣਾ ਕੀਤਾ ਜਿਸ ਦਾ ਵਰਣਨ ਉਸਦੀ ਡਾਇਰੀ ਵਿਚ ਕਈ ਥਾਈਂ ਆਉਂਦਾ ਹੈ।

ਉਹ ਦੋਸਤੀਆਂ ਨਿਭਾਉਂਦਾ, ਜ਼ਿੰਦਗੀ ਦੀਆਂ ਧੁਪਾਂ-ਛਾਵਾਂ ਹੰਢਾਉਂਦਾ, ਤਿਉਹਾਰ ਮਨਾਉਂਦਾ, ਚਿੰਤਨ ਕਰਦਾ, ਵਰਜਿਸ਼ ਕਰਦਾ, ਘਰ ਦੇ ਫਿਕਰਾਂ 'ਚ ਰੁੱਝਿਆ ਉਮਰ ਦੇ ਹਰ ਪਲ ਨਾਲ ਖਹਿ ਕੇ ਲੰਘਦਾ ਹੈ। ਇਸਦਾ ਇੱਕ ਨਮੂਨਾ ਅਸੀਂ 9 ਸਤੰਬਰ 1982 ਨੂੰ ਆਪਣੇ ਹੀ ਜਨਮ ਦਿਨ ਨੂੰ ਲਿਖੀ ਡਾਇਰੀ ਚੋਂ ਵੇਖ ਸਕਦੇ ਹਾਂ।

**9 ਸਤੰਬਰ 1982**

ਅੱਜ ਮੇਰੇ ਜੰਮਣ ਦੀ ਵਰ੍ਹੇ ਗੰਢ ਹੈ - 32 ਸਾਲ ਦੇ ਇਸ ਜਿਸਮ ਨਾਲ ਮੈਂ ਲਗਭਗ ਵੀਹ ਕੁ ਸਾਲ ਦੀ ਨਿੱਗਰ ਉਮਰ ਭੋਗੀ ਹੈ। 1964 ਤੋਂ 1975 ਤੱਕ ਗਿਆਰਾਂ ਸਾਲ ਮੈਂ ਬੜਾ ਤੇਜ਼ ਦੌੜਿਆ ਹਾਂ - ਕਿਸੇ ਵੀ ਜਾਣਕਾਰ ਜਣੇ ਤੋਂ ਵੱਧ। 1976 ਸਭ ਤੋਂ ਸੁਸਤ ਪਰ ਜ਼ਰਖੇਜ਼ ਵਰ੍ਹਾ

ਸੀ। 77-78 ਦਾ ਸਾਲ ਮੈਂ ਸਧਾਰਣ ਵਿਦਿਆਰਥੀਆਂ ਵਾਂਗ ਜੀਵਿਆ ਪਰ ਰਸਾਇਣਿਕ ਕਾਰਨਾਂ ਕਰਕੇ ਇੰਟਿਊਸ਼ਨ ਗੁਆਈ ਰੱਖੀ। 79-80-81 ਵਿੱਚ ਰਸਾਇਣਕ ... ਪਣ ਹੋਰ ਪੱਕਿਆ ਪਰ ਸਰੀਰ ਭਾਸ਼ਾ ਵਿੱਚ ਪੂਰੀ ਤਰ੍ਹਾਂ ਗੁੰਮ ਰਿਹਾ ਹਾਂ ਸੁਣਦਿਆਂ, ਬੋਲਦਿਆਂ, ਸੋਚਦਿਆਂ। 82 ਵਿਚ ਮੈਂ ਇਟਿਊਸ਼ਨ ਲਈ ਫੇਰ ... ਲਈਆਂ ਹਨ। ਉਮਰ ਦਾ ਨਵਾਂ ਸਾਲ? ਮੈਂ ਇਸਨੂੰ ਤਬਦੀਲੀਆਂ ਅਤੇ ਪ੍ਰਾਪਤੀਆਂ ਦੇ ਆਧਾਰਾਂ ਦੀ ਕਾਇਮੀ ਦੇ ਵਰ੍ਹੇ ਵਜੋਂ ਚਿਤਵਦਾ ਹਾਂ। ਸਭ ਤੋਂ ਪਹਿਲਾਂ ਪਰਤੇਗੀ - ਮੇਰੀ ਇਰਾਦਾ ਸ਼ਕਤੀ, ਫਿਰ ਜਿਸਮਾਨੀ ਤੇ ਫਿਰ ਮਾਨਸਿਕ ਪ੍ਰਤਿਭਾ। ਹੁਣ ਤੇਤੀਵਾਂ ਮੇਰੇ ਹੱਕ ਵਿੱਚ ਭੁਗਤ ਰਿਹਾ ਹੈ। ਚੌਂਤੀਵਾਂ ਸਾਲ ਚਮਤਕਾਰੀ ਕਮਾਲ ਨਾਲ ਭਰਿਆ ਹੋਵੇਗਾ - ਇਹ ਦੁਨੀਆਂ ਦੀ ਸਭ ਤੋਂ ਸੱਚੀ ਭਵਿੱਖਬਾਣੀ ਹੈ।

ਅਸਲ ਵਿੱਚ ਪਾਸ਼ ਭਰਪੂਰ ਜ਼ਿੰਦਗੀ ਜਿਉਣ ਦਾ ਚਾਹਵਾਨ ਸੀ। ਉਸਦੇ ਹਰ ਸਾਲ ਦਾ ਹਿਸਾਬ, ਉਸ ਪ੍ਰਤੀ ਵਿਸ਼ਲੇਸ਼ਣੀ ਦ੍ਰਿਸ਼ਟੀ, ਭਵਿੱਖ ਨੂੰ ਹੋਰ ਮਾਨਣ ਦੀ ਇੱਛਾ, ਪਾਸ਼ ਦੇ ਆਮ ਮਨੁੱਖ ਨਾਲੋਂ ਵਿਸ਼ੇਸ਼ ਤੇ ਵਿਲੱਖਣ ਹੋਣ ਦਾ ਪ੍ਰਮਾਣ ਹੈ।

ਇਸ ਤਰ੍ਹਾਂ ਪਾਸ਼ ਦਾ ਜੀਵਨ ਵੱਖ-ਵੱਖ ਕੌੜੇ, ਮਿੱਠੇ ਤਜ਼ਰਬਿਆਂ 'ਚੋਂ ਗੁਜ਼ਰਦਾ ਰਿਹਾ। ਉਹ ਆਪਣੇ ਟਿਕਾਣੇ ਬਦਲਦਾ ਰਿਹਾ। ਕੋਈ ਨਿਸ਼ਚਿਤ ਕਿੱਤਾ ਵੀ ਨਾ ਅਪਣਾ ਸਕਿਆ। 1985 ਵਿੱਚ ਪੰਜਾਬੀ ਸਾਹਿਤ ਅਕਾਦਮੀ ਵਲੋਂ ਪਾਸ਼ ਨੂੰ ਇੱਕ ਹਜ਼ਾਰ ਰੁਪੈ ਪ੍ਰਤੀ ਮਹੀਨਾ ਗਰਾਂਟ ਵੀ ਦਿੱਤੀ ਗਈ ਜੋ ਸ਼ਾਇਦ ਉਸਦੀ ਆਰਥਿਕ ਸਮੱਸਿਆਵਾਂ ਨੂੰ ਜ਼ਰਾ ਘਟਾ ਸਕੀ ਹੋਵੇ।

ਇਸੇ ਵੇਲੇ ਪੰਜਾਬ ਵਿਚ ਖਾਲਿਸਤਾਨੀ ਲਹਿਰ ਵਧੇਰੇ ਜ਼ੋਰ ਫੜ੍ਹ ਰਹੀ ਸੀ। ਜਿਸ ਨਾਲ ਪਾਸ਼ ਦੇ ਵਿਚਾਰਧਾਰਕ ਵਖਰੇਵੇਂ ਹੋਰ ਵਧ ਰਹੇ ਸਨ। "ਜੂਨ ਦੀਆਂ ਲਹੂ-ਲਹਾਣ ਘਟਨਾਵਾਂ ਤੋਂ ਪਹਿਲਾਂ ਹੀ ਅਪਰੈਲ ਵਿਚ ਉਸਨੂੰ ਸੂਚਨਾ ਮਿਲ ਗਈ ਕਿ ਸਿੱਖ ਖਾੜਕੂਆਂ ਨੇ ਨਕੋਦਰ ਦੇ ਇਲਾਕੇ ਵਿਚ ਚਾਰ ਬੰਦੇ ਸੋਧ ਦੇਣ ਦੀ ਯੋਜਨਾ ਬਣਾਈ ਸੀ। "ਉਹ ਇਸ ਖੂਨੀ ਭੂ-ਦ੍ਰਿਸ਼ ਤੋਂ ਲਾਂਭੇ ਹੋ ਸਕਦਾ ਜਿਸ ਲਈ ਉਸਦੀ ਛੋਟੀ ਭੈਣ ਪਰਮਿੰਦਰ ਦੇ ਵਿਆਹ ਉਪਰੰਤ ਅਮਰੀਕਾ ਜਾ ਵਸਣ ਨਾਲ ਸੰਭਾਵਨਾ ਬਣ ਗਈ ਸੀ। ਕਈ ਕਿਆਸ ਲਗਾ ਕੇ ਉਹ ਸੈਲਾਨੀ ਵੀਜ਼ਾ ਲੈ ਕੇ ਇੰਗਲੈਂਡ ਹੁੰਦਾ ਹੋਇਆ ਜੁਲਾਈ 1986 ਵਿਚ ਅਮਰੀਕਾ ਦੇ ਰਾਜ ਕੈਲਿਫੋਰਨੀਆਂ ਵਿਚ ਪਹੁੰਚ ਗਿਆ।" ਪਾਸ਼ ਦੀ ਸ਼ਖ਼ਸੀਅਤ ਹੀ ਐਸੀ ਸੀ ਕਿ ਉਹ ਰਾਜਸੀ ਗਤੀਵਿਧੀਆਂ ਤੋਂ ਨਿਰਲੇਪ ਨਹੀਂ ਰਹਿ ਸਕਿਆ। ਅਮਰੀਕਾ ਜਾ ਕੇ ਮਾਸਿਕ ਪੱਤਰ ਐਂਟੀ-47 ਦੀ ਸੰਪਾਦਨਾ ਦਾ ਕੰਮ ਸੰਭਾਲ ਲਿਆ। "ਜਿਸ ਰਾਹੀਂ ਸਿੱਖ ਖਾੜਕੂਆਂ ਦੀਆਂ ਸਰਗਰਮੀਆਂ ਨੂੰ ਠੱਲ੍ਹ ਪਾਉਣ ਦਾ ਸੰਕਲਪ ਲਿਆ ਗਿਆ ਸੀ।" ਇਸ ਪੱਤਰ ਵਿੱਚ ਸਿੱਖ ਖਾੜਕੂਆਂ ਦੀ ਖੁੱਲ੍ਹ ਕੇ ਵਿਰੋਧਤਾ ਕਰਨ ਦਾ ਅਸਲ ਕਾਰਨ ਇਹ ਜਾਪਦਾ ਹੈ ਕਿ ਇਨ੍ਹਾਂ ਖਾੜਕੂਆਂ ਦੀਆਂ ਧਮਕੀਆਂ ਕਰਕੇ ਹੀ ਪਾਸ਼ ਦੀ ਪਹਿਲਾਂ ਤੋਂ ਅਸਥਿਰ ਤੇ ਸੰਘਰਸ਼ਸ਼ੀਲ ਜ਼ਿੰਦਗੀ ਨੂੰ ਬਿਲਕੁਲ ਮੁਹਾਲ ਕਰ ਦਿੱਤਾ ਸੀ। "ਪਾਸ਼ ਨੂੰ ਹਿੰਸਕ ਧੰਧੂਕਾਰਾ ਫੈਲਾਣ ਵਾਲਿਆਂ ਤੇ ਗੁੱਸਾ ਸੀ ਕਿਉਂਕਿ ਇਹਦੇ ਰਾਹੀਂ ਮਾਸੂਮ ਬੰਦਾ ਪਿਸ ਰਿਹਾ ਸੀ ਜੋ ਪਹਿਲਾਂ ਹੀ ਸਟੇਟ ਦੇ ਤਸ਼ੱਦਦ ਦਾ ਸ਼ਿਕਾਰ ਸੀ।" ਇਸ ਤੋਂ ਪਹਿਲਾਂ ਵੀ ਪਾਸ਼ ਇਕ ਚਿੱਠੀ ਵਿਚ ਲਿਖਦਾ ਹੈ ਕਿ "ਮੇਰੇ ਅੰਦਰ ਹਰ ਤਰ੍ਹਾਂ ਦੀ ਫਿਰਕਾਪ੍ਰਸਤੀ ਨਾਲ ਅੰਤਾਂ ਦੀ ਨਫ਼ਰਤ ਹੈ, ਕੇਵਲ ਸਿੱਖਾਂ ਦੀ ਹੀ ਨਈਂ ਸਗੋਂ ਹਿੰਦੂਆਂ ਦੇ ਲਈ ਵੀ।" ਜ਼ਾਹਿਰ ਹੈ ਪਾਸ਼ ਆਮ ਆਦਮੀ ਦੀ ਆਜ਼ਾਦੀ ਦੀ ਹਾਮੀ ਭਰਦਾ ਹੋਇਆ ਸਟੇਟ, ਹਿੰਸਕ ਧੰਧੂਕਾਰਾ ਫੈਲਾਊਣ ਵਾਲਿਆਂ ਅਤੇ ਫਿਰਕਾਪ੍ਰਸਤੀ ਦਾ ਹਰ ਤਰ੍ਹਾਂ ਵਿਰੋਧ ਕਰਦਾ ਹੈ।

ਪਾਸ਼ ਅਮਰੀਕਾ ਵਿਖੇ ਇਕ ਸੈਲਾਨੀ ਦੇ ਤੌਰ 'ਤੇ ਗਿਆ ਸੀ ਤੇ ਉਸਨੂੰ ਅਮਰੀਕਾ ਵਿਚ ਲੰਮਾ ਸਮਾਂ ਰਹਿਣ ਲਈ ਹਰ ਸਾਲ ਵੀਜ਼ਾ ਲੈਣ ਦੀ ਸ਼ਰਤ ਸੀ। 1987 ਵਿਚ ਪਾਸ਼ ਨੂੰ ਦੁਬਾਰਾ ਵੀਜ਼ਾ ਲੈਣ ਲਈ ਕੈਨੇਡਾ ਜਾਣਾ ਪਿਆ ਤੇ ਓਥੇ ਉਸਨੇ ਕੁਝ ਸਮਾਂ ਪੈਟਰੋਲ ਪੰਪ ਉਤੇ ਛੋਟੀ-ਮੋਟੀ ਨੌਕਰੀ ਵੀ ਕਰ ਲਈ। "1988 ਵਿਚ ਦੁਬਾਰਾ ਵੀਜ਼ਾ ਲੈਣ ਲਈ ਜਦੋਂ ਉਹ ਭਾਰਤ ਆਇਆ ਤਾਂ ਦੋਸ਼ ਦੀ ਸੂਰਤ ਵਿਚ ਇਮੀਗਰੇਸ਼ਨ ਵਾਲਿਆਂ ਕੋਲ ਇਹ ਸੂਚਨਾ ਪਹੁੰਚ ਗਈ ਕਿ ਯਾਤਰਾ ਦੌਰਾਨ ਉਹ ਨੌਕਰੀ ਕਰਦਾ ਰਿਹਾ ਸੀ। ਕਿਉਂਕਿ ਇਹ ਗੱਲ ਇਮੀਗਰੇਸ਼ਨ ਦੀਆਂ ਧਾਰਾਵਾਂ ਦੇ ਵਿਰੁੱਧ ਜਾਂਦੀ ਸੀ, ਇਸ ਲਈ ਅਮਰੀਕਾ ਪਹੁੰਚਣ ਤੇ ਉਸ ਨੂੰ ਹਵਾਈ ਅੱਡੇ ਤੋਂ ਹੀ ਬਿਦੇਸ਼ੀ ਕਰਾਰ ਦੇ ਕੇ ਵਾਪਸ ਭੇਜ ਦਿੱਤਾ ਗਿਆ।" ਦੁਬਾਰਾ ਅਮਰੀਕਾ ਜਾਣ ਲਈ ਪਾਸ਼ ਕਈ ਹੀਲੇ-ਵਸੀਲੇ ਕਰਦਾ ਰਿਹਾ ਤੇ ਅਖੀਰ ਉਹ ਬਰਾਜ਼ੀਲ ਦਾ ਵੀਜ਼ਾ ਲੈਣ ਵਿਚ ਸਫ਼ਲ ਵੀ ਹੋ ਗਿਆ। ਪਰ 23 ਜਨਵਰੀ 1988 ਨੂੰ ਪਾਸ਼ ਆਪਣੇ ਮਿੱਤਰ ਹੰਸ ਰਾਜ ਸਮੇਤ ਖਾਲਿਸਤਾਨੀਆਂ ਵਲੋਂ ਬਿਨਾਂ ਕਿਸੇ ਸੰਵਾਦ ਦੇ ਅੰਨ੍ਹੇਵਾਹ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਜੋ ਸਾਰੀ ਉਮਰ ਜ਼ਿੰਦਗੀ ਨੂੰ/ਸਮਾਜ ਨੂੰ ਸੁਧਾਰਨ, ਸੋਹਣਾ ਬਣਾਉਣ ਲਈ ਦਹਿਕਦੇ ਅੰਗਿਆਰਾਂ 'ਤੇ ਸੌਂ ਕੇ ਰਾਤ ਰੁਸ਼ਨਾਉਣ 'ਚ ਮਸਰੂਫ਼ ਰਿਹਾ, ਜਿਹਾ ਕਿ ਉਸਨੇ ਖੁਦ ਵੀ ਲਿਖਿਆ ਸੀ:

ਦਹਿਕਦੇ ਅੰਗਿਆਰਾਂ ਤੇ ਸਉਂਦੇ ਰਹੇ ਨੇ ਲੋਕ

ਇਸ ਤਰ੍ਹਾਂ ਵੀ ਰਾਤ, ਰੁਸ਼ਨਾਉਂਦੇ ਰਹੇ ਨੇ ਲੋਕ

.................... (ਸੰਪੂਰਨ ਪਾਸ਼-ਕਾਵਿ/255)

**<u>ਰਚਨਾ</u>**

ਪਾਸ਼ ਦੀ ਕਵਿਤਾ ਵਿਲੱਖਣ ਮੁਹਾਵਰਾ, ਮੌਲਿਕ ਪਛਾਣ, ਬਰਾਬਰੀ ਦੀ ਇੱਛੁਕ, ਨਾਬਰੀ ਦੀ ਪ੍ਰਤੀਕ, ਸੰਘਰਸ਼ ਦੀ ਮਿਸਾਲ ਅਤੇ ਕ੍ਰਾਂਤੀ ਲਈ ਤੜਪ ਰੱਖਦੀ ਹੈ। ਪਾਸ਼ ਦੀ ਕਾਵਿ-ਪ੍ਰਤਿਭਾ ਯੁਗ ਵਰਤਾਰਾ ਸੀ। ਭਾਵੇਂ ਉਹ ਕੁਝ ਰਾਜਸੀ ਰੰਜਸ਼ਾਂ ਕਰਕੇ ਆਪਣੇ ਸਮਕਾਲ ਵਿਚ, ਖ਼ਾਸਕਰ ਵਿਰੋਧੀਆਂ ਵੱਲੋਂ, ਬਹੁਤਾ ਵਿਚਾਰਿਆ/ਸਤਿਕਾਰਿਆ ਨਹੀਂ ਸੀ ਗਿਆ ਪਰ ਸ਼ਹਾਦਤ ਤੋਂ ਬਾਅਦ ਸਾਰੀਆਂ ਧਿਰਾਂ ਨੇ ਉਸਦੀ ਕਵਿਤਾ ਦਾ ਅਧਿਐਨ ਕੀਤਾ, ਪਾਸ਼-ਕਾਵਿ ਵਧੇਰੇ ਪੜ੍ਹਿਆ ਗਿਆ, ਪਰਵਾਨਿਆ ਗਿਆ, ਵਿਚਾਰਿਆ ਗਿਆ, ਸਤਿਕਾਰਿਆ ਗਿਆ ਅਤੇ ਸਭ ਤੋਂ ਵੱਡੀ ਗੱਲ ਕਿ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਵਿਰੁੱਧ ਸੰਘਰਸ਼ਸ਼ੀਲ ਵਿਅਕਤੀਆਂ/ਸੰਸਥਾਵਾਂ ਲਈ ਪਾਸ਼-ਕਾਵਿ ਇਨਕਲਾਬ ਦਾ ਚਿੰਨ੍ਹ ਬਣ ਗਿਆ। ਅੱਜ ਦੇ ਸਮੇਂ ਪਾਸ਼-ਕਾਵਿ ਦਾ ਵੱਖ-ਵੱਖ ਭਾਸ਼ਾਵਾਂ ਵਿਚ ਅਨੁਵਾਦ ਹੋਣ ਦੇ ਨਾਲ-ਨਾਲ ਉਹ ਪੰਜਾਬੀ ਵਿਚ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਕਵੀਆਂ ਵਿਚੋਂ ਮੋਹਰੀ ਹੈ ਅਤੇ "ਪਾਸ਼ ਦੀ ਤੁਲਨਾ ਜਗਤ ਪ੍ਰਸਿੱਧ ਲੇਖਕਾਂ: ਨਾਜ਼ਮ ਹਿਕਮਤ, ਪਾਬਲੋ ਨੈਰੂਦਾ, ਫੈਜ਼ ਅਹਿਮਦ ਫੈਜ਼, ਗਾਰਸ਼ੀਆ ਲੋਰਕਾ, ਮੈਕਸਿਮ ਗੋਰਕੀ, ਰੈਲਫ਼ ਫਾਕਸ, ਕ੍ਰਿਸਟੋਫਰ ਕਾਡਵੈੱਲ, ਆਸਤਰੋਵਸਕੀ, ਮੁਕਤੀਬੋਧ ਅਤੇ ਧੂਮਿਲ ਨਾਲ ਹੋਣ ਲੱਗ ਪਈ ਹੈ।"

ਪਾਸ਼ ਦੀ ਕਵਿਤਾ ਸਿੱਧੇ ਤੌਰ 'ਤੇ ਨਕਸਲਵਾੜੀ ਲਹਿਰ ਦੇ ਪ੍ਰਭਾਵ ਅਧੀਨ ਸਿਰਜੀ ਮੰਨੀ ਜਾਂਦੀ ਹੈ। ਪਰ ਇਸਦਾ ਮਤਲਬ ਇਹ ਨਹੀਂ ਕਿ ਪਾਸ਼ 'ਕਵੀ' ਇਸ ਲਹਿਰ ਦੇ ਪ੍ਰਭਾਵ ਅਧੀਨ ਹੀ ਬਣਿਆ। ਉਹ ਮਨੁੱਖ (ਕਵੀ) ਵਧੇਰੇ ਸੰਜੀਦਾ, ਚਿੰਤਨਸ਼ੀਲ, ਭਾਵੁਕ ਹੁੰਦਾ ਹੈ ਜੋ ਆਮ ਮਨੁੱਖਾਂ ਦੇ ਮੁਕਾਬਲੇ ਜ਼ਿੰਦਗੀ ਦੇ ਹਰ ਪਲ/ਘਟਨਾ ਨੂੰ ਵਿਸ਼ੇਸ਼/ਵਿਲੱਖਣ ਦ੍ਰਿਸ਼ਟੀ ਤੋਂ ਵੇਖਦਾ ਹੈ। ਇਸੇ ਤਰ੍ਹਾਂ ਪਾਸ਼ ਖ਼ੁਦ ਇੱਕ ਮੁਲਾਕਾਤ ਵਿੱਚ ਆਪਣੇ ਕਵੀ ਆਪੇ ਨੂੰ ਪ੍ਰਗਟਾਉਂਦਾ ਹੋਇਆ ਦਸਦਾ ਹੈ:

"ਕਵੀ ਦੇ ਤੌਰ 'ਤੇ ਜਦੋਂ ਮੈਂ ਦੁਨੀਆਂ ਨੂੰ ਅਨੁਭਵ ਕਰਨ ਲੱਗ ਪਿਆ ਤਾਂ ਮੈਨੂੰ ਹਰ ਚੀਜ਼, ਹਰ ਪਾਸੇ ਕਵਿਤਾ ਹੀ ਮਹਿਸੂਸ ਹੋਈ ... ਸੂਰਜ ਦੇ ਚੜ੍ਹਨ ਵਿੱਚ ਵੀ-ਡੁੱਬਣ ਵਿੱਚ ਵੀ, ਕਪਾਹਾਂ ਦੇ ਖਿੜੇ ਰਹਿਣ ਵਿੱਚ ਵੀ ਚੁਗੇ ਜਾਣ ਵਿੱਚ ਵੀ, ਭੱਦੇ ਜਾਨਵਰਾਂ ਦੀਆਂ ਆਵਾਜਾਂ ਵਿੱਚ ਵੀ, ਬਿੱਲੀ ਦੀ ਵਿਹੜੇ ਵਿੱਚ ਲੱਗੀ ਪੈੜ ਵਿੱਚ ਵੀ...।"

ਨਕਸਲਬਾੜੀ ਲਹਿਰ ਨਾਲ ਜੁੜੇ ਹੋਣ ਕਰਕੇ ਇਕ ਗੱਲ ਤਾਂ ਜ਼ਰੂਰ ਵਾਪਰੀ ਕਿ ਪਾਸ਼ ਨੇ ਆਪਣੀ ਕਾਵਿਕ ਦ੍ਰਿਸ਼ਟੀ ਦਾ ਵਿਚਾਰਧਾਰਕ ਆਧਾਰ ਮਾਰਕਸਵਾਦ ਨੂੰ ਬਣਾਇਆ, ਜਿਸ ਉਪਰ ਇਹ ਲਹਿਰ ਉਸਰੀ ਸੀ। ਏਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਲਹਿਰ ਨਾਲ ਜੁੜਨ ਤੋਂ ਪਹਿਲਾਂ ਹੀ 1964 ਵਿਚ ਪਾਸ਼ ਦੀ "ਖੱਬੇ ਪੱਖੀ ਰਾਜਨੀਤਿਕ ਕਾਰਕੁਨਾਂ ਨਾਲ ਮੇਲ-ਜੋਲ ਦੀ ਸ਼ੁਰੂਆਤ" ਹੋ ਗਈ ਸੀ ਤੇ ਨਕਸਲਬਾੜੀ ਲਹਿਰ ਦੇ ਉਭਰਨ ਤੋਂ ਪਹਿਲਾਂ ਹੀ ਪਾਸ਼ ਨਿਸ਼ਚਿਤ ਤੌਰ 'ਤੇ ਮਾਰਕਸਵਾਦ ਤੋਂ ਜਾਣੂੰ ਹੋ ਗਿਆ ਹੋਵੇਗਾ।

ਸਤੰਬਰ 1978 ਵਿਚ ਪਾਸ਼ ਦਾ ਤੀਜਾ ਤੇ ਆਖਰੀ ਕਾਵਿ-ਸੰਗ੍ਰਹਿ 'ਸਾਡੇ ਸਮਿਆਂ ਵਿਚ' ਛਪਦਾ ਹੈ। ਨਕਸਲਬਾੜੀ ਲਹਿਰ ਦੇ ਮੱਠੇ ਪੈ ਜਾਣ ਨਾਲ ਇਹ ਕਵਿਤਾ ਪਹਿਲੀਆਂ ਕਵਿਤਾਵਾਂ ਦੇ ਮੁਕਾਬਲੇ ਬਾਹਰਮੁਖੀ ਯਥਾਰਥ ਦਾ ਵਿਸ਼ਲੇਸ਼ਣ ਕਰਨ ਦੇ ਨਾਲ-ਨਾਲ ਅੰਤਰ-ਮੁਖੀ ਯਥਾਰਥ ਦੇ ਪਾਸਾਰਾਂ ਵੱਲ ਵੀ ਪਰਤਦੀ ਹੈ। "ਇਸ ਦੀਆਂ 28 ਕਵਿਤਾਵਾਂ ਅਜੋਕੇ ਸਮਿਆਂ ਦੀ ਕੁਲ ਵਾਸਤਵਿਕਤਾ ਦਾ ਕਾਵਿਕ ਦਸਤਾਵੇਜ਼ ਪ੍ਰਸਤੁਤ ਕਰਦੀਆਂ ਜਾਪਦੀਆਂ ਹਨ। ਇਹਨਾਂ ਦਾ ਕਾਵਿ ਪ੍ਰਵਚਨ ਜੀਵਨ ਦੀਆਂ ਪ੍ਰਕਿਰਿਆਵਾਂ, ਸੰਸਥਾਵਾਂ, ਰੀਤੀ ਰਿਵਾਜਾਂ, ਮਾਣਤਾਵਾਂ ਤੇ ਵੈਰ-ਵਿਰੋਧਾਂ ਨੂੰ ਆਪਣੇ ਵਿਚ ਢਾਲਦਾ ਚਲਿਆ ਜਾਂਦਾ ਹੈ।"

ਇਸ ਕਾਵਿ-ਸੰਗ੍ਰਹਿ ਵਿਚ ਪਾਸ਼ ਪੇਂਡੂ-ਯਥਾਰਥ ਨੂੰ ਹੋਰ ਵਧੇਰੇ ਬਾਰੀਕੀ ਨਾਲ ਪੇਸ਼ ਕਰਦਾ ਹੈ ਓਥੇ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਰਾਸ਼ਟਰੀ/ਅੰਤਰ-ਰਾਸ਼ਟਰੀ ਸਥਿਤੀਆਂ ਨੂੰ ਵੀ ਪੇਸ਼ ਕਰਦੀਆਂ ਹਨ। 'ਐਮਰਜੈਂਸੀ ਲੱਗਣ ਤੋਂ ਬਾਅਦ', 'ਆਪਣੀ ਅਸੁਰੱਖਿਅਤਾ ਚੋਂ', 'ਸਾਡੇ ਸਮਿਆਂ ਵਿਚ' ਤੇ 'ਤੀਸਰਾ ਮਹਾਂ ਯੁੱਧ' ਸਮਕਾਲੀ ਰਾਜਸੀ ਪ੍ਰਸਥਿਤੀਆਂ ਨਾਲ ਸਿੱਧਾ ਸੰਵਾਦ ਰਚਾਉਂਦੀਆਂ ਹਨ।

ਇਹ ਸਭ ਕੁਝ ਸਾਡੇ ਹੀ ਸਮਿਆਂ 'ਚ ਹੋਣਾ ਸੀ

ਕਿ ਸਮੇਂ ਨੇ ਖੜ ਜਾਣਾ ਸੀ ਹੰਭੀ ਹੋਈ ਜੋਗ ਵਾਂਗ

..................

ਗਰੀਬ ਦੀ ਧੀ ਵਾਂਗ ਵਧ ਰਿਹਾ

ਇਸ ਦੇਸ਼ ਦੇ ਸਨਮਾਨ ਦਾ ਬੂਟਾ

ਸਾਡੇ ਰੋਜ਼ ਘਟਦੇ ਕੱਦਾਂ ਦਿਆਂ ਮੋਰਾਂ 'ਤੇ ਹੀ ਉੱਗਣਾ ਸੀ

.................. (ਸੰਪੂਰਨ ਪਾਸ਼ ਕਾਵਿ/180)

ਤੀਸਰਾ ਮਹਾਂ-ਯੁੱਧ

ਜੋ ਨਹੀਂ ਲੜਿਆ ਜਾਏਗਾ ਹੁਣ

ਜਰਮਨੀ ਤੇ ਭਾੜੇ ਦੀਆਂ ਫੌਜਾਂ ਵਿਚਾਲੇ

ਤੀਸਰਾ ਮਹਾਂ ਯੁੱਧ ਹਿੱਕਾਂ 'ਚ ਖੁਰ ਰਹੀ

ਜੀਣ ਦੀ ਬਾਦਸ਼ਾਹਤ ਲੜੇਗੀ

..................

ਤੀਸਰਾ ਮਹਾਂ ਯੁੱਧ ਉਸ ਸਹਿਮ ਦੇ ਖਿਲਾਫ਼ ਲੜਿਆ ਜਾਏਗਾ

ਜਿਦ੍ਹਾ ਅਕਸ ਮੇਰੀ ਦੰਦੀਆਂ ਕੱਢਦੀ ਧੀ ਦੀਆਂ ਅੱਖਾਂ 'ਚ ਹੈ

.................. (ਸੰਪੂਰਨ ਪਾਸ਼ ਕਾਵਿ/157)

ਪਾਸ਼ ਸਮਾਜ ਦੇ ਜਮਾਤੀ ਘੋਲ ਦੇ ਨਾਲ-ਨਾਲ ਜਮਾਤ ਅੰਦਰਲੀਆਂ ਜਮਾਤਾਂ ਦੀ ਵੀ ਬਾਤ ਪਾਉਂਦਾ ਹੈ। ਖਾਸਕਰ ਜਦੋਂ ਉਹ ਔਰਤ ਦੇ ਦਮਿਤ ਚਰਿਤਰ ਨੂੰ ਚਿਤਰਦਾ ਹੈ। ਔਰਤ ਦੇ ਜੀਵਨ ਦੀਆਂ ਦੁਸ਼ਵਾਰੀਆਂ ਨੂੰ ਪੇਸ਼ ਕਰਦੀਆਂ ਕਵਿਤਾਵਾਂ 'ਹੈ ਤਾਂ ਬੜਾ ਅਜੀਬ', 'ਆਸ਼ਕ ਦੀ ਅਹਿੰਸਾ' ਅਤੇ 'ਚਿੜੀਆਂ ਦਾ ਚੰਬਾ' ਕਿਸੇ ਕਵਿਤਰੀ ਦੁਆਰਾ ਔਰਤ ਅਨੁਭਵ ਬਾਰੇ ਲਿਖੀਆਂ ਕਵਿਤਾਵਾਂ ਤੋਂ ਵੀ ਵਧੀਆ ਹਨ। ਇਸ ਤੋਂ ਬਿਨਾਂ ਪਾਸ਼ ਨੇ 'ਜੋਗਾ ਸਿੰਘ ਦੀ ਸਵੈ ਪੜਚੋਲ', 'ਛੰਨੀ', 'ਚਿੜੀਆਂ ਦਾ ਚੰਬਾ' ਤੇ 'ਕਲਾਮ ਮਿਰਜ਼ਾ' ਕਵਿਤਾਵਾਂ ਰਾਹੀਂ ਉਹਨਾਂ ਲੋਕ-ਧਾਰਾਈ ਬਿੰਬਾਂ ਦਾ ਵਿਸਫੋਟ ਕੀਤਾ ਹੈ ਜੋ ਭਰਮਤ ਯਥਾਰਥ ਸਿਰਜਦੇ ਹਨ।

ਪਰ ਸ਼ਾਇਦ ਹੁਣ

ਸਾਰਾ ਕੁਝ ਪਹਿਲਾਂ ਜਿਹਾ ਨਾ ਹੋਵੇ

ਹੋ ਸਕਦੈ ਕਿ ਤੈਨੂੰ ਕੱਢਣ ਤੋਂ ਪਹਿਲਾਂ

ਮੈਨੂੰ ਰੋਟੀ ਉਧਾਲ ਲਏ

ਤੇ ਜਾਂ ਮੈਂ ਜੰਡ ਦੀ ਬਜਾਏ ਕਿਸੇ ਕੁਰਸੀ ਦੇ ਥੱਲੇ

ਜਾਗਦਾ ਹੀ ਵੱਢ ਦਿੱਤਾ ਜਾਵਾਂ ...

.................. (ਸੰਪੂਰਨ ਪਾਸ਼ ਕਾਵਿ/162-163)

ਇਸ ਕਾਵਿ-ਸੰਗ੍ਰਹਿ 'ਚ ਸ਼ਾਮਿਲ 'ਮੈਂ ਹੁਣ ਵਿਦਾ ਹੁੰਦਾ ਹਾਂ' ਪਿਆਰ ਅਨੁਭਵ ਦੀ ਬਿਹਤਰੀਨ ਕਵਿਤਾ ਹੈ। 'ਕੱਲ੍ਹ' ਤੇ 'ਅੱਜ ਦਾ ਦਿਨ' ਕਵਿਤਾਵਾਂ ਸਮਾਜਿਕ ਖੜੋਤ ਤੇ ਨਿਘਾਰ ਵਾਲੀਆਂ ਸਥਿਤੀਆਂ ਦਾ ਮਾਰਮਿਕ ਚਿਤਰਣ ਹਨ। ਪਾਸ਼ ਕਿਸੇ ਕਿਸਮ ਦਾ ਸਮਝੌਤਾ ਨਹੀਂ ਕਰਨਾ ਚਾਹੁੰਦਾ ਅਤੇ 'ਪ੍ਰਤੀਬੱਧਤਾ' ਨਾਲ 'ਸੱਚੀ ਮੁੱਚੀ' ਦਾ ਬਦਲਾਅ ਚਾਹੁੰਦਾ ਹੈ। ਇਸੇ ਲਈ ਉਹ 'ਯੁੱਧ ਤੇ ਸ਼ਾਂਤੀ' ਦੇ ਅਰਥਾਂ ਨੂੰ ਨਵੇਂ ਸਿਰੇ ਤੋਂ ਦੇਖਦਾ ਹੈ:

ਅਸੀਂ ਐਵੇਂ ਮੁੱਚੀਂ ਦਾ ਕੁਝ ਵੀ ਨਹੀਂ ਚਾਹੁੰਦੇ

ਤੇ ਅਸੀਂ ਸਾਰਾ ਕੁਝ ਸੱਚੀ ਮੁੱਚੀਂ ਦਾ ਦੇਖਣਾ ਚਾਹੁੰਦੇ ਹਾਂ

ਜ਼ਿੰਦਗੀ, ਸਮਾਜਵਾਦ ਜਾਂ ਕੁਝ ਵੀ ਹੋਰ ...

.................. (ਸੰਪੂਰਨ ਪਾਸ਼ ਕਾਵਿ/135)

ਅਸੀਂ ਜਿਨ੍ਹਾਂ ਨੇ ਯੁੱਧ ਨਹੀਂ ਕੀਤਾ

ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ

ਉਂਜ ਅਸੀਂ ਸਦਾ ਸਾਊ ਬਣਨਾ ਲੋਚਦੇ ਰਹੇ

ਅਸੀਂ ਦੋ ਰੋਟੀਆਂ ਤੇ ਮਾੜੀ ਜਿਹੀ ਰਜਾਈ ਬਦਲੇ

ਯੁੱਧ ਦੇ ਆਕਾਰ ਨੂੰ ਸੰਗੋੜਨਾ ਚਾਹਿਆ

ਅਸੀਂ ਬੇਅਣਖੀ ਦੀਆਂ ਤੰਦਾਂ 'ਚ ਅਮਨ ਵਰਗਾ ਕੁਝ ਉਣਦੇ ਰਹੇ

.................. (ਸੰਪੂਰਨ ਪਾਸ਼ ਕਾਵਿ/148)

ਇਸ ਕਾਵਿ-ਸੰਗ੍ਰਹਿ ਦੀ ਵਿਸ਼ੇਸ਼ਤਾ ਸਵੈ-ਪੜਚੋਲ ਹੈ,। "ਪਾਸ਼ ਦੀ ਤੀਸਰੇ ਦੌਰ ਦੀ ਕਾਵਿਕ ਸੰਵੇਦਨਾ ਉਸ ਨੰਗੇ ਤੇ ਜ਼ਖ਼ਮੀ ਸੱਚ ਦਾ ਇਕਬਾਲੀਆ ਬਿਆਨ ਹੈ, ਜਿੱਥੇ ਉਹ ਵਿਰੋਧੀ ਜਮਾਤੀ ਧਿਰ ਨਾਲੋਂ ਵੱਧ ਤਥਾਕਥਿਤ ਆਪਣੀ ਕ੍ਰਾਂਤੀਕਾਰੀ ਧਿਰ ਨਾਲ ਸੰਵਾਦ ਰਚਾਉਣ ਲਈ ਮਜ਼ਬੂਰ ਹੈ।"

ਪਿਆਰੇ ਕਾਮਰੇਡ, ਮੇਰੀ ਬੰਧਨਾ ਹੈ

ਆਪਣੇ ਦੋਹਾਂ ਦੇ ਜਿਸਮ 'ਚ

ਪਲ ਪਲ ਵਾਪਰ ਰਹੇ ਸ਼ਮਸ਼ਾਨ ਨੂੰ।

..................

ਕਾਮਰੇਡ, ਇਹ ਬੁਰਜੁਆਜ਼ੀ--ਜਾਣਦੈਂ?

ਸ਼ਰਾਬ ਵਾਂਗ ਪੁਰਾਣੀ ਹੋ ਗਈ ਹੈ,

ਤੇ ਅਸੀਂ ਮਾਸ ਦੇ ਟੁਕੜੇ ਵਾਂਗ।

...................

ਤੈਨੂੰ ਪਤਾ ਨਹੀਂ ਹੈ ਕਾਮਰੇਡ

ਤੂੰ ਸ਼ਬਦਾਂ ਨੂੰ ਕੀ ਕਰ ਦਿੱਤਾ ਹੈ

...................

ਕਾਮਰੇਡ ਕੀ ਬਣੇਗਾ ਉਸ ਦਿਨ

ਜੇ ਕਦੀ ਰਾਜ ਸੱਤਾ ਖੋਹਣ ਦੀ ਹਸਰਤ ਨੂੰ

ਇੰਜ ਤੱਕਣਾ ਪਿਆ,

ਜਿਵੇਂ ਕੋਈ ਬਿਰਧ ਜੋੜੀ ਹਾਰੇ ਗਏ ਅੰਗਾਂ 'ਚੋਂ

ਲੋਚੇ ਚੰਦਰਮਾ ਫੜਨਾ

ਜੋ ਮੁਕਲਾਵੇ ਦੇ ਪਹਿਲੇ ਤੜਕੇ ਅੰਦਰ ਅਸਤ ਹੋਇਆ ਸੀ

...................

ਕਾਮਰੇਡ, ਤੂੰ ਹਾਰ ਗਿਆਂ ਨੂੰ ਨਫ਼ਰਤ ਕਰਨੀ ਸਿੱਖੀ ਹੈ

ਉਨ੍ਹਾਂ ਨੂੰ ਤੂੰ ਜਾਣਦਾ ਵੀ ਨਹੀਂ

ਜੋ ਕੇਵਲ ਜਿੱਤ ਨਹੀਂ ਸਕੇ

................... (ਸੰਪੂਰਨ ਪਾਸ਼ ਕਾਵਿ/188-189)

ਪਾਸ਼ ਦੀ ਕਵਿਤਾ ਨੇ ਨਿਰੰਤਰ ਵਿਕਾਸ ਕੀਤਾ ਹੈ। ਉਸਦੀ ਸਮੁੱਚੀ ਕਵਿਤਾ ਅੰਦਰ ਕ੍ਰਾਂਤੀ ਲਈ ਤੜਪ/ਤਾਂਘ ਹੈ। ਜਿਥੇ ਪਹਿਲੇ ਕਾਵਿ-ਸੰਗ੍ਰਹਿ ਵਿਚ ਹਥਿਆਰਬੰਦ ਹੋਣ ਦਾ ਸੱਦਾ ਹੈ ਜੋ ਅਖੀਰਲੇ ਕਾਵਿ-ਸੰਗ੍ਰਹਿ ਤੱਕ ਵੀ ਜ਼ਾਰੀ ਰਹਿੰਦਾ ਹੈ, ਓਥੇ ਦੂਜੇ ਕਾਵਿ-ਸੰਗ੍ਰਹਿ ਵਿਚ ਪਾਸ਼ ਸਭਿਆਚਾਰਕ ਕ੍ਰਾਂਤੀ ਦੀ ਲੋੜ ਵੀ ਮਹਿਸੂਸ ਕਰਨ ਲੱਗਦਾ ਹੈ ਅਤੇ ਤੀਜੇ ਕਾਵਿ-ਸੰਗ੍ਰਹਿ ਵਿਚ ਕਾਵਿ-ਪਾਸਾਰਾਂ 'ਚ ਵਾਧਾ ਕਰਦਾ ਹੋਇਆ ਸਵੈ-ਪੜਚੋਲ ਰਾਹੀਂ ਪ੍ਰਸਥਿਤੀਆਂ ਦਾ ਮਾਰਮਿਕ ਵਿਸ਼ਲੇਸ਼ਣ ਕਰਦਾ ਹੈ।

ਆਧੁਨਿਕ ਪੰਜਾਬੀ ਕਾਵਿ ਵਿਚ ਪੇਂਡੂ ਜੀਵਨ ਦੇ ਬਿੰਬਾਂ ਰਾਹੀਂ ਜਿਵੇਂ ਯਥਾਰਥ ਦੀ ਪੇਸ਼ਕਾਰੀ ਪਾਸ਼ ਨੇ ਕੀਤੀ, ਹੋਰ ਕੋਈ ਕਵੀ ਨਹੀਂ ਕਰ ਸਕਿਆ। ਪਿੰਡ ਦੇ ਜੀਵਨ ਦੇ ਹਰ ਅਨੁਭਵ ਨਾਲ ਉਹ ਜੁੜਿਆ ਹੋਇਆ ਲੱਗਦਾ ਹੈ। ਇਹ ਗੱਲ ਪਾਸ਼-ਕਾਵਿ ਦੇ ਸੰਚਾਰ ਪੱਖੋਂ ਬਹੁਤ ਵੱਡਾ ਗੁਣ ਹੈ, ਜਿਸ ਨਾਲ ਉਹਦੀ ਗੱਲ ਆਮ ਪਾਠਕ ਤੱਕ ਸਰਲ ਅਤੇ ਸਪੱਸ਼ਟ ਢੰਗ ਨਾਲ ਪਹੁੰਚ ਜਾਂਦੀ ਹੈ। "ਪੂਰਵ ਪਾਸ਼ ਆਧੁਨਿਕ ਪੰਜਾਬੀ ਕਵਿਤਾ ਵਿਚ ਪੇਂਡੂ ਕਿਸਾਨੀ ਦੀ ਸਿੱਧੀ ਨਿਰਛਲ ਜ਼ਿੰਦਗੀ ਨੂੰ ਰੁਮਾਂਸਵਾਦੀ ਨਜ਼ਰੀਏ ਤੋਂ ਚਿਤਰਦਿਆਂ ਸਭ ਨੂੰ ਰੋਟੀ ਦੇਣ ਵਾਲੇ ਦਾਤੇ ਦਾ ਬਿੰਬ ਸਿਰਜਿਆ ਜਾਂਦਾ ਸੀ ਜੋ ਸਖਤ ਸਰੀਰਕ ਮਿਹਨਤ ਕਰਕੇ ਸਭ ਦਾ ਢਿਡ ਭਰਦਾ ਸੀ ਜਾਂ ਵੱਧ ਤੋਂ ਵੱਧ ਆਮ ਆਰਥਿਕ ਤੰਗੀਆਂ ਦਾ ਵਿਸ਼ੇਸ਼ ਰਾਜਸੀ ਦ੍ਰਿਸ਼ਟੀਕੋਣ ਤੋਂ ਪ੍ਰਗਟਾ ਕੀਤਾ ਜਾਂਦਾ ਸੀ। ਪਾਸ਼ ਕਾਵਿ ਵਿਚ ਪਹਿਲੀ ਵਾਰੀ ਕਿਸਾਨੀ ਜੀਵਨ ਦਾ

ਪ੍ਰਮਾਣਿਕ ਅਨੁਭਵ ਪੇਸ਼ ਹੋਇਆ ਜਿਸ ਵਿਚ ਪੇਂਡੂ ਜੀਵਨ ਦੀਆਂ ਖੁਸ਼ੀਆਂ ਅਤੇ ਗਮੀਆਂ ਨੂੰ ਠੋਸ ਸਮਾਜੀ ਹਕੀਕਤਾਂ ਅੰਦਰ ਸਮੱਗਰਤਾ ਨਾਲ ਪਕੜਿਆ ਗਿਆ ਹੈ ਅਤੇ ਉਸ ਦੇ ਅਣਖ ਭਰਪੂਰ ਸੁਹਜਮਈ ਜੀਵਨ ਜਿਉਣ ਦੀ ਤੀਬਰ ਲੋਚਾ ਨੂੰ ਤੜਪਮਈ ਵੇਗ ਵਜੋਂ ਚਿਤਰਿਆ ਗਿਆ। ਅਜਿਹਾ ਕਰਦਿਆਂ ਉਸ ਨੇ ਕਿਸਾਨੀ ਜੀਵਨ ਨੂੰ ਰੋਮਾਂਸਵਾਦੀ ਧੁੰਦ ਦੀ ਥਾਂ ਯਥਾਰਥ ਦੀ ਧੁੱਪ ਵਿਚ ਦੇਖਿਆ।"

ਪਾਸ਼-ਕਾਵਿ ਸਮੇਂ ਨਾਲ ਸੰਵਾਦ ਰਚਾਉਂਦਾ ਹੈ। ਪਰੰਪਰਾ/ਮਿੱਥਾਂ ਪਿੱਛੇ ਛੁਪੇ ਕਰੂਰ/ਭਰਮਤ ਯਥਾਰਥ ਨੂੰ ਨੰਗਾ ਕਰਦਾ ਹੈ ਅਤੇ ਵਿਅੰਗ ਦੀ ਵਿਧੀ ਰਾਹੀਂ ਯਥਾਰਥ ਦੀਆਂ ਪਰਤਾਂ ਫਰੋਲਦਾ ਹੈ। ਉਸਦੀ ਸੰਬੋਧਨੀ ਸ਼ੈਲੀ ਪਾਠਕ ਨੂੰ ਵਧੇਰੇ ਝੰਜੋੜਦੀ ਹੈ।

ਪਾਸ਼ ਦੀ ਕਵਿਤਾ ਦੀ ਮੁਖ ਸੁਰ ਕ੍ਰਾਂਤੀ ਦੀ ਤਾਂਘ/ਤੜਪ ਰਹੀ ਹੈ ਚਾਹੇ ਇਸ ਨੂੰ ਪੇਸ਼ ਕਰਨ ਲਈ ਉਸਨੇ ਕਿਸਾਨੀ ਅਨੁਭਵਾਂ ਨੂੰ ਵਰਤਿਆ, ਰਾਜਸੀ ਸਥਿਤੀਆਂ ਨੂੰ ਚਿਤਰਿਆ, ਸਥਾਪਤੀ ਦਾ ਵਿਰੋਧ ਕੀਤਾ, ਚਾਹੇ ਯੁੱਧ ਜਾਂ ਸ਼ਾਂਤੀ ਦੇ ਅਰਥ ਬਦਲੇ। ਪਾਸ਼ ਆਪਣੀ ਕਵਿਤਾ ਵਿਚ ਫਿਰਕਾਪ੍ਰਸਤ ਅਤੇ ਲੋਟੂ ਤਾਕਤਾਂ ਦਾ ਡਟ ਕੇ ਵਿਰੋਧ ਕਰਦਾ ਹੈ।

"ਪਾਸ਼ ਖੁਲ੍ਹੀ ਕਵਿਤਾ ਦਾ ਬਾਦਸ਼ਾਹ ਸੀ।" ਉਸਦੀ ਖੁਲ੍ਹੀ ਕਵਿਤਾ ਹੀ ਪਾਠਕਾਂ ਦੀ ਜ਼ੁਬਾਨ 'ਤੇ ਛੰਦ-ਬੱਧ ਕਵਿਤਾ ਵਾਂਗੂੰ ਚੜ੍ਹ ਜਾਂਦੀ ਹੈ, ਭਾਵੇਂ ਕਿ ਉਸਨੇ ਕੁਝ ਗੀਤ ਤੇ ਗ਼ਜ਼ਲਾਂ ਦੀ ਰਚਨਾ ਵੀ ਕੀਤੀ।

## ਸਾਰ-ਅੰਸ਼:

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਪਾਸ਼ ਦੀ ਕਵਿਤਾ ਵਿਚਾਰਧਾਰਕ ਤੌਰ 'ਤੇ ਮਾਰਕਸਵਾਦ ਤੋਂ ਪ੍ਰੇਰਿਤ ਅਤੇ ਤਤਕਾਲੀ ਤੌਰ 'ਤੇ ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਸੀ ਪਰ ਉਹਦੇ ਅੰਦਰ ਇਸ ਵਿਚਾਰਧਾਰਾ ਅਤੇ ਲਹਿਰ ਦਾ ਵਿਥ 'ਤੇ ਖਲੋ ਕੇ ਵਿਸ਼ਲੇਸ਼ਣ ਕਰਨ ਦੀ ਹਿੰਮਤ ਸੀ। ਉਸਦੀ ਕਵਿਤਾ ਜਮਾਤੀ ਵਖਰੇਵਿਆਂ ਤੋਂ ਵੀ ਅਗਾਂਹ ਜਮਾਤਾਂ ਦੀਆਂ ਅੰਦਰੂਨੀ ਪਰਤਾਂ ਫਰਲੋਦੀ ਹੈ। ਪੇਂਡੂ ਜੀਵਨ ਦੇ ਬਿੰਬਾਂ, ਵਿਅੰਗ, ਸੰਬੋਧਨੀ ਸੁਰ ਅਤੇ ਮਿੱਥ ਭੰਜਨ ਦੀਆਂ ਕਾਵਿ-ਜੁਗਤਾਂ ਨੇ ਪਾਸ਼-ਕਾਵਿ-ਪ੍ਰਵਚਨ ਨੂੰ ਹੋਰ ਵਧੇਰੇ ਤੀਖਣ ਤੇ ਪ੍ਰਭਾਵਸ਼ਾਲੀ ਬਣਾ ਦਿੱਤਾ। ਜਿਥੇ ਉਹ ਸਾਹਿਤਕ ਤੌਰ 'ਤੇ ਪਾਬਲੋ ਨੈਰੂਦਾ ਜਿਹੇ ਵਿਸ਼ਵ ਪ੍ਰਸਿੱਧ ਕਵੀ ਤੋਂ ਪ੍ਰਭਾਵਿਤ ਸੀ ਓਥੇ ਉਸਨੇ ਆਪਣੇ ਸਮਕਾਲੀ ਪੰਜਾਬੀ ਕਵੀਆਂ ਨਾਲ ਵੀ ਸੰਵਾਦ ਰਚਾਇਆ।

## ਮੁੱਖ/ਕੇਂਦਰੀ ਸ਼ਬਦ:

ਰਚਨਾਤਮਕ---ਰਚਨਾ ਦਾ ਕਾਰਜ

ਪ੍ਰੋਯਜਨ---ਮੰਤਵ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ



## ਸਵੈ-ਮੁਲਾਂਕਣ:

1 ਪਾਸ਼ ਦਾ ਜਨਮ ਕਦੋਂ ਹੋਇਆ?

ੳ 1950

ਅ 1951

ੲ 1952

ਸ 1953

2 ਪਾਸ਼ ਦੀ ਮੌਤ ਕਦੋਂ ਹੋਈ?

ੳ 1988

ਅ 1989

ੲ 1980

ਸ 1981

3 ਪਾਸ਼ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

4 ਯੁੱਗ ਕਵੀ ਵਜੋਂ ਕਿਸ ਨੂੰ ਜਾਣਿਆਂ ਜਾਂਦਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਭਾਈ ਵੀਰ ਸਿੰਘ

5 ਪਾਸ਼ ਦੀ ਪਹਿਲੀ ਪੁਸਤਕ ਦਾ ਕੀ ਨਾਂ ਸੀ?

ੳ ਲੋਹ ਕਥਾ

ਅ ਉਡਦੇ ਬਾਜਾਂ ਮਗਰ

ੲ ਸਾਡੇ ਸਮਿਆਂ ਵਿਚ

ਸ ਲੋਹੇ ਦੇ ਹੱਥ

6 ਪ੍ਰੋ. ਪੂਰਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

7 ਰਹੱਸਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

8 ਪਾਸ਼ ਦੀ ਦੂਜੀ ਪੁਸਤਕ ਦਾ ਕੀ ਨਾਂ ਸੀ?

ੳ ਲੋਹ ਕਥਾ

ਅ ਉਡਦੇ ਬਾਜਾਂ ਮਗਰ

ੲ ਸਾਡੇ ਸਮਿਆਂ ਵਿਚ

ਸ ਲੋਹੇ ਦੇ ਹੱਥ

9 ਕਿਸ ਕਾਵਿ-ਰੂਪ ਨੂੰ ਅੰਗਰੇਜ਼ੀ ਵਿਚ ਫਰੀ ਵਰਸ ਕਿਹਾ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

10 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਕੂਕਾਂ ਪੰਜਾਬ ਨੂੰ ਕਿਸ ਦੀ ਕਵਿਤਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

12 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਪਾਸ਼ ਦੀ ਤੀਜੀ ਪੁਸਤਕ ਦਾ ਕੀ ਨਾਂ ਸੀ?

ੳ ਲੋਹ ਕਥਾ

ਅ ਉਡਦੇ ਬਾਜਾਂ ਮਗਰ

ੲ ਸਾਡੇ ਸਮਿਆਂ ਵਿਚ

ਸ ਲੋਹੇ ਦੇ ਹੱਥ

## ਅਭਿਆਸ ਪ੍ਰਸ਼ਨ

1. ਪਾਸ਼ ਦੇ ਜੀਵਨ ਉਪਰ ਨੋਟ ਲਿਖੋ?
2. ਸਾਡੇ ਸਮਿਆਂ ਵਿਚ ਪੁਸਤਕ ਦੇ ਵਿਸ਼ਾਗਤ ਪੱਖ ਬਾਰੇ ਚਰਚਾ ਕਰੋ।
3. ਸਾਡੇ ਸਮਿਆਂ ਵਿਚ ਪੁਸਤਕ ਦੇ ਕਲਾਗਤ ਪੱਖ ਬਾਰੇ ਚਰਚਾ ਕਰੋ।

## ਸੰਦਰਭ ਪੁਸਤਕਾਂ:


1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.
6.


## ਮਹੱਤਵਪੂਰਨ ਲਿੰਕ

https://www.punjabi-kavita.com/AvtarSinghPash.php

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ੲ | 4. ਅ | 5. ੳ |
| 6. ੲ | 7. ਸ | 8. ਸ | 9. ੲ | 10. ਅ |
| 11.ੲ | 12. ਸ | 13. ੳ | 14. ੳ | 15. ਸ |

# ਅਧਿਆਇ-12 : ਲਫ਼ਜ਼ਾਂ ਦੀ ਦਰਗਾਹ ਪੁਸਤਕ ਦਾ ਅਧਿਐਨ

*Paramjit Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੇ ਮਹੱਤਵ ਤੋਂ ਜਾਣੂ ਹੋਣਗੇ।
- ਅਧਿਐਨ ਅਧੀਨ ਪੁਸਤਕ ਦੀਆਂ ਕਵਿਤਾਵਾਂ ਦੀ ਸਮਝ ਦੇ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸੁਰਜੀਤ ਪਾਤਰ ਅਤੇ ਉਸਦੀ ਪੁਸਤਕ ਲਫ਼ਜ਼ਾਂ ਦੀ ਦਰਗਾਹ ਬਾਰੇ ਜਾਣਕਾਰੀ ਦੇਣਾ ਹੈ। ਇਹ ਪਾਠ ਸੁਰਜੀਤ ਪਾਤਰ ਅਤੇ ਉਸਦੀ ਕਵਿਤਾ ਬਾਰੇ ਬਹੁਪੱਖੀ ਅਤੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ।

## ਵਿਸ਼ਾ ਵਸਤੂ:

ਸੁਰਜੀਤ ਪਾਤਰ (ਜਨਮ 14 ਜਨਵਰੀ 1945) ਇੱਕ ਪੰਜਾਬੀ ਸ਼ਾਇਰ ਹੈ। ਉਸਨੇ 1960ਵਿਆਂ ਵਿੱਚ ਆਪਣੀਆਂ ਕਵਿਤਾਵਾਂ ਪ੍ਰਕਾਸ਼ਿਤ ਕਰਨੀਆਂ ਸ਼ੁਰੂ ਕੀਤੀਆਂ ਸਨ ਅਤੇ ਅੱਜ ਤੱਕ ਨਿਰੰਤਰ ਕਾਵਿ-ਸਿਰਜਣਾ ਵਿੱਚ ਕਰਮਸ਼ੀਲ ਹੈ। ਉਹਦੀ ਸਖਸ਼ੀਅਤ 'ਕਵਿਤਾ ਦੀ ਵਿਆਪਕ ਸਮਾਜਿਕ ਅਪੀਲ ਤੇ ਗੰਭੀਰਤਾ' ਦਾ ਸੁੰਦਰ ਸੁਮੇਲ ਹੈ। ਆਲੋਚਕਾਂ ਨੇ ਉਸਨੂੰ ਖੂਬ ਸਰਾਹਿਆ ਹੈ। ਸਮਾਜ ਵਿੱਚ ਰਾਜਨੀਤਕ ਚੇਤਨਾ ਅਤੇ ਤਤਕਾਲੀ ਜ਼ਬਰ ਦੇ ਵਿਰੋਧ ਦੇ ਰੂਪ ਵਿੱਚ ਉਹਨਾਂ ਦੀ ਕਵਿਤਾ ਸਾਹਮਣੇ ਆਉਂਦੀ ਹੈ।

ਉਸ ਦਾ ਜਨਮ ਸੰਨ 1945 ਨੂੰ ਪੰਜਾਬ ਵਿੱਚ ਜਲੰਧਰ ਜਿਲ੍ਹੇ ਦੇ ਪਿੰਡ 'ਪੱਤੜ ਕਲਾਂ' ਵਿਖੇ ਹੋਇਆ। ਆਪਣੇ ਅਧਿਆਪਕ ਅਤੇ ਉੱਘੇ ਨਾਟਕਕਾਰ ਸੁਰਜੀਤ ਸਿੰਘ ਸੇਠੀ ਦੇ ਕਹਿਣ 'ਤੇ ਹੀ ਉਹਨਾਂ ਆਪਣੇ ਪਿੰਡ ਦੇ ਨਾਮ ਤੋਂ ਹੀ ਆਪਣਾ ਤਖ਼ੱਲਸ 'ਪਾਤਰ' ਰੱਖ ਲਿਆ, ਜਦੋਂ ਕਿ ਉਹ ਪਹਿਲਾਂ ਆਪਣੇ ਨਾਂ ਸੁਰਜੀਤ ਦੇ ਨਾਲ ਪੱਤੜ ਸ਼ਬਦ ਦੀ ਹੀ ਵਰਤੋਂ ਕਰਦੇ ਸਨ। ਪਾਤਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਦੀ ਐਮ ਏ ਅਤੇ ਗੁਰੂ ਨਾਨਕ ਦੇਵ ਯੂਨੀਵਰਿਸਟੀ, ਅੰਮ੍ਰਿਤਸਰ ਤੋਂ ਪੀ ਐਚ ਡੀ ਕੀਤੀ ਜਿਸਦਾ ਵਿਸ਼ਾ "Transformation of Folklore in Guru Nanak Vani " ਸੀ। ਇਸ ਤੋਂ ਬਾਅਦ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਅਧਿਆਪਕ ਵਜੋਂ ਨਿਯੁਕਤ ਹੋ ਗਏ ਅਤੇ ਇਥੋਂ ਹੀ ਪੰਜਾਬੀ ਦੇ ਪ੍ਰੋਫ਼ੈਸਰ ਦੇ ਤੌਰ ਤੇ ਸੇਵਾਮੁਕਤ ਹੋਏ। 2002 ਵਿਚ ਉਹ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਚੁਣੇ ਗਏ ਅਤੇ 2008 ਤੱਕ ਇਸ ਅਹੁਦੇ 'ਤੇ ਰਹਿੰਦਿਆਂ ਉਨ੍ਹਾਂ ਨੇ ਪੰਜਾਬੀ ਸਾਹਿਤ ਅਕਾਡਮੀ ਨੂੰ ਸਾਹਿਤਕ ਸਰਗਰਮੀਆਂ ਦਾ ਗੜ੍ਹ ਬਣਾ ਦਿੱਤਾ। 2013 ਵਿਚ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਪੰਜਾਬ ਸਾਹਿਤ ਅਕਾਡਮੀ, ਚੰਡੀਗੜ੍ਹ ਦਾ ਪ੍ਰਧਾਨ ਨਾਮਜ਼ੱਦ ਕੀਤਾ ਹੈ। 2013 ਵਿਚ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਰਲਡ ਸਿੱਖ ਯੂਨੀਵਰਸਿਟੀ, ਫ਼ਤਿਹਗੜ੍ਹ ਵਿਚ ਵਿਜ਼ਿਟਿੰਗ ਪ੍ਰੋਫ਼ੈਸਰ ਦੇ ਅਹੁਦੇ 'ਤੇ ਨਾਮਜ਼ਦ ਕੀਤਾ ਗਿਆ ਹੈ।

ਬਾਲ ਵਿਸ਼ਵਕੋਸ਼ ਵਿਚ ਡਾ. ਜਸਵਿੰਦਰ ਸਿੰਘ ਲਿਖਦੇ ਹਨ ਕਿ ਕੋਲਾਜ ਨਾਮੀ ਪਹਿਲਾ ਕਾਵਿ-ਸੰਗ੍ਰਹਿ ਪਾਤਰ ਨੇ ਦੋ ਮਿੱਤਰਾਂ ਨਾਲ ਰਲ ਕੇ ਛਪਵਾਇਆ । ਉਸ ਦੇ ਹਵਾ ਵਿੱਚ ਲਿਖੇ ਹਰਫ਼ , ਬਿਰਖ ਅਰਜ਼ ਕਰੇ , ਹਨੇਰੇ ਵਿੱਚ ਸੁਲਗਦੀ ਵਰਨਮਾਲਾ , ਲਫ਼ਜ਼ਾਂ ਦੀ ਦਰਗਾਹ ਅਤੇ ਸੁਰਜ਼ਮੀਨ ਪੰਜ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ । ਉਸ ਨੇ ਲੋਰਕਾ ਦੇ ਨਾਟਕ ਬਲੱਡ ਵੈਡਿੰਗ ਦਾ ਅੱਗ ਦੇ ਕਲੀਰੇ , ਯਰਮਾ ਦਾ ਸਈਓਂ ਨੀਂ ਮੈਂ , ਅੰਤ-ਹੀਣ ਤਰਕਾਲਾਂ ਅਤੇ ਯਾਂ ਜਿਰਾਦੂ ਦੇ ਨਾਟਕ ਮੈਡ ਵਿਮੈਨ ਆਫ਼ ਸਈਓ ਦਾ ਸ਼ਹਿਰ ਮੇਰੇ ਦੀ ਪਾਗਲ ਔਰਤ ਸਿਰਲੇਖ ਹੇਠ ਅਤਿਅੰਤ ਸਿਰਜਣਾਤਮਿਕ ਅਨੁਵਾਦ ਕੀਤੇ ਹਨ । ਸਦੀ ਦੀਆਂ ਤਰਕਾਲਾਂ ਉਸ ਦੁਆਰਾ ਸੰਪਾਦਤ ਕਾਵਿ ਪੁਸਤਕ ਹੈ , ਜਿਸ ਵਿੱਚ ਪ੍ਰਤਿਨਿਧ ਚਰਚਿਤ ਪੰਜਾਬੀ ਕਵੀਆਂ ਦੀਆਂ ਕਵਿਤਾਵਾਂ ਸ਼ਾਮਲ ਹਨ । ਉਸਨੂੰ ਬੇਸ਼ੁਮਾਰ ਇਨਾਮ ਸਨਮਾਨ ਮਿਲੇ ਹਨ । ਹਨੇਰੇ ਵਿੱਚ ਸੁਲਗਦੀ ਵਰਨਮਾਲਾ ਕਾਵਿ-ਸੰਗ੍ਰਹਿ ਉੱਤੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਹੈ ।

ਸੁਰਜੀਤ ਪਾਤਰ ਦਾ ਕਾਵਿ-ਸੰਸਾਰ ਪੜ੍ਹੇ ਲਿਖੇ ਨੌਜਵਾਨ ਮਨੁੱਖ ਦੇ ਖਿੰਡੇ , ਤਿੜਕੇ , ਹਨੇਰੇ , ਉਲਝੇ ਤੇ ਉਦਾਸੇ ਬਿੰਬਾਂ ਪ੍ਰਤਿਬਿੰਬਾਂ ਨਾਲ ਓਤਪੋਤ ਹੈ , ਜੋ ਆਧੁਨਿਕ ਮਨੁੱਖ ਦੀ ਅਣਇੱਛਤ , ਅਮੇਲਵੀਂ , ਖ਼ੌਫ਼ਨਾਕ ਲਾਜ਼ਮੀ ਹੋਂਦ ਤੇ ਹੋਣੀ ਹੈ । ਪਾਤਰ ਨੇ ਪੰਜਾਬੀ ਸ਼ਾਇਰੀ ਵਿੱਚ ਮਨਭਾਉਂਦੀ ਕ੍ਰਾਂਤੀ ਦੇ ਰੁਮਾਂਸ ਅਤੇ ਪਿਆਰ ਦੇ ਰੁਮਾਂਸ ਦੋਹਾਂ ਹੀ ਮਿੱਥਾਂ ਦਾ ਨਵੀਂ ਅਸਤਿਤਵਮੂਲਕ ਸੰਵੇਦਨਾ ਰਾਹੀਂ ਪੂਰੀ ਸ਼ਿੱਦਤ , ਸੰਜੀਦਗੀ , ਸਲੀਕੇ ਅਤੇ ਨਵੇਂ ਬਲਸ਼ਾਲੀ ਮਾਨਵੀ ਦਰਦੀਲੇ ਤਰਕਾਂ ਨਾਲ ਵਿਸਫ਼ੋਟ ਕੀਤਾ ।

ਸੁਰਜੀਤ ਪਾਤਰ ਕ੍ਰਾਂਤੀ ਦਾ ਮੁਦਈ ਸ਼ਾਇਰ ਹੈ । ਉਸ ਦੀ ਕਾਵਿ ਸੋਝੀ ਦਾ ਇਹ ਕੇਂਦਰੀ ਸੂਤਰ ਹੈ । ਪਾਤਰ ਦਾ ਕਾਵਿ-ਨਾਇਕ ਕ੍ਰਾਂਤੀਕਾਰੀ ਨਾਇਕ ਨਹੀਂ । ਪਾਤਰ ਦਾ ਨਾਇਕ ਅਜਿਹਾ ਕਾਵਿ-ਨਾਇਕ ਹੈ ਜੋ ਕ੍ਰਾਂਤੀ ਦਾ ਪ੍ਰਸ਼ੰਸਕ ਹੈ , ਕ੍ਰਾਂਤੀ ਦੇ ਸੁਪਨੇ ਦਾ ਹਾਮੀ ਹੈ । ਉਹ ਕ੍ਰਾਂਤੀਕਾਰੀ ਨਾਇਕ ਦੀ ਸੂਰਮਗਤੀ ਤੇ ਕੁਰਬਾਨੀ ਨੂੰ ਨਤਮਸਤਕ ਹੈ ਪਰ ਉਹ ਆਪਣਾ ਕਾਵਿ-ਨਾਇਕੀ ਚਰਿੱਤਰ ਇੱਕ ਨੌਜਵਾਨ ਸ਼ਾਇਰ ਦੇ , ਇੱਕ ਕ੍ਰਾਂਤੀਮੁਖੀ ਸ਼ਾਇਰ ਦੇ ਸੁਰਮਈ ਬੋਲਾਂ ਵਿੱਚ ਕਲਪਦਾ ਹੈ । ਮਿਸਾਲ ਵਜੋਂ ਉਸ ਦੀਆਂ ਕਾਵਿ ਪੰਕਤੀਆਂ ਵੇਖੋ :

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ,

ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ ।

ਗੀਤ ਦੀ ਮੌਤ ਇਸ ਰਾਤ ਜੇ ਹੋ ਗਈ ,

ਮੇਰਾ ਜੀਣਾ ਮੇਰੇ ਯਾਰ ਕਿੰਝ ਸਹਿਣਗੇ ।

ਕਾਲੀ ਰਾਤ ਦੀਆਂ ਫੌਜਾਂ ਨਾ ਲੜਨ ਲਈ

ਮੈਂ ਵੀ ਆ ਪਹੁੰਚਾਂ ਹਾਂ ਆਪਣਾ ਸਾਜ਼ ਲਈ ।

ਪਾਤਰ ਦੀ ਕਾਵਿਕ ਸੰਵੇਦਨਾ ਵਿੱਚ ਪ੍ਰਗਤੀ , ਪਿਆਰ ਅਤੇ ਉੱਦਾਤ ਜ਼ਿੰਦਗੀ ਦਾ ਖ਼ੂਬਸੂਰਤ , ਨਵਾਂ , ਸੁਚੱਜਾ ਤੇ ਉਚੇਰਾ ਸੰਤੁਲਨ ਹੈ । ਪਾਤਰ ਦੀ ਪਿਆਰ ਸੰਵੇਦਨਾ ਇੱਕ ਟੇਢੀ ਤਿਕੋਨ `ਤੇ ਟਿਕੀ ਹੋਈ ਹੈ । ਇਸ ਤਿਕੋਨ ਦਾ ਇੱਕ ਕੋਣ ਆਧੁਨਿਕ ਜ਼ਮਾਨੇ ਵਿੱਚ ਪਿਆਰ , ਸਨੇਹ , ਨੇੜਤਾ , ਇੱਕਸੁਰਤਾ , ਜਿਸਮੀ ਅਨੰਦ ਅਤੇ ਰੂਹਾਨੀ ਤ੍ਰਿਪਤੀ ਲਈ ਸਿਕਦੇ ਨੌਜਵਾਨ ਦਾ ਹੈ । ਪਰ ਉਸ ਦੀ ਇਸ ਸਥਿਤੀ ਦੇ ਦੂਸਰੇ ਕੋਣ ਵਿੱਚ ਕਰੂੜ ਅਤੇ ਮਾਰੂ ਸਮਾਜਿਕ ਸਿਸਟਮ ਦਾ ਉਹ ਅਮਾਨਵੀ ਸਿਲਸਿਲਾ ਹੈ , ਜਿਸਦੇ ਜੀਵਨ ਏਜੰਡੇ ਵਿੱਚੋਂ ਪਿਆਰ ਵਰਗੀ ਨਫ਼ਾਸਤੀ ਅਤੇ ਨਜ਼ਾਕਤੀ ਟੇਕ ਖ਼ਤਮ ਹੈ ਚੁੱਕੀ ਹੈ । ਇਸ ਬੇਮੇਚ ਦਹਾੜ ਦਾ ਤੀਸਰਾ ਕੋਣ ਸਿੱਕ ਅਤੇ ਅਪ੍ਰਾਪਤੀ ਤੋਂ ਉਪਜੀ ਉਸ ਉਦਾਸ ਮਨੋਸਥਿਤੀ ਦਾ ਹੈ , ਜੋ ਇਸ ਅਟਾਲਵੀਂ ਤੇ ਅਸਾਵੀਂ ਜੀਵਨ-ਜਾਚ ਦਾ ਅਹਿਮ ਪਰ ਦੁਖਾਂਤਿਕ ਪਰਿਣਾਮ ਹੈ । ਪਰ ਪਾਤਰ ਦੀ ਪਿਆਰ ਸੰਵੇਦਨਾ ਨਾ ਤਾਂ ਪਰੰਪਰਾਗਤ ਸ਼ਾਇਰਾਂ ਵਾਂਗ ਮਹਿਬੂਬਾ ਨੂੰ ਬੇਵਫ਼ਾ , ਬੇਈਮਾਨ ਜਾਂ ਅਜਿਹੇ ਹੋਰ ਲੱਕਬ ਦੇ ਕੇ ਸੰਤੁਸ਼ਟ ਹੁੰਦੀ ਹੈ ਅਤੇ ਨਾ ਹੀ ਉਹ ਆਪਣੀ ਵਫ਼ਾਈ ਦਾ ਢੰਡੋਰਾ ਪਿੱਟਦਾ ਹੈ । ਪਾਤਰ ਦਾ ਪਿਆਰ ਅਨੁਭਵ ਮੁੱਖ ਤੌਰ `ਤੇ ਵਿਯੋਗ , ਤਨਹਾਈ , ਤੜਪ , ਬੇਕਰਾਰੀ ਅਤੇ ਉਦਾਸੀ ਦਾ ਹੈ :

- ਏਨਾ ਹੀ ਬਹੁਤ ਹੈ ਕਿ ਮੇਰੇ ਖ਼ੂਨ ਨੇ ਰੁੱਖ ਸਿੰਜਿਆ

  ਕੀ ਹੋਇਆ ਜੇ ਪੱਤਿਆਂ `ਤੇ ਮੇਰਾ ਨਾਮ ਨਹੀਂ ਹੈ ।

- ਤੇਰੇ ਵਿਯੋਗ ਨੂੰ ਕਿੰਨਾ ਮੇਰਾ ਖ਼ਿਆਲ ਰਿਹਾ

  ਕੀ ਸਾਰੀ ਉਮਰ ਲੱਗਿਆ ਕਲੇਜੇ ਨਾਲ ਰਿਹਾ ।

- ਅੱਥਰੂ ਟੈਸਟ ਟਿਊਬ `ਚ ਪਾ ਕੇ ਵੇਖਾਂਗੇ

  ਕੱਲ੍ਹ ਰਾਤੀਂ ਤੂੰ ਕਿਸ ਮਹਿਬੂਬ ਨੂੰ ਰੋਇਆ ਸੀ ।

- ਰਾਹਾਂ `ਚ ਕੋਈ ਹੋਰ ਹੈ ਚਾਹਾਂ `ਚ ਕੋਈ ਹੋਰ

  ਬਾਹਾਂ `ਚ ਕਿਸੇ ਹੋਰ ਦੀਆਂ ਬਿਖਰੇ ਪਏ ਨੇ ।

- ਮੈਂ ਬਿਰਖ ਬਣ ਗਿਆ ਸਾਂ ਉਹ ਪੌਣ ਹੋ ਗਈ ਸੀ

  ਕਿੱਸਾ ਹੈ ਸਿਰਫ਼ ਏਨਾ ਆਪਣੀ ਤਾਂ ਆਸ਼ਕੀ ਦਾ ।

- ਕਦੀ ਬੰਦਿਆਂ ਦੇ ਵਾਂਗ ਸਾਨੂੰ ਮਿਲਿਆ ਵੀ ਕਰ

  ਐਵੇਂ ਲੰਘ ਜਾਨੈ ਪਾਣੀ ਕਦੇ ਵਾ ਬਣ ਕੇ ।

ਪਾਤਰ ਸੁਚਾਰੂ ਰਾਜਨੀਤਿਕ ਅਤੇ ਜ਼ੁੰਮੇਵਾਰ ਇਤਿਹਾਸਿਕ ਸੋਝੀ ਨਾਲ ਵਰੋਸਾਇਆ ਹੋਇਆ ਸ਼ਾਇਰ ਹੈ । ਇਤਿਹਾਸ ਖ਼ਾਸ ਕਰ ਗੌਰਵਸ਼ਾਲੀ ਸੱਭਿਆਚਾਰਿਕ ਅਵਚੇਤਨ ਉਸ ਦੇ ਕਾਵਿ ਵਿੱਚ ਇੱਕ ਸ਼ਕਤੀਸ਼ਾਲੀ ਧਾਰਾ ਵਜੋਂ ਪ੍ਰਵਾਹਿਤ ਹੈ । ਇਸ ਵਿੱਚੋਂ ਪਾਤਰ ਆਪਣੀ ਕਾਵਿ- ਸੋਝੀ ਪੁਸ਼ਟ ਕਰਦਾ ਹੈ । ਸ਼ਿਵ , ਗੌਤਮ , ਕ੍ਰਿਸ਼ਨ , ਕਬੀਰ , ਗੁਰੂ ਨਾਨਕ ਦੇਵ , ਗੁਰੂ ਗੋਬਿੰਦ ਸਿੰਘ , ਵਾਰਿਸ ਸ਼ਾਹ ਉਸ ਦੀ ਸੱਭਿਆਚਾਰਿਕ ਇਤਿਹਾਸਿਕ ਸਿਮਰਤੀ ਦਾ ਪ੍ਰਾਣਵੰਤ ਸ੍ਰੋਤ ਹਨ । ਸਮਕਾਲੀ ਰਾਜਨੀਤਿਕ ਲਹਿਰਾਂ ਵਿੱਚੋਂ ਪਹਿਲੇ ਦੌਰ ਦੀ ਕਵਿਤਾ ਵਿੱਚ ਨਕਸਲਬਾੜੀ ਲਹਿਰ ਦੀ ਪ੍ਰਤਿਧੁਨੀ ਬਹੁਤ ਸਾਰੀਆਂ ਕਵਿਤਾਵਾਂ ਤੇ ਗ਼ਜ਼ਲਾਂ ਵਿੱਚ ਗੂੰਜਦੀ ਹੈ । ਨਕਸਲਬਾੜੀ ਲਹਿਰ ਦਾ ਉਹ ਮੁਕਤ ਮਨ ਨਾਲ ਮੁੱਦਈ ਹੈ :

- ਮੇਰੇ ਯਾਰ ਜੋ ਇਸ ਆਸ ਤੇ ਮਰ ਗਏ

  ਕਿ ਮੈਂ ਉਹਨਾਂ ਦੇ ਦੁੱਖ ਦਾ ਬਣਾਵਾਂਗਾ ਗੀਤ

  ਜੇ ਮੈਂ ਕੁਝ ਨਾ ਕਿਹਾ ਜੇ ਮੈਂ ਚੁਪ ਹੀ ਰਿਹਾ

  ਬਣ ਕੇ ਰੂਹਾਂ ਸਦਾ ਭਟਕਦੇ ਰਹਿਣਗੇ...

- ਯਾਰੋ ਐਸਾ ਕੋਈ ਨਿਜ਼ਾਮ ਨਹੀਂ

  ਜਿਥੇ ਸੂਲੀ ਦਾ ਇੰਤਜ਼ਾਮ ਨਹੀਂ ।

ਪਾਤਰ ਨੇ ਕਵਿਤਾ , ਗੀਤ ਅਤੇ ਗ਼ਜ਼ਲ ਤਿੰਨੋਂ ਕਾਵਿ ਰੂਪਾਕਾਰਾਂ ਵਿੱਚ ਰਚਨਾ ਕੀਤੀ ਹੈ । ਉਸ ਦੀ ਕਵਿਤਾ ਖੁੱਲ੍ਹੀ ਕਵਿਤਾ ਦੀ ਰੂਪਾਕਾਰਕ ਸੰਰਚਨਾ ਦੀ ਧਾਰਨੀ ਹੁੰਦੀ ਹੋਈ ਵੀ ਕਾਵਿਕ ਰਿਦਮ , ਰਵਾਨਗੀ ਅਤੇ ਮੁਕਤ ਤੁਕਾਂਤ ਦਾ ਖ਼ੂਬਸੂਰਤ ਨਮੂਨਾ ਹੈ । ਇਹ ਗੁਲਾਈਦਾਰ ਤਰਕ ਪਾਤਰ ਕਾਵਿ ਦੀ ਕਾਵਿ-ਵਿਧੀ ਦਾ ਅਹਿਮ ਪਛਾਣ-ਚਿੰਨ੍ਹ ਹੈ । ਉਸ ਦੀਆਂ ਕਵਿਤਾਵਾਂ ਵਿੱਚ ਨਵੇਂ ਤੇ ਮੌਲਿਕ ਗੁਲਾਈਦਾਰ ਤਰਕ ਦੀ ਪ੍ਰਧਾਨਤਾ ਹੈ । ਪਾਤਰ ਦੀ ਨਜ਼ਮ ਵਧੇਰੇ ਬੌਧਿਕ-ਚਿੰਤਨਮੁੱਖ , ਸਮਾਜੀ ਰਾਜਸੀ ਸਮੱਸਿਆ ਮੁਖ ਹੈ ਅਤੇ ਤਿੱਖੇ ਕਠੋਰ ਵਿੰਗ ਦੀ ਧਾਰਨੀ ਹੈ । ਪਾਤਰ ਦੀ ਗ਼ਜ਼ਲ ਪੁੱਜ ਕੇ ਪ੍ਰਗੀਤਕ , ਡੂੰਘੇ ਤੇ ਤਿੱਖੇ ਭਾਵਨਾਮੂਲਕ , ਚਿੰਤਾਮਈ ਜਾਂ ਉਦਾਸਮੂਲਕ ਤੇ ਮੇਹਣਾਮੂਲਕ ਅਰਥਾਤ ਮਿੰਨੀ ਕਟਾਖ਼ਸ਼ੀ ਹੈ ।

ਪਾਤਰ ਨੇ ਪੰਜਾਬੀ ਗ਼ਜ਼ਲ ਨੂੰ ਜਿਸ ਮਾਣਯੋਗ ਸਿਖ਼ਰ ਤੱਕ ਪਹੁੰਚਾਇਆ ਹੈ , ਇਹ ਪੰਜਾਬੀ ਕਾਵਿ ਨੂੰ ਉਸ ਦੀ ਚਿਰੰਜੀਵੀ ਦੇਣ ਹੈ।

ਪਾਤਰ ਕਾਵਿ ਦੇ ਸੁਹਜ ਸੰਚਾਰ ਦਾ ਪੰਜਾਬੀ ਕਾਵਿ ਦੇ ਖੇਤਰ ਵਿੱਚ ਇੱਕ ਉੱਜਵਲ ਪਸਾਰ ਉਸ ਦੀ ਸ਼ਬਦ ਨਾਦ ਦੀ ਡੂੰਘੀ ਮਾਹਰਾਨਾ ਸੁਰ ਸੂਝ ਦਾ ਹੈ। ਪਾਤਰ ਕਾਵਿ ਧੁਨੀ ਅਤੇ ਬਿੰਬ ਦਾ ਕਾਵਿ ਹੈ।

ਕੁਝ ਕਾਵਿ ਵੰਨਗੀਆਂ :

1. ਲਫਜ਼ਾਂ ਦੀ ਦਰਗਾਹ

ਸੰਤਾਪ ਨੂੰ ਗੀਤ ਬਣਾ ਲੈਣਾ
ਮੇਰੀ ਮੁਕਤੀ ਦਾ ਇਕ ਰਾਹ ਤਾਂ ਹੈ
ਜੇ ਹੋਰ ਨਹੀਂ ਹੈ ਦਰ ਕੋਈ
ਇਹ ਲਫਜ਼ਾਂ ਦੀ ਦਰਗਾਹ ਤਾਂ ਹੈ

2. ਹੇ ਕਵਿਤਾ, ਮੈਂ ਮੁੜ ਆਇਆ ਹਾਂ

ਹੇ ਕਵਿਤਾ, ਮੈਂ ਮੁੜ ਆਇਆ ਹਾਂ
ਤੇਰੇ ਉਚੇ ਦੁਆਰ
ਜਿੱਥੇ ਹਰਦਮ ਸਰਗਮ ਗੂੰਜੇ
ਹਰ ਗਮ ਦਏ ਨਿਵਾਰ

ਕਿਸ ਨੂੰ ਆਖਾਂ, ਕਿੱਧਰ ਜਾਵਾਂ
ਤੇਰੇ ਬਿਨ ਕਿਸ ਨੂੰ ਦਿਖਲਾਵਾਂ
ਇਹ ਜੋ ਮੇਰੇ ਸੀਨੇ ਖੁੱਭੀ
ਅਣਦਿਸਦੀ ਤਲਵਾਰ

ਰੱਤ ਦੇ ਟੇਪੇ ਸਰਦਲ ਕਿਰਦੇ
ਜ਼ਖਮੀ ਹੋ ਹੋ ਪੰਛੀ ਗਿਰਦੇ
ਤੂੰ ਛੋਹੇਂ ਤਾਂ ਫਿਰ ਉਡ ਜਾਂਦੇ
ਬਣ ਗੀਤਾਂ ਦੀ ਡਾਰ

ਅੱਥਰੂ ਏਥੇ ਚੜ੍ਹਨ ਚੜ੍ਹਾਵਾ
ਜਾਂ ਸਿਸਕੀ ਜਾਂ ਹਉਕਾ ਹਾਵਾ
ਦੁੱਖੜੇ ਦੇ ਕੇ ਮੁਖੜੇ ਲੈ ਜਾਉ
ਗੀਤਾਂ ਦੇ ਸ਼ਿੰਗਾਰ

ਤੇਰੀਆਂ ਪੌੜੀਆਂ ਸੱਚੀਆਂ ਸੁੱਚੀਆਂ

ਹਉਕੇ ਤੋਂ ਹਾਸੇ ਤੱਕ ਉਚੀਆਂ
ਅਪਣੇ ਹਉਕੇ ਤੇ ਹੱਸ ਸਕੀਏ
ਵਰ ਦੇ ਦੇਵਣਹਾਰ

ਰੱਤ ਨੂੰ ਖਾਕ 'ਤੇ ਡੁੱਲਣ ਨਾ ਦੇ
ਡਿਗਣ ਤੋਂ ਪਹਿਲਾਂ ਲਫਜ਼ ਬਣਾ ਦੇ
ਲੈ ਕਵਿਤਾ ਦੀ ਸਤਰ ਬਣਾ ਦੇ
ਲਾਲ ਲਹੂ ਦੀ ਧਾਰ

ਕਰੁਣਾ ਦੇ ਸੰਗ ਝੋਲੀ ਭਰ ਦੇ
ਹੱਸ ਸਕਾਂ ਦੀਵਾਨਾ ਕਰ ਦੇ
ਦੁੱਖ ਸੁਖ ਜੀਵਨ ਮਰਨ ਦੀ ਹੱਦ ਤੋਂ
ਕਰ ਦੇਹ ਰੂਹ ਨੂੰ ਪਾਰ

ਸੀਨੇ ਦੇ ਵਿਚ ਛੇਕ ਨੇ ਜਿਹੜੇ
ਇਸ ਵੰਝਲੀ ਦੀ ਹੇਕ ਨੇ ਜਿਹੜੇ
ਲੈ ਵੈਰਾਗ ਨੂੰ ਰਾਗ ਬਣਾ ਦੇ
ਪੋਟਿਆਂ ਨਾਲ ਦੁਲਾਰ

ਹੇ ਕਵਿਤਾ, ਮੈਂ ਮੁੜ ਆਇਆ ਹਾਂ
ਤੇਰੇ ਉਚੇ ਦੁਆਰ
ਜਿੱਥੇ ਹਰ ਦਮ ਸਰਗਮ ਗੂੰਜੇ
ਹਰ ਗਮ ਦਏ ਨਿਵਾਰ

3. ਚੱਲ ਪਾਤਰ ਹੁਣ ਢੂੰਡਣ ਚੱਲੀਏ

ਚੱਲ ਪਾਤਰ ਹੁਣ ਢੂੰਡਣ ਚੱਲੀਏ ਭੁੱਲੀਆਂ ਹੋਈਆਂ ਥਾਂਵਾਂ
ਕਿੱਥੇ ਕਿੱਥੇ ਛੱਡ ਆਏ ਹਾਂ ਅਣਲਿਖੀਆਂ ਕਵਿਤਾਵਾਂ

ਗੱਡੀ ਚੜ੍ਹਨ ਦੀ ਕਾਹਲ ਬੜੀ ਸੀ ਕੀ ਕੁਝ ਰਹਿ ਗਿਆ ਓਥੇ
ਪਲਾਂ ਛਿਣਾਂ ਵਿਚ ਛੱਡ ਆਏ ਸਾਂ ਜੁਗਾਂ ਜੁਗਾਂ ਦੀਆਂ ਥਾਂਵਾਂ

ਅੱਧੀ ਰਾਤ ਹੋਏਗੀ ਮੇਰੇ ਪਿੰਡ ਉਤੇ ਇਸ ਵੇਲੇ

ਜਾਗਦੀਆਂ ਹੋਵਣਗੀਆਂ ਸੁੱਤਿਆਂ ਪੁਤਰਾਂ ਲਾਗੇ ਮਾਂਵਾਂ

ਮਾਰੂਥਲ ' ਚੋਂ ਭੱਜ ਆਇਆ ਮੈਂ ਆਪਣੇ ਪੈਰ ਬਚਾ ਕੇ

ਪਰ ਓਥੇ ਰਹਿ ਗਈਆਂ ਜੋ ਸਨ ਮੇਰੀ ਖਾਤਰ ਰਾਹਵਾਂ

ਮੇਰੇ ਲਈ ਜੋ ਤੀਰ ਬਣੇ ਸਨ ਹੋਰ ਕਲੇਜੇ ਲੱਗੇ

ਕਿੰਝ ਸਾਹਿਬਾਂ ਨੂੰ ਆਪਣੀ ਆਖਾਂ ਕਿਉਂ ਮਿਰਜ਼ਾ ਸਦਵਾਵਾਂ

ਮੈਂ ਸਾਗਰ ਦੇ ਕੰਢੇ ਬੈਠਾਂ ਕੋਰੇ ਕਾਗਜ਼ ਲੈ ਕੇ

ਓਧਰ ਮਾਰੂਥਲ ਵਿਚ ਮੈਨੂੰ ਟੋਲਦੀਆਂ ਕਵਿਤਾਵਾਂ

ਖ਼ਾਬਾਂ ਵਿਚ ਇਕ ਬੂਹਾ ਦੇਖਾਂ ਬੰਦ ਤੇ ਉਸ ਦੇ ਅੱਗੇ

ਕਈ ਹਜ਼ਾਰ ਰੁਲਦੀਆਂ ਚਿੱਠੀਆਂ 'ਤੇ ਮੇਰਾ ਸਰਨਾਵਾਂ

ਖੰਭਾਂ ਵਰਗੀਆਂ ਚਿੱਠੀਆਂ ਉਹਨਾਂ ਵਾਂਗ ਭਟਕ ਕੇ ਮੋਈਆਂ

ਮਰ ਜਾਂਦੇ ਨੇ ਪੰਛੀ ਜਿਹੜੇ ਚੀਰਦੇ ਸਰਦ ਹਵਾਵਾਂ

ਜਾਂ ਤਾਂ ਤੂੰ ਵੀ ਧੁੱਪੇ ਆ ਜਾ ਛੱਡ ਕੇ ਸ਼ਾਹੀ ਛਤਰੀ

ਜਾਂ ਫਿਰ ਰਹਿਣ ਦੇ ਮੇਰੇ ਸਿਰ ਤੇ ਇਹ ਸ਼ਬਦਾਂ ਦੀਆਂ ਛਾਵਾਂ

ਚੱਲ ਛੱਡ ਹੁਣ ਕੀ ਵਾਪਸ ਜਾਣਾ, ਜਾਣ ਨੂੰ ਬਚਿਆ ਕੀ ਏ

ਤੇਰੇ ਪੈਰਾਂ ਨੂੰ ਤਰਸਦੀਆਂ ਮਰ ਮੁਕ ਗਈਆਂ ਰਾਹਵਾਂ

ਕੀ ਕਵੀਆਂ ਦਾ ਆਉਣਾ ਜਾਣਾ ਕੀ ਮਸਤੀ ਸੰਗ ਟੁਰਨਾ

ਠੁਮਕ ਠੁਮਕ ਜੇ ਨਾਲ ਨਾ ਚੱਲਣ ਸੱਜ-ਲਿਖੀਆਂ ਕਵਿਤਾਵਾਂ

੫. ਇਕ ਮੇਰੀ ਅਧਖੜ ਜਿਹੀ ਆਵਾਜ਼ ਹੈ

ਇਕ ਮੇਰੀ ਅਧਖੜ ਜਿਹੀ ਆਵਾਜ਼ ਹੈ

ਦੂਸਰੇ ਹੈ ਨਜ਼ਮ ਸੋ ਨਾਰਾਜ਼ ਹੈ

ਇਹ ਹੈ ਮੇਰੀ ਨਜ਼ਮ ਦੀ ਨਰਾਜ਼ਗੀ

ਪਿੰਜਰਾ ਹਾਂ ਮੈਂ ਤੇ ਉਹ ਪਰਵਾਜ਼ ਹੈ

ਕੁਛ ਨਾ ਕਹਿ ਖਾਮੋਸ਼ ਰਹਿ ਓ ਸ਼ਾਇਰਾ
ਸਭ ਨੂੰ ਤੇਰੇ ਕਹਿਣ ਤੇ ਇਤਰਾਜ਼ ਹੈ

ਸੁਣ ਤੇਰੀ ਆਵਾਜ਼ ਉਹ ਆ ਜਾਣਗੇ
ਹੱਥ ਜਿਨਾਂ ਦੇ ਸੀਨੇ-ਵਿੰਨਵਾਂ ਸਾਜ਼ ਹੈ

ਗੀਤ ਤੇਰੇ ਮੁਖਬਰੀ ਕਰ ਦੇਣਗੇ
ਤੇਰੀ ਹਿਕ ਵਿਚ ਰੌਸ਼ਨੀ ਦਾ ਰਾਜ਼ ਹੈ

ਜੋ ਜਗੇ ਉਸ ਦਾ ਨਿਸ਼ਾਨਾ ਬੰਨ੍ਹਦਾ
ਰਾਤ ਦਾ ਹਾਕਮ ਨਿਸ਼ਾਨੇਬਾਜ਼ ਹੈ

ਉਹ ਕਿ ਜਿਸ ਦੀ ਜਾਨ ਹੀ ਨ੍ਹੇਰੇ 'ਚ ਹੈ
ਉਸ ਨੂੰ ਸਾਡੇ ਜਗਣ ਤੇ ਇਤਰਾਜ਼ ਹੈ

ਤਗਮਿਆਂ ਦੀ ਥਾਂ ਤੇ ਹਿਕ ਵਿਚ ਗੋਲੀਆਂ
ਇਹ ਵੀ ਇਕ ਸਨਮਾਨ ਦਾ ਅੰਦਾਜ਼ ਹੈ

ਇਹ ਨਹੀਂ ਆਕਾਸ਼ਵਾਣੀ ਦੋਸਤੋ
ਇਹ ਤਾਂ ਧੁਖਦੀ ਧਰਤ ਦੀ ਆਵਾਜ਼ ਹੈ

5. ਹੈ ਮੇਰੇ ਸੀਨੇ 'ਚ ਕੰਪਨ ਮੈਂ ਇਮਤਿਹਾਨ 'ਚ ਹਾਂ

ਹੈ ਮੇਰੇ ਸੀਨੇ 'ਚ ਕੰਪਨ ਮੈਂ ਇਮਤਿਹਾਨ 'ਚ ਹਾਂ
ਮੈਂ ਖਿੱਚਿਆ ਤੀਰ ਹਾਂ ਐਪਰ ਅਜੇ ਕਮਾਨ 'ਚ ਹਾਂ

ਹਾਂ ਤੇਗ ਇਸ਼ਕ ਦੀ ਪਰ ਆਪਣੇ ਹੀ ਸੀਨੇ ਵਿਚ
ਕਦੇ ਮੈਂ ਖੌਫ ਕਦੇ ਰਹਿਮ ਦੀ ਮਿਆਨ 'ਚ ਹਾਂ

ਬਚਾਈਂ ਅੱਜ ਤੂੰ ਕਿਸੇ ਸੀਨੇ ਲੱਗਣੋਂ ਮੈਨੂੰ
ਕਿ ਅੱਜ ਮੈਂ ਪੰਛੀ ਨਹੀਂ, ਤੀਰ ਹਾਂ, ਉਡਾਨ 'ਚ ਹਾਂ

ਜ਼ਮੀਨ ਰਥ ਹੈ ਮੇਰਾ, ਬਿਰਖ ਨੇ ਮੇਰੇ ਪਰਚਮ
ਤੇ ਮੇਰਾ ਮੁਕਟ ਹੈ ਸੂਰਜ, ਮੈਂ ਬਹੁਤ ਸ਼ਾਨ 'ਚ ਹਾਂ

ਰਲੀ ਅਗਨ 'ਚ ਅਗਨ, ਜਲ 'ਚ ਜਲ, ਹਵਾ 'ਚ ਹਵਾ,
ਕਿ ਵਿਛੜੇ ਸਾਰੇ ਮਿਲੇ, ਮੈਂ ਅਜੇ ਉਡਾਨ 'ਚ ਹਾਂ

ਤੇਰਾ ਖਿਆਲ ਮੇਰੇ ਸੀਨੇ ਨਾਲ ਲੱਗਿਆ ਹੈ
ਹੈ ਰਾਤ ਹਿਜ਼ਰ ਦੀ ਪਰ ਮੈਂ ਅਮਨ ਅਮਾਨ 'ਚ ਹਾਂ

ਮੈਂ ਕਿਸ ਦੇ ਨਾਲ ਕਰਾਂ ਗੁਫਤਗੂ ਕਿ ਕੋਈ ਨਹੀਂ
ਮੇਰੇ ਬਗੈਰ, ਮੇਰੇ ਰੱਬ, ਮੈਂ ਜਿਸ ਜਹਾਨ 'ਚ ਹਾਂ

ਛੁਪਾ ਕੇ ਰੱਖਦਾ ਹਾਂ ਤੈਥੋਂ ਮੈਂ ਤਾਜ਼ੀਆਂ ਨਜ਼ਮਾਂ
ਮਤਾਂ ਤੂੰ ਜਾਣ ਕੇ ਰੋਵੇਂ ਮੈਂ ਕਿਸ ਜਹਾਨ 'ਚ ਹਾਂ

ਇਹ ਲਫਜ਼ ਮੇਰੇ ਨਹੀਂ ਪਰ ਇਹ ਵਾਕ ਮੇਰਾ ਹੈ
ਜਾਂ ਖਬਰੇ ਇਹ ਵੀ ਨਹੀ ਐਵੇਂ ਮੈਂ ਗੁਮਾਨ 'ਚ ਹਾਂ

## ਸਾਰ-ਅੰਸ਼:

ਉਦਾਸੀ , ਬੇਗਾਨਗੀ , ਅਣਹੋਂਦ , ਅਧੂਰੀ ਹੋਂਦ , ਜ਼ਖ਼ਮੀ ਹੋਂਦ ਦੇ ਅਜਿਹੇ ਮਾਰਮਕ ਚਿੱਤਰ ਉਸ ਦੀ ਕਵਿਤਾ ਵਿੱਚ ਹਾਜ਼ਰ ਹਨ ਜੋ ਉਸ ਦੀ ਮੂਲ ਸੰਵੇਦਨਾ ਨੂੰ ਸੋਗੀ ਸਰੂਪ ਦਿੰਦੇ ਹਨ ਪਰ ਪਾਤਰ ਦਾ ਇਹ ਸੋਗੀ ਅਨੁਭਵ ਨਾ ਨਿਰਾਸ਼ਾਜਨਕ ਹੈ ਨਾ ਭਾਂਜਵਾਦੀ ਅਤੇ ਨਾ ਹੀ ਬੇਲੋੜੀ ਫੋਕੀ ਮਾਅਰਕੇਬਾਜ਼ੀ ਵਾਲਾ । ਆਧੁਨਿਕ ਯੁੱਗ ਸੰਵੇਦਨਾ ਦੇ ਪੇਚੀਦਾ ਅਮਾਨਵੀ ਅਤੇ ਖਲਬਲੀਯੁਕਤ ਮਾਹੌਲ ਵਿੱਚ ਇਹ ਗੰਭੀਰ , ਜ਼ੁੰਮੇਵਾਰ ਸੱਚਾ-ਸੁੱਚਾ ਹੁੰਗਾਰਾ ਹੈ ।

ਪਾਤਰ ਕਾਵਿ ਦੀ ਲੋਕ-ਪ੍ਰਿਅਤਾ ਏਨੀ ਹੈ ਕਿ ਆਧੁਨਿਕ ਪੰਜਾਬੀ ਕਵਿਤਾ ਵਿੱਚ ਉਹ ਸਭ ਤੋਂ ਅਧਿਕ ਪੜ੍ਹਿਆ ਤੇ ਸਤਿਕਾਰਿਆ ਜਾਣ ਵਾਲਾ ਚਰਚਿਤ ਸ਼ਾਇਰ ਹੈ । ਉਸ ਦੀ ਕਵਿਤਾ ਲੋਕ ਮਨ ਦੇ ਏਨੀ ਨੇੜੇ ਹੈ ਕਿ ਇਹ ਨਾ ਸਿਰਫ਼ ਟੁੰਬਵਾਂ ਸੁਹਜ ਅਨੰਦ ਦੇਣ ਯੋਗ ਹੈ , ਸਗੋਂ ਲੋਕ ਗੀਤਾਂ ਵਾਂਗ ਕੰਠ ਵੀ ਆਪ ਮੁਹਾਰੇ ਹੋ ਜਾਂਦੀ ਹੈ ।

## ਮੁੱਖ/ਕੇਂਦਰੀ ਸ਼ਬਦ:

ਲਫਜ਼---ਸ਼ਬਦ

ਦਰਗਾਹ---ਭਗਤੀ ਵਾਲੀ ਥਾਂ

ਚਰਚਿਤ---ਮਕਬੂਲ

ਮਾਰਮਿਕ---ਬਹੁਤ ਵਧੀਆ

ਪੇਚੀਦਾ --- ਗੁੰਝਲਦਾਰ

## ਸਵੈ-ਮੁਲਾਂਕਣ:

1 ਸੁਰਜੀਤ ਪਾਤਰ ਦਾ ਜਨਮ ਕਦੋਂ ਹੋਇਆ?

ੳ 1945

ਅ 1946

ੲ 1947

ਸ 1948

2 ਸੁਰਜੀਤ ਪਾਤਰ ਦੇ ਉਸ ਕਾਵਿ-ਸੰਗ੍ਰਹਿ ਦਾ ਨਾਂ ਦੱਸੋ ਜੋ ਦੋ ਮਿੱਤਰਾਂ ਨਾਲ ਮਿਲ ਕੇ ਤਿਆਰ ਕੀਤਾ ਸੀ?

ੳ ਕੋਲਾਜ

ਅ ਹਵਾ ਵਿਚ ਲਿਖੇ ਹਰਫ

ੲ ਬਿਰਖ ਅਰਜ਼ ਕਰੇ

ਸ ਹਨੇਰੇ ਵਿਚ ਸੁਲਗਦੀ ਵਰਣਮਾਲਾ

3 ਸੁਰਜੀਤ ਪਾਤਰ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਕਿਹੜਾ ਹੈ?

ੳ ਕੋਲਾਜ

ਅ ਹਵਾ ਵਿਚ ਲਿਖੇ ਹਰਫ

ੲ ਬਿਰਖ ਅਰਜ਼ ਕਰੇ

ਸ ਹਨੇਰੇ ਵਿਚ ਸੁਲਗਦੀ ਵਰਣਮਾਲਾ

4 ਯੁੱਗ ਕਵੀ ਵਜੋਂ ਕਿਸ ਨੂੰ ਜਾਣਿਆਂ ਜਾਂਦਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਭਾਈ ਵੀਰ ਸਿੰਘ

5 ਸੁਰਜੀਤ ਪਾਤਰ ਨੂੰ ਕਿਸ ਕਾਵਿ- ਸੰਗ੍ਰਹਿ ਲਈ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਸੀ?

ੳ ਕੋਲਾਜ

ਅ ਹਵਾ ਵਿਚ ਲਿਖੇ ਹਰਫ

ੲ ਬਿਰਖ ਅਰਜ਼ ਕਰੇ

ਸ ਹਨੇਰੇ ਵਿਚ ਸੁਲਗਦੀ ਵਰਣਮਾਲਾ

6 ਸੁਰਜੀਤ ਪਾਤਰ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਗਜ਼ਲ

ਸ ਉਪਰੋਕਤ ਸਾਰੇ

7 ਪ੍ਰਗਤੀਵਾਦ ਨਾਲ ਸਬੰਧਿਤ ਕਵੀ ਕਿਹੜਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

8 ਸੁਰਜੀਤ ਪਾਤਰ ਪੁਸਤਕ ਲਫਜ਼ਾਂ ਦੀ ਦਰਗਾਹ ਵਿਚ ਮੁੱਖ ਤੌਰ ਤੇ ਕਿਹੜਾ ਕਾਵਿ-ਰੂਪ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

9 ਕਿਸ ਕਾਵਿ-ਰੂਪ ਨੂੰ ਅੰਗਰੇਜ਼ੀ ਵਿਚ ਫਰੀ ਵਰਸ ਕਿਹਾ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

10 ਪ੍ਰੋ. ਮੋਹਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ,

ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ ।

ਕਿਸ ਦੀ ਕਵਿਤਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਸੁਰਜੀਤ ਪਾਤਰ

ਸ ਭਾਈ ਵੀਰ ਸਿੰਘ

12 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਸੰਤਾਪ ਨੂੰ ਗੀਤ ਬਣਾ ਲੈਣਾ

ਮੇਰੀ ਮੁਕਤੀ ਦਾ ਇਕ ਰਾਹ ਤਾਂ ਹੈ

ਜੇ ਹੋਰ ਨਹੀਂ ਹੈ ਦਰ ਕੋਈ

ਇਹ ਲਫ਼ਜ਼ਾਂ ਦੀ ਦਰਗਾਹ ਤਾਂ ਹੈ

ਉਪਰੋਕਤ ਸਤਰਾਂ ਕਿਸ ਕਵੀ ਦੀਆਂ ਹਨ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਸੁਰਜੀਤ ਪਾਤਰ

ਸ ਭਾਈ ਵੀਰ ਸਿੰਘ

## ਅਭਿਆਸ ਪ੍ਰਸ਼ਨ

1. ਸੁਰਜੀਤ ਪਾਤਰ ਦੇ ਜੀਵਨ ਉਪਰ ਨੋਟ ਲਿਖੋ?
2. ਲਫਜ਼ਾਂ ਦੀ ਦਰਗਾਹ ਪੁਸਤਕ ਦੇ ਵਿਸ਼ਾਗਤ ਪੱਖ ਬਾਰੇ ਚਰਚਾ ਕਰੋ।
3. ਲਫਜ਼ਾਂ ਦੀ ਦਰਗਾਹ ਦੇ ਕਲਾਗਤ ਪੱਖ ਬਾਰੇ ਚਰਚਾ ਕਰੋ।

## ਸੰਦਰਭ ਪੁਸਤਕਾਂ:


1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.
6. ਪਰਮਜੀਤ ਸਿੰਘ ਕੱਟੂ, ਵਿਦਰੋਹੀ ਕਾਵਿ (ਪਾਸ਼, ਉਦਾਸੀ, ਮਕੁਤੀਬੋਧ ਤੇ ਨੇਰੂਦਾ ਦੇ ਸੰਦਰਭ ਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012..

## ਮਹੱਤਵਪੂਰਨ ਲਿੰਕ

https://www.punjabi-kavita.com/SurjitPatar.php

ਉੱਤਰਮਾਲਾ

| | | | | |
|---|---|---|---|---|
| 1. ੳ | 2. ੳ | 3. ਅ | 4. ਅ | 5.ਸ |
| 6. ਸ | 7. ਅ | 8. ਅ | 9. ਅ | 10. ਅ |
| 11.ੲ | 12. ਸ | 13. ਅ | 14. ਅ | 15. ੲ |

# ਅਧਿਆਇ-14 : ਸਮਕਾਲੀ ਪੰਜਾਬੀ ਕਵਿਤਾ : ਪਛਾਣ-ਚਿੰਨ੍ਹ

*Paramjit Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਸਮਕਾਲ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਸਮਕਾਲ ਦੇ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਸਮਕਾਲੀ ਪੰਜਾਬੀ ਕਵਿਤਾ ਦੇ ਮਹੱਤਵ ਤੋਂ ਜਾਣੂ ਹੋਣਗੇ।
- ਸਮਕਾਲੀ ਪੰਜਾਬੀ ਕਵਿਤਾ ਦੀ ਖੋਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਸਾਡੇ ਇਤਿਹਾਸ ਵਿਚ ਵੱਡੀਆਂ ਰਾਜਨੀਤਿਕ ਤੇ ਆਰਥਿਕ ਤਬਦੀਲੀਆਂ ਵਾਪਰਦੀਆਂ ਹਨ ਜਿਸ ਨਾਲ ਸਮੇਂ ਦਾ ਰੁਖ਼ ਬਦਲ ਜਾਂਦਾ ਹੈ ਤੇ ਸਮੇਂ ਦੀ ਨਿਰੰਤਰਤਾ ਵਿਚ ਵੇਖੀਏ ਤਾਂ 1990 ਤੋਂ ਬਾਅਦ ਵਿਸ਼ਵੀਕਰਨ, ਨਿੱਜੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਲਾਗੂ ਹੋਣ ਨਾਲ ਸਮਕਾਲੀ ਯਥਾਰਥ ਬਦਲਦਾ ਹੈ। ਇਨ੍ਹਾਂ ਨੂੰ ਨਵੀਆਂ ਆਰਥਿਕ ਨੀਤੀਆਂ ਵਜੋਂ ਵੀ ਜਾਣਿਆਂ ਜਾਂਦਾ ਹੈ। ਜਿਸ ਦਾ ਪ੍ਰਭਾਵ ਪੂਰੇ ਵਿਸ਼ਵ ਉਪਰ ਪੈ ਰਿਹਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸਮਕਾਲੀ ਪੰਜਾਬੀ ਕਵਿਤਾ : ਪਛਾਣ-ਚਿੰਨ੍ਹ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਸਮਕਾਲੀ ਪੰਜਾਬੀ ਕਵਿਤਾ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ।

## ਵਿਸ਼ਾ ਵਸਤੂ:

'ਸਮਕਾਲ' ਪਦ ਦੋ ਸ਼ਬਦਾਂ ਸਮ + ਕਾਲ ਤੋਂ ਮਿਲ ਕੇ ਬਣਿਆ ਹੈ। ਪਹਿਲਾਂ 'ਸਮ' ਸ਼ਬਦ ਦੇ ਕੋਸ਼ਗਤ ਅਰਥ ਵਿਚਾਰੇ ਜਾ ਰਹੇ ਹਨ। ਮਹਿਕਮਾ ਪੰਜਾਬੀ [ਭਾਸ਼ਾ ਵਿਭਾਗ] ਦੇ ਪੰਜਾਬੀ ਕੋਸ਼ ਅਨੁਸਾਰ :

> ਸਮ : - ਸਮਾਨ, ਤੁੱਲ, ਚੌਰਸ, ਪੱਧਰ, ਜਿਸਤ ਸੰਖਿਆ, ਵਾਕਰ, ਵਾਂਗਰ, ਵਰਗਾ, ਇਕੋ-ਜਿਹਾ ਜਾਂ ਦੂਜੇ ਪਦਾਂ ਨਾਲ ਲੱਗ ਕੇ, ਨਾਲ, ਸੰਗ, ਸਮੇਤ, ਸਣੇ ਆਦਿ ਦੇ ਅਰਥ ਦਿੰਦਾ ਹੈ।
>
> ਸੰਗੀਤ ਵਿਚ ਉਹ ਥਾਂ ਜਿਥੇ ਗਾਉਣ-ਵਜਾਉਣ ਵਾਲੇ ਦਾ ਸਿਰ ਜਾਂ ਹੱਥ ਆਪਣੇ ਆਪ ਹਿੱਲ ਜਾਂਦਾ ਹੈ। ਇਹ ਥਾਂ ਤਾਲ ਅਨੁਸਾਰ ਨਿਸ਼ਚਿਤ ਹੁੰਦਾ ਹੈ।
>
> ਗਣਿਤ ਅਨੁਸਾਰ ਉਹ ਸਿੱਧੀ ਰੇਖਾ ਜੋ ਉਸ ਅੰਕ 'ਤੇ ਦਿੱਤੀ ਜਾਂਦੀ ਹੈ ਜਿਸ ਦਾ ਵਰਗਮੂਲ ਕੱਢਣਾ ਹੁੰਦਾ ਹੈ।
>
> ਇਕ ਅਰਥਲੰਕਾਰ ਜਿਸ ਵਿਚ ਯੋਗ ਵਸਤੂਆਂ ਦੇ ਸੰਜੋਗ ਜਾਂ ਸਬੰਧ ਦਾ ਵਰਨਣ ਹੁੰਦਾ ਹੈ।

ਉਪਰੋਕਤ ਅਰਥਾਂ ਦਾ ਘੇਰਾ ਕਾਫ਼ੀ ਵਿਸ਼ਾਲ ਹੈ। ਇਸ ਵਿਚ ਇਕ ਤੋਂ ਵਧੇਰੇ ਖੇਤਰ ਤੇ ਅਨੁਸ਼ਾਸਨ ਸ਼ਾਮਿਲ ਹਨ ਜਿਵੇਂ ਕਿ ਗਣਿਤ, ਸੰਗੀਤ, ਕਾਵਿ-ਸ਼ਾਸਤਰ ਤੇ ਭਾਸ਼ਾ ਵਿਗਿਆਨਕ ਆਦਿ ਹਨ। ਇਨ੍ਹਾਂ ਸਾਰੇ ਪੱਖਾਂ ਰਾਹੀਂ 'ਸਮ' ਸ਼ਬਦ ਦੇ ਅਰਥਾਂ ਤਕ ਪਹੁੰਚਿਆ ਜਾ ਸਕਦਾ ਹੈ। ਸੰਗੀਤਕ ਪੱਖ ਦੇ ਅਰਥਾਂ ਨਾਲ ਗਾਇਕ ਤੇ ਸਾਜ਼ਿੰਦੇ ਦਾ ਸੰਗੀਤ ਦੀ ਇਕਮਿਕਤਾ, ਬਰਾਬਰਤਾ ਤੇ ਇਕਾਗਰਤਾ ਦਾ ਪ੍ਰਗਟਾਵਾ ਹੈ। ਇਸੇ ਤਰ੍ਹਾਂ ਕਾਵਿ-ਸ਼ਾਸਤਰੀ ਪੱਖ ਤੋਂ ਸੰਜੋਗ ਤੇ ਸਬੰਧ ਦੇ ਅਰਥਾਂ ਦੇ ਪੱਧਰ ਉਪਰ ਵਰਨਣ ਹੋਣਾ ਸਮ ਹੋਣਾ ਹੈ। ਇਨ੍ਹਾਂ ਖੇਤਰਾਂ ਦੇ ਅਤੇ ਭਾਸ਼ਾ-ਵਿਗਿਆਨਕ ਅਰਥਾਂ ਦੀ ਸਮਾਨਤਾ ਵਿਚੋਂ 'ਸਮ' ਸ਼ਬਦ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ

'ਸਮ' ਦੇ ਅਰਥਾਂ ਦੀ ਵੀਚਾਰ ਲਈ ਦੂਜਾ ਪ੍ਰਮੁੱਖ ਸ੍ਰੋਤ ਭਾਈ ਕਾਨ੍ਹ ਸਿੰਘ ਨਾਭਾ ਦਾ ਮਹਾਨ ਕੋਸ਼ ਹੈ। ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਆਪਣੇ ਕੋਸ਼ ਵਿਚ 'ਸਮ' ਦੇ ਦਿੱਤੇ ਗਏ ਇੰਦਰਾਜ ਅਤੇ ਮਹਿਕਮਾ ਪੰਜਾਬੀ ਦੇ ਕੋਸ਼ ਦੇ ਇੰਦਰਾਜ ਵਿਚ ਬਾਕੀ ਅਰਥਾਂ ਦੀ ਸਾਂਝ ਹੈ, ਬਸ ਭਾਈ ਕਾਨ੍ਹ ਸਿੰਘ ਨਾਭਾ ਨੇ 'ਸਮ' ਦੇ ਅਰਥਾਂ ਨੂੰ "ਮਨ ਦੀ ਸ਼ਾਂਤੀ, ਮਨ ਦਾ ਰੋਕਣਾ" ਵਜੋਂ ਵੀ ਦਰਜ ਕੀਤਾ ਹੋਇਆ ਹੈ। ਇਨ੍ਹਾਂ ਅਰਥਾਂ ਦਾ ਖੇਤਰ ਧਰਮ, ਅਧਿਆਤਮ, ਧਿਆਨ ਆਦਿ ਨਾਲ ਸਬੰਧਿਤ ਹੈ ਅਤੇ ਇਸ ਦੀ ਕੇਂਦਰੀ ਸੁਰ ਇਕਾਗਰਤਾ ਬਣਦੀ ਹੈ। ਇਨ੍ਹਾਂ ਸਾਰੇ ਪੱਖਾਂ ਨੂੰ ਵਿਚਾਰਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ 'ਸਮ' ਦੇ ਅਰਥਾਂ ਦੀ ਕੇਂਦਰੀ ਸੁਰ ਇਕਾਗਰਤਾ, ਬਰਾਬਰਤਾ, ਸਮਾਨ ਜਾਂ ਸਮਾਨੰਤਰਤਾ ਬਣਦੀ ਹੈ। ਹਥਲੇ ਖੋਜ-ਕਾਰਜ ਦੇ ਅਕਾਦਮਿਕ ਅਤੇ ਭਾਸ਼ਾ ਫ਼ੈਕਲਟੀ ਅਧੀਨ ਹੋਣ ਕਰਕੇ ਅਤੇ ਸਮੇਂ ਦੇ ਪੜਾਅ ਦੇ ਅਧਿਐਨ (ਸਮਕਾਲ) ਨਾਲ ਸਬੰਧਿਤ ਹੋਣ ਕਰਕੇ ਇਸ ਵਿਚ 'ਸਮ' ਦੀ ਇਸੇ ਕੇਂਦਰੀ ਸੁਰ ਦੀ ਵਰਤੋਂ ਕੀਤੀ ਜਾਵੇਗੀ।

'ਕਾਲ' ਸ਼ਬਦ ਵੀ 'ਸਮ' ਵਾਂਗ ਵਿਸ਼ਾਲ ਪਰਤਾਂ ਦਾ ਧਾਰਨੀ ਹੈ। ਮਹਿਕਮਾ ਪੰਜਾਬੀ ਕੋਸ਼ ਅਨੁਸਾਰ:

> ਕਾਲ : ਸਮਾਂ, ਸਮੇਂ ਦਾ ਭਾਗ, ਵਕਤ, ਜ਼ਮਾਨਾ, ਵੇਲਾ, ਮੌਸਮ, ਮੌਕਾ, ਠੀਕ ਢੁਕਵਾਂ ਸਮਾਂ, ਉਮਰ ਆਦਿ।

ਵਿਆਕਰਨ ਅਨੁਸਾਰ ਕਿਰਿਆ ਦੇ ਵਾਪਰਨ ਦਾ ਤਿੰਨਾਂ ਵਿਚੋਂ ਇਕ ਸਮਾਂ (ਭੂਤ, ਵਰਤਮਾਨ, ਭਵਿੱਖਤ)।

ਕਾਲੀਨ : ਕਾਲ ਸਬੰਧੀ, ਸਮੇਂ ਨਾਲ ਸਬੰਧਿਤ।

ਭਾਈ ਕਾਨ੍ਹ ਸਿੰਘ ਨਾਭਾ ਨੇ ਉਪਰੋਕਤ ਕੋਸ਼ ਦੇ ਅਰਥਾਂ ਤੋਂ ਇਲਾਵਾ ਜਨਮ ਸਮਾਂ, ਲੋਹਾ, ਸ਼ਿਵ, ਕੋਕਿਲਾ, ਕੋਇਲ ਆਦਿ ਅਰਥਾਂ ਦਾ ਵੇਰਵਾ ਵੀ ਦਿੱਤਾ ਹੈ। ਹਥਲੇ ਖੋਜ-ਕਾਰਜ ਲਈ 'ਕਾਲ' ਨੂੰ ਸਮੇਂ ਦੇ ਅਰਥਾਂ ਵਿਚ ਵਰਤਿਆ ਜਾਣਾ ਹੈ।

'ਸਮ' ਅਤੇ 'ਕਾਲ' ਸ਼ਬਦ ਦੇ ਅਰਥਾਂ ਨੂੰ ਵਿਚਾਰਨ ਤੋਂ ਬਾਅਦ 'ਸਮਕਾਲ' ਬਾਰੇ ਹੋਰ ਚਰਚਾ ਕਰਨ ਤੋਂ ਪਹਿਲਾਂ 'ਸਮਕਾਲ' ਬਾਰੇ ਅੰਗਰੇਜ਼ੀ ਭਾਸ਼ਾ ਵਿਚ ਦਿੱਤੇ ਵੇਰਵੇ ਵੀਚਾਰੇ ਜਾ ਰਹੇ ਹਨ। ਅੰਗਰੇਜ਼ੀ ਵਿਚ ਸਮਕਾਲ ਲਈ contemporary ਸ਼ਬਦ ਵਰਤਿਆ ਜਾਂਦਾ ਹੈ। ਇਸ ਦਾ ਵੇਰਵਾ ਇਸ ਪ੍ਰਕਾਰ ਹੈ :

ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਅਨੁਸਾਰ, "contemporary :- contemporaneous - living at the same time, born in the same age. ਇਕ ਸਮੇਂ ਦਾ"

Concise oxford English dictionary ਅਨੁਸਾਰ "living, occurring or originating at the same time, belonging to or occurring in the present, modern in style or design, a person or thing existing at the same time as another."

ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਅਨੁਸਾਰ "contemporary :- ਸਮਕਾਲੀਨ, ਸਮਕਾਲੀ, ਹਾਣੀ, ਨਵੀਨ, ਅਜੋਕਾ, ਆਧੁਨਿਕ"

'ਸਮਕਾਲ' ਬਾਰੇ ਪੰਜਾਬੀ ਦੇ ਅੰਗਰੇਜ਼ੀ ਕੋਸ਼ਾਂ ਦੇ ਅਰਥਾਂ ਨੂੰ ਵੀਚਾਰਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਇਹ ਸਮੇਂ ਦਾ ਉਹ ਭਾਗ ਹੁੰਦਾ ਹੈ ਜਿਹੜਾ ਸਮੇਂ, ਸਥਾਨ ਤੇ ਸਥਿਤੀਆਂ ਅਨੁਸਾਰ ਇਕੋ-ਜਿਹਾ ਅਤੇ ਇਕਾਗਰਤਾ ਤੇ ਇਕਸੁਰਤਾ ਦਾ ਧਾਰਨੀ ਹੈ।

'ਸਮਕਾਲ' ਦੇ ਅਰਥਾਂ ਤੋਂ ਬਾਅਦ ਇਸ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਦਾ ਖੇਤਰ ਵੀ ਬਹੁਤ ਵਿਸ਼ਾਲ ਹੈ। ਖ਼ਾਸ ਕਰਕੇ ਹੁਣ ਦੇ ਸਮਕਾਲ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਆਰੰਭ ਵਿਚ ਹੀ ਕਿਹਾ ਜਾ ਚੁੱਕਾ ਹੈ ਸਮਕਾਲ ਸਥਾਨਿਕਤਾ ਅਤੇ ਵਿਸ਼ਵ-ਵਿਆਪਕਤਾ ਦਾ ਧਾਰਨੀ ਹੁੰਦਾ ਹੈ। ਇਸ ਬਾਰੇ ਵਿਦਵਾਨਾਂ ਦੀਆਂ ਧਾਰਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਡਾ. ਸਤਿੰਦਰ ਸਿੰਘ ਨੂਰ ਅਨੁਸਾਰ, "ਹਰ ਕਾਲ ਦਾ ਆਪਣਾ ਸਮਕਾਲ ਹੁੰਦਾ ਹੈ ਅਤੇ ਕੁਝ ਵਿਸ਼ੇਸ਼ ਇਤਿਹਾਸਕ ਜਾਂ ਰਾਜਨੀਤਿਕ ਪ੍ਰਸਥਿਤੀਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਸਮਕਾਲ ਬਦਲਦਾ ਹੈ। ਸਾਡੇ ਚਿੰਤਨ ਤੇ ਚੇਤਨਾ ਵਿਚ ਇਕ ਨਵਾਂ ਵਿੱਢ ਪੈਂਦਾ ਹੈ।"

ਸਮਕਾਲ ਦੇ ਨਿਰਧਾਰਨ ਜਾਂ ਬਦਲਾਅ ਲਈ ਸਤਿੰਦਰ ਸਿੰਘ ਨੂਰ ਵਿਸ਼ੇਸ਼ ਇਤਿਹਾਸਕ ਜਾਂ ਰਾਜਨੀਤਿਕ ਪ੍ਰਸਥਿਤੀਆਂ ਦਾ ਜ਼ਿਕਰ ਕਰਦੇ ਹਨ ਪਰ ਇਨ੍ਹਾਂ ਪ੍ਰਸਥਿਤੀਆਂ ਨੂੰ ਹੋਰ ਵਧੇਰੇ ਵਿਸਤਾਰ ਨਾਲ ਜਾਣਨ ਲਈ ਲੂਇਸ ਅਲਥਿਊਸਰ ਦੀ ਵਿਚਾਰਧਾਰਕ ਸਟੇਟ ਉਪਕਰਨਾਂ ਬਾਰੇ ਦਿੱਤੀ ਗਈ ਧਾਰਨਾ ਲਾਹੇਵੰਦ ਹੋ ਸਕਦੀ ਹੈ। ਅਲਥਿਊਸਰ ਸਪਸ਼ਟ ਰੂਪ ਵਿਚ ਇਹ ਦਸਦਾ ਹੈ ਕਿ ਸਟੇਟ ਲੋਕਾਂ ਨੂੰ ਕਾਬੂ ਕਿਵੇਂ ਕਰਦੀ ਹੈ। ਉਹ ਆਖਦਾ ਹੈ ਕਿ ਸਟੇਟ ਲੋਕਾਂ ਨੂੰ ਦੋ ਤਰ੍ਹਾਂ ਦੇ ਉਪਕਰਨਾਂ ਨਾਲ ਕਾਬੂ ਕਰਦੀ ਹੈ ਪਹਿਲੇ ਹਨ ਵਿਚਾਰਧਾਰਕ ਸਟੇਟ ਉਪਕਰਨ ਤੇ ਦੂਜੇ ਤਸ਼ੱਦਦਮਈ ਸਟੇਟ ਉਪਕਰਨ। ਅਲਥਿਊਸਰ ਆਪਣੀ ਪੁਸਤਕ 'ਲੈਨਿਨ ਐਂਡ ਫ਼ਿਲਾਸਫੀ' ਵਿਚ ਵਿਚਾਰਧਾਰਕ ਉਪਕਰਨਾਂ ਦੀ ਸੂਚੀ ਦਿੰਦਾ ਹੈ ਜਿਸ ਵਿਚ ਉਹ ਸਿੱਖਿਆ, ਪਰਿਵਾਰ, ਨਿਆਂ ਪ੍ਰਬੰਧ, ਟਰੇਡ ਯੂਨੀਅਨਾਂ, ਸੰਚਾਰ, ਰਾਜਨੀਤੀ, ਸਭਿਆਚਾਰ, ਧਰਮ ਆਦਿ ਨੂੰ ਸੱਤਾ ਦੇ ਵਿਚਾਰਧਾਰਕ ਉਪਕਰਨ ਮੰਨਦਾ ਹੈ ਭਾਵ ਇਹ ਵਿਚਾਰਧਾਰਕ ਉਪਕਰਨ ਹਨ ਜੋ ਸਥਾਪਤੀ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਵਿਚ ਯੋਗਦਾਨ ਪਾਉਂਦੇ ਹਨ ਇਨ੍ਹਾਂ ਵਿਚੋਂ ਸਭਿਆਚਾਰ ਵਿਚ ਅੱਗੇ ਸਾਹਿਤ, ਕਲਾ, ਖੇਡਾਂ ਆਦਿ ਆ ਜਾਂਦੇ ਹਨ ਅਤੇ ਸੰਚਾਰ ਵਿਚ ਅਖ਼ਬਾਰ, ਰੇਡੀਓ, ਟੈਲੀਵਿਜ਼ਨ, ਇੰਟਰਨੈੱਟ ਆਦਿ ਆ ਜਾਂਦੇ ਹਨ ਤਸ਼ੱਦਦਮਈ ਸਟੇਟ ਉਪਕਰਨਾਂ ਵਿਚ ਸਰਕਾਰ, ਪ੍ਰਸਾਸ਼ਨ, ਫ਼ੌਜ, ਪੁਲਿਸ, ਅਦਾਲਤਾਂ ਅਤੇ ਜੇਲ੍ਹਾਂ ਵਗੈਰਾ ਸ਼ਾਮਿਲ ਹਨ ਵਿਚਾਰਧਾਰਕ ਉਪਕਰਨਾਂ ਕਰਕੇ ਹਰ ਸਮਕਾਲ ਵਿਚ ਸੱਤਾ ਦੀ ਵਿਚਾਰਧਾਰਾ ਹੀ ਭਾਰੂ ਵਿਚਾਰਧਾਰਾ ਹੁੰਦੀ ਹੈ ਅਤੇ ਤਸ਼ੱਦਦਮਈ ਸਟੇਟ ਉਪਕਰਨਾਂ ਕਰਕੇ ਸੱਤਾ ਇਸ ਭਾਰੂ ਵਿਚਾਰਧਾਰਾ ਦੀ ਨਿਰੰਤਰਤਾ ਬਣਾਈ ਰੱਖਣ ਦੀ ਕੋਸ਼ਿਸ਼ ਕਰਦੀ ਹੈ।

ਕਿਹਾ ਜਾ ਸਕਦਾ ਹੈ ਕਿ ਵਿਸ਼ੇਸ਼ ਰਾਜਨੀਤਿਕ ਜਾਂ ਇਤਿਹਾਸਕ ਪ੍ਰਸਥਿਤੀਆਂ ਅਤੇ ਵਿਚਾਰਧਾਰਕ ਸਟੇਟ ਉਪਕਰਨ ਮਿਲ ਕੇ ਕਿਸੇ ਕਾਲ ਦੀ ਦਿਸ਼ਾ ਨਿਰਧਾਰਤ ਕਰਦੇ ਹਨ ਜਾਂ ਤਬਦੀਲ ਕਰਦੇ ਹਨ, ਜਿਸ ਨਾਲ ਸਮੇਂ ਦਾ ਕੋਈ ਹਿੱਸਾ ਖਾਸ ਵਿਸ਼ੇਸ਼ ਤਰ੍ਹਾਂ ਦੀ ਸਮਾਨਤਾ ਰੱਖਦਾ ਹੈ। ਇਸ ਨੂੰ ਕੁਦਰਤੀ ਤਬਦੀਲੀ ਦੇ ਨਿਯਮ ਅਨੁਸਾਰ ਵੀ ਸਮਝਿਆ ਜਾ ਸਕਦਾ ਹੈ। ਕੁਦਰਤੀ ਤਬਦੀਲੀ ਦੀ ਚਾਲ ਕਿਤੇ ਧੀਮੀ ਤੇ ਕਿਤੇ ਤੇਜ਼ ਹੁੰਦੀ ਹੈ। ਤਬਦੀਲੀ ਉਸ ਦੌਰ ਦੀਆਂ ਪ੍ਰਸਥਿਤੀਆਂ, ਉਥੋਂ ਦੀਆਂ ਹਾਲਤਾਂ 'ਤੇ ਨਿਰਭਰ ਕਰਦੀ ਹੈ। ਇਸੇ ਤਰ੍ਹਾਂ ਸਾਡਾ ਸਮਕਾਲ ਵੀ ਕਿਸੇ ਦੌਰ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਉਪਰ ਨਿਰਭਰ ਕਰਦਾ ਹੈ। ਜਿਨ੍ਹਾਂ ਨਾਲ ਉਸ ਦੌਰ ਦਾ ਯਥਾਰਥ ਪ੍ਰਭਾਵਿਤ ਹੁੰਦਾ ਹੈ।

ਇਤਿਹਾਸਕ ਨਿਰੰਤਰਤਾ ਤੋਂ ਬਿਨਾਂ ਯਥਾਰਥ ਦਾ ਨਿਰਣਾ ਕਰਨਾ ਵੀ ਔਖਾ ਹੈ। ਯਥਾਰਥ ਤੇ ਗਿਆਨ ਦੇ ਸੁਮੇਲ ਜਾਂ ਸੰਜੋਗ ਨਾਲ ਸਮਕਾਲ ਦੀ ਸਿਰਜਣਾ ਹੁੰਦੀ ਹੈ। ਗਿਆਨ ਤੋਂ ਭਾਵ ਮਨੁੱਖੀ ਵਿਚਾਰਧਾਰਾ ਤੋਂ ਹੈ, ਜਿਸ ਬਾਰੇ ਅਲਥਿਊਸਰ ਦੀ ਧਾਰਨਾ ਸ਼ਾਮਿਲ ਕੀਤੀ ਜਾ ਚੁੱਕੀ ਹੈ। ਜਿਸ ਬਾਰੇ ਡਾ. ਸਤਿੰਦਰ ਸਿੰਘ ਨੂਰ ਨੇ ਕਿਹਾ ਹੈ ਕਿ ਜਿਸ ਦੇ ਸਿੱਟੇ ਵਜੋਂ ਨਾਰੀਵਾਦ, ਉਤਰ-ਨਾਰੀਵਾਦ, ਸੰਰਚਨਾਵਾਦ, ਉਤਰ-ਸੰਰਚਨਾਵਾਦ, ਆਧੁਨਿਕਤਾਵਾਦ, ਉਤਰ-ਆਧੁਨਿਕਤਾਵਾਦ ਜਿਹੇ ਸੰਕਲਪ ਉਭਰਦੇ ਹਨ।

ਸਾਡੇ ਇਤਿਹਾਸ ਵਿਚ ਵੱਡੀਆਂ ਰਾਜਨੀਤਿਕ ਤੇ ਆਰਥਿਕ ਤਬਦੀਲੀਆਂ ਵਾਪਰਦੀਆਂ ਹਨ ਜਿਸ ਨਾਲ ਸਮੇਂ ਦਾ ਰੁਖ਼ ਬਦਲ ਜਾਂਦਾ ਹੈ ਤੇ ਸਮੇਂ ਦੀ ਨਿਰੰਤਰਤਾ ਵਿਚ ਵੇਖੀਏ ਤਾਂ 1990 ਤੋਂ ਬਾਅਦ ਵਿਸ਼ਵੀਕਰਨ, ਨਿੱਜੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਲਾਗੂ ਹੋਣ ਨਾਲ ਸਮਕਾਲੀ ਯਥਾਰਥ ਬਦਲਦਾ ਹੈ। ਇਨ੍ਹਾਂ ਨੂੰ ਨਵੀਆਂ ਆਰਥਿਕ ਨੀਤੀਆਂ ਵਜੋਂ ਵੀ ਜਾਣਿਆਂ ਜਾਂਦਾ ਹੈ। ਜਿਸ ਦਾ ਪ੍ਰਭਾਵ ਪੂਰੇ ਵਿਸ਼ਵ ਉਪਰ ਪੈ ਰਿਹਾ ਹੈ। ਸਮਕਾਲ, ਇਤਿਹਾਸ ਅਤੇ ਭਵਿੱਖ ਦਰਮਿਆਨ ਉਹ ਪੜਾਅ ਹੈ ਜੋ ਪੂਰੀ ਤਰ੍ਹਾਂ ਨਿਸ਼ਚਿਤ ਨਹੀਂ ਹੋਇਆ ਤੇ ਇਹ ਵੱਖਰੀ ਪ੍ਰਕਿਰਤੀ ਤੇ ਸਰੂਪ ਦਾ ਧਾਰਨੀ ਹੋਣ ਕਰਕੇ ਇਸ ਸਮੇਂ ਨੂੰ ਸਮਕਾਲ ਮੰਨਿਆ ਜਾ ਸਕਦਾ ਹੈ ਕਿਉਂਕਿ ਇਸ ਸਮੇਂ ਦੀਆਂ ਵਿਸ਼ੇਸ਼ ਰਾਜਨੀਤਿਕ, ਆਰਥਿਕ ਪ੍ਰਸਥਿਤੀਆਂ ਹਨ, ਜਿਹੜੀਆਂ ਵੱਖ-ਵੱਖ ਤਰ੍ਹਾਂ ਤੇ ਕਈ ਵਾਰ ਇਕੋ ਤਰ੍ਹਾਂ ਪੂਰੇ ਵਿਸ਼ਵ ਨੂੰ ਪ੍ਰਭਾਵਿਤ ਤੇ ਨਿਰਧਾਰਤ ਕਰ ਰਹੀਆਂ ਹਨ।

ਇਥੇ ਇਹ ਮਸਲਾ ਵੀ ਵਿਚਾਰਨਯੋਗ ਹੈ ਕਿ ਸਮਕਾਲ ਨੂੰ ਆਧੁਨਿਕਤਾ ਤੇ ਉਤਰ-ਅਧੁਨਿਕਤਾ ਦੇ ਅਰਥਾਂ ਨਾਲ ਰਲਗੱਡ ਕਰ ਦਿੱਤਾ ਜਾਂਦਾ ਹੈ। ਇਨ੍ਹਾਂ ਦਾ ਸੰਕਲਪੀ ਅੰਤਰ-ਨਿਖੇੜ ਵੀ ਜ਼ਰੂਰੀ ਹੈ।

ਆਧੁਨਿਕਤਾ ਉਦਯੋਗਿਕ ਯੁੱਗ ਦੀ ਉਪਜ ਮੰਨੀ ਜਾਂਦੀ ਹੈ, ਜਿਸ ਦੇ ਕੇਂਦਰ ਵਿਚ ਵਿਗਿਆਨਕ ਸੋਚ ਨੂੰ ਮੰਨਿਆ ਗਿਆ ਹੈ। ਆਧੁਨਿਕਤਾ ਬਾਰੇ ਡਾ. ਰਾਜਿੰਦਰਪਾਲ ਸਿੰਘ ਲਿਖਦੇ ਹਨ ਕਿ ਉਦਯੋਗੀਕਰਨ ਦੁਆਰਾ ਪੈਦਾ ਹੋਈ ਆਧੁਨਿਕ ਕਾਲ ਦੀ ਆਧੁਨਿਕ ਵਿਚਾਰਧਾਰਾ ਮਾਨਵੀ ਪ੍ਰਗਤੀ ਦੀ ਹਾਮੀ ਸੀ ਪਰ ਇਸ ਦਾ ਪ੍ਰਗਤੀ ਮਾਰਗ ਦੋਫਾੜ ਸੀ। ਪਹਿਲਾ ਪੂੰਜੀਵਾਦ ਦਾ ਅਤੇ ਦੂਸਰਾ ਉਸ ਦੇ ਪ੍ਰਤੀ ਉਤਰ ਵਜੋਂ ਪੈਦਾ ਹੋਇਆ ਸਮਾਜਵਾਦ ਦਾ ਮਾਡਲ ਸੀ। ਪਿਛਲੀ ਸਦੀ ਦੇ ਤੀਜੇ ਦਹਾਕੇ ਤੋਂ ਲੈ ਕੇ ਨੌਵੇਂ ਦਹਾਕੇ ਤਕ ਦੋਵੇਂ ਵਿਚਾਰਧਾਰਾਵਾਂ ਨਾਲੋ ਨਾਲ ਚਲਦੀਆਂ ਰਹੀਆਂ ਹਨ ਪਰ ਅੰਤਲੇ ਦਹਾਕੇ ਵਿਚ ਆ ਕੇ ਸਮਾਜਵਾਦੀ ਵਿਚਾਰਧਾਰਾ ਨੂੰ ਢਾਅ ਲੱਗਣੀ ਸ਼ੁਰੂ ਹੋ ਗਈ। ਸੋਵੀਅਤ ਰੂਸ ਅਤੇ ਉਸ ਦਾ ਬਲਾਕ ਢਹਿ-ਢੇਰੀ ਹੋ ਗਿਆ। ਇਸੇ ਵਿਚਾਰਧਾਰਾ ਦੇ ਨਾਲੋ ਨਾਲ ਹੀ ਪੂੰਜੀਵਾਦ ਵੀ ਵਿਕਸਤ ਹੁੰਦਾ ਰਿਹਾ ਤੇ ਅੱਜ ਬਾਹਰੋਂ ਦਿੱਖ ਦੀ ਪੱਧਰ ਤੇ ਪੂੰਜੀਵਾਦ ਜੇਤੂ ਵਿਚਾਰਧਾਰਾ ਵਜੋਂ ਮੌਜੂਦ ਹੈ ਪਰ ਅੰਦਰੂਨੀ ਤੌਰ ਤੇ ਇਸ ਵਿਚਾਰਧਾਰਾ ਦੀ ਵੀ ਫੂਕ ਨਿਕਲੀ ਪਈ ਹੈ। ਪਿਛਲੀ ਸਦੀ ਇਨ੍ਹਾ ਦੋਹਾਂ ਵਿਚਾਰਧਾਰਾਵਾਂ ਦੇ ਟਕਰਾਉ ਦੀ ਸਦੀ ਹੈ ਅਤੇ ਅੱਜ ਮਨੁੱਖ ਦੋਹਾਂ ਤੋਂ ਹੀ ਨਿਰਾਸ਼ ਹੈ। ਇਸ ਨਿਰਾਸ਼ਾ ਵਿਚੋਂ ਪੈਦਾ ਹੋਈ ਸਥਿਤੀ ਨੂੰ ਉਤਰ-ਆਧੁਨਿਕਤਾ ਕਿਹਾ ਜਾਂਦਾ ਹੈ। ਉਤਰ-ਆਧੁਨਿਕ ਦੌਰ ਅਜਿਹਾ ਦੌਰ ਹੈ ਜਦੋਂ ਵਿਸ਼ਵ ਦੋ ਧਰੁਵਾਂ (ਪੂੰਜੀਵਾਦੀ ਤੇ ਸਮਾਜਵਾਦੀ) ਵਾਲੇ ਸਰੂਪ ਦੀ ਥਾਂ ਸਮਾਜਵਾਦੀ ਕੈਂਪ ਦੇ ਟੁੱਟਣ ਤੋਂ ਬਾਅਦ ਪੂੰਜੀਵਾਦੀ ਫੈਲਾਓ ਵਾਲਾ ਦੌਰ ਸ਼ੁਰੂ ਹੁੰਦਾ ਹੈ। ਉਤਰ-ਆਧੁਨਿਕਤਾ ਬਾਰੇ ਚਰਚਾ ਕਰਨ ਤੋਂ ਪਹਿਲਾਂ ਉਤਰ-ਆਧੁਨਿਕ ਕਾਲ, ਉਤਰ-ਆਧੁਨਿਕਤਾ ਅਤੇ ਉਤਰ-ਆਧੁਨਿਕਤਾਵਾਦ ਨੂੰ ਸਪਸ਼ਟ ਕਰਨਾ ਬਣਦਾ ਹੈ। ਇਸ ਬਾਰੇ ਡਾ. ਰਾਜਿੰਦਰ ਪਾਲ ਸਿੰਘ ਨੇ ਲਿਖਿਆ ਹੈ : "ਉਤਰ-ਆਧੁਨਿਕ ਕਾਲ ਅੱਜ ਸਮਕਾਲੀਨ ਸਮਾਂ ਸਾਪੇਖ ਹੈ, ਉਤਰ-ਆਧੁਨਿਕਤਾ ਸਥਿਤੀ ਹੈ ਜਦੋਂ ਕਿ ਇਸ ਸਥਿਤੀ ਵਿਚ ਪੈਦਾ ਹੋਏ ਵਿਚਾਰਾਂ ਨੂੰ ਉਤਰ-ਆਧੁਨਿਕਵਾਦ ਕਿਹਾ ਜਾਂਦਾ ਹੈ।" ਅਸਲ ਵਿਚ ਆਧੁਨਿਕਤਾ ਨੂੰ ਮਹਾਂਬਿਰਤਾਂਤਾਂ ਦਾ ਦੌਰ ਕਿਹਾ ਜਾਂਦਾ ਹੈ। ਜਦੋਂ ਕਿ "ਉਤਰ ਆਧੁਨਿਕਤਾਵਾਦ ਦਾ ਇਕ ਲੱਛਣ ਮਹਾਂਬਿਰਤਾਂਤਾਂ ਦੀ ਨਿਕਾਰਨਾ ਅਤੇ ਅਲਪ ਬਿਰਤਾਂਤਾਂ ਦੀ ਪੈਰਵੀ ਮੰਨਿਆ ਜਾਂਦਾ ਹੈ। ਫਰੈਡਰਿਕ ਜੈਮਸਨ ਅਨੁਸਾਰ 'ਉਤਰ-ਆਧੁਨਿਕਤਾ ਮਹਾਂ-ਬਿਰਤਾਂਤਾਂ ਵੱਲ ਅਵਿਸ਼ਵਾਸੀ ਹੈ।'ਮਹਾਂ-ਬਿਰਤਾਂਤ ਸ਼ਬਦ ਉਤਰ ਆਧੁਨਿਕ ਯੁੱਗ ਦਾ ਸੰਕਲਪੀ ਸ਼ਬਦ ਹੈ ਜਿਸਦਾ ਅਰਥ ਕਿਸੇ ਵੀ ਉਸ ਵਿਚਾਰਧਾਰਾ ਜਾਂ ਵਿਚਾਰ ਪ੍ਰਬੰਧ ਲਈ ਕੀਤਾ ਜਾਂਦਾ ਹੈ ਜੋ ਜ਼ਿੰਦਗੀ ਦੀ ਸਮੁੱਚਤਾ ਵਿਚ ਵਿਆਖਿਆ ਕਰਦੀ ਹੋਵੇ।"

ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ ਆਧੁਨਿਕਤਾ ਉਦਯੋਗਿਕ ਯੁੱਗ ਦੀ ਪੈਦਾਵਾਰ ਹੈ, ਜਿਹੜਾ ਯੂਰਪ ਵਿਚ 15ਵੀਂ ਸਦੀ ਤੋਂ ਬਾਅਦ ਸ਼ੁਰੂ ਹੋਇਆ ਤੇ ਉਤਰ-ਆਧੁਨਿਕਤਾ ਵੀਹਵੀਂ ਸਦੀ ਦੇ ਦੂਜੇ ਅੱਧ ਤੋਂ ਸ਼ੁਰੂ ਹੋਈ ਉਹ ਸਥਿਤੀ ਹੈ ਜਿਹੜੀ ਸੰਚਾਰ ਸਾਧਨਾਂ ਤੇ

ਸੰਚਾਰ ਕਰਾਂਤੀ ਉਪਰ ਆਧਾਰਿਤ ਹੈ ਤੇ ਇਹ ਲਗਾਤਾਰ ਹਾਲੇ ਵਿਕਸਿਤ ਹੋ ਰਹੀ ਸਥਿਤੀ ਹੈ। ਜਦੋਂ ਸਮਕਾਲ 1990 ਤੋਂ ਬਾਅਦ ਦੀ ਉਹ ਵਿਸ਼ੇਸ਼ ਸਥਿਤੀ ਹੈ ਜੋ ਨਵੀਆਂ ਆਰਥਿਕ ਨੀਤੀਆਂ ਰਾਹੀਂ ਸਾਹਮਣੇ ਆਈ ਹੈ।

## ਸਮਕਾਲੀ ਪੰਜਾਬੀ ਕਾਵਿ-ਦ੍ਰਿਸ : ਸਥਿਤੀ, ਸੰਭਾਵਨਾ, ਤੇ ਵੰਗਾਰਾ

ਡਾ. ਜਸਵਿੰਦਰ ਸਿੰਘ ਦੱਸਦੇ ਹਨ ਕਿ ਤਾਰਕਿਕ , ਮਸ਼ੀਨੀ, ਤਕਨੀਕ ਅਤੇ ਅੰਨੀ ਆਰਥਿਕ ਦੌੜ ਦੀਆਂ ਤੇਜ਼ ਗਤੀਵਿਧੀਆਂ ਦੇ ਬਾਵਜੂਦ ਸਮਕਾਲੀ ਪੰਜਾਬੀ ਕਾਵਿ ਸਿਰਜਣਾ ਭਾਵ ਗਿਣਤੀ ਦੇ ਪੱਖੋਂ ਨਿਰੰਤਰ ਵਾਧੇ ਦਾ ਪ੍ਰਮਾਣ ਦੇ ਰਿਹਾ ਹੈ। ਸਮਕਾਲੀ ਦੌਰ ਦੇ ਵਿੱਚ ਅੰਦਾਜ਼ਨ 300 ਤੋਂ ਵੱਧ ਸ਼ਾਇਰ ਆਪਣੀ ਕਾਵਿ ਸਾਧਨਾ ਵਿੱਚ ਮਸ਼ਰੂਫ ਹਨ ਤੇ ਹਰ ਸਾਲ ਲਗਪਗ 80 ਦੇ ਕਰੀਬ ਕਾਵਿ-ਪੁਸਤਕਾਂ ਛਪਦੀਆਂ ਹਨ। ਕਹਿਣ ਤੋਂ ਭਾਵ ਹੈ ਕਿ ਪੰਜਾਬੀ ਸਾਹਿਤ ਵਿੱਚ ਭਰਪੂਰ ਮਾਤਰਾ ਵਿੱਚ ਕਾਵਿ ਸਿਰਜਣਾ ਹੋ ਰਹੀ ਹੈ। ਸਮਕਾਲੀ ਪੰਜਾਬੀ ਕਾਵਿ ਤੇ ਭਾਰੂ ਹਾਲਾਤਾਂ ਨੇ ਸਾਡੀ ਸਮਕਾਲੀ ਕਵਿਤਾ ਦਾ ਥੀਮ, ਪ੍ਰਸਤੁਤੀ, ਮੁਹਾਵਰੇ ਅਤੇ ਚਿੰਹਨ ਪ੍ਰਬੰਧ ਨੂੰ ਬਦਲ ਕੇ ਰੱਖ ਦਿੱਤਾ। ਪਰਾਲੋਕਿਕ ਸੰਸਾਰ ਤੋਂ ਲੋਕਿਕ ਸੰਸਾਰ ਵੱਲੋਂ ਮਨੁੱਖ ਅਤੇ ਮਨੁੱਖ ਵਜੋਂ ਵੀ ਨਿਜ ਵੱਲ ਤੇ ਨਿਜ ਤੋਂ ਵੀ ਦੇਹ ਵਲ ਦਾ ਦ੍ਰਿਸ਼ਟੀਮੂਲਕ ਸਫਰ ਅਜੋਕੇ ਦੌਰ ਦੀ ਪਛਾਣ ਬਣ ਰਿਹਾ ਹੈ।

ਆਖਰ ਤਾਂ ਮੈਂ ਅਗਨ ਸੀ ਪਾਣੀ ਅਤੇ ਪਵਨ ਸੀ,

ਕਿੰਨੀ ਕੁ ਦੇਰ ਰਹਿੰਦੀ ਜ਼ੰਜ਼ੀਰ ਪੈਰੀਂ ਮੇਰੇ।

- ਸੁਖਵਿੰਦਰ ਅੰਮ੍ਰਿਤ

ਸਮਕਾਲੀ ਪੰਜਾਬੀ ਸ਼ਾਇਰੀ ਵਿੱਚ ਲਗਪਗ ਚਾਰ ਪੀੜੀਆਂ ਇਕੋ ਵੇਲੇ ਕਾਵਿ ਸਾਧਨਾ ਵਿੱਚ ਸਰਗਰਮ ਹਨ। ਆਧੁਨਿਕ ਪੰਜਾਬੀ ਕਵਿਤਾ ਦਾ ਵਧੇਰੇ ਪ੍ਰਚਲਿਤ ਸਰੂਪ ਖੁੱਲੀ ਕਵਿਤਾ ਵਾਲਾ ਰਿਹਾ ਹੈ ਅਤੇ ਇਸ ਲਈ ਕਵਿਤਾ ਦੀ ਸਿਰਜਣਾ ਬਹੁਤੀ ਮਾਤਰਾ ਵਿੱਚ ਹੁੰਦੀ ਆ ਰਹੀ ਹੈ।ਸਮਕਾਲੀ ਪੰਜਾਬੀ ਸ਼ਾਇਰੀ ਵਿੱਚ ਅੰਮ੍ਰਿਤਾ ਪ੍ਰੀਤਮ, ਸੁਖਬੀਰ ਤੋਂ ਲੈ ਕੇ ਡਾ. ਜਗਤਾਰ, ਸੁਰਜੀਤ ਪਾਤਰ, ਪ੍ਰਮਿੰਦਰਜੀਤ, ਮੋਹਨਜੀਤ, ਰਵਿੰਦਰ ਭੱਠਲ, ਗੁਰਭਜਨ ਗਿੱਲ, ਰਵਿੰਦਰ ਰਵੀ, ਜਸਵੰਤ ਦੀਦ, ਵਨੀਤਾ, ਦਰਸ਼ਨ ਬੁੱਟਰ, ਅੰਬਰੀਸ਼, ਜਸਵੰਤ ਜ਼ਫਰ, ਅਮਰਜੀਤ ਕੌਂਕੇ, ਸੁਖਵਿੰਦਰ ਅੰਮ੍ਰਿਤ, ਸਵਰਨਜੀਤ ਸਵੀ, ਰਮਨ, ਪ੍ਰੋ. ਹਰਭਜਨ ਸਿੰਘ ਆਦਿ ਇਸ ਕਾਵਿ ਖੇਤਰ ਦੇ ਮਾਣਯੋਗ ਹਸਤਾਖਰ ਹਨ।

## ਸਮਕਾਲੀ ਪੰਜਾਬੀ ਕਵਿਤਾ : ਰੂਪ ਪ੍ਰਕਾਰਜ ਵਿੱਚ ਆ ਰਹੇ ਬਦਲਾਅ

ਡਾ. ਯੋਗਰਾਜ ਅਨੁਸਾਰ ਨਵੀ ਕਵਿਤਾ ਦੀ ਟੈਕਸਟ ਹਰ ਤਰਾਂ ਦੇ ਨਿਸ਼ਚਤਾਵਾਦ ਅਤੇ ਮੈਥੇਮੈਟਿਕਲ, ਫਾਰਮੂਲਿਆਂ ਤੋਂ ਨਿਜਾਤ ਪ੍ਰਾਪਤ ਕਰਕੇ ਬਣ ਰਹੀਆਂ ਨਵੀਆਂ ਪਰਿਸਥਿਤੀਆਂ ਨਾਲ ਸੰਵਾਦ ਰਚਾ ਰਹੀ ਹੈ ਉਥੇ ਇਸ ਕਵਿਤਾ ਦੀ ਰਚਨਾ ਲਈ ਨਵੇਂ ਸੂਤਰਾਂ ਦੀ ਸੀਮਾਂ ਨਿਸ਼ਚਿਤ ਕਰਨ ਦੇ ਯਤਨ ਵੀ ਕੀਤੇ ਜਾ ਰਹੇ ਹਨ। ਇਸ ਨਵੀਂ ਪੰਜਾਬੀ ਕਵਿਤਾ ਬਾਰੇ ਇਸ ਪੱਖੋ ਸੁਚੇਤ ਰਹਿਣ ਦੀ ਜ਼ਰੂਰਤ ਹੈ। ਇਸੇ ਕਾਲ ਵਿਚ ਕੁਝ ਕੁ ਕਵੀਆਂ ਅਤੇ ਸਥਾਪਿਤ ਕੀਤੀ ਜਾ ਰਹੀ ਉੱਤਰ-ਆਧੁਨਿਕ ਕਵਿਤਾ ਨੂੰ ਭਾਰੂ ਟਰੈਂਡ ਦੇ ਤੌਰ ਤੇ ਨਵੀ ਕਵਿਤਾ ਨਾ ਸਮਝ ਲਿਆ ਜਾਵੇ। ਭਾਰੂ ਟਰੈਂਡ ਦੇ ਤੌਰ ਤੇ ਨਵੀਂ ਕਵਿਤਾ ਦੀ ਸੁਰ ਅੱਜ ਵੀ ਪ੍ਰਗਤੀਸ਼ੀਲ ਹੈ ਭਾਵੇਂ ਪਰੰਪਰਕ ਪ੍ਰਗਤੀਵਾਦ ਦੀਆਂ ਨਿਸ਼ਚਤ ਲਕੀਰੀ ਸੀਮਾਵਾਂ ਪ੍ਰਤੀ ਵੀ ਇਹ ਕਵਿਤਾ ਆਲੋਚਨਾਤਮਕ ਹੈ। ਇਸ ਪ੍ਰਕਾਰ ਸਮਕਾਲੀ ਪੰਜਾਬੀ ਕਵਿਤਾ ਉਸ ਨਿਸ਼ਚਤਾਵਾਦ ਤੋਂ ਇਨਕਾਰੀ ਹੈ ਜਿਹੜਾ ਸਿਰਜਣਾ ਲਈ ਨਿਸ਼ਚਤ ਸੂਤਰ ਤਿਆਰ ਕਰਦਾ ਹੈ। 90 ਤੋਂ ਬਾਅਦ ਚਿੰਤਕਾ ਅਤੇ ਸਾਹਿਤਕਾਰਾਂ ਸਾਹਮਣੇ ਨਵੇਂ ਚੈਲੰਜ ਪੇਸ਼ ਹੁੰਦੇ ਹਨ। ਇਸੇ ਸੰਦਰਭ ਵਿਚ ਪੰਜਾਬੀ ਕਵਿਤਾ ਦੀ ਟੈਕਸਟ ਵਿਚ ਕੁਝ ਮੂਲ ਪਰਿਵਰਤਨ ਵਾਪਰਦੇ ਹਨ। ਇਹਨਾਂ ਪਰਿਵਰਤਨਾਂ ਦੇ ਰੂਪ ਅਤੇ ਪ੍ਰਕਾਰਜ ਦੀ ਪਛਾਣ ਹੀ ਇਸ ਖੋਜ -ਪੱਤਰ ਦਾ ਮਕਸਦ ਹੈ। ਸੁਰਜੀਤ ਪਾਤਰ ਆਪਣੀ ਕਵਿਤਾ 'ਅੰਤਰ ਸੰਵਾਦ','ਮੈਂ ਛੂਹਣ ਲੱਗਾ ਤੈਨੂੰ ' ਰਾਹੀਂ ਕਾਮਨਾ ਅਤੇ ਮਰਿਆਦਾ ਦੇ ਜਿਸ ਦਵੰਦ ਨੂੰ ਪੇਸ਼ ਕਰਦਾ ਹੈ। ਉਸਦਾ ਸਬੰਧ ਉਸ ਸਮਾਜਕ /ਸੰਸਕ੍ਰਿਤਕ ਸੰਰਚਨਾ ਨਾਲ ਹੈ ਜਿਹੜੀ ਸਮਾਜਿਕ ਰਿਸ਼ਤਿਆਂ ਦੀ ਵਿਆਕਰਣ ਨੂੰ ਮੰਡੀ ਦੇ ਕਾਇਦੇ ਕਾਨੂੰਨਾਂ ਅਨੁਸਾਰ ਰੂਪਾਂਤਰਿਤ ਕਰ ਰਹੀ ਹੈ ।

## ਸਮਕਾਲੀ ਪੰਜਾਬੀ ਕਵਿਤਾ ਦੇ ਸੰਵਾਦ

ਡਾ. ਹਰਵਿੰਦਰ ਭੰਡਾਲ ਅਨੁਸਾਰ ਸਮਕਾਲੀ ਪੰਜਾਬੀ ਕਵਿਤਾ ਇਕ ਤਰ੍ਹਾਂ ਨਾਲ ਉੱਤਰ ਪੰਜਾਬ ਸੰਕਟ ਦੌਰ ਦੀ ਕਵਿਤਾ ਵੀ ਹੈ। ਪੰਜਾਬ ਸੰਕਟ ਤੋਂ ਬਾਅਦ ਸਮਕਾਲੀ ਪੰਜਾਬੀ ਕਵਿਤਾ ਵਿੱਚ ਪੂੰਜੀਵਾਦੀ ਰਿਸ਼ਤਿਆਂ ਦੇ ਬਿੰਬਾਂ ਪ੍ਰਤੀਬਿੰਬਾਂ ਦਾ ਤਿੱਖਾ ਵਿਸਫੋਟ ਹੁੰਦਾ ਹੈ। ਇਹ ਵਿਸਫੋਟ ਇਸ ਲਈ ਵੀ ਵਧੇਰੇ ਉੱਚੀ ਆਵਾਜ਼ ਵਿੱਚ ਹੁੰਦਾ - ਗੂੰਜਦਾ ਸੁਣ ਰਿਹਾ ਹੈ ਕਿਉਂਕਿ ਅਸੀਂ ਜਿਸ ਦੌਰ ਵਿੱਚ ਰਹਿ ਰਹੇ ਹਾਂ, ਉਹ ਉਤਰ- ਆਧੁਨਿਕਤਾਵਾਦ, ਪੂੰਜੀਵਾਦ ਦੇ ਇਸ ਨਵੇਂ ਸਰੂਪ ਨੂੰ ਸਭਿਆਚਾਰਕ ਤਰਕ ਪ੍ਰਦਾਨ ਕਰਦੀ ਵਿਚਾਰਧਾਰਾ ਬਣ ਕੇ ਸਮਕਾਲੀ ਪੰਜਾਬੀ ਸਾਹਿਤ ਤੇ ਵਿਸ਼ੇਸ਼ ਕਰ ਕਵਿਤਾ ਉੱਤੇ ਆਪਣਾ ਪ੍ਰਭਾਵ ਪਾਉਂਦੀ ਹੈ। ਸਮਕਾਲੀ ਪੰਜਾਬੀ ਕਵਿਤਾ ਕਿਸੇ ਸੰਗਠਿਤ ਲਹਿਰ ਨਾਲ ਸੰਬੰਧਿਤ ਨਹੀਂ ਹੁੰਦੀ। ਸਮਕਾਲੀ ਪੰਜਾਬੀ ਕਵਿਤਾ ਵਿੱਚ ਸਭ ਤੋਂ ਵੱਧ ਦੁਹਰਾਇਆ ਜਾਣ ਵਾਲਾ ਚਿਹਨ 'ਰੇਤਾ' ਹੈ। ਇਹ ਚਿਹਨ ਉਸ ਜੀਵਨ- ਯਥਾਰਥ ਨੂੰ ਚਿਹਨਤ ਕਰਨ ਵਾਲਾ ਹੈ ਜਿਸ ਬਾਰੇ ਕਵੀ ਪੰਜਾਬ ਸੰਕਟ ਤੋਂ ਬਾਅਦ ਸਭ ਤੋਂ ਵੱਧ ਸੰਵੇਦਨਸ਼ੀਲ ਹੋਇਆ ਹੈ। ਉਸ ਕਾਵਿ ਪਰੰਪਰਾ ਵਿੱਚ ਮਾਨਵ ਦੇ ਅਮਾਨਵੀ ਪਰਿਸਥਿਤੀ ਨਾਲ ਗੁੱਥਮ-ਗੁੱਥਾ ਹੋਣ ਦਾ ਜ਼ਿਕਰ ਤੇ ਫਿਕਰ ਹੈ। ਸਮਕਾਲੀ ਪੰਜਾਬੀ ਕਵਿਤਾ ਵਿੱਚ ਕੁਝ ਅਜਿਹੀ ਅਧਿਆਤਮਵਾਦੀ ਕਵਿਤਾ ਵੀ ਸ਼ਾਮਲ ਹੈ ਜੋ ਸਭਿਆਚਾਰਕ ਸੰਕਟ ਦੀ ਹੋਂਦ ਤੋਂ ਹੀ ਇਨਕਾਰ ਕਰਕੇ ਚਲਦੀ ਹੈ। ਸਮਕਾਲ ਸਮੇਂ ਮਾਰਕਸਵਾਦ ਦੀ ਸ਼ਬਦਾਵਲੀ ਵਿਚਲੀਆਂ ਜਮਾਤਾਂ ਦੇ ਨਾਲ ਨਾਲ ਲਿੰਗੀ, ਨਸਲੀ ਅਤੇ ਹੋਰ ਸਥਾਨਕ ਪਛਾਣਾਂ ਦੇ ਮਸਲਿਆਂ ਨੂੰ ਉਭਾਰਿਆ ਜਾ ਰਿਹਾ ਹੈ। ਪੂੰਜੀਵਾਦੀ ਮਹਾਂਬਿਰਤਾਂਤ ਦੇ ਖ਼ਾਤਮੇ ਦੇ ਬਾਵਜੂਦ ਮਾਨਵ ਦਾ ਬਰਾਬਰੀ ਅਤੇ ਅਜ਼ਾਦੀ ਦਾ ਸੁਪਨਾ ਅਜੇ ਤੱਕ ਸੰਪੂਰਨ ਨਹੀਂ ਹੋਇਆ। ਇਸ ਕਵਿਤਾ ਵਿੱਚ ਅਭਿਵਿਅਕਤ ਹੋ ਰਹੀ ਨਾਰੀ ਸੰਵੇਦਨਾ, ਨਾਰੀ ਹੋਂਦ ਦੇ ਉਹਨਾਂ ਪ੍ਰਸ਼ਨਾਂ ਨੂੰ ਸੰਬੋਧਿਤ ਹੁੰਦੀ ਹੈ ਜੋ ਇਸਦੇ ਪਿਤਰਕੀ ਸੱਤਾ ਦੀਆਂ ਸੰਰਚਨਾਵਾਂ ਨਾਲ ਸੰਵਾਦ ਵਿਚੋਂ ਉਪਜਦੇ ਹਨ। ਜਿਵੇਂ ਸੁਖਵਿੰਦਰ ਅੰਮ੍ਰਿਤ, ਭੁਪਿੰਦਰ ਕੌਰ, ਪਾਲ ਕੌਰ ਆਦਿ। ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਸੰਗ ਵਿੱਚ ਮੁਕਤੀ ਦਾ ਦੂਸਰਾ ਪ੍ਰਵਚਨ ਦਲਿਤ-ਕਾਵਿ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ।

## ਸਮਕਾਲੀ ਸਾਹਿਤਕ ਦ੍ਰਿਸ਼ : ਸੰਕਟ ਤੇ ਸੰਭਾਵਨਾਵਾਂ

ਡਾ. ਸਤਿੰਦਰ ਸਿੰਘ ਨੂਰ ਇਸ ਵਿੱਚ ਦੱਸਦੇ ਹਨ ਕਿ ਨਵੀਂ ਪੀੜ੍ਹੀ ਜੇਕਰ ਸਾਹਿਤ ਵੱਲ ਆਪਣਾ ਰੁਝਾਨ ਘੱਟ ਕਰ ਰਹੀ ਹੈ ਤਾਂ ਇਸਦਾ ਇੱਕੋ ਇਕ ਕਾਰਨ ਮੀਡੀਆ ਨਹੀਂ ਹੈ। ਅਜਿਹੀ ਗੱਲ ਨਹੀਂ ਕਿ ਉਹ ਕਿਤਾਬਾਂ ਨਾ ਪੜ੍ਹਨੀਆਂ ਚਾਹੁੰਦੇ ਹੋਣ। ਉਦਾਹਰਣ ਦੇ ਤੌਰ ਤੇ 'ਹੈਰੀ ਪੋਟਰ' ਨੂੰ ਜੇਕਰ ਨਾਵਲ ਦੇ ਰੂਪ ਵਿੱਚ ਦੇਖਿਆ ਜਾਵੇ ਤਾਂ ਇਹ ਹਰ ਇਕ ਨੇ ਖ਼ਰੀਦਿਆ ਅਤੇ ਪੜ੍ਹਿਆ ਜਦਕਿ ਇਹ ਕੋਈ ਬਹੁਤਾ ਸਾਹਿਤਕ ਨਾਵਲ ਨਹੀਂ ਅਤੇ ਇਸਤੇ ਬਣੀ ਫ਼ਿਲਮ ਵੀ ਸਭ ਤੋਂ ਵੱਧ ਚਰਚਿਤ ਰਹੀ। ਇਹ ਇਕ ਕ੍ਰਾਈਸਿਜ਼ ਹੈ। ਇਸ ਕ੍ਰਾਈਸਿਜ਼ ਨਾਲ ਬਹੁਤ ਕੁਝ ਜੁੜਿਆ ਹੋਇਆ ਹੈ। ਇਹ ਦੇਖਿਆ ਜਾਵੇ ਕਿ ਸਾਹਿਤ ਦੇ ਰੂਪਾਂ/ ਵਿਧੀਆਂ ਵਿੱਚ ਕਿੰਨੀਆਂ ਕਿ ਤਬਦੀਲੀਆਂ ਲਿਆ ਰਹੇ ਹਾਂ। ਅੱਜ ਦਾ ਪਾਠਕ ਪੁਰਾਣੇ ਆਦਰਸ਼ਵਾਦੀ ਨਾਵਲ ਨਹੀਂ ਪੜ੍ਹਨਾ ਪਸੰਦ ਕਰਦਾ। ਜਿਵੇਂ ਜੇਕਰ ਕਵਿਤਾ ਦੀ ਗੱਲ ਕਰੀਏ ਤਾਂ ਅੱਜ ਕਵਿਤਾ ਦਾ ਦੌਰ ਘਟ ਚੁੱਕਿਆ ਹੈ। ਇਕ ਸਮਾਂ ਸੀ ਜਦੋਂ ਕਵਿਤਾ ਦਾ ਯੁਗ ਸੀ। ਪਰ ਅੱਜ ਦਾ ਯੁਗ ਨਾਵਲ ਦਾ ਯੁਗ ਹੈ। ਇਸਦਾ ਵੱਡਾ ਕਾਰਨ ਪੰਜਾਬੀ ਸਮਾਜ ਦੇ ਸਰੂਪ ਵਿੱਚ ਬਦਲਾਅ ਹੈ। ਅੱਜ ਬਹੁਤ ਕੁਝ ਵਿਸ਼ਾਲ ਹੋ ਗਿਆ। ਵਿਸਥਾਰ ਵੀ ਬਹੁਤ ਹੋਇਆ ਜਿਸ ਵਿੱਚ ਗਿਆਨ, ਚਿੰਤਨ, ਪਰਿਸਥਿਤੀਆਂ ਸ਼ਾਮਿਲ ਹਨ। ਨਾਵਲ ਪਹਿਲਾਂ ਵੀ ਲਿਖੇ ਜਾ ਰਹੇ ਸਨ ਪਰ ਅੱਜ ਇਹ ਵੱਖਰੀ ਸਪੇਸ ਨਾਲ ਸੰਬੰਧਿਤ ਹਨ। ਜਿਵੇਂ ਬਲਦੇਵ ਸਿੰਘ ਦਾ 'ਅੰਨਦਾਤਾ'। ਸਾਨੂੰ ਇਹ ਦੇਖਣ ਦੀ ਜ਼ਰੂਰਤ ਹੈ ਕਿ ਯਥਾਰਥ ਨੂੰ ਕਿਸ ਤਰ੍ਹਾਂ ਨਵੀਨਕਰਨ ਦੇ ਨਾਲ ਸੰਬੰਧਿਤ ਕਰ ਸਕਦੇ ਹਾਂ। ਸਾਹਿਤ ਜਾਂ ਵਿਸ਼ੇਸ਼ ਕਰ ਨਾਵਲ ਨੇ ਕਦੇ ਵੀ ਪ੍ਰਗਤੀਸ਼ੀਲ ਦ੍ਰਿਸ਼ਟੀ ਨਾਲੋਂ ਨਹੀਂ ਟੁੱਟਣਾ ਹੁੰਦਾ ਪਰ ਉਸ ਵਿੱਚ ਬਹੁਤ ਕੁਝ ਨਵੀਨੀਕਰਨ ਵਜੋਂ ਜੋੜਨ ਦੀ ਲੋੜ ਹੁੰਦੀ ਹੈ। ਸੋ ਸਾਨੂੰ ਇਹਨਾਂ ਸਮੱਸਿਆਵਾਂ ਨੂੰ ਸਮਝਣ ਤੇ ਹੱਲ ਕਰਨ ਦੀ ਲੋੜ ਹੈ।

## ਸਾਰ-ਅੰਸ਼:

ਤਾਰਕਿਕ , ਮਸ਼ੀਨੀ, ਤਕਨੀਕ ਅਤੇ ਅੰਨੀ ਆਰਥਿਕ ਦੌੜ ਦੀਆਂ ਤੇਜ਼ ਗਤੀਵਿਧੀਆਂ ਦੇ ਬਾਵਜੂਦ ਸਮਕਾਲੀ ਪੰਜਾਬੀ ਕਾਵਿ ਸਿਰਜਣਾ ਭਾਵ ਗਿਣਤੀ ਦੇ ਪੱਖੋਂ ਨਿਰੰਤਰ ਵਾਧੇ ਦਾ ਪ੍ਰਮਾਣ ਦੇ ਰਿਹਾ ਹੈ। ਸਮਕਾਲੀ ਦੌਰ ਦੇ ਵਿੱਚ ਅੰਦਾਜ਼ਨ 300 ਤੋਂ ਵੱਧ ਸ਼ਾਇਰ ਆਪਣੀ ਕਾਵਿ ਸਾਧਨਾ ਵਿੱਚ ਮਸ਼ਰੂਫ ਹਨ ਤੇ ਹਰ ਸਾਲ ਲਗਪਗ 80 ਦੇ ਕਰੀਬ ਕਾਵਿ-ਪੁਸਤਕਾਂ ਛਪਦੀਆਂ ਹਨ। ਕਹਿਣ ਤੋਂ ਭਾਵ ਹੈ ਕਿ ਪੰਜਾਬੀ ਸਾਹਿਤ ਵਿੱਚ ਭਰਪੂਰ ਮਾਤਰਾ ਵਿੱਚ ਕਾਵਿ ਸਿਰਜਣਾ ਹੋ ਰਹੀ ਹੈ। ਸਮਕਾਲੀ ਪੰਜਾਬੀ ਕਾਵਿ ਤੇ ਭਾਰੂ ਹਾਲਾਤਾਂ ਨੇ ਸਾਡੀ ਸਮਕਾਲੀ ਕਵਿਤਾ ਦਾ ਥੀਮ, ਪ੍ਰਸਤੁਤੀ, ਮੁਹਾਵਰੇ ਅਤੇ ਚਿੰਹਨ ਪ੍ਰਬੰਧ ਨੂੰ ਬਦਲ ਕੇ ਰੱਖ ਦਿੱਤਾ। ਪਰਾਲੌਕਿਕ ਸੰਸਾਰ ਤੋਂ ਲੌਕਿਕ ਸੰਸਾਰ ਵੱਲੋਂ ਮਨੁੱਖ ਅਤੇ ਮਨੁੱਖ ਵਜੋਂ ਵੀ ਨਿਜ ਵੱਲ ਤੇ ਨਿਜ ਤੋਂ ਵੀ ਦੇਹ ਵਲ ਦਾ ਦ੍ਰਿਸ਼ਟੀਮੂਲਕ ਸਫਰ ਅਜੋਕੇ ਦੌਰ ਦੀ ਪਛਾਣ ਬਣ ਰਿਹਾ ਹੈ।

ਮੁੱਖ/ਕੇਂਦਰੀ ਸ਼ਬਦ:

ਰਚਨਾਤਮਕ---ਰਚਨਾ ਦਾ ਕਾਰਜ

ਪ੍ਰੋਯਜਨ---ਮੰਤਵ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1 ਸਮਕਾਲ ਦੇ ਕੀ ਅਰਥ ਹਨ?

ੳ ਹੁਣ

ਅ ਸੰਗ

ੲ ਸਮੇਤ

ਸ ਉਪਰੋਕਤ ਸਾਰੇ

2 ਭਾਈ ਕਾਨ੍ਹ ਸਿੰਘ ਨਾਭਾ ਦੇ ਕੋਸ਼ ਦਾ ਕੀ ਨਾਂ ਹੈ?

ੳ ਮਹਾਨ ਕੋਸ਼

ਅ ਹਵਾ ਵਿਚ ਲਿਖੇ ਹਰਫ

ੲ ਬਿਰਖ ਅਰਜ਼ ਕਰੇ

ਸ ਹਨੇਰੇ ਵਿਚ ਸੁਲਗਦੀ ਵਰਣਮਾਲਾ

3 ਸੁਰਜੀਤ ਪਾਤਰ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਕਿਹੜਾ ਹੈ?

ੳ ਕੋਲਾਜ

ਅ ਹਵਾ ਵਿਚ ਲਿਖੇ ਹਰਫ

ੲ ਬਿਰਖ ਅਰਜ਼ ਕਰੇ

ਸ ਹਨੇਰੇ ਵਿਚ ਸੁਲਗਦੀ ਵਰਣਮਾਲਾ

4 ਯੁੱਗ ਕਵੀ ਵਜੋਂ ਕਿਸ ਨੂੰ ਜਾਣਿਆਂ ਜਾਂਦਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਜਸਬੀਰ ਸਿੰਘ ਆਹਲੂਵਾਲੀਆ

ਸ ਭਾਈ ਵੀਰ ਸਿੰਘ

5 ਸੁਰਜੀਤ ਪਾਤਰ ਨੂੰ ਕਿਸ ਕਾਵਿ- ਸੰਗ੍ਰਹਿ ਲਈ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਸੀ?

ੳ ਕੋਲਾਜ

ਅ ਹਵਾ ਵਿਚ ਲਿਖੇ ਹਰਫ

ੲ ਬਿਰਖ ਅਰਜ਼ ਕਰੇ

ਸ ਹਨੇਰੇ ਵਿਚ ਸੁਲਗਦੀ ਵਰਣਮਾਲਾ

6 ਸੁਰਜੀਤ ਪਾਤਰ ਦਾ ਸਬੰਧ ਕਿਸ ਨਾਲ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਗਜ਼ਲ

ਸ ਉਪਰੋਕਤ ਸਾਰੇ

7 , "ਹਰ ਕਾਲ ਦਾ ਆਪਣਾ ਸਮਕਾਲ ਹੁੰਦਾ ਹੈ ਅਤੇ ਕੁਝ ਵਿਸ਼ੇਸ਼ ਇਤਿਹਾਸਕ ਜਾਂ ਰਾਜਨੀਤਿਕ ਪ੍ਰਸਥਿਤੀਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਸਮਕਾਲ ਬਦਲਦਾ ਹੈ। ਸਾਡੇ ਚਿੰਤਨ ਤੇ ਚੇਤਨਾ ਵਿਚ ਇਕ ਨਵਾਂ ਵਿੱਢ ਪੈਂਦਾ ਹੈ।"

ਉਪਰੋਕਤ ਧਾਰਨਾ ਕਿਸ ਨੇ ਦਿੱਤੀ?

ੳ ਪਾਸ਼

ਅ ਡਾ. ਸਤਿੰਦਰ ਸਿੰਘ ਨੂਰ

ੲ ਪ੍ਰੋ. ਪੂਰਨ ਸਿੰਘ

ਸ ਭਾਈ ਵੀਰ ਸਿੰਘ

8 ਸੁਰਜੀਤ ਪਾਤਰ ਪੁਸਤਕ ਲਫਜ਼ਾਂ ਦੀ ਦਰਗਾਹ ਵਿਚ ਮੁੱਖ ਤੌਰ ਤੇ ਕਿਹੜਾ ਕਾਵਿ-ਰੂਪ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

9 ਕਿਸ ਕਾਵਿ-ਰੂਪ ਨੂੰ ਅੰਗਰੇਜ਼ੀ ਵਿਚ ਫਰੀ ਵਰਸ ਕਿਹਾ ਜਾਂਦਾ ਹੈ?

ੳ ਗੀਤ

ਅ ਖੁੱਲ੍ਹੀ ਕਵਿਤਾ

ੲ ਰੁਬਾਈ

ਸ ਗਜ਼ਲ

10 ਪ੍ਰੋ. ਮੋਹਨ ਸਿੰਘ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

11 ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ,

ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ ।

ਕਿਸ ਦੀ ਕਵਿਤਾ ਹੈ?

ੳ ਪਾਸ਼

ਅ ਪ੍ਰੋ. ਮੋਹਨ ਸਿੰਘ

ੲ ਸੁਰਜੀਤ ਪਾਤਰ

ਸ ਭਾਈ ਵੀਰ ਸਿੰਘ

12 ਬਾਵਾ ਬਲਵੰਤ ਦਾ ਸਬੰਧ ਕਿਸ ਨਾਲ ਹੈ?

ੳ ਰਹੱਸਵਾਦ

ਅ ਪ੍ਰਗਤੀਵਾਦ

ੲ ਜੁਝਾਰਵਾਦ

ਸ ਪਰਵਾਸ

13 ਉਦਯੋਗੀਕਰਨ ਦੁਆਰਾ ਪੈਦਾ ਹੋਈ ਆਧੁਨਿਕ ਕਾਲ ਦੀ ਆਧੁਨਿਕ ਵਿਚਾਰਧਾਰਾ ਮਾਨਵੀ ਪ੍ਰਗਤੀ ਦੀ ਹਾਮੀ ਸੀ ਪਰ ਇਸ ਦਾ ਪ੍ਰਗਤੀ ਮਾਰਗ ਦੋਫਾੜ ਸੀ।

ਉਪਰੋਕਤ ਧਾਰਨਾ ਕਿਸ ਨੇ ਦਿੱਤੀ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਪਾਲ ਸਿੰਘ ਬਰਾੜ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

14 ਤਾਰਕਿਕ , ਮਸ਼ੀਨੀ, ਤਕਨੀਕ ਅਤੇ ਅੰਨੀ ਆਰਥਿਕ ਦੌੜ ਦੀਆਂ ਤੇਜ਼ ਗਤੀਵਿਧੀਆਂ ਦੇ ਬਾਵਜੂਦ ਸਮਕਾਲੀ ਪੰਜਾਬੀ ਕਾਵਿ ਸਿਰਜਣਾ ਭਾਵ ਗਿਣਤੀ ਦੇ ਪੱਖੋਂ ਨਿਰੰਤਰ ਵਾਧੇ ਦਾ ਪ੍ਰਮਾਣ ਦੇ ਰਿਹਾ ਹੈ।

ਉਪਰੋਕਤ ਧਾਰਨਾ ਕਿਸ ਨੇ ਦਿੱਤੀ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਸੁਦਰਸ਼ਨ ਗਾਸੋ

15 ਨਵੀਂ ਕਵਿਤਾ ਦੀ ਟੈਕਸਟ ਹਰ ਤਰਾਂ ਦੇ ਨਿਸ਼ਚਤਾਵਾਦ ਅਤੇ ਮੈਥੇਮੈਟਿਕਲ, ਫਾਰਮੂਲਿਆਂ ਤੋਂ ਨਿਜਾਤ ਪ੍ਰਾਪਤ ਕਰਕੇ ਬਣ ਰਹੀਆਂ ਨਵੀਆਂ ਪਰਿਸਥਿਤੀਆਂ ਨਾਲ ਸੰਵਾਦ ਰਚਾ ਰਹੀ ਹੈ ਉਥੇ ਇਸ ਕਵਿਤਾ ਦੀ ਰਚਨਾ ਲਈ ਨਵੇਂ ਸੂਤਰਾਂ ਦੀ ਸੀਮਾਂ ਨਿਸ਼ਚਿਤ ਕਰਨ ਦੇ ਯਤਨ ਵੀ ਕੀਤੇ ਜਾ ਰਹੇ ਹਨ।

ਉਪਰੋਕਤ ਸਤਰਾਂ ਕਿਸ ਦੀਆਂ ਹਨ?

ੳ ਗੁਰਇਕਬਾਲ ਸਿੰਘ

ਅ ਰਾਜਿੰਦਰ ਸਿੰਘ ਭੱਟੀ

ੲ ਜਸਵਿੰਦਰ ਸਿੰਘ

ਸ ਡਾ. ਯੋਗਰਾਜ

## ਅਭਿਆਸ ਪ੍ਰਸ਼ਨ

1. ਸਮਕਾਲੀ ਪੰਜਾਬੀ ਕਵਿਤਾ ਦੇ ਸਿਧਾਂਤਕ ਪਰਿਪੇਖ ਉਪਰ ਨੋਟ ਲਿਖੋ?
2. ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ ਬਾਰੇ ਚਰਚਾ ਕਰੋ।
3. ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਮੁਖ ਕਵੀਆਂ ਉਪਰ ਨੋਟ ਲਿਖੋ।

## ਸੰਦਰਭ ਪੁਸਤਕਾਂ:


1. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.
3. ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ-ਵਿਸ਼ਲੇਸ਼ਣ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
4. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.
5. ਭੱਟੀ, ਰਜਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2009.
6. ਪਰਮਜੀਤ ਸਿੰਘ ਕੱਟੂ, ਵਿਦਰੋਹੀ ਕਾਵਿ (ਪਾਸ਼, ਉਦਾਸੀ, ਮਕੁਤੀਬੋਧ ਤੇ ਨੇਰੂਦਾ ਦੇ ਸੰਦਰਭ ਚ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,2012.


## ਮਹੱਤਵਪੂਰਨ ਲਿੰਕ

https://www.punjabi-kavita.com

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ਅ | 4. ਅ | 5.ਸ |
| 6. ਸ | 7. ਅ | 8. ਅ | 9. ਅ | 10. ਅ |
| 11.ੲ | 12. ਸ | 13. ਅ | 14. ੲ | 15. ਸ |